
Ray Dhaliwal
Real Estate Broker

**Moving to Indiana?**
Contact Ray Dhaliwal @ 317-993-4987
Helpful in Easy and Accessible Home Loans at best Interest Rates.
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
CENTURY 21 SCHEETZ
RAYD@C21Scheetz.com




Twenty-Fifth Year of Publication
ਨਿਊਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 33; August 17, 2024
20451 N. Plum Grove Rd., Palatine, IL 60074
Ph:847-359-0746, Fax:847-705-9388


## ਭਾਜਪਾ ਸਰਕਾਰ ਡੇਰਾ ਮੁਖੀ ‘ਤੇ ਮਿਹਰਬਾਨ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਇਕ ਵਾਰ ਫਿਰ ਸੂਬੇ ਦੀ ਭਾਜਪਾ ਸਰਕਾਰ ਨੇ ਬਲਾਤਕਾਰ ਦੇ ਦੋਸ਼ ਵਿਚ ਸੁਨਾਰੀਆ ਜੇਲ੍ਹ ਵਿਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 21 ਦਿਨਾਂ ਦੀ ਦਿੱਤੀ ਫ਼ਰਲੋ ਉਤੇ ਸਵਾਲ ਉੱਠ ਖਲੋਤੇ ਹਨ। ਫਰਲੋ ਦੌਰਾਨ ਰਾਮ ਰਹੀਮ ਉਤਰ ਪ੍ਰਦੇਸ਼ ਦੇ ਬਾਗਪਤ ਵਿਚ ਬਰਨਾਵਾ ਸਥਿਤ ਡੇਰਾ ਆਸ਼ਰਮ ਵਿਚ ਰਹੇਗਾ।



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਮੁਖੀ ਦੀ ਆਰਜ਼ੀ ਰਿਹਾਈ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਪਟੀਸ਼ਨ ਦਾ ਨਿਪਟਾਰਾ ਕਰਨ ਤੋਂ ਕੁਝ ਦਿਨ ਬਾਅਦ ਹੀ ਡੇਰਾ ਮੁਖੀ ਨੂੰ ਫ਼ਰਲੋ ਦੇਣ ਦਾ ਫੈਸਲਾ ਕੀਤਾ ਗਿਆ ਹੈ। ਅਦਾਲਤ ਨੇ ਫਰਲੋ ਦਾ ਫੈਸਲਾ ਹਰਿਆਣਾ ਸਰਕਾਰ ਉਤੇ ਛੱਡਿਆ ਸੀ ਤੇ ਭਾਜਪਾ ਸਰਕਾਰ ਨੇ ਝਟਪਟ ਫੈਸਲਾ ਕਰਦੇ ਹੋਏ ਡੇਰਾ ਮੁਖੀ ਨੂੰ ਰਾਹਤ ਦੇ ਦਿੱਤੀ। ਜ਼ਿਕਰਯੋਗ ਹੈ ਕਿ ਜੂਨ ਮਹੀਨੇ ਦੌਰਾਨ ਡੇਰਾ ਮੁਖੀ ਨੇ ਹਾਈ ਕੋਰਟ ਦਾ ਰੁਖ਼ ਕਰਦਿਆਂ ਉਸ ਨੂੰ 21 ਦਿਨਾਂ ਦੀ ਫ਼ਰਲੋ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ 29 ਫਰਵਰੀ ਨੂੰ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਡੇਰਾ ਸੱਚਾ ਸੌਦਾ ਮੁਖੀ ਨੂੰ ਉਸ ਦੀ ਇਜਾਜ਼ਤ ਤੋਂ ਬਿਨਾਂ ਹੋਰ ਪੈਰੋਲ ਨਾ ਦਿੱਤੀ ਜਾਵੇ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਅਜੇ 19 ਜਨਵਰੀ ਨੂੰ 50 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਰਾਮ ਰਹੀਮ ਪਿਛਲੇ 2 ਸਾਲਾਂ ਵਿਚ 8ਵੀਂ ਪੈਰੋਲ ਜਾਂ ਫਰਲੋ ਰਾਹੀਂ ਜੇਲ੍ਹ ਤੋਂ ਬਾਹਰ ਆਇਆ ਹੈ। ਗੁਰਮੀਤ ਨੂੰ ਸਾਲ 2017 ਵਿਚ ਸਾਧਵੀ ਬਲਾਤਕਾਰ ਮਾਮਲੇ ਵਿਚ ਸਜ਼ਾ ਸੁਣਾਈ ਗਈ ਸੀ। ਬਾਅਦ ਵਿਚ ਉਸ ਨੂੰ ਛਤਰਪਤੀ ਕਤਲ ਕੇਸ ਅਤੇ ਰਣਜੀਤ ਕਤਲ ਕੇਸ ਵਿਚ ਵੀ ਦੋਸ਼ੀ ਠਹਿਰਾਇਆ ਗਿਆ ਸੀ। ਉਦੋਂ ਤੋਂ ਉਹ ਸੁਨਾਰੀਆ ਜੇਲ੍ਹ ਵਿਚ ਬੰਦ ਹੈ।

ਡੇਰਾ ਮੁਖੀ ਨੂੰ ਵਾਰ-ਵਾਰ ਮਿਲਦੀ ਪੈਰੋਲ ਅਤੇ ਫਰਲੋ ਉਤੇ ਹਮੇਸ਼ਾ ਸਵਾਲ ਉਠਦੇ ਰਹੇ ਹਨ। ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਡੇਰਾ ਮੁਖੀ ਨੂੰ ਲਗਾਤਾਰ ਪੈਰੋਲ ਦਿੱਤੇ ਜਾਣ ਦਾ ਵਿਰੋਧ ਕਰ ਰਹੀਆਂ ਹਨ। ਇਸ ਨੂੰ ਅਦਾਲਤ ਵਿਚ ਵੀ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਵੀ ਵਾਰ-ਵਾਰ ਪੈਰੋਲ ਦੇਣ ਉੱਤੇ ਇਤਰਾਜ਼ ਜਾਹਰ ਕੀਤਾ ਸੀ ਪਰ ਹਰਿਆਣਾ ਸਰਕਾਰ ਦਾ ਤਰਕ ਹੈ ਕਿ ਡੇਰਾ ਮੁਖੀ ਦਾ ਜੇਲ੍ਹ ਵਿਚ ਰਵੱਈਆ ਚੰਗਾ ਰਿਹਾ ਹੈ, ਇਸ ਲਈ ਉਹ ਫਰਲੋ ਦਾ ਹੱਕਦਾਰ ਹੈ।

ਭਾਜਪਾ ਭਾਵੇਂ ਦਾਅਵਾ ਕਰ ਰਹੀ ਹੈ ਕਿ ਪੈਰੋਲ ਜਾਂ ਫਰਲੋ ਮਿਲਣਾ ਕਾਨੂੰਨੀ ਵਰਤਾਰਾ ਹੈ ਪਰ ਸਿਆਸੀ ਹਲਕੇ ਹਰਿਆਣਾ ਦੀ ਭਾਜਪਾ ਸਰਕਾਰ ਦੇ ਇਸ ਫੈਸਲੇ ਨੂੰ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਡੇਰੇ ਦੀਆਂ ਵੋਟਾਂ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਦਰਅਸਲ, ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਹੱਥ ਵੱਡੀ ਨਿਰਾਸ਼ਾ ਲੱਗੀ ਹੈ; ਖਾਸ ਕਰ ਕੇ ਹਰਿਆਣਾ ਦੀ ਸੱਤਾ ਵਿਚ ਹੁੰਦਿਆਂ ਵੀ ਭਗਵਾ ਧਿਰ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ। ਇਸ ਦਾ ਕਾਰਨ ਭਾਜਪਾ ਨਾਲ ਕਿਸਾਨਾਂ ਦੀ ਨਰਾਜ਼ਗੀ ਨੂੰ ਵੀ ਦੇਖਿਆ ਜਾ ਰਿਹਾ ਹੈ। ਦਿੱਲੀ ਜਾਣ ਲਈ ਪੰਜਾਬ ਤੋਂ ਚੱਲੇ ਕਿਸਾਨਾਂ ਨੂੰ ਹਰਿਆਣਾ ਸਰਕਾਰ ਨੇ ਸ਼ੰਭੂ ਬਾਰਡਰ ਉਤੇ ਰੋਕਿਆ ਹੋਇਆ ਹੈ। ਹਰਿਆਣਾ ਦੇ ਕਿਸਾਨ ਵੀ ਇਸ ਤੋਂ ਡਾਢੇ ਖਫਾ ਹਨ।

ਹਰਿਆਣਾ ਵਿਚ ਵਿਧਾਨ ਸਭਾ ਦੀਆਂ 90 ਸੀਟਾਂ ਹਨ ਅਤੇ ਤਿੰਨ ਦਰਜਨ ਤੋਂ ਜ਼ਿਆਦਾ

*(ਬਾਕੀ ਸਫਾ 6 ‘ਤੇ)*

### ਬੰਦੀ ਸਿੰਘਾਂ ਨਾਲ ਵਿਤਕਰਾ ਕਿਉਂ?

**ਚੰਡੀਗੜ੍ਹ:** ਰਾਮ ਰਹੀਮ ਨੂੰ ਮੁੜ ਫਰਲੋ ਉਤੇ ਸਿੱਖ ਜਥੇਬੰਦੀਆਂ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਗੁਰਚਰਨ ਸਿੰਘ ਗਰੇਵਾਲ ਨੇ ਭਾਜਪਾ ‘ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਰਾਮ ਰਹੀਮ ਨੂੰ ਸਿਰਫ਼ ਹਰਿਆਣਾ ਦੀਆਂ ਚੋਣਾਂ ‘ਚ ਲਾਹਾ ਲੈਣ ਲਈ ਪੈਰੋਲ ਦਿੱਤੀ ਜਾ ਰਹੀ ਹੈ। ਜੇਲ੍ਹ ਪ੍ਰਸ਼ਾਸ਼ਨ ਵੱਲੋਂ ਰਾਮ ਰਹੀਮ ਦਾ ਆਚਰਣ ਵਧੀਆ ਦੱਸਦਿਆਂ ਵਾਰ-ਵਾਰ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਜਦਕਿ ਬੰਦੀ ਸਿੰਘਾਂ ਨੂੰ ਇਕ ਵਾਰ ਵੀ ਪੈਰੋਲ ਨਹੀਂ ਦਿੱਤੀ ਗਈ, ਉਨ੍ਹਾਂ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ?

## ਸ੍ਰੀ ਨਨਕਾਣਾ ਸਾਹਿਬ ਲਾਂਘੇ ਦਾ ਮੁੱਦਾ ਸੰਸਦ ਵਿਚ ਗੂੰਜਿਆ



**ਨਵੀਂ ਦਿੱਲੀ:** ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਰਾਜ ਸਭਾ ਵਿਚ ਸ੍ਰੀ ਨਨਕਾਣਾ ਸਾਹਿਬ ਲਾਂਘੇ ਦਾ ਮੁੱਦਾ ਚੁੱਕਿਆ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਵਾਂਗ ਸ੍ਰੀ ਨਨਕਾਣਾ ਸਾਹਿਬ ਨੂੰ ਸੁਰੱਖਿਅਤ ਲਾਂਘਾ ਬਣਾਉਣ ਲਈ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰੇ।

ਰਾਘਵ ਚੱਢਾ ਨੇ ਕਿਹਾ ਕਿ ਇਹ ਮਾਮਲਾ ਕਰੋੜਾਂ ਪੰਜਾਬੀਆਂ ਦੀ ਆਸਥਾ ਨਾਲ ਜੁੜਿਆ ਹੋਇਆ ਹੈ। ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਕਿਰਪਾ ਨਾਲ ਪਵਿੱਤਰ ਹੈ। 1947 ਦੀ ਵੰਡ ਸਮੇਂ ਦੇਸ਼ ਹੀ ਨਹੀਂ ਸਗੋਂ ਪੰਜਾਬ ਵੀ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਉਨ੍ਹਾਂ ਕਿਹਾ, “ਦੇਸ਼ ਦੀ ਵੰਡ ਸਮੇਂ ਮੇਰੇ ਪਰਿਵਾਰ ਸਮੇਤ ਲੱਖਾਂ ਪੰਜਾਬੀ ਪਰਿਵਾਰਾਂ ਦਾ ਖੂਨ ਵਹਾਇਆ ਗਿਆ। ਬਹੁਤ ਸਾਰੇ ਦੋਸਤ ਅਤੇ ਰਿਸ਼ਤੇਦਾਰ ਸਾਡੇ ਤੋਂ ਵਿੱਛੜ ਗਏ ਪਰ ਇਸ ਤੋਂ ਵੱਡੀ ਤਰਾਸਦੀ ਇਹ ਹੈ ਕਿ ਸਾਡੇ ਗੁਰਦੁਆਰਾ ਸਾਹਿਬ ਵੀ ਸਾਡੇ ਤੋਂ ਵਿੱਛੜ ਗਏ।” ਉਨ੍ਹਾਂ ਕੇਂਦਰ ਸਰਕਾਰ ਅੱਗੇ ਤਿੰਨ ਮੰਗਾਂ ਰੱਖੀਆਂ। ਪਹਿਲੀ, ਜਿਸ ਤਰ੍ਹਾਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਬਣਾ ਕੇ ਸੰਗਤਾਂ ਨੂੰ ਦਰਸ਼ਨ ਕਰਨ ਅਤੇ ਮੱਥਾ ਟੇਕਣ ਦਾ ਪ੍ਰਬੰਧ ਕੀਤਾ ਗਿਆ ਹੈ, ਉਸੇ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਲਾਂਘੇ ਸਬੰਧੀ ਵੀ ਕੰਮ ਕੀਤਾ ਜਾਵੇ। ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਮਿਲ ਕੇ ਲਾਂਘਾ ਬਣਾਉਣਾ ਚਾਹੀਦਾ ਹੈ। ਦੂਸਰੀ, ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਵੀਜ਼ਾ, ਪਾਸਪੋਰਟ, ਫ਼ੀਸ ਜਾਂ ਕੋਈ ਹੋਰ ਗੁੰਝਲਦਾਰ ਪ੍ਰਕਿਰਿਆ ਨਹੀਂ ਹੋਣੀ ਚਾਹੀਦੀ। ਤੀਸਰੀ, ਅੰਮ੍ਰਿਤਸਰ ਦੇ ਵਾਹਗਾ-ਅਟਾਰੀ ਬਾਰਡਰ ਤੋਂ ਸ੍ਰੀ ਨਨਕਾਣਾ ਸਾਹਿਬ ਦੀ ਦੂਰੀ 104 ਕਿਲੋਮੀਟਰ ਹੈ। ਇਹ ਦੂਰੀ ਕਾਰ ਜਾਂ ਬੱਸ ਰਾਹੀਂ ਢਾਈ ਘੰਟੇ ਵਿਚ ਆਸਾਨੀ ਨਾਲ ਪੂਰੀ ਕੀਤੀ ਜਾ ਸਕਦੀ ਹੈ।


**ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ**




Call us at:
+18442272162
Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ


Balbir (Bill) Grewal
MORTGAGE LOAN OFFICER
NMLS# 353442

Corporate NMLS# 68434
AZ License# BK-0945946
Sistar Mortgage
A Nationwide Lender
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਕੇਂਦਰ ਸਰਕਾਰ ਦੀ ਬਰਾਮਦ ਨੀਤੀ ਨੇ ਪੰਜਾਬ ਦੀ ਕਿਸਾਨੀ ਝੰਬੀ

**ਅੰਮ੍ਰਿਤਸਰ:** ਆਗਾਮੀ ਸਤੰਬਰ ਮਹੀਨੇ ਦੇ ਅੰਤ ਤੱਕ ਬਾਸਮਤੀ ਦੀ ਫ਼ਸਲ ਮੰਡੀਆਂ ਵਿਚ ਆ ਜਾਵੇਗੀ, ਪਰ ਕੇਂਦਰ ਸਰਕਾਰ ਵੱਲੋਂ ਬਾਸਮਤੀ ਚੌਲਾਂ ਦੀ ਬਰਾਮਦ ‘ਤੇ ਘੱਟੋ-ਘੱਟ ਬਰਾਮਦ ਮੁੱਲ (ਮਿਨੀਮਮ ਐਕਸਪੋਰਟ ਪ੍ਰਾਈਜ਼/ਐਮ.ਈ.ਪੀ.) ਲਾਗੂ ਕੀਤੇ ਜਾਣ ਤੋਂ ਬਾਅਦ ਦੇਸ਼ ਵਿਚ ਬਾਸਮਤੀ ਚੌਲਾਂ ਦੀ ਬਰਾਮਦ ‘ਤੇ ਕਾਫੀ ਅਸਰ ਪਿਆ ਹੈ।

ਇਸ ਦਾ ਲਾਭ ਗੁਆਂਢੀ ਮੁਲਕ ਪਾਕਿਸਤਾਨ ਦੇ ਵਪਾਰੀਆਂ ਨੂੰ ਹੋ ਰਿਹਾ ਹੈ। ਅਜਿਹੇ ਵਿਚ ਪੰਜਾਬ ਦੇ ਕਿਸਾਨਾਂ ਨੂੰ ਵੀ ਆਰਥਿਕ ਨੁਕਸਾਨ ਹੋਣ ਦਾ ਖ਼ਦਸ਼ਾ ਹੈ ਕਿਉਂਕਿ ਪੰਜਾਬ ਵਿਚ ਬਾਸਮਤੀ ਦੀ ਵੱਡੇ ਪੱਧਰ ਉਤੇ ਪੈਦਾਵਾਰ ਹੁੰਦੀ ਹੈ। ਕੇਂਦਰ ਸਰਕਾਰ ਦੇ ਫ਼ੈਸਲੇ ਮਗਰੋਂ ਮੱਧ ਪੂਰਬੀ ਦੇਸ਼ਾਂ ਵਿਚ ਪਾਕਿਸਤਾਨੀ ਬਾਸਮਤੀ ਚੌਲ ਮੰਗ ਕਾਫੀ ਵੱਧ ਗਈ ਹੈ। ਇਹ ਮਾਮਲਾ ਬੀਤੇ ਦਿਨੀਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦੇਸ਼ ਦੀ ਸੰਸਦ ਵਿਚ ਚੁੱਕਿਆ ਹੈ। ਇਸ ਤੋਂ ਇਲਾਵਾ ਪੰਜਾਬ ਰਾਈਸ ਮਿਲਰਜ਼ ਐਂਡ ਐਕਸਪੋਰਟਰਜ਼ ਐਸੋਸੀਏਸ਼ਨ ਵੱਲੋਂ ਇਹ ਮਾਮਲਾ ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਜਿਤਿਨ ਪ੍ਰਸਾਦ ਕੋਲ ਵੀ ਉਭਾਰਿਆ ਗਿਆ ਸੀ। ਐਕਸਪੋਰਟਰਾਂ ਨੇ ਇਸ ਸਬੰਧੀ ਇਕ ਵਿਸਥਾਰਤ ਰਿਪੋਰਟ ਕੇਂਦਰੀ ਰਾਜ ਮੰਤਰੀ ਨੂੰ ਸੌਂਪੀ ਹੈ।



ਜਾਣਕਾਰੀ ਅਨੁਸਾਰ ਕੇਂਦਰ ਨੇ ਅਗਸਤ 2023 ਵਿਚ ਬਾਸਮਤੀ ਚੌਲਾਂ ‘ਤੇ 1200 ਅਮਰੀਕੀ ਡਾਲਰ ਪ੍ਰਤੀ ਟਨ ਘੱਟੋ-ਘੱਟ ਬਰਾਮਦ ਮੁੱਲ ਲਾਗੂ ਕੀਤਾ ਸੀ ਜਿਸ ਦਾ ਭਾਰਤੀ ਚੌਲ ਵਪਾਰੀਆਂ ਨੇ ਵਿਰੋਧ ਕੀਤਾ ਸੀ। ਇਸ ਵੇਲੇ ਭਾਰਤ ਦੇ ਬਾਸਮਤੀ ਚੌਲ ਵਿਦੇਸ਼ ਵਿਚ ਵੱਡੀ ਮਾਤਰਾ ਵਿਚ ਬਰਾਮਦ ਕੀਤੇ ਜਾ ਰਹੇ ਸਨ ਪਰ ਕੇਂਦਰ ਦੇ ਫੈਸਲੇ ਨਾਲ ਭਾਰਤੀ ਬਾਸਮਤੀ ਚੌਲ ਬਰਾਮਦ ਨੀਤੀ ਨੂੰ ਧੱਕਾ ਲੱਗਾ ਸੀ।

ਵਪਾਰੀਆਂ ਤੇ ਬਰਾਮਦਕਾਰਾਂ ਦੀ ਅਪੀਲ ਤੋਂ ਬਾਅਦ ਕੇਂਦਰ ਸਰਕਾਰ ਨੇ ਬਾਸਮਤੀ ਚੌਲਾਂ ‘ਤੇ ਘੱਟੋ-ਘੱਟ ਬਰਾਮਦ ਮੁੱਲ 1200 ਅਮਰੀਕੀ ਡਾਲਰ ਪ੍ਰਤੀ ਟਨ ਤੋਂ ਘਟਾ ਕੇ 950 ਅਮਰੀਕੀ ਡਾਲਰ ਪ੍ਰਤੀ ਟਨ ਕਰ ਦਿੱਤਾ ਸੀ ਪਰ ਇਸ ਦੇ ਬਾਵਜੂਦ ਭਾਰਤੀ ਬਰਾਮਦਕਾਰ ਵਿਦੇਸ਼ ਦੇ ਬਾਜ਼ਾਰਾਂ ਵਿਚ ਆਪਣੇ ਬਾਸਮਤੀ ਚੌਲ ਪਹਿਲਾਂ ਵਾਂਗ ਵੇਚਣ ਵਿਚ ਅਸਫ਼ਲ ਰਹੇ ਹਨ। ਵਿਦੇਸ਼ ਵਿਚ ਭਾਰਤੀ ਬਾਸਮਤੀ ਚੌਲਾਂ ਦੀ ਥਾਂ ਪਾਕਿਸਤਾਨੀ ਬਾਸਮਤੀ ਚੌਲਾਂ ਨੇ ਲੈ ਲਈ ਹੈ ਕਿਉਂਕਿ ਪਾਕਿਸਤਾਨ ਵਿੱਚ ਘੱਟੋ ਘੱਟ ਬਰਾਮਦ ਮੁੱਲ 700 ਯੂ.ਐਸ. ਡਾਲਰ ਪ੍ਰਤੀ ਟਨ ਹੈ ਜੋ ਭਾਰਤ ਨਾਲੋਂ ਕਾਫੀ ਘੱਟ ਹੈ।

ਅੰਕੜਿਆਂ ਦੇ ਮੁਤਾਬਕ ਪਾਕਿਸਤਾਨ ਵਿਚ ਬਾਸਮਤੀ ਚੌਲਾਂ ਦਾ ਸਾਲਾਨਾ ਉਤਪਾਦਨ ਲਗਪਗ 15 ਲੱਖ ਟਨ ਹੈ ਜਿਸ ਵਿਚੋਂ ਲਗਪਗ 10 ਲੱਖ ਟਨ ਬਾਸਮਤੀ ਚੌਲ ਬਰਾਮਦ ਕੀਤੇ ਜਾਂਦੇ ਹਨ। ਵੱਧ ਰਹੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਪਾਕਿਸਤਾਨ ਵਿਚ ਬਾਸਮਤੀ ਚੌਲਾਂ ਦੀ ਕਾਸ਼ਤ ਵਾਸਤੇ ਇਸ ਵਾਰ ਰਕਬਾ ਵੀ ਵਧਾਇਆ ਗਿਆ ਹੈ।

## ਘੱਟੋ-ਘੱਟ ਬਰਾਮਦ ਮੁੱਲ ਤੋਂ ਪੂਰੀ ਤਰ੍ਹਾਂ ਛੋਟ ਦੀ ਮੰਗ

**ਅੰਮ੍ਰਿਤਸਰ:** ਵਪਾਰੀਆਂ ਦਾ ਕਹਿਣਾ ਹੈ ਕਿ ਬਾਸਮਤੀ ਚੌਲ ਪਿਛਲੇ 50 ਸਾਲਾਂ ਤੋਂ ਬਿਨਾਂ ਕਿਸੇ ਕੀਮਤ ਸੀਮਾ ਜਾਂ ਪਾਬੰਦੀਆਂ ਤੋਂ ਭਾਰਤ ਤੋਂ ਬਰਾਮਦ ਕੀਤੇ ਜਾ ਰਹੇ ਸਨ। ਭਾਰਤ ਦਾ 80 ਤੋਂ ਵੱਧ ਦੇਸ਼ਾਂ ਵਿਚ ਵਿਦੇਸ਼ੀ ਗਾਹਕਾਂ ਦਾ ਵੱਡਾ ਆਧਾਰ ਹੈ ਪਰ ਕੇਂਦਰ ਸਰਕਾਰ ਵੱਲੋਂ ਅਗਸਤ 2023 ਵਿਚ ਘੱਟੋ-ਘੱਟ ਬਰਾਮਦ ਮੁੱਲ 1200 ਅਮਰੀਕੀ ਡਾਲਰ ਪ੍ਰਤੀ ਟਨ ਮਿੱਥਣ ਕਾਰਨ ਭਾਰਤੀ ਬਾਸਮਤੀ ਚੌਲਾਂ ਦੀ ਬਰਾਮਦ ‘ਤੇ ਵੱਡਾ ਅਸਰ ਹੋਇਆ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਜਦੋਂ ਕੇਂਦਰੀ ਵਣਜ ਉਦਯੋਗ ਰਾਜ ਮੰਤਰੀ ਇੱਥੇ ਆਏ ਸਨ ਤਾਂ ਉਨ੍ਹਾਂ ਨੂੰ ਇਸ ਸਬੰਧੀ ਇਕ ਵਿਸਥਾਰਤ ਰਿਪੋਰਟ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਭਾਰਤੀ ਬਾਸਮਤੀ ਚੌਲ ਬਰਾਮਦਕਾਰ ਘੱਟੋ-ਘੱਟ ਬਰਾਮਦ ਮੁੱਲ ਤੋਂ ਪੂਰੀ ਤਰ੍ਹਾਂ ਛੋਟ ਚਾਹੁੰਦੇ ਹਨ। ਵਪਾਰੀਆਂ ਨੇ ਦੱਸਿਆ ਕਿ ਕੇਂਦਰੀ ਰਾਜ ਮੰਤਰੀ ਨੇ ਇਸ ਮਾਮਲੇ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

# ਸੰਸਦ ’ਚ ਅਟਾਰੀ ਸਰਹੱਦ ਖੋਲ੍ਹਣ ਦਾ ਮੁੱਦਾ ਉਠਿਆ

**ਅੰਮ੍ਰਿਤਸਰ:** ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸੰਸਦ ਵਿਚ ਅਟਾਰੀ ਵਾਹਗਾ ਸਰਹੱਦ ਨੂੰ ਵਪਾਰ ਲਈ ਖੋਲ੍ਹਣ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ 1965 ਅਤੇ 1971 ਦੀਆਂ ਜੰਗਾਂ ਮਗਰੋਂ ਵੀ ਇਹ ਵਪਾਰ ਬੰਦ ਨਹੀਂ ਹੋਇਆ ਸੀ ਪਰ ਹੁਣ ਬਾਲਾਕੋਟ ਹਮਲੇ ਤੋਂ ਬਾਅਦ ਇਸ ਨੂੰ ਰੋਕ ਦਿੱਤਾ ਗਿਆ ਹੈ ਜਦਕਿ ਇਹ ਦੁਵੱਲਾ ਵਪਾਰ ਅੰਮ੍ਰਿਤਸਰ ਵਿਚ ਰੁਜ਼ਗਾਰ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦਾ ਸੀ।

ਸੰਸਦ ਮੈਂਬਰ ਨੇ ਸਿਫ਼ਰ ਕਾਲ ਦੌਰਾਨ ਕਿਹਾ ਕਿ ਅਟਾਰੀ ਵਾਹਗਾ ਬਾਰਡਰ, ਜਿੱਥੋਂ ਸਾਲਾਂ ਤੋਂ ਪਾਕਿਸਤਾਨ ਨਾਲ ਵਪਾਰ ਹੁੰਦਾ ਸੀ, ਨੂੰ ਬਾਲਾਕੋਟ ਹਮਲੇ ਮਗਰੋਂ 200 ਫ਼ੀਸਦੀ ਕਸਟਮ ਡਿਊਟੀ ਲਗਾ ਕੇ ਬੰਦ ਕਰ ਦਿੱਤਾ ਗਿਆ। ਜਦੋਂ ਵਪਾਰ ਖੁੱਲ੍ਹਾ ਸੀ ਤਾਂ ਰੋਜ਼ਾਨਾ ਲਗਪਗ 500 ਟਰੱਕ ਆਉਂਦੇ ਸਨ।

ਵਪਾਰ ਬੰਦ ਹੋਣ ਕਾਰਨ ਕਰੀਬ 10 ਹਜ਼ਾਰ ਲੋਕ ਬੇਰੁਜ਼ਗਾਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਉਦਯੋਗ ਲਗਾਉਣ ਦੀ ਗੱਲ ਕੀਤੀ ਜਾ ਰਹੀ ਹੈ, ਜਦਕਿ ਦੂਜੇ ਪਾਸੇ ਪਹਿਲਾਂ ਤੋਂ ਚੱਲ ਰਹੇ ਕਾਰੋਬਾਰ ਅਤੇ ਰੁਜ਼ਗਾਰ ਨੂੰ ਬੰਦ ਕੀਤਾ ਜਾ ਰਿਹਾ ਹੈ।




ਕਾਰੋਬਾਰ ਬੰਦ ਹੋਣ ਕਾਰਨ ਟਰੱਕ ਡਰਾਈਵਰ, ਕੁਲੀ ਅਤੇ ਹੋਰ ਬੇਰੁਜ਼ਗਾਰ ਹੋ ਗਏ। 120 ਏਕੜ ਵਿਚ ਬਣੀ ਆਈ.ਸੀ.ਪੀ. ਜਿਸ ਦਾ ਉਦਘਾਟਨ 2012 ਵਿਚ ਹੋਇਆ ਸੀ, ਹੁਣ ਖਾਲੀ ਹੈ। ਉਨ੍ਹਾਂ ਕਿਹਾ ਕਿ ਸਰਹੱਦ ‘ਤੇ ਵਪਾਰ ਮੁੜ ਸ਼ੁਰੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਹੱਦੀ ਇਲਾਕਾ ਹੋਣ ਕਾਰਨ ਇੱਥੇ ਕੋਈ ਉਦਯੋਗ ਨਹੀਂ ਹੈ, ਇਸ ਲਈ ਇਸ ਰੁਜ਼ਗਾਰ ਦਾ ਬੰਦ ਹੋਣਾ ਲੋਕਾਂ ਲਈ ਬਹੁਤ ਨੁਕਸਾਨਦਾਇਕ ਹੈ।

# ਵਿਜੀਲੈਂਸ ਨੇ ਹੇਰਾਫੇਰੀ ਦੇ ਦੋਸ਼ ਹੇਠ ਡੀ.ਡੀ.ਪੀ.ਓ. ਗ੍ਰਿਫ਼ਤਾਰ ਕੀਤਾ

**ਫਤਹਿਗੜ੍ਹ ਸਾਹਿਬ:** ਪੰਜਾਬ ਵਿਜੀਲੈਂਸ ਬਿਊਰੋ ਨੇ ਬਲਾਕ ਅਮਲੋਹ ਤੋਂ ਪੰਚਾਇਤਾਂ ਨੂੰ ਜਾਰੀ ਸਰਕਾਰੀ ਫੰਡਾਂ ਵਿਚ ਕਥਿਤ 40 ਲੱਖ 85 ਹਜ਼ਾਰ 175 ਰੁਪਏ ਦੀ ਹੇਰਾਫ਼ੇਰੀ ਕਰਨ ਦੇ ਦੋਸ਼ ਹੇਠ ਫ਼ਤਹਿਗੜ੍ਹ ਸਾਹਿਬ ਦੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਕੁਲਵਿੰਦਰ ਸਿੰਘ ਰੰਧਾਵਾ ਸਮੇਤ ਇਕ ਨਿੱਜੀ ਵਿਅਕਤੀ ਹੰਸਪਾਲ ਨੂੰ ਗ੍ਰਿਫ਼ਤਾਰ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਹੇਰਾਫੇਰੀ ਸਬੰਧੀ ਤਤਕਾਲੀ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਕੁਲਵਿੰਦਰ ਸਿੰਘ ਰੰਧਾਵਾ ਸਣੇ ਪੰਜ ਵਿਅਕਤੀਆਂ ਖ਼ਿਲਾਫ਼ ਥਾਣਾ ਵਿਜੀਲੈਂਸ ਪਟਿਆਲਾ ਰੇਂਜ ਵਿਚ ਕੇਸ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਦੋਸ਼ ਹੈ ਕਿ ਉਨ੍ਹਾਂ ਨੇ ਮਿਲੀਭੁਗਤ ਨਾਲ ਕੁਝ ਨਿੱਜੀ ਫ਼ਰਮਾਂ ਅਤੇ ਇਕ ਨਿੱਜੀ ਵਿਅਕਤੀ ਦੇ ਨਾਂ ‘ਤੇ ਕਥਿਤ ਜਾਅਲੀ ਫੰਡ ਜਾਰੀ ਕਰ ਕੇ ਸਰਕਾਰੀ ਫੰਡਾਂ ਵਿਚ 40 ਲੱਖ 85 ਹਜ਼ਾਰ 175 ਰੁਪਏ ਦੀ ਕਥਿਤ ਹੇਰਾਫ਼ੇਰੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਇਸ ਕੇਸ ਵਿਚ ਜ਼ਿਲ੍ਹਾ ਪੰਚਾਇਤ ਤੇ ਵਿਕਾਸ ਅਫ਼ਸਰ ਕੁਲਵਿੰਦਰ ਸਿੰਘ ਰੰਧਾਵਾ ਅਤੇ ਇਕ ਨਿੱਜੀ ਵਿਅਕਤੀ ਹੰਸਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਵਿੱਢੀ ਹੋਈ ਹੈ ਅਤੇ ਇਸੇ ਤਹਿਤ ਭ੍ਰਿਸ਼ਟਾਚਾਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ।

# ਕੱਚੇ ਅਧਿਆਪਕਾਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਧਰਨਾ ਦਿੱਤਾ

**ਸੰਗਰੂਰ:** ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਆਈ.ਈ.ਵੀ, ਈ.ਜੀ.ਐਸ, ਏ.ਆਈ.ਈ, ਐਸ.ਟੀ.ਆਰ. ਅਤੇ ਸਿੱਖਿਆ ਪ੍ਰੋਵਾਈਡਰਾਂ ਨੇ ਮਿਲਕ ਪਲਾਂਟ ਨੇੜੇ ਧਰਨਾ ਲਾ ਕੇ ਉਨ੍ਹਾਂ ਨੂੰ ਨੌਕਰੀ ‘ਤੇ ਮੁੜ ਬਹਾਲ ਕਰਨ ਦੀ ਮੰਗ ਕੀਤੀ। ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਸਿੱਖਿਆ ਪ੍ਰੋਵਾਈਡਰ ਸਥਾਨਕ ਵੇਰਕਾ ਮਿਲਕ ਪਲਾਂਟ ਦੇ ਪਾਰਕ ਵਿਚ ਇਕੱਠੇ ਹੋਏ, ਜਿਥੋਂ ਉਨ੍ਹਾਂ ਰੋਸ ਮਾਰਚ ਕਰਦਿਆਂ ਡਰੀਮ ਲੈਂਡ ਕਲੋਨੀ ਪੁੱਜ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨਾ ਸੀ ਪਰ ਜ਼ਿਲ੍ਹਾ ਪ੍ਰਸ਼ਾਸਨ ਨੇ ਰੋਸ ਮਾਰਚ ਤੋਂ ਪਹਿਲਾਂ ਹੀ ਯੂਨੀਅਨ ਨੂੰ ਕੈਬਨਿਟ ਸਬ-ਕਮੇਟੀ ਨਾਲ ਮੀਟਿੰਗ ਦਾ ਲਿਖਤੀ ਪੱਤਰ ਸੌਂਪ ਦਿੱਤਾ ਜਿਸ ਕਾਰਨ ਘਿਰਾਓ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ। ਪਾਰਕ ਵਿਚ ਰੋਸ ਪ੍ਰਦਰਸ਼ਨ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ, ਮੀਤ ਪ੍ਰਧਾਨ ਲਖਵਿੰਦਰ ਕੌਰ ਅਤੇ ਸਕੱਤਰ ਕਿਰਨਾ ਕੌਰ ਨੇ ਕਿਹਾ ਕਿ ਆਈ.ਈ.ਵੀ, ਈ.ਜੀ.ਐਸ, ਏ.ਆਈ.ਈ, ਐਸ.ਟੀ.ਆਰ. ਅਤੇ ਸਿੱਖਿਆ ਪ੍ਰੋਵਾਈਡਰ ਪਿਛਲੇ ਕਈ ਸਾਲਾਂ ਦੀ ਸੇਵਾ ਨਿਭਾਅ ਚੁੱਕੇ ਹਨ। ਮੁੱਖ ਮੰਤਰੀ ਨੇ ਪਹਿਲੀ ਜੁਲਾਈ, 5 ਜੁਲਾਈ ਅਤੇ 7 ਜੁਲਾਈ ਨੂੰ ਜਲੰਧਰ ਵਿਚ ਯੂਨੀਅਨ ਨੂੰ ਪੈਨਲ ਮੀਟਿੰਗ ਕਰਵਾਉਣ ਦਾ ਵਾਅਦਾ ਕੀਤਾ ਸੀ ਪਰ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਮੀਟਿੰਗ ਨਹੀਂ ਕਰਵਾਈ ਗਈ। ਇਸ ਦੌਰਾਨ ਉਨ੍ਹਾਂ ਅਧਿਆਪਕਾਂ ਨੂੰ ਜਲਦੀ ਸਿੱਖਿਆ ਵਿਭਾਗ ਵਿਚ ਨੌਕਰੀ ‘ਤੇ ਬਹਾਲ ਕਰਨ ਦੀ ਮੰਗ ਕੀਤੀ।

# ਮੁੱਖ ਮੰਤਰੀ ਭਗਵੰਤ ਮਾਨ ਦੇ ਨਾਨਕੇ ਘਰ ਚੋਰੀ

**ਸੁਨਾਮ ਊਧਮ ਸਿੰਘ ਵਾਲਾ:** ਜਗਤਪੁਰਾ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਨਕਾ ਪਰਿਵਾਰ ਦੇ ਘਰ ਚੋਰੀ ਹੋ ਗਈ। ਪੀੜਤ ਪਰਿਵਾਰ ਦੇ ਗੁਰਜੰਟ ਸਿੰਘ ਨੇ ਦੱਸਿਆ ਕਿ ਚੋਰ ਉਨ੍ਹਾਂ ਦੇ ਘਰ ‘ਚੋਂ ਲਗਭਗ 17 ਤੋਲੇ ਸੋਨਾ ਅਤੇ ਡੇਢ ਲੱਖ ਰੁਪਏ ਨਕਦੀ ਚੋਰੀ ਕਰ ਕੇ ਲੈ ਗਏ। ਉਨ੍ਹਾਂ ਪੁਲਿਸ ਤੋਂ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਦੇ ਆਧਾਰ ਉਤੇ ਮਾਮਲੇ ਦੀ ਜਾਂਚ ਕਰਨ ਅਤੇ ਜਲਦੀ ਚੋਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਤਿੰਨ ਵਿਅਕਤੀਆਂ ਨੇ ਰਾਤ 11 ਵਜੇ ਤੋਂ ਸਵੇਰ ਦੇ ਦੋ ਵਜੇ ਤੱਕ ਇਸ ਘਟਨਾ ਨੂੰ ਅੰਜਾਮ ਦਿੱਤਾ। ਇਸ ਬਾਰੇ ਸੂਚਨਾ ਮਿਲਣ ਮਗਰੋਂ ਮੌਕੇ ‘ਤੇ ਪੁੱਜੀ ਪੁਲਿਸ ਨੇ ਕਿਹਾ ਕਿ ਉਨ੍ਹਾਂ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਚੋਰੀ ਕੀਤਾ ਗਿਆ ਸਾਮਾਨ ਬਰਾਮਦ ਕਰ ਲਿਆ ਜਾਵੇਗਾ।

# ਪੰਜਾਬ ਵਿਚ ਹੁਣ ਅਨਾਜ ਦਾ ਭੰਡਾਰਨ ਚੁਣੌਤੀ ਬਣਿਆ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੀ ‘ਬੰਪਰ’ ਫਸਲ ਦੇ ਭੰਡਾਰਨ ਦੌਰਾਨ ਨਵੇਂ ਸੰਕਟ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਸੂਬੇ ਵਿਚ ਅਨਾਜ ਭੰਡਾਰਨ ਲਈ ਥਾਂ ਨਹੀਂ ਹੈ। ਸੀਜ਼ਨ ਨੇੜੇ ਆਉਣ ਨਾਲ ਹੀ ਖ਼ੁਰਾਕ ਤੇ ਸਪਲਾਈ ਵਿਭਾਗ ਦੇ ਉੱਚ ਅਫ਼ਸਰ ਜਾਗ ਪਏ ਹਨ।

ਫੀਲਡ ਰਿਪੋਰਟਾਂ ਅਨੁਸਾਰ ਪੰਜਾਬ ਦੇ ਸ਼ੈੱਲਰਾਂ ਵਿਚ ਇਸ ਵੇਲੇ 6 ਲੱਖ ਮੀਟ੍ਰਿਕ ਟਨ ਚੌਲ ਪਿਆ ਹੈ, ਜੋ ਭਾਰਤ ਸਰਕਾਰ ਕੋਲ ਜਗ੍ਹਾ ਨਾ ਹੋਣ ਕਰ ਕੇ ਮੂਵ ਨਹੀਂ ਹੋ ਸਕਿਆ ਹੈ। ਦਰਜਨਾਂ ਸ਼ੈਲਰ ਮਾਲਕਾਂ ਨੇ ਟਰਾਂਸਪੋਰਟ ਦਾ ਪੱਲਿਓਂ ਖਰਚਾ ਕਰ ਕੇ ਹਰਿਆਣਾ ਵਿਚ ਵੀ ਚੌਲਾਂ ਦਾ ਭੰਡਾਰਨ ਕੀਤਾ ਸੀ। ਭਾਰਤ ਸਰਕਾਰ ਨੇ ਗੁਦਾਮਾਂ ਵਿਚ ਜਗ੍ਹਾ ਬਣਾਉਣ ਲਈ ਕੋਈ ਖੇਚਲ ਨਹੀਂ ਕੀਤੀ। ਸੂਬੇ ਵਿਚ ਕਰੀਬ ਛੇ ਹਜ਼ਾਰ ਸ਼ੈਲਰ ਹਨ, ਜਿਨ੍ਹਾਂ ਨੂੰ ਵੱਡੇ ਘਾਟੇ ਝੱਲਣੇ ਪਏ ਹਨ। ਪਹਿਲੀ ਵਾਰ ਹੈ ਕਿ ਰਾਈਸ ਸ਼ੈਲਰ ਮਾਲਕ ਬਿਪਤਾ ਵਿਚ ਘਿਰੇ ਹੋਏ ਹਨ ਅਤੇ ਐਤਕੀਂ ਦੇ ਸੀਜ਼ਨ ਨੇ ਉਨ੍ਹਾਂ ਦਾ ਉਤਸ਼ਾਹ ਖਤਮ ਹੋ ਗਿਆ ਹੈ।



ਚੌਲ ਮਿੱਲ ਮਾਲਕਾਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਝੋਨੇ ਦੇ ਸੀਜ਼ਨ ਵਿਚ ਛੜਾਈ ਲਈ ਝੋਨਾ ਨਹੀਂ ਲਗਵਾਉਣਗੇ। ਭਾਵੇਂ ਗੁਦਾਮਾਂ ਵਿਚ ਜਗ੍ਹਾ ਨਾ ਹੋਣ ਕਰ ਕੇ ਕੇਂਦਰ ਸਰਕਾਰ ਨੇ ਪਿਛਲੇ ਸੀਜ਼ਨ ਦੇ ਝੋਨੇ ਦੀ ਛੜਾਈ ਦਾ ਸਮਾਂ 30 ਜੂਨ ਤੱਕ ਦਾ ਕਰ ਦਿੱਤਾ ਸੀ ਪਰ ਉਸ ਮਗਰੋਂ ਵੀ ਜਗ੍ਹਾ ਮਿਲ ਨਹੀਂ ਸਕੀ।

ਕਈ ਮਿੱਲ ਮਾਲਕਾਂ ਦਾ ਕਹਿਣਾ ਸੀ ਕਿ ਝੋਨੇ ਦੀ ਪੀਆਰ-126 ਅਤੇ ਕੁਝ ਹਾਈਬ੍ਰਿਡ ਕਿਸਮਾਂ ‘ਚੋਂ ਚੌਲ ਪ੍ਰਤੀ ਕੁਇੰਟਲ ‘ਚੋਂ 67 ਫ਼ੀਸਦੀ ਦੀ ਥਾਂ 62 ਫ਼ੀਸਦੀ ਹੀ ਨਿਕਲਿਆ ਹੈ। ਕੇਂਦਰ ਸਰਕਾਰ ਨੂੰ ਨਿਯਮਾਂ ਅਨੁਸਾਰ 67 ਫ਼ੀਸਦੀ ਚੌਲ ਦੇਣਾ ਹੁੰਦਾ ਹੈ। ਸ਼ੈੱਲਰਾਂ ਵਿਚ ਸਟੋਰ ਕੀਤੇ ਚੌਲਾਂ ‘ਚੋਂ ਨਮੀ ਖ਼ਤਮ ਹੋ ਗਈ, ਜਿਸ ਨਾਲ ਵਜ਼ਨ ਹੋਰ ਘੱਟ ਗਿਆ। ਚੌਲਾਂ ਦੀ ਮਾਤਰਾ ਪੂਰੀ ਕਰਨ ਲਈ ਸ਼ੈਲਰ ਮਾਲਕਾਂ ਦੀਆਂ ਜੇਬਾਂ ਖ਼ਾਲੀ ਹੋ ਗਈਆਂ ਹਨ। ਮੌਜੂਦਾ ਰੁਝਾਨ ਤੋਂ ਲੱਗਦਾ ਹੈ ਕਿ ਪੰਜਾਬ ਵਿਚ ਨਵੀਂ ਸ਼ੈਲਰ ਸਨਅਤ ਨਹੀਂ ਲੱਗੇਗੀ। ਖ਼ੁਰਾਕ ਤੇ ਸਪਲਾਈ ਵਿਭਾਗ ਨੇ ਹੁਣ ਚੌਲ ਮਿੱਲ ਮਾਲਕਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਜਲੰਧਰ ਅਤੇ ਲੁਧਿਆਣਾ ਦੇ ਮਿੱਲਰਾਂ ਨਾਲ ਅਧਿਕਾਰੀਆਂ ਨੇ ਮੀਟਿੰਗ ਕੀਤੀ ਹੈ। ਇਨ੍ਹਾਂ ਮੀਟਿੰਗਾਂ ਵਿਚ ਮਿੱਲਰਾਂ ਨੇ ਸਾਫ਼ ਆਖ ਦਿੱਤਾ ਹੈ ਕਿ ਉਹ ਇਸ ਸਾਲ ਝੋਨਾ ਲੈਣ ਤੋਂ ਅਸਮਰਥ ਹੋਣਗੇ।

ਖ਼ੁਰਾਕ ਤੇ ਸਪਲਾਈ ਵਿਭਾਗ ਦੇ ਸਕੱਤਰ ਵਿਕਾਸ ਗਰਗ ਨੇ ਕਿਹਾ ਕਿ ਝੋਨੇ ਦੇ ਭੰਡਾਰਨ ਵਾਸਤੇ ਸੂਬਾ ਸਰਕਾਰ ਲਗਾਤਾਰ ਕੇਂਦਰ ਸਰਕਾਰ ਦੇ ਸੰਪਰਕ ਵਿਚ ਹੈ। ਸੂਤਰ ਦੱਸਦੇ ਹਨ ਕਿ ਚੌਲਾਂ ਦੀ ਮੂਵਮੈਂਟ ਨਾ ਹੋਣ ਕਰ ਕੇ ਹੀ ਸੂਬੇ ਦੇ ਗੁਦਾਮ ਖ਼ਾਲੀ ਨਹੀਂ ਹੋ ਸਕੇ ਹਨ। ਦੂਜੇ ਪਾਸੇ ਭਾਰਤੀ ਖ਼ੁਰਾਕ ਨਿਗਮ ਦੇ ਅਧਿਕਾਰੀ ਆਖਦੇ ਹਨ ਕਿ ਉਹ ਅਗਲੇ ਮਹੀਨੇ ਤੋਂ ਪੰਜਾਬ ਦੇ ਗੁਦਾਮਾਂ ਵਿਚ 20-30 ਲੱਖ ਮੀਟਰਿਕ ਟਨ ਜਗ੍ਹਾ ਬਣਨ ਦਾ ਅਨੁਮਾਨ ਲਗਾ ਰਹੇ ਹਨ ਕਿਉਂਕਿ ਭਾਰਤ ਸਰਕਾਰ ਨੇ ਓਪਨ ਮਾਰਕੀਟ ਸੇਲ ਸਕੀਮ ਜ਼ਰੀਏ ਚੌਲਾਂ ਨੂੰ ਵੇਚਣ ਦਾ ਫ਼ੈਸਲਾ ਕੀਤਾ ਹੈ।

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise in Punjab Times
Call: 847-359-0746

ਕਿਚਨ ਹੈਲਪਰ ਤੇ ਕੁੱਕ ਦੀ ਫੌਰੀ ਲੋੜ ਹੈ
ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਕੁੱਕ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
Restaurant Help Wanted
Immediately hiring Kitchen Helper & Cook for Indian restaurant in Indiana.
*Good salary and free accommodation.
ਸੰਪਰਕ ਕਰੋ: ਟੋਨੀ
ਫੋਨ: 317-340-1470
33-34

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635


UMA TRAVELS
2535 West Devon Ave.,
Chicago, IL 60659
For Delhi-Bombay Ahmedabad, Hydrabad-Madras
Call For Special Sale Fares
Call: 773-338-5603

SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*
For Emergency Call anytime at 847-436-9010

EARLY BIRD SALE!!!!
*Etihad, Air India, KLM, Lufthansa, Delta, Qatar Airlines.*
Domestic fares available

# Matrimonials

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਵੈਸ਼ਨੂੰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/ what's app on +91 98993-79442 or E-mail: cjsingh55@gmail.com

33-36

Jatt sikh family residing in USA looking for a suitable match for their 24 years 5'11 boy. Caste no bar. He has done his graduation in accounting from Canada and now he is in (Indianapolis) Usa with his family on tourist visa. Family has share in gas station and both brothers are working there. For more information call or Whatsapp to +1 (463) 204-9565 or email Singhkulwinderbb@gmail.com.

32-35

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com

32-35

Inviting a suitable match for a Tonk Kashatria Sikh boy, 1993 born, 5'-8", Software Engineer in the USA. Looking for a well-educated girl working/ studying in the USA. For more Information Please contact (605) 786-5657.

32-35

Arora family seeks a compatible match for their 32 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com

30-33

Ahluwalia family seeks a compatible match for their 37 years, 5'8" handsome turbaned son. Boy has done Post graduate & working as an IT engineer in reputed company near New York. His Green card is under process. IT professional preferred. Please Contact us at +1 3158496562, 91 8860131363 (whatsapp) or Email at: richiewalia@gmail.com

28-31

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

25-28

## ਲੜਕੇ ਦੀ ਲੋੜ ਹੈ

Goldsmith/Mair Rathore Rajput family seeks a comparable match from a progressive family for their 27-year-old, 5' 2", daughter. She is MS in Bioinformatics from Indiana University. Required highly qualified boy with good family background and must be green card holder or resident of The US. Age gap should not be more than three years. Please contact with details at abhimanyu.kanda@gmail.com

32-35

Jat Sikh family seeks a suitable match in US/Canada for their amritdhari girl, age 25, height 5'4". Associate of arts and ECEA certificate, currently doing dental receptionist course in Canada. Looking for a well educated amritdhari boy from a sikh family. Please contact us at: (559) 369-6129 or email at apaulsingh1999@gmail.com

32-35

Jat Sikh parents are looking for a suitable match (only from Jat Sikh family) for their beautiful daughter, 1st year medical student in USA, born and raised in USA, 24 years old, 5'.6" tall. Looking for a turbaned match from medical field, born and raised in USA. For more information Please contact at 262-443-9849 or E-mail: my email is caprisingh8@yahoo.com

32-35

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ।

27-30

# ਸ੍ਰੀ ਹਰਿਮੰਦਰ ਸਾਹਿਬ 'ਚ ਨਿਸ਼ਾਨ ਸਾਹਿਬਾਨ ਦੇ ਚੋਲੇ ਬਸੰਤੀ ਰੰਗ 'ਚ ਬਦਲੇ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚਲੇ ਗੁਰਦੁਆਰਿਆਂ ਵਿਚ ਸਥਾਪਿਤ ਨਿਸ਼ਾਨ ਸਾਹਿਬਾਨ ਦੇ ਚੋਲਿਆਂ ਦੇ ਰੰਗ ਬਦਲਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਤਹਿਤ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਸਮੇਤ ਕੰਪਲੈਕਸ ਵਿਚ ਲਗਭਗ 13 ਨਿਸ਼ਾਨ ਸਾਹਿਬਾਨ ਦੇ ਚੋਲੇ ਕੇਸਰੀ ਤੋਂ ਬਸੰਤੀ ਰੰਗ ਵਿਚ ਬਦਲੇ ਗਏ।

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਅਰਦਾਸ ਮਗਰੋਂ ਜੈਕਾਰਿਆਂ ਦੀ ਗੂੰਜ ਵਿਚ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਬਦਲੇ ਗਏ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ, ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ, ਲਾਚੀ ਬੇਰ, ਬੇਰ ਬਾਬਾ ਬੁੱਢਾ ਸਾਹਿਬ, ਦੁਖ ਭੰਜਨੀ ਬੇਰੀ, ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ, ਬਾਬਾ ਦੀਪ ਸਿੰਘ ਸ਼ਹੀਦ ਦਾ ਅਸਥਾਨ, ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅਤੇ ਹੋਰ ਥਾਈਂ ਨਿਸ਼ਾਨ ਸਾਹਿਬਾਨ ਦੇ ਨਵੇਂ ਰੰਗ ਦੇ ਪੁਸ਼ਾਕੇ ਪਹਿਨਾਏ ਗਏ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਸ਼ਹੀਦਾਂ ਸਮੇਤ ਕੁੱਲ 18 ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਪਹਿਲੇ ਦਿਨ ਬਦਲੇ ਗਏ ਹਨ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਹੋਰ ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਵੀ ਬਦਲ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਗਿਆ ਸੀ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਸਮੂਹ ਗੁਰਦੁਆਰਿਆਂ ਵਿਚ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਵਿਚ ਦਰਸਾਏ ਗਏ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਅਪਣਾਇਆ ਜਾਵੇ। ਰਹਿਤ ਮਰਿਆਦਾ ਵਿਚ ਨਿਸ਼ਾਨ ਸਾਹਿਬਾਨ ਦੇ ਚੋਲੇ ਦਾ ਰੰਗ ਬਸੰਤੀ ਅਤੇ ਸੁਰਮਈ ਦੱਸਿਆ ਗਿਆ ਹੈ।

ਸ੍ਰੀ ਅਕਾਲ ਤਖ਼ਤ ਵਿਖੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਗੁਰਦੁਆਰਿਆਂ ਵਿਚ ਸਿੱਖ ਰਹਿਤ ਮਰਿਆਦਾ ਵਿਚ ਦਰਸਾਏ ਗਏ ਨਿਸ਼ਾਨ ਸਾਹਿਬਾਨ ਦੇ ਚੋਲੇ ਦੇ ਰੰਗ ਦੀ ਥਾਂ ਭਗਵੇਂ ਰੰਗ ਦੇ ਚੋਲੇ ਚੜ੍ਹਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 85 ਤਹਿਤ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ 70 ਤੋਂ ਵਧ ਇਤਿਹਾਸਕ ਗੁਰਦੁਆਰੇ ਹਨ, ਜਦੋਂ ਕਿ ਧਾਰਾ 87 ਤਹਿਤ ਸਥਾਨਕ ਕਮੇਟੀਆਂ ਦੇ ਪ੍ਰਬੰਧ ਹੇਠਲੇ 150 ਤੋਂ ਵੱਧ ਗੁਰਦੁਆਰੇ ਹਨ ਜਿੱਥੇ ਹੁਣ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਦਾ ਰੰਗ ਤਬਦੀਲ ਹੋਵੇਗਾ। ਸ੍ਰੀ ਅਕਾਲ ਤਖ਼ਤ ਦਾ ਆਦੇਸ਼ ਸਾਰੇ ਗੁਰਦੁਆਰਿਆਂ ਉਤੇ ਲਾਗੂ ਹੁੰਦਾ ਹੈ, ਇਸ ਲਈ ਦੇਸ਼-ਵਿਦੇਸ਼ ਵਿੱਚ ਗੁਰਦੁਆਰਿਆਂ 'ਚ ਸਥਾਪਿਤ ਨਿਸ਼ਾਨ ਸਾਹਿਬਾਨ ਦੇ ਚੋਲਿਆਂ ਦਾ ਰੰਗ ਵੀ ਤਬਦੀਲ ਹੋਵੇਗਾ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਨੇ ਦੱਸਿਆ ਕਿ ਪੰਜ ਸਿੰਘ ਸਾਹਿਬਾਨ ਦੇ ਹੁਕਮਾਂ ਮੁਤਾਬਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੁਸ਼ਾਕਿਆਂ ਦੇ ਰੰਗ ਵੀ ਜਲਦੀ ਬਦਲ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕੱਪੜਾ ਲੈਣ ਲਈ ਅਧਿਕਾਰੀਆਂ ਨੂੰ ਲਿਖਤੀ ਤੌਰ 'ਤੇ ਭੇਜ ਦਿੱਤਾ ਗਿਆ ਹੈ। ਕੱਪੜਾ ਆਉਣ ਮਗਰੋਂ ਕੇਸਗੜ੍ਹ ਸਾਹਿਬ ਵਿਚ ਵੀ ਜਲਦੀ ਬਸੰਤੀ ਨਿਸ਼ਾਨ ਸਾਹਿਬ ਝੂਲਦੇ ਨਜ਼ਰ ਆਉਣਗੇ।

# ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੱਤਰ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਇਕ ਪੱਤਰ ਭੇਜ ਕੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਬਣ ਰਹੀਆਂ ਵੋਟਾਂ ਨੂੰ ਪਾਰਦਰਸ਼ੀ ਢੰਗ ਨਾਲ ਅਤੇ ਸਿਰਫ ਯੋਗ ਸਿੱਖ ਵੋਟਰਾਂ ਦੀਆਂ ਵੋਟਾਂ ਬਣਨਾ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੱਤਰ ਭੇਜ ਕੇ ਅਜਿਹੀ ਸ਼ਿਕਾਇਤ ਕੀਤੀ ਗਈ ਸੀ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਜਸਟਿਸ ਐਸ.ਐਸ. ਸਾਰੋਂ ਨੂੰ ਪੱਤਰ ਲਿਖਿਆ ਹੈ। ਧਾਮੀ ਨੇ ਸਰਕਾਰ ਵੱਲੋਂ ਗੁਰਦੁਆਰਾ ਚੋਣਾਂ ਲਈ ਰਜਿਸਟਰੇਸ਼ਨ ਵਾਸਤੇ ਨਿਰਧਾਰਤ ਨਿਯਮਾਂ ਦੀ ਅਣਦੇਖੀ ਕੀਤੇ ਜਾਣ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਤੇ ਸਾਬਤ ਸੂਰਤ ਸਿੱਖ ਦੀ ਸ਼ਰਤ ਦੀ ਉਲੰਘਣਾ ਹੋਣ ਦਾ ਖਦਸ਼ਾ ਹੈ।

## ਸ਼੍ਰੋਮਣੀ ਕਮੇਟੀ ਚੋਣਾਂ ਲਈ ਜਾਅਲੀ ਵੋਟਰਾਂ ਦੀ ਜਾਂਚ ਹੋਵੇ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਮੁੱਖ ਕਮਿਸ਼ਨਰ ਜਸਟਿਸ (ਸੇਵਾਮੁਕਤ) ਐਸ.ਐਸ. ਸਾਰੋਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਕਥਿਤ ਤੌਰ 'ਤੇ ਜਾਅਲੀ ਵੋਟਰਾਂ ਦੀ ਰਜਿਸਟਰੇਸ਼ਨ ਦੀ ਉਚ ਪੱਧਰੀ ਜਾਂਚ ਦੇ ਹੁਕਮ ਦੇਣ। ਇਸ ਸਬੰਧੀ ਉਨ੍ਹਾਂ ਗੁਰਦੁਆਰਾ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ।

# ਹਰਿਆਣਾ ਦੇ ਸਿੱਖਾਂ ਦਾ ਵਫ਼ਦ ਜਥੇਦਾਰ ਸੁਲਤਾਨ ਸਿੰਘ ਨੂੰ ਮਿਲਿਆ

**ਸ੍ਰੀ ਆਨੰਦਪੁਰ ਸਾਹਿਬ:** ਹਰਿਆਣਾ ਦੇ ਸਿੱਖਾਂ ਦੇ ਵਫ਼ਦ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਜਥੇਦਾਰ ਸੁਲਤਾਨ ਸਿੰਘ ਨੂੰ 8 ਸਤੰਬਰ ਨੂੰ ਕਰਨਾਲ ਵਿਚ ਹੋਣ ਵਾਲੀ ਇਕੱਤਰਤਾ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਜਥੇਦਾਰ ਨੇ ਕਿਹਾ ਕਿ ਸਿੱਖਾਂ ਵਿਚ ਇਕਜੁੱਟਤਾ ਜ਼ਰੂਰੀ ਹੈ। ਸਿੱਖ ਵਫ਼ਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੌਜੂਦਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਭਾਜਪਾ ਦਾ ਕਬਜ਼ਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਆਰ.ਐਸ.ਐਸ. ਦੀ ਸ਼ਹਿ 'ਤੇ ਗੁਰੂ ਘਰਾਂ ਵਿਚ ਬੇਅਦਬੀਆਂ ਹੋ ਰਹੀਆਂ ਹਨ। ਸਿੱਖਾਂ ਮਾਮਲਿਆਂ 'ਚ ਸਰਕਾਰ ਸਿੱਧਾ ਦਖ਼ਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਹੋ ਜਾਂਦੀਆਂ, ਉਦੋਂ ਤੱਕ ਹਰਿਆਣੇ ਦੇ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲੇਗਾ। ਉਨ੍ਹਾਂ ਕਿਹਾ ਕਿ ਚੋਣਾਂ ਵਿਚ ਹਰਿਆਣਾ ਦੇ ਸਿੱਖ ਜਿਸ ਨੂੰ ਵੀ ਸੇਵਾਦਾਰ ਚੁਣਨਗੇ, ਉਹੀ ਗੁਰੂ ਘਰਾਂ ਦੀ ਸੇਵਾ ਕਰਨਗੇ। ਉਨ੍ਹਾਂ ਦੱਸਿਆ ਕਿ ਵਫ਼ਦ ਪੰਜ ਤਖ਼ਤਾਂ ਦੇ ਜਥੇਦਾਰਾਂ ਨੂੰ ਸੱਦਾ ਦੇ ਰਿਹਾ ਹੈ। ਬੀਤੇ ਦਿਨੀਂ ਉਹ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੱਦਾ ਪੱਤਰ ਦੇ ਕੇ ਆਏ ਹਨ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਮੰਡੇਬਰ ਨੇ ਕਿਹਾ ਕਿ ਕੁਝ ਲੋਕ ਪੰਜਾਬ ਸਥਿਤ ਆਪਣੇ ਆਕਾਵਾਂ ਦੀ ਸ਼ਹਿ ਉਤੇ ਅਜਿਹਾ ਪ੍ਰਚਾਰ ਕਰ ਰਹੇ ਹਨ ਜਦਕਿ ਹਰਿਆਣਾ ਦੇ ਬਹੁਗਿਣਤੀ ਸਿੱਖ ਉਨ੍ਹਾਂ ਨਾਲ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਹਰਿਆਣਾ ਵਿਚ ਇਹ ਕਮੇਟੀ ਹੋਂਦ ਵਿਚ ਆਈ ਹੈ, ਉਦੋਂ ਤੋਂ ਸਿੱਖਿਆ, ਧਰਮ ਪ੍ਰਚਾਰ ਅਤੇ ਗੁਰੂ ਘਰਾਂ ਦੇ ਪ੍ਰਬੰਧ ਵਿਚ ਵਿਆਪਕ ਸੁਧਾਰ ਹੋਏ ਹਨ।

## ਲੰਗਰ ਬਣਾਉਂਦੇ ਸਮੇਂ ਕੜਾਹੇ 'ਚ ਡਿੱਗਣ ਕਾਰਨ ਝੁਲਸੇ ਸੇਵਾਦਾਰ ਦੀ ਮੌਤ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ 'ਚ ਬੀਤੇ ਦਿਨੀਂ ਸੇਵਾ ਕਰਦਿਆਂ ਉਬਲਦੇ ਪਾਣੀ ਦੇ ਕੜਾਹੇ ਵਿਚ ਡਿੱਗਣ ਕਾਰਨ ਝੁਲਸ ਗਏ ਸੇਵਾਦਾਰ ਦੀ ਇਲਾਜ ਦੌਰਾਨ ਮੌਤ ਹੋ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬਲਬੀਰ ਸਿੰਘ ਵਾਸੀ ਧਾਰੀਵਾਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬਲਬੀਰ ਸਿੰਘ ਪਿਛਲੇ ਲੰਮੇ ਸਮੇਂ ਤੋਂ ਸ੍ਰੀ ਦਰਬਾਰ ਸਾਹਿਬ ਵਿਚ ਲੰਗਰ ਦੀ ਸੇਵਾ ਕਰਦਾ ਸੀ। ਸੇਵਾ ਕਰਦਿਆਂ ਪੈਰ ਤਿਲਕਣ ਕਾਰਨ ਉਹ ਉਬਲਦੇ ਪਾਣੀ ਵਾਲੇ ਕੜਾਹੇ ਵਿਚ ਡਿੱਗ ਗਿਆ। ਤੁਰਤ ਕੜਾਹੇ 'ਚੋਂ ਕੱਢਣ ਦੇ ਬਾਵਜੂਦ ਉਹ ਬੁਰੀ ਤਰ੍ਹਾਂ ਝੁਲਸ ਗਿਆ। ਉਸ ਨੂੰ ਗੁਰੂ ਰਾਮਦਾਸ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿੱਥੇ ਉਸ ਦੀ ਮੌਤ ਹੋ ਗਈ।

# ਹਰਿਮੰਦਰ ਸਾਹਿਬ 'ਚ ਵੀਡੀਓ ਬਣਾਉਣ ਤੋਂ ਰੋਕਣ ਦਾ ਅਮਲ ਸਖ਼ਤੀ ਨਾਲ ਲਾਗੂ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਵੀਡੀਓ ਬਣਾਉਣ ਤੋਂ ਰੋਕਣ ਲਈ ਅਮਲ ਸਖ਼ਤੀ ਨਾਲ ਲਾਗੂ ਕਰ ਦਿੱਤਾ ਹੈ। ਇਸ ਸਬੰਧੀ ਗੁਰੂ ਘਰ ਦੇ ਚਾਰੇ ਪਾਸੇ ਸੇਵਾਦਾਰ ਤਾਇਨਾਤ ਕਰ ਦਿੱਤੇ ਗਏ ਹਨ। ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਇਸ ਸਬੰਧੀ ਸ਼ੁਰੂ ਕੀਤੇ ਅਮਲ ਦੇ ਚੰਗੇ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ।

ਗੁਰੂ ਘਰ ਵਿਚ ਦਾਖਲ ਹੋਣ ਸਮੇਂ ਹੀ ਸ਼ਰਧਾਲੂਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਸਬੰਧੀ ਜਾਣਕਾਰੀ ਮਿਲ ਰਹੀ ਹੈ, ਜਿਸ ਨਾਲ ਵਧੇਰੇ ਲੋਕ ਇਸ ਤੋਂ ਜਾਣੂ ਹੋ ਜਾਂਦੇ ਹਨ ਅਤੇ ਵੀਡੀਓਗ੍ਰਾਫੀ ਨਹੀਂ ਕਰਦੇ ਪਰ ਜੇ ਕੋਈ ਅਜਿਹਾ ਕਰਦਾ ਵੀ ਹੈ ਤਾਂ ਉਸ ਨੂੰ ਪਰਿਕਰਮਾ ਵਿਚ ਤਾਇਨਾਤ ਅਮਲੇ ਵੱਲੋਂ ਵਰਜਿਆ ਜਾਂਦਾ ਹੈ। ਇਸ ਸਬੰਧੀ ਵਾਧੂ ਅਮਲਾ ਵੀ ਭਰਤੀ ਕੀਤਾ ਗਿਆ ਹੈ। ਉਨ੍ਹਾਂ ਨੂੰ ਇਸ ਸਬੰਧੀ ਸਿਖਲਾਈ ਦਿੱਤੀ ਗਈ ਹੈ। ਜੇ ਕੋਈ ਸ਼ਰਧਾਲੂ ਦਿਸ਼ਾ-ਨਿਰਦੇਸ਼ ਨਹੀਂ ਮੰਨਦਾ ਤਾਂ ਉਸ ਨਾਲ ਝਗੜਾ ਕਰਨ ਦੀ ਥਾਂ ਮੌਕੇ 'ਤੇ ਹਾਜ਼ਰ ਅਧਿਕਾਰੀ ਨਾਲ ਸੰਪਰਕ ਕਰਵਾਉਣ ਲਈ ਕਿਹਾ ਜਾਂਦਾ ਹੈ। ਇਸ ਦਾ ਚੰਗਾ ਨਤੀਜਾ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 60 ਫਲੈਕਸ ਤੇ ਬੋਰਡ ਵੀ ਲਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਵੀਡੀਓਗ੍ਰਾਫੀ ਉਤੇ ਸਖ਼ਤੀ ਨਾਲ ਰੋਕ ਲਾਈ ਗਈ ਹੈ।

## ਬਾਉਲੀ ਸਾਹਿਬ 'ਚ ਸੋਨੇ ਦੇ ਪੱਤਰੇ ਲਾਉਣ ਦੀ ਸੇਵਾ ਸ਼ੁਰੂ

**ਸ੍ਰੀ ਗੋਇੰਦਵਾਲ ਸਾਹਿਬ:** ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਅਤੇ ਗੁਰੂ ਰਾਮਦਾਸ ਜੀ ਦੇ 450ਵੇਂ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਬਾਉਲੀ ਸਾਹਿਬ ਦੀ ਡਿਓਢੀ ਅੰਦਰ ਮੀਨਾਕਾਰੀ ਅਤੇ ਸੋਨੇ ਦੇ ਪੱਤਰੇ ਲਾਉਣ ਦੀ ਸੇਵਾ ਸ਼ੁਰੂ ਕੀਤੀ ਗਈ।

ਇਸ ਦੇ ਨਾਲ ਹੀ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਬਣਾਏ ਜਾ ਰਹੇ ਲੰਗਰ ਹਾਲ ਦੀ ਤੀਜੀ ਮੰਜ਼ਿਲ ਦਾ ਵੀ ਲੈਂਟਰ ਪਾਇਆ ਗਿਆ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ।

ਸ੍ਰੀ ਧਾਮੀ ਨੇ ਕਿਹਾ ਕਿ ਸ੍ਰੀ ਬਾਉਲੀ ਸਾਹਿਬ ਦੀ ਡਿਓਢੀ ਵਿਚ ਮੀਨਾਕਾਰੀ ਤੇ ਸੋਨੇ ਦੇ ਪੱਤਰੇ ਲਾਉਣ ਦੀ ਸ਼ੁਰੂਆਤ ਹੋਈ ਹੈ। ਸੰਗਤ ਦੀ ਸਹੂਲਤ ਲਈ ਤਿਆਰ ਕਰਵਾਏ ਜਾ ਰਹੇ ਲੰਗਰ ਦੀ ਤੀਜੀ ਮੰਜ਼ਿਲ ਦਾ ਲੈਂਟਰ ਵੀ ਪਾਇਆ ਗਿਆ ਹੈ।

# ਚੀਫ ਜਸਟਿਸ ਚੰਦਰਚੂੜ ਨੇ ਦਰਬਾਰ ਸਾਹਿਬ ਮੱਥਾ ਟੇਕਿਆ



**ਅੰਮ੍ਰਿਤਸਰ:** ਭਾਰਤ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਮੰਗ ਪੱਤਰ ਸੌਂਪ ਕੇ ਦੇਸ਼ ਭਰ ਵਿਚ ਸਿੱਖਾਂ ਵਿਰੁੱਧ ਹੋ ਰਹੇ ਨਫਰਤੀ ਪ੍ਰਚਾਰ ਨੂੰ ਰੋਕਣ ਦੀ ਮੰਗ ਕੀਤੀ।

ਉਨ੍ਹਾਂ ਜੱਲ੍ਹਿਆਂ ਵਾਲਾ ਬਾਗ ਵਿਚ ਸ਼ਹੀਦੀ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦਾ ਹਵਾਈ ਅੱਡੇ ਉਤੇ ਸਵਾਗਤ ਕੀਤਾ। ਗੁਰੂ ਘਰ ਮੱਥਾ ਟੇਕਣ ਮਗਰੋਂ ਚੀਫ ਜਸਟਿਸ ਨੇ ਯਾਤਰੀ ਕਿਤਾਬ ਵਿਚ ਲਿਖਿਆ, "ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਅਤੇ ਅਰਦਾਸ ਕਰਨ ਦਾ ਸੁਪਨਾ ਸਾਕਾਰ ਹੋਇਆ ਹੈ। ਦੇਸ਼ ਅਤੇ ਮਨੁੱਖਤਾ ਦੀ ਸੇਵਾ ਵਿਚ ਇੱਥੇ ਅਰਦਾਸ ਕਰਨ ਦੇ ਯੋਗ ਹੋਣ ਦਾ ਇਕ ਵਡਭਾਗਾ ਪਲ ਹੈ।" ਉਨ੍ਹਾਂ ਕਿਹਾ ਕਿ ਉਹ ਪਹਿਲਾਂ ਸਾਲ 1975 ਵਿਚ ਆਪਣੇ ਪਿਤਾ ਨਾਲ ਗੁਰੂ ਘਰ ਵਿਖੇ ਮੱਥਾ ਟੇਕਣ ਆਏ ਸਨ ਅਤੇ ਅੱਜ ਉਨ੍ਹਾਂ ਦੂਜੀ ਵਾਰ ਗੁਰੂ ਘਰ ਮੱਥਾ ਟੇਕਿਆ ਹੈ। ਇਸ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਨਮਾਨਿਤ ਕੀਤਾ ਅਤੇ ਸੋਸ਼ਲ ਮੀਡੀਆ ਮੰਚਾਂ ਉਤੇ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਨਫ਼ਰਤੀ ਪ੍ਰਚਾਰ ਰੋਕਣ ਸਬੰਧੀ ਮੰਗ ਪੱਤਰ ਸੌਂਪਿਆ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀਆਂ ਵੱਲੋਂ ਸਿੱਖ ਸਿਧਾਂਤਾਂ, ਇਤਿਹਾਸ, ਮਰਿਆਦਾ ਅਤੇ ਪਛਾਣ ਆਦਿ ਸਬੰਧੀ ਸੋਸ਼ਲ ਮੀਡੀਆ 'ਤੇ ਨਫ਼ਰਤੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਵੀ ਇਸ ਮਾਮਲੇ ਵਿਚ ਕੋਈ ਠੋਸ ਕਦਮ ਨਹੀਂ ਚੁੱਕ ਰਹੀਆਂ। ਐਡਵੋਕੇਟ ਧਾਮੀ ਨੇ ਚੀਫ ਜਸਟਿਸ ਤੋਂ ਮੰਗ ਕੀਤੀ ਕਿ ਉਹ ਭਾਰਤੀ ਨਿਆਂ ਪ੍ਰਣਾਲੀ ਦੇ ਸਭ ਤੋਂ ਸਿਖਰਲੇ ਅਹੁਦੇ 'ਤੇ ਹੁੰਦਿਆਂ ਇਸ ਸੰਜੀਦਾ ਮਸਲੇ ਦਾ ਨੋਟਿਸ ਲੈਣ।

# ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰ ਵਜੋਂ ਚੋਣ ਖਿਲਾਫ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਦੀ ਪੰਜਾਬ ਦੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਵਜੋਂ ਚੋਣ ਖ਼ਿਲਾਫ਼ ਦਾਇਰ ਪਟੀਸ਼ਨ ਖਾਰਜ ਕਰ ਦਿੱਤੀ ਹੈ।

ਜਸਟਿਸ ਬੀ.ਆਰ. ਗਵੱਈ ਦੇ ਬੈਂਚ ਅੱਗੇ ਪਟੀਸ਼ਨਰ ਨੇ ਦਾਅਵਾ ਕੀਤਾ ਕਿ ਸੰਵਿਧਾਨ ਦੀ ਧਾਰਾ 84 ਸੰਸਦ ਦੀ ਮੈਂਬਰਸ਼ਿਪ ਦੀ ਯੋਗਤਾ ਨਾਲ ਸਬੰਧਤ ਹੈ ਅਤੇ ਕਿਹਾ ਕਿ ਇਸ ਮੁਤਾਬਕ ਕੋਈ ਵੀ ਵਿਅਕਤੀ ਸੰਸਦ ਮੈਂਬਰੀ ਲਈ ਉਦੋਂ ਤੱਕ ਯੋਗ ਨਹੀਂ ਹੁੰਦਾ ਜਦੋਂ ਤੱਕ ਉਹ ਭਾਰਤ ਦਾ ਨਾਗਰਿਕ ਨਾ ਹੋਵੇ। ਬੈਂਚ ਨੇ ਪਟੀਸ਼ਨਰ ਨੂੰ ਕਿਹਾ ਹੈ ਕਿ ਉਹ ਚੋਣ ਪਟੀਸ਼ਨ ਦਾਇਰ ਕਰ ਸਕਦਾ ਹੈ।

# ਕਬੱਡੀ ਦੇ ਸਾਬਕਾ ਖਿਡਾਰੀ ਮਾਨੀ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ

## ਯੂਨਾਈਟਡ ਸਪੋਰਟਸ ਕਲੱਬ, ਗਾਖਲ ਗਰੁੱਪ ਯੂ.ਐੱਸ.ਏ ਅਤੇ ਗਾਖਲ ਪਰਿਵਾਰ ਨੇ ਕੀਤਾ ਸਨਮਾਨ

**ਸਾਨ ਫਰਾਂਸਿਸਕੋ (ਬਿਊਰੋ):** ਯੂਨਾਈਟਡ ਸਪੋਰਟਸ ਕਲੱਬ ਯੂ.ਐੱਸ.ਏ, ਗਾਖਲ ਗਰੁੱਪ ਯੂ.ਐੱਸ.ਏ ਅਤੇ ਗਾਖਲ ਪਰਿਵਾਰ ਵਲੋਂ ਆਪਣੇ ਐਲਾਨ ਮੁਤਾਬਿਕ ਕਬੱਡੀ ਦੇ ਮਹਾਨ ਸਾਬਕਾ ਖਿਡਾਰੀ ਤੇ ਦੁਆਬੇ ਦੇ ਪਿੰਡ ਗਾਖਲਾਂ 'ਚੋਂ ਉੱਠ ਕੇ ਪੂਰੀ ਦੁਨੀਆਂ 'ਚ ਕਬੱਡੀ ਦਾ ਲੋਹਾ ਮਨਵਾਉਣ ਵਾਲੇ ਮਾਨੀ ਗਾਖ਼ਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਕਬੱਡੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਵਾਲੇ ਬ੍ਰੈਂਡਿਡ ਪ੍ਰੋਮੋਟਰ ਜੌਹਨ ਸਿੰਘ ਗਿੱਲ ਤੇ ਹੋਰ ਮੋਹਤਬਰ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ।












ਇਸ ਮੌਕੇ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਬੇਏਰੀਆ ਦੇ ਰਾਜਾ ਸਵੀਟਸ 'ਚ ਕਰਵਾਏ ਇਸ ਸਮਾਗਮ ਵਿਚ ਸ਼ਾਮਿਲ ਹੋਣ ਵਾਲੇ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦੇ ਹਾਂ ਅਤੇ ਅੱਗੇ ਤੋਂ ਵੀ ਕਬੱਡੀ ਹੀ ਨਹੀਂ ਹਰ ਖੇਡ ਵਿਚ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਦਾ ਮਾਣ ਸਨਮਾਨ ਕਰਦੇ ਰਹਾਂਗੇ। ਜੌਹਨ ਸਿੰਘ ਗਿੱਲ ਨੇ ਕਿਹਾ ਕਿ ਅਗਲੇ ਸਾਲ ਪਹਿਲਾਂ ਵਾਂਗ ਹੀ ਕੈਲੀਫ਼ੋਰਨੀਆ ਸਮੇਤ ਕਬੱਡੀ ਦੇ ਟੂਰਨਾਮੈਂਟ ਕਰਵਾਏ ਜਾਣਗੇ ਜਿਨ੍ਹਾਂ ਵਿਚ ਅਮਰੀਕਾ ਦੇ ਜੰਮਪਲ ਖਿਡਾਰੀਆਂ ਨੂੰ ਕਬੱਡੀ ਦੇ ਸੁਪਰਸਟਾਰ ਖਿਡਾਰੀਆਂ ਨਾਲ ਖੇਡਣ ਦਾ ਮੌਕਾ ਵੀ ਦਿੱਤਾ ਜਾਵੇਗਾ। ਇਸ ਮੌਕੇ ਬੇਏਰੀਆ



ਸਪੋਰਟਸ ਕਲੱਬ ਵਲੋਂ ਵੀ ਮਾਨੀ ਗਾਖ਼ਲ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਯੂਨਾਈਟਡ ਸਪੋਰਟਸ ਕਲੱਬ ਯੂ.ਐੱਸ.ਏ ਦੇ ਸਰਪ੍ਰਸਤ ਅਮੋਲਕ ਸਿੰਘ ਗਾਖ਼ਲ, ਮੱਖਣ ਸਿੰਘ ਬੈਂਸ ਚੇਅਰਮੈਨ, ਇਕਬਾਲ ਸਿੰਘ ਗਾਖ਼ਲ ਵਾਈਸ ਚੇਅਰਮੈਨ, ਜੁਗਰਾਜ ਸਿੰਘ ਸਹੋਤਾ ਪ੍ਰਧਾਨ, ਪਲਵਿੰਦਰ ਸਿੰਘ ਗਾਖ਼ਲ, ਤੀਰਥ ਗਾਖ਼ਲ, ਸਾਧੂ ਸਿੰਘ ਖਲੌਰ ਅਤੇ ਐੱਸ.ਅਸ਼ੋਕ ਭੌਰਾ ਜਨਰਲ ਸਕੱਤਰ ਨੇ ਸਮੂਹ ਆਏ ਕਬੱਡੀ ਪ੍ਰੋਮੋਟਰਾਂ, ਖਿਡਾਰੀਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਸਾਲਾਨਾ ਮੇਲੇ 'ਚ ਲੱਗੀਆਂ ਰੌਣਕਾਂ

**ਬਰੈਂਪਟਨ:** ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਜੋ ਇਸ ਸਮੇਂ ਬਰੈਂਪਟਨ ਦੀਆਂ 44 ਸੀਨੀਅਰਜ਼ ਕਲੱਬਾਂ ਦੀ 'ਛਤਰੀ' ਬਣ ਕੇ ਬਾਖ਼ੂਬੀ ਨੁਮਾਇੰਦਗੀ ਕਰ ਰਹੀ ਹੈ, ਦੀ ਅਗਵਾਈ ਹੇਠ ਲੰਘੇ ਸ਼ਨੀਵਾਰ 10



ਅਗਸਤ ਨੂੰ ਸਾਲਾਨਾ ਸਮਾਗ਼ਮ ਕਰਵਾਇਆ ਗਿਆ। ਬਰੈਂਪਟਨ ਦੇ 'ਸੇਵ ਮੈਕਸ ਸਪੋਰਟਸ ਸੈਂਟਰ' ਦੇ ਹਾਲ ਵਿਚ ਸਵੇਰੇ 11.00 ਤੋਂ ਸ਼ਾਮ 5.00 ਵਜੇ ਤੱਕ ਚੱਲੇ ਇਸ ਸਮਾਗ਼ਮ ਵਿਚ ਹਾਲ ਸਾਰਾ ਸਮਾਂ ਭਰਿਆ ਰਿਹਾ। ਕੁਰਸੀਆਂ ਨਾ ਮਿਲਣ ਕਰਕੇ ਕਈਆਂ ਨੂੰ ਖੜ੍ਹੇ ਹੋ ਕੇ ਸਮਾਗ਼ਮ ਦਾ ਅਨੰਦ ਮਾਨਣਾ ਪਿਆ।

ਸਮਾਗ਼ਮ ਦੀ ਸ਼ੁਰੂਆਤ ਅਸ਼ਨੀਰ ਕੌਰ ਮਾਂਗਟ ਵੱਲੋਂ ਗਾਏ ਕੈਨੇਡਾ ਦੇ ਰਾਸ਼ਟਰੀ-ਗੀਤ ਨਾਲ ਹੋਈ, ਜਿਸ ਨੇ ਮਗਰੋਂ ਆਪਣੀ ਸੁਰੀਲੀ ਆਵਾਜ਼ ਵਿਚ ਸ਼ਬਦ 'ਤੁਮ ਕਰੋ ਦਇਆ ਮੇਰੇ ਸਾਈਂ' ਵੀ ਗਾਇਆ। ਪ੍ਰਧਾਨਗੀ-ਮੰਡਲ ਵਿਚ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਮੈਂਬਰਾਂ ਦੇ ਨਾਲ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਅਤੇ ਓਂਟਾਰੀਓ ਸੂਬਾ ਸਰਕਾਰ ਦੇ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਤੇ ਕਈ ਹੋਰ ਸੁਸ਼ੋਭਿਤ ਸਨ।

ਮੇਅਰ ਬਰਾਊਨ ਨੇ ਐਸੋਸੀਏਸ਼ਨ ਦੇ ਮੈਂਬਰਾਂ ਤੇ ਸਮੂਹ ਸੀਨੀਅਰਾਂ ਨੂੰ ਸਮਾਗ਼ਮ ਦੀ ਵਧਾਈ ਦਿੰਦਿਆਂ ਬਰੈਂਪਟਨ ਸਿਟੀ ਵੱਲੋਂ ਸੀਨੀਅਰਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਖ਼ਾਸ ਕਰਕੇ ਫ਼ਰੀ ਬੱਸ ਪਾਸਾਂ ਦਾ ਜ਼ਿਕਰ ਕੀਤਾ। ਮੰਤਰੀ ਪ੍ਰਭਮੀਤ ਨੇ ਓਂਟਾਰੀਓ ਸਰਕਾਰ ਵੱਲੋਂ ਸੀਨੀਅਰਜ਼ ਲਈ ਕੀਤੇ ਜਾ ਰਹੇ ਕੰਮਾਂ ਦਾ ਵਰਣਨ





ਕਰਦਿਆਂ ਉਨ੍ਹਾਂ ਨੂੰ ਹਰੇਕ ਸਹੂਲਤ ਦੇਣ ਦਾ ਭਰੋਸਾ ਦਿਵਾਇਆ। ਫ਼ੈੱਡਰਲ ਮਨਿਸਟਰ ਕਮਲ ਖਹਿਰਾ, ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਤੇ ਸ਼ਫ਼ਕਤ ਅਲੀ ਸਮਾਗ਼ਮ ਵਿਚ ਦੇਰ ਨਾਲ ਪਹੁੰਚੇ। ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਅਤੇ ਮਨਿੰਦਰ ਸਿੱਧੂ ਜ਼ਰੂਰੀ ਰੁਝੇਵਿਆਂ ਕਾਰਨ ਸਮਾਗ਼ਮ ਵਿਚ ਨਾ ਪਹੁੰਚ ਸਕੇ।

ਆਪਣੇ ਸੰਬੋਧਨ ਵਿਚ ਪ੍ਰਿੰਸੀਪਲ ਸਰਵਣ ਸਿੰਘ ਨੇ ਜੀਵਨ ਵਿਚ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਪੈਰਿਸ ਵਿਚ ਹੋਈਆਂ ਓਲਿੰਪਕ ਖੇਡਾਂ ਵਿਚ ਫੀਲਡ ਹਾਕੀ, ਨਿਸ਼ਾਨੇਬਾਜ਼ੀ ਤੇ ਪਹਿਲਵਾਨੀ ਖ਼ੇਤਰਾਂ ਵਿਚ ਭਾਰਤੀ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਾ ਵਰਣਨ ਕੀਤਾ। ਉਨ੍ਹਾਂ ਭਾਰਤੀ ਪਹਿਲਵਾਨ ਵਿਨੇਸ਼ ਫ਼ੋਗਟ ਨੂੰ ਆਪਣਾ ਢਾਈ ਤੋਲੇ ਸੋਨੇ ਦਾ ਖੇਡ-ਪੁਰਸਕਾਰ ਦੇਣ ਦੀ ਵਚਨਬੱਧਤਾ ਵੀ ਦੁਹਰਾਈ। ਡਾ. ਸੁਖਦੇਵ ਸਿੰਘ ਝੰਡ ਨੇ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾ ਕੀਤੀ। ਕਈ ਹੋਰ ਬੁਲਾਰਿਆਂ ਨੇ ਵੀ ਸਮਾਗ਼ਮ ਵਿਚ ਹਾਜ਼ਰ ਸੀਨੀਅਰਾਂ ਨੂੰ ਸੰਬੋਧਨ ਕੀਤਾ।

ਸਮਾਗ਼ਮ ਵਿਚ ਹਾਜ਼ਰੀਨ ਦੇ ਮਨੋਰੰਜਨ ਦਾ ਵੀ ਪੂਰਾ ਖ਼ਿਆਲ ਰੱਖਿਆ ਗਿਆ। 'ਪੰਜਾਬੀ ਲਹਿਰਾਂ' ਟੀ.ਵੀ. ਦੇ ਸੰਚਾਲਕ ਸਤਿੰਦਰ ਸਿੱਧਵਾਂ ਵੱਲੋਂ ਬਾਪੂ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ "ਜੱਗ ਜੰਕਸ਼ਨ ਰੇਲਾਂ ਦਾ" ਬੁਲੰਦ ਆਵਾਜ਼ ਵਿਚ ਪੇਸ਼ ਕੀਤੀ ਗਈ।। ਡਾ. ਦਰਸ਼ਨ ਦੀਪ ਅਰੋੜਾ ਨੇ ਦੇਸ਼-ਪਿਆਰ ਦੀ ਗ਼ਜ਼ਲ ਦੇ ਕੁਝ ਸ਼ੇਅਰ ਪੇਸ਼ ਕੀਤੇ। ਨਾਹਰ ਸਿੰਘ ਔਜਲਾ ਦੇ ਨਿਰਦੇਸ਼ਨ ਹੇਠ ਨੁੱਕੜ ਨਾਟਕ 'ਵੱਖਰੇ ਰੰਗ ਕਨੇਡਾ ਦੇ' ਖੇਡਿਆ ਗਿਆ। ਗਾਇਕਾਂ ਵੱਲੋਂ ਕਈ ਗੀਤ ਗਾਏ। ਸੀਨੀਅਰ ਬੀਬੀਆਂ ਦੀ ਇਕ ਜੋੜੀ ਨੇ 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ' ਉੱਪਰ ਡਾਂਸ ਕੀਤਾ। ਇਕ ਹੋਰ ਸੀਨੀਅਰ ਬੀਬੀ ਨੇ ਗਾਣੇ 'ਇਨਹੀਂ ਲੋਗੋਂ ਨੇ ਲੇ ਲੀਨਾ ਦੁਪੱਟਾ ਮੇਰਾ' ਉੱਪਰ ਨਾਚ ਕੀਤਾ। ਗੁਲਾਬੀ ਪੁਸ਼ਾਕਾਂ ਪਹਿਨੀ ਚੀਨੀ ਸੀਨੀਅਰ ਔਰਤਾਂ ਵੱਲੋਂ ਚੀਨੀ ਗੀਤ ਉੱਪਰ ਸ਼ਾਨਦਾਰ ਡਾਂਸ ਪੇਸ਼ ਕੀਤਾ ਗਿਆ। ਬੀਬੀਆਂ ਦਾ ਗਿੱਧਾ, ਜਾਗੋ ਅਤੇ ਭੰਗੜੇ ਦੀਆਂ ਵੀ ਖ਼ੂਬਸੂਰਤ ਆਈਟਮਾਂ ਪੇਸ਼ ਕੀਤੀਆਂ ਗਈਆਂ।

ਇਸ ਦੌਰਾਨ 'ਸਰੋਕਾਰਾਂ ਦੀ ਆਵਾਜ਼' ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਵਿਚ ਉਸਾਰੂ ਸਾਹਿਤ ਨਾਲ ਸਬੰਧਿਤ ਪੁਸਤਕਾਂ ਸ਼ਾਮਲ ਕੀਤੀਆਂ ਗਈਆਂ। ਕੁਝ ਲੋਕਾਂ ਨੇ ਪੁਸਤਕਾਂ ਖਰੀਦੀਆਂ। ਇਸ ਉਪਰਾਲੇ ਲਈ ਮਹੀਨਾਵਾਰ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਅਤੇ ਉਨ੍ਹਾਂ ਦੇ ਸਾਥੀ ਦਵਿੰਦਰ ਸਿੰਘ ਤੂਰ ਵਧਾਈ ਦੇ ਪਾਤਰ ਹਨ। ਸਮਾਗ਼ਮ ਦੌਰਾਨ ਪ੍ਰਬੰਧਕਾਂ ਵੱਲੋਂ ਸਮੋਸਿਆਂ, ਪਕੌੜਿਆਂ, ਜਲੇਬੀਆਂ, ਸਲਾਦ ਤੇ ਲਜ਼ੀਜ਼ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।

ਸਮਾਗ਼ਮ ਦੇ ਅਖ਼ੀਰ 'ਚ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਸਮੂਹ ਬੁਲਾਰਿਆਂ, ਭਾਗੀਦਾਰਾਂ ਅਤੇ ਆਏ ਸੀਨੀਅਰ ਸਾਥੀਆਂ ਦਾ ਧੰਨਵਾਦ ਕੀਤਾ। ਮੰਚ-ਸੰਚਾਲਕ ਦੀ ਜ਼ਿੰਮੇਵਾਰੀ ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਵੱਲੋਂ ਬਾਖ਼ੂਬੀ ਨਿਭਾਈ ਗਈ ਜਿਨ੍ਹਾਂ ਦਾ ਸਾਥ ਮੀਡੀਆ ਸੰਚਾਲਕ ਮੁਹਿੰਦਰ ਸਿੰਘ ਮੋਹੀ ਨੇ ਦਿੱਤਾ। **- ਡਾ. ਝੰਡ**

## ਚਰਨ ਕੰਵਲ ਸਿੰਘ ਸੇਖੋਂ ਨੂੰ ਕ੍ਰੈਨਫੀਲਡ ਯੂਨੀਵਰਸਿਟੀ ਵੱਲੋਂ ਸਰਵਉੱਚ ਅਲੂਮਨੀ ਪੁਰਸਕਾਰ

**ਬੈਂਡਫੋਰਡ (ਯੂ.ਕੇ.):** ਕ੍ਰੈਨਫੀਲਡ ਯੂਨੀਵਰਸਿਟੀ ਬੈਂਡਫੋਰਡ ਨੇ ਆਪਣੇ ਅਲੂਮਨੀ ਐਵਾਰਡਾਂ ਦਾ ਐਲਾਨ ਕੀਤਾ ਹੈ। ਚਰਨ ਕੰਵਲ ਸਿੰਘ ਸੇਖੋਂ ਯੂਨੀਵਰਸਿਟੀ ਦੇ 78 ਸਾਲਾਂ ਦੇ ਇਤਿਹਾਸ ਵਿਚ ਸਰਵਉੱਚ ਅਲੂਮਨੀ ਅਵਾਰਡ ਪ੍ਰਾਪਤ ਕਰਨ ਵਾਲੇ ਭਾਰਤੀ ਮੂਲ ਦੇ ਪਹਿਲੇ ਬ੍ਰਿਟਿਸ਼ ਸਿੱਖ ਹਨ।



ਜੇਤੂਆਂ ਦਾ ਐਲਾਨ ਕਰਦੇ ਹੋਏ ਕ੍ਰੈਨਫੀਲਡ ਯੂਨੀਵਰਸਿਟੀ ਨੇ ਕਿਹਾ, "ਸਾਨੂੰ ਚਰਨ ਕੰਵਲ ਸਿੰਘ ਸੇਖੋਂ ਐਮ.ਬੀ.ਈ., ਡਿਸਟਿੰਗੂਇਸ਼ਡ ਐਲੂਮਨੀ ਅਵਾਰਡ 2024 ਦੇ ਜੇਤੂ ਦਾ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ। ਸੇਖੋਂ ਨੇ 1997 ਵਿਚ ਐਨਰਜੀ ਕੰਜ਼ਰਵੇਸ਼ਨ ਅਤੇ ਐਨਵਾਇਰਮੈਂਟ ਵਿਚ ਐਮ.ਐਸਸੀ. ਪੂਰੀ ਕੀਤੀ। ਡਿਸਟਿੰਗੂਇਸ਼ਡ ਅਲੂਮਨੀ ਅਵਾਰਡ ਸ਼੍ਰੇਣੀ ਯੂਨੀਵਰਸਿਟੀ ਦਾ ਸਭ ਤੋਂ ਉੱਚਾ ਸਨਮਾਨ ਹੈ, ਜੋ ਉਨ੍ਹਾਂ ਵਿਅਕਤੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੇ ਗਲੋਬਲ ਪ੍ਰਭਾਵ ਨੂੰ ਦਰਸਾਉਂਦੇ ਹੋਏ ਅੰਤਰਰਾਸ਼ਟਰੀ ਪੱਧਰ 'ਤੇ ਉੱਚੇ ਮਿਆਰਾਂ ਨੂੰ ਕਾਇਮ ਰੱਖਦਿਆਂ ਪਾਣੀ, ਊਰਜਾ ਅਤੇ ਵਾਤਾਵਰਣ ਖੇਤਰਾਂ ਵਿਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਹੈ ਤੇ ਸਮਾਜਿਕ ਪ੍ਰਭਾਵ ਅਤੇ ਕਮਿਊਨਿਟੀ ਸੇਵਾਵਾਂ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਚਰਨਕੰਵਲ ਸਿੰਘ ਸੇਖੋਂ ਨੇ ਕਿਹਾ, 'ਮੈਂ ਇਸ ਵਿਸ਼ੇਸ਼ ਪੁਰਸਕਾਰ ਲਈ ਬਹੁਤ ਹੈਰਾਨ ਹਾਂ ਅਤੇ ਨਿਮਰ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਇਸ ਪੁਰਸਕਾਰ ਲਈ ਚੁਣਿਆ ਜਾਣ ਵਾਲਾ ਪਹਿਲਾ ਸਿੱਖ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਮਾਨਤਾ ਨਾਲ ਮੇਰੀ ਜ਼ਿੰਮੇਵਾਰੀ ਹੋਰ ਵਧ ਗਈ ਹੈ।

**Punjab Times**
Established in 2000
25th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਸਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ੰਭੂ ਬਾਰਡਰ ਅੰਸ਼ਕ ਤੌਰ ਉਤੇ ਖੋਲ੍ਹਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸ਼ੰਭੂ ਬਾਰਡਰ 'ਤੇ ਹਾਈਵੇਅ ਅੰਸ਼ਕ ਤੌਰ 'ਤੇ ਖੋਲ੍ਹਣ ਲਈ ਪੰਜਾਬ ਅਤੇ ਹਰਿਆਣਾ ਦੇ ਪੁਲੀਸ ਮੁਖੀਆਂ ਨੂੰ ਗੁਆਂਢੀ ਜ਼ਿਲ੍ਹਿਆਂ ਪਟਿਆਲਾ ਅਤੇ ਅੰਬਾਲਾ ਦੇ ਐਸ.ਐਸ.ਪੀਜ਼. ਨਾਲ ਇਕ ਹਫ਼ਤੇ ਦੇ ਅੰਦਰ ਮੀਟਿੰਗ ਕਰਨ ਦੇ ਨਿਰਦੇਸ਼ ਦਿੱਤੇ ਹਨ। ਅੰਦੋਲਨਕਾਰੀ ਕਿਸਾਨ ਸ਼ੰਭੂ ਬਾਰਡਰ 'ਤੇ 13 ਫਰਵਰੀ ਤੋਂ ਡੇਰਾ ਲਾਈ ਬੈਠੇ ਹਨ।

ਅਦਾਲਤ ਨੇ ਪੰਜਾਬ ਸਰਕਾਰ ਨੂੰ ਸ਼ੰਭੂ ਬਾਰਡਰ 'ਤੇ ਬੈਠੇ ਕਿਸਾਨਾਂ ਨੂੰ ਸੜਕਾਂ ਤੋਂ ਟਰੈਕਟਰ-ਟਰਾਲੀਆਂ ਹਟਾਉਣ ਲਈ ਮਨਾਉਣ ਦੇ ਹੁਕਮ ਦਿੰਦਿਆਂ ਕਿਹਾ ਕਿ ਹਾਈਵੇਅ ਪਾਰਕਿੰਗ ਲਈ ਨਹੀਂ ਹਨ। ਬੈਂਚ ਨੇ ਪੰਜਾਬ ਸਰਕਾਰ ਨੂੰ ਕਿਹਾ, "ਅਸੀਂ ਨਿਰਦੇਸ਼ ਨਹੀਂ ਦੇ ਰਹੇ ਹਾਂ ਸਗੋਂ ਪੰਜਾਬ ਸਰਕਾਰ ਨੂੰ ਜ਼ੋਰ ਦੇ ਆਖ ਰਹੇ ਹਾਂ ਕਿ ਉਹ ਕਿਸਾਨਾਂ ਨੂੰ ਟਰੈਕਟਰ-ਟਰਾਲੀਆਂ ਹਟਾਉਣ ਲਈ ਫੌਰੀ ਮਨਾਵੇ। ਪਾਰਕਿੰਗ ਵੀ ਸਮੱਸਿਆਵਾਂ ਪੈਦਾ ਕਰੇਗੀ। ਇਹ ਮਾਮਲਾ ਹੁਣ ਸਾਡੇ ਕੋਲ ਹੈ ਅਤੇ ਅਸੀਂ ਸਾਰੀਆਂ ਮੁਸ਼ਕਲਾਂ ਦੇ ਸਤਿਕਾਰਤ, ਢੁਕਵੇਂ ਅਤੇ ਨਿਰਪੱਖ ਹੱਲ ਮਿਲਣ ਤੱਕ ਇਸ ਨੂੰ ਬਕਾਇਆ ਰੱਖਾਂਗੇ।"

ਜਸਟਿਸ ਸੂਰਿਆਕਾਂਤ ਅਤੇ ਜਸਟਿਸ ਉਜਲ ਭੁਈਆਂ ਦੇ ਬੈਂਚ ਨੇ ਕਮੇਟੀ ਬਣਾਉਣ ਲਈ ਗ਼ੈਰ-ਸਿਆਸੀ ਨਾਵਾਂ ਦਾ ਸੁਝਾਅ ਦੇਣ ਵਾਸਤੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੀ ਸ਼ਲਾਘਾ ਕੀਤੀ। ਇਹ ਕਮੇਟੀ ਮੁਜ਼ਾਹਰਾਕਾਰੀ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਅੰਦੋਲਨ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰੇਗੀ। ਬੈਂਚ ਨੇ ਕਿਹਾ ਕਿ ਐਂਬੂਲੈਂਸ, ਜ਼ਰੂਰੀ ਸੇਵਾਵਾਂ, ਉਮਰ ਦਰਾਜ਼ ਵਿਅਕਤੀਆਂ, ਮਹਿਲਾਵਾਂ, ਵਿਦਿਆਰਥਣਾਂ ਅਤੇ ਨੇੜਲੇ ਇਲਾਕਿਆਂ ਦੇ ਲੋਕਾਂ ਦੀ ਆਵਾਜਾਈ ਲਈ ਸ਼ੰਭੂ ਬਾਰਡਰ 'ਤੇ ਸੜਕ ਅੰਸ਼ਕ ਰੂਪ ਵਿਚ ਖੋਲ੍ਹਣ ਦੀ ਲੋੜ ਹੈ। ਬੈਂਚ ਨੇ ਕਿਹਾ, "ਅਸੀਂ ਸ਼ੰਭੂ ਬਾਰਡਰ 'ਤੇ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਗਠਿਤ ਕੀਤੀ ਜਾਣ ਵਾਲੀ ਕਮੇਟੀ ਦੀਆਂ ਸ਼ਰਤਾਂ 'ਤੇ ਸੰਖੇਪ ਹੁਕਮ ਦੇਵਾਂਗੇ।" ਬੈਂਚ ਨੇ ਕਿਹਾ ਕਿ ਹਰ ਕੋਈ ਚਾਹੁੰਦਾ ਹੈ ਕਿ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਾ ਆਵੇ ਅਤੇ ਦੋਵੇਂ ਸੂਬਿਆਂ ਸਮੇਤ ਹਰ ਕੋਈ ਇਸ ਬਾਰੇ ਫਿਕਰਮੰਦ ਹੈ। ਬੈਂਚ ਵੱਲੋਂ ਮਾਮਲੇ ਦੀ ਸੁਣਵਾਈ 22 ਅਗਸਤ ਨੂੰ ਕੀਤੀ ਜਾਵੇਗੀ ਅਤੇ ਉਨ੍ਹਾਂ ਕਿਹਾ ਕਿ ਉਹ ਉਸ ਦਿਨ ਕਮੇਟੀ ਬਣਾਉਣ ਬਾਰੇ ਹੁਕਮ ਸੁਣਾਏਗੀ ਜੋ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰੇਗੀ।

## ਪ੍ਰੀਖਿਆ ਦੌਰਾਨ ਵਿਦਿਆਰਥੀਆਂ ਦੇ ਕੜੇ ਕਢਵਾਉਣ ਦਾ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੀ.ਬੀ.ਐਸ.ਈ. ਦੇ ਸਹਾਇਕ ਸਕੱਤਰ (ਪ੍ਰਸ਼ਾਸਨ) ਦੀ ਭਰਤੀ ਲਈ ਲਏ ਗਏ ਇਮਤਿਹਾਨ ਦੌਰਾਨ ਸਿੱਖ ਉਮੀਦਵਾਰਾਂ ਦੇ ਕੜੇ ਕਢਵਾਉਣ ਦੀ ਨਿਖੇਧੀ ਕੀਤੀ ਹੈ। ਇਹ ਘਟਨਾ ਚੰਡੀਗੜ੍ਹ ਦੇ ਸੈਕਟਰ-7 ਸਥਿਤ ਸਕੂਲ ਦੇ ਬਣੇ ਕੇਂਦਰ ਵਿਚ ਵਾਪਰੀ ਹੈ। ਸ੍ਰੀ ਧਾਮੀ ਨੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਇਸ ਕਾਰਵਾਈ ਨਾਲ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਸਮੁੱਚੀ ਜਾਣਕਾਰੀ ਹਾਸਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਅਦਾਲਤ ਨੇ ਆਸ਼ੂ ਨੂੰ ਨਿਆਇਕ ਹਿਰਾਸਤ 'ਚ ਭੇਜਿਆ

**ਜਲੰਧਰ:** ਖੁਰਾਕ ਸਪਲਾਈ ਵਿਭਾਗ ਦੇ ਬਹੁ-ਕਰੋੜੀ ਟੈਂਡਰ ਘੁਟਾਲੇ ਵਿਚ ਈ.ਡੀ. ਵੱਲੋਂ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਅਦਾਲਤ ਨੇ 14 ਦਿਨ ਦੀ ਅਦਾਲਤੀ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ ਹੈ। ਈ.ਡੀ. ਅਧਿਕਾਰੀ ਜੇਪੀ ਸਿੰਘ ਨੇ ਦੱਸਿਆ ਕਿ ਅਦਾਲਤ ਤੋਂ ਨਿਆਇਕ ਹਿਰਾਸਤ ਦੀ ਮੰਗ ਕੀਤੀ ਗਈ ਸੀ ਜਿਸ ਨੂੰ ਮਨਜ਼ੂਰ ਕਰ ਲਿਆ ਗਿਆ ਹੈ।

ਜੇ.ਪੀ. ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ 60 ਦਿਨਾਂ ਵਿਚ ਚਾਰਜਸ਼ੀਟ ਦਾਇਰ ਕਰ ਦਿੱਤੀ ਜਾਵੇਗੀ। ਸੀਨੀਅਰ ਵਕੀਲ ਮਨਦੀਪ ਸਚਦੇਵਾ ਨੇ ਦੱਸਿਆ ਕਿ ਭਾਰਤ ਭੂਸ਼ਣ ਆਸ਼ੂ ਨੂੰ 14 ਦਿਨਾਂ ਲਈ ਕਪੂਰਥਲਾ ਜੇਲ੍ਹ ਭੇਜ ਦਿੱਤਾ ਗਿਆ ਹੈ ਤੇ 23 ਅਗਸਤ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਈ.ਡੀ. ਨੇ ਆਸ਼ੂ ਦੇ ਕਰੀਬੀ ਪੰਜ ਜਣਿਆਂ ਨੂੰ ਸੰਮਨ ਜਾਰੀ ਕੀਤੇ ਹਨ। ਇਨ੍ਹਾਂ ਵਿਚ ਕੁਝ ਅਜਿਹੇ ਵਿਅਕਤੀ ਵੀ ਸ਼ਾਮਲ ਹਨ ਜਿਨ੍ਹਾਂ ਦੀ ਵਿਜੀਲੈਂਸ ਨੇ ਟਰਾਂਸਪੋਰਟ ਟੈਂਡਰ ਘੁਟਾਲੇ 'ਚ ਸ਼ਮੂਲੀਅਤ ਪਾਈ ਸੀ। ਚੈੱਕ ਲਿਸਟ 'ਚ ਸ਼ਾਮਲ ਲੋਕਾਂ ਦੀ ਗਿਣਤੀ ਵਧ ਸਕਦੀ ਹੈ।

## ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਰਹਿਤ ਮਰਿਆਦਾ ਅਨੁਸਾਰ ਬਦਲੇ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਕਿਹਾ ਕਿ ਉਨ੍ਹਾਂ ਨੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਮੁਤਾਬਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਠੀਕ ਕਰਨ ਵਾਸਤੇ ਕਿਹਾ ਸੀ ਪਰ ਇਸ ਸਬੰਧੀ ਉਨ੍ਹਾਂ ਦੇ ਹਵਾਲੇ ਨਾਲ ਗੁਮਰਾਹਕੁਨ ਜਾਣਕਾਰੀ ਪ੍ਰਚਾਰੀ ਜਾ ਰਹੀ ਹੈ। ਸ੍ਰੀ ਅਕਾਲ ਤਖ਼ਤ ਸਕੱਤਰੇਤ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ ਫ਼ੈਸਲਾ ਨਹੀਂ ਕੀਤਾ, ਬਲਕਿ ਇਹ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਵਿਚ ਦਰਜ ਹੈ, ਜਿਸ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ 'ਬਸੰਤੀ ਜਾਂ ਸੁਰਮਈ' ਹੋਣਾ ਚਾਹੀਦਾ ਹੈ। ਇਸ ਕਰਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਸਹੀ ਕੀਤਾ ਗਿਆ ਹੈ।

## ਰਾਜਾ ਕੰਧੋਲਾ ਨੂੰ ਨੌਂ ਸਾਲ ਦੀ ਸਜ਼ਾ

**ਜਲੰਧਰ:** ਵਿਸ਼ੇਸ਼ ਪੀ.ਐਮ.ਐਲ.ਏ. ਅਦਾਲਤ ਨੇ ਰਣਜੀਤ ਸਿੰਘ ਕੰਧੋਲਾ ਅਤੇ ਉਸ ਦੀ ਪਤਨੀ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਹੈ। ਕੰਧੋਲਾ ਨੂੰ ਰਾਜਾ ਕੰਦੋਲਾ ਵਜੋਂ ਵੀ ਜਾਣਿਆ ਜਾਂਦਾ ਹੈ। ਅਦਾਲਤ ਨੇ ਰਾਜਾ ਕੰਧੋਲਾ ਨੂੰ 9 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ ਜਦੋਂ ਕਿ ਉਸ ਦੀ ਪਤਨੀ ਰਾਜਵੰਤ ਕੌਰ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਦੀਆਂ ਧਾਰਾਵਾਂ ਤਹਿਤ ਤਿੰਨ ਸਾਲ ਦੀ ਕੈਦ ਦਾ ਹੁਕਮ ਦਿੱਤਾ ਹੈ।

## ਪੀ.ਜੀ.ਆਈ. ਨੂੰ ਲਗਾਤਾਰ ਸੱਤਵੀਂ ਵਾਰ ਦੂਜਾ ਸਥਾਨ

**ਚੰਡੀਗੜ੍ਹ:** ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਐਨ.ਆਈ.ਆਰ.ਐਫ. 2024 ਰੈਂਕਿੰਗ ਵਿਚ ਪੀ.ਜੀ.ਆਈ. ਐਮ.ਈ.ਆਰ. ਚੰਡੀਗੜ੍ਹ ਨੇ ਲਗਾਤਾਰ ਸੱਤਵੀਂ ਵਾਰ ਦੂਜੇ ਸਰਬੋਤਮ ਮੈਡੀਕਲ ਇੰਸਟੀਚਿਊਟ ਦਾ ਦਰਜਾ ਹਾਸਲ ਕੀਤਾ ਹੈ।

ਪੀ.ਜੀ.ਆਈ. ਚੰਡੀਗੜ੍ਹ ਨੇ 2018 ਤੋਂ 2024 ਤੱਕ ਆਪਣਾ ਦੂਜਾ ਸਥਾਨ ਬਰਕਰਾਰ ਰੱਖਿਆ ਹੈ। ਪੀ.ਜੀ.ਆਈ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਇਸ ਪ੍ਰਾਪਤੀ ਲਈ ਫੈਕਲਟੀ ਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਹੈ।

ਇਸ ਰੈਂਕਿੰਗ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੰਜਵਾਂ ਸਥਾਨ ਹਾਸਲ ਹੋਇਆ ਹੈ ਜੋ ਕਿ ਸਾਲ-2023 ਵਿਚ ਮਿਲੀ ਰੈਂਕਿੰਗ ਨਾਲੋਂ ਥੋੜ੍ਹਾ ਜਿਹਾ ਸੁਧਾਰ ਮੰਨਿਆ ਗਿਆ ਹੈ। ਇਸੇ ਤਰ੍ਹਾਂ ਖੇਤੀ ਨਾਲ ਸਬੰਧਤ ਸਿੱਖਿਆ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ।

## ਵਿਦੇਸ਼ ਭੇਜਣ ਦੇ ਨਾਮ 'ਤੇ 35 ਲੱਖ ਰੁਪਏ ਠੱਗੇ

**ਚੰਡੀਗੜ੍ਹ:** ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ 35 ਲੱਖ ਰੁਪਏ ਠੱਗਣ ਵਾਲੇ ਵਿਰੁੱਧ ਕੇਸ ਦਰਜ ਕੀਤਾ ਹੈ। ਇਹ ਕੇਸ ਗਣੇਸ਼ ਮੱਲ ਵਾਸੀ ਨਾਗੌਰ, ਰਾਜਸਥਾਨ ਦੀ ਸ਼ਿਕਾਇਤ 'ਤੇ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਉਸ ਨੇ ਸੋਸ਼ਲ ਮੀਡੀਆ 'ਤੇ ਇਸ਼ਤਿਹਾਰ ਦੇਖ ਕੇ ਵਿਅਕਤੀ ਨਾਲ ਵਿਦੇਸ਼ ਜਾਣ ਲਈ ਸੰਪਰਕ ਕੀਤਾ ਸੀ। ਉਸ ਕਿਹਾ ਕਿ ਉਕਤ ਵਿਅਕਤੀਆਂ ਨੇ ਉਸ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 35 ਲੱਖ ਰੁਪਏ ਲੈ ਲਏ ਪਰ ਬਾਅਦ ਵਿੱਚ ਨਾ ਤਾਂ ਵਿਦੇਸ਼ ਭੇਜਿਆ ਤੇ ਨਾ ਹੀ ਉਸ ਦੇ ਰੁਪਏ ਵਾਪਸ ਕੀਤੇ।

## ਭਾਜਪਾ ਸਰਕਾਰ ਡੇਰਾ ਮੁਖੀ 'ਤੇ ਮਿਹਰਬਾਨ

*(ਪਹਿਲੇ ਸਫੇ ਦੀ ਬਾਕੀ)*

ਹਲਕਿਆਂ ਵਿਚ ਡੇਰਾ ਸਿਰਸਾ ਦੀ ਮਜ਼ਬੂਤ ਤਾਕਤ ਮੰਨੀ ਜਾਂਦੀ ਹੈ। ਸਾਲ 2014 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਡੇਰਾ ਸਿਰਸਾ ਨੇ ਭਾਜਪਾ ਨੂੰ ਹਮਾਇਤ ਦਿੱਤੀ ਸੀ ਤਾਂ ਪਾਰਟੀ ਨੇ 90 ਵਿਚੋਂ 47 ਸੀਟਾਂ ਜਿੱਤ ਕੇ ਪੂਰਨ ਬਹੁਮਤ ਨਾਲ ਸਰਕਾਰ ਬਣਾਈ ਸੀ। ਸਾਲ 2017 ਵਿਚ ਡੇਰਾ ਮੁਖੀ ਨੂੰ ਸਜ਼ਾ ਹੋਣ ਕਾਰਨ ਡੇਰਾ ਪੈਰੋਕਾਰ ਨਰਾਜ਼ ਹੋ ਗਏ ਜਿਸ ਕਾਰਨ ਭਾਜਪਾ 40 ਹਲਕਿਆਂ 'ਚ ਜਿੱਤ ਸਕੀ ਅਤੇ ਸਰਕਾਰ ਬਣਾਉਣ ਲਈ ਚੌਟਾਲਿਆਂ ਅੱਗੇ ਗੋਡੇ ਟੇਕਣੇ ਪਏ ਸਨ। ਇਸੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਹਰਿਆਣਾ ਵਿਚ 10 ਵਿਚੋਂ ਮਸਾਂ ਪੰਜ ਹਲਕਿਆਂ 'ਚ ਜਿੱਤ ਸਕੀ। ਇਨ੍ਹਾਂ ਵਿਚ ਵੀ ਤਿੰਨ ਹਲਕੇ ਉਹ ਹਨ ਜਿਨ੍ਹਾਂ 'ਚ ਡੇਰਾ ਸਿਰਸਾ ਦਾ ਮਜ਼ਬੂਤ ਅਧਾਰ ਹੈ ਜਦੋਂਕਿ 2019 ਵਿਚ ਡੇਰੇ ਦੇ ਆਸ਼ੀਰਵਾਦ ਨਾਲ ਸਾਰੇ 10 ਹਲਕਿਆਂ 'ਚ ਹੂੰਝਾ ਫੇਰਿਆ ਸੀ। ਸੂਤਰ ਆਖਦੇ ਹਨ ਕਿ ਭਾਜਪਾ ਨੇ ਕੁਝ ਸਮਾਂ ਪਹਿਲਾਂ ਗੁਪਤ ਸਰਵੇਖਣ ਕਰਵਾਇਆ ਸੀ ਜਿਸ ਦੌਰਾਨ ਸਾਹਮਣੇ ਆਇਆ ਹੈ ਕਿ ਕਈ ਹਲਕਿਆਂ 'ਚ ਡੇਰਾ ਪੈਰੋਕਾਰਾਂ ਦੀ 15 ਤੋਂ 20 ਹਜ਼ਾਰ ਵੋਟ ਹੈ; ਕਈਆਂ 'ਚ 10 ਤੋਂ 15 ਹਜ਼ਾਰ ਵੋਟਾਂ ਹਨ। ਸੂਤਰਾਂ ਨੇ ਇਹ ਵੀ ਦੱਸਿਆ ਹੈ ਕਿ ਭਾਜਪਾ ਲੀਡਰਸ਼ਿਪ ਵੀ ਜਾਣ ਗਈ ਹੈ ਕਿ ਡੇਰਾ ਸਿਰਸਾ ਦੇ ਥਾਪੜੇ ਤੋਂ ਬਿਨਾਂ ਤੀਸਰੀ ਵਾਰ ਸਰਕਾਰ ਬਣਾਉਣਾ ਸੰਭਵ ਨਹੀਂ ਹੈ।

### ਵਿਧਾਇਕਾਂ ਨਾਲ ਮੀਟਿੰਗ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਦੇ ਸਾਰੇ ਵਿਧਾਇਕਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਵਿਧਾਇਕਾਂ ਨਾਲ ਅਗਾਮੀ ਪੰਚਾਇਤੀ ਚੋਣਾਂ ਤੇ ਨਗਰ ਨਿਗਮ ਦੀਆਂ ਚੋਣਾਂ ਨੂੰ ਲੈ ਕੇ ਰਣਨੀਤੀ ਤਿਆਰ ਕੀਤੀ। ਇਸ ਤੋਂ ਇਲਾਵਾ ਸੂਬੇ ਵਿਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ-ਚਰਚਾ ਕੀਤੀ।

## ਢੁਕਵਾਂ ਭਾਅ ਦੇਣ ਦੀ ਥਾਂ ਸਿਆਸਤ ਕਰ ਰਿਹੈ ਕੇਂਦਰ: ਉਗਰਾਹਾਂ

**ਮਾਨਸਾ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਰਾਜ ਦੇ ਅੱਠ ਸੜਕੀ ਪ੍ਰੋਜੈਕਟ ਰੱਦ ਕਰਨ ਦੀ ਦਿੱਤੀ ਚਿਤਾਵਨੀ ਮਗਰੋਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਕਿਹਾ ਕਿ ਕੇਂਦਰੀ ਹਕੂਮਤ ਵੱਲੋਂ ਪੰਜਾਬ ਅੰਦਰਲੇ ਸੜਕੀ ਪ੍ਰੋਜੈਕਟਾਂ ਦੇ ਮਸਲੇ ਬਾਰੇ ਕੀਤੀ ਜਾ ਰਹੀ ਕਾਰਵਾਈ ਗਲਤ ਹੈ। ਜਥੇਬੰਦੀ ਨੇ ਕਿਹਾ ਕਿ ਸੜਕੀ ਪ੍ਰੋਜੈਕਟਾਂ ਲਈ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦਾ ਮਾਰਕੀਟ ਦੇ ਹਿਸਾਬ ਨਾਲ ਢੁਕਵਾਂ ਭਾਅ ਨਾ ਦਿੱਤੇ ਜਾਣ ਕਾਰਨ ਕਿਸਾਨ ਜਬਰੀ ਜ਼ਮੀਨਾਂ ਗ੍ਰਹਿਣ ਕਰਨ ਦਾ ਵਿਰੋਧ ਕਰ ਰਹੇ ਹਨ ਅਤੇ ਹਮੇਸ਼ਾ ਵਾਂਗ ਸਰਕਾਰ ਮਨਚਾਹੀ ਵਿਉਂਤ ਜਬਰੀ ਠੋਸਣ ਵਾਸਤੇ ਇਸ ਨੂੰ ਵਿਕਾਸ ਵਿਚ ਅੜਿੱਕਾ ਬਣਾ ਕੇ ਪੇਸ਼ ਕਰ ਰਹੀ ਹੈ।

ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਕਿਸਾਨਾਂ ਨੂੰ ਬਣਦੀ ਕੀਮਤ ਦੇ ਕੇ ਮਸਲਾ ਹੱਲ ਕਰਨ ਦੀ ਥਾਂ ਮੋਦੀ ਸਰਕਾਰ ਇਸ ਨੂੰ ਪੰਜਾਬ ਸਰਕਾਰ ਨਾਲ ਆਪਣੀ ਸ਼ਰੀਕੇਬਾਜ਼ੀ ਵਾਲੀ ਸਿਆਸੀ ਖੇਡ ਲਈ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੜਕਾਂ ਕਦੇ ਵੀ ਪੰਜਾਬ ਦੇ ਲੋਕਾਂ ਦੀ ਮੰਗ ਨਹੀਂ ਸੀ। ਇਹ ਸੜਕਾਂ ਪੰਜਾਬ ਦੇ ਲੋਕਾਂ 'ਤੇ ਠੋਸੀਆਂ ਜਾ ਰਹੀਆਂ ਹਨ, ਜਦੋਂ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਐਮ.ਐਸ.ਪੀ. 'ਤੇ ਗਾਰੰਟੀ ਕਾਨੂੰਨ ਦੀ ਮੰਗ ਨੂੰ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਅਤੇ ਉਸ ਲਈ ਬਜਟ ਨਾ ਹੋਣ ਦੇ ਬਹਾਨੇ ਘੜੇ ਜਾ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਧੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕੇਂਦਰ ਵੱਲੋਂ ਪੰਜਾਬ ਦੇ ਅੱਠ ਸੜਕੀ ਪ੍ਰੋਜੈਕਟ ਰੱਦ ਕਰਨ ਦੀ ਚਿਤਾਵਨੀ

**ਚੰਡੀਗੜ੍ਹ:** ਕੇਂਦਰੀ ਸੜਕੀ ਆਵਾਜਾਈ ਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜੇ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ 'ਚ ਕੋਈ ਨਾ ਸੁਧਾਰ ਨਾ ਹੋਇਆ ਤਾਂ ਉਨ੍ਹਾਂ ਕੋਲ ਪੰਜਾਬ ਵਿਚਲੇ 8 ਹੋਰ ਸੜਕੀ ਪ੍ਰੋਜੈਕਟ ਰੱਦ ਕਰਨ ਤੋਂ ਬਿਨਾਂ ਕੋਈ ਰਾਹ ਨਹੀਂ ਬਚੇਗਾ।



ਉਨ੍ਹਾਂ 293 ਕਿਲੋਮੀਟਰ ਲੰਬਾਈ ਵਾਲੇ ਇਨ੍ਹਾਂ ਪ੍ਰੋਜੈਕਟਾਂ ਦੀ ਲਾਗਤ ਕੀਮਤ 14,288 ਕਰੋੜ ਰੁਪਏ ਦੱਸੀ ਹੈ। ਉਨ੍ਹਾਂ ਪੱਤਰ 'ਚ ਲਿਖਿਆ ਹੈ ਕਿ 15 ਜੁਲਾਈ ਨੂੰ ਨਵੀਂ ਦਿੱਲੀ 'ਚ ਹੋਈ ਮੀਟਿੰਗ ਵਿਚ ਸੂਬਾ ਸਰਕਾਰ ਨੂੰ ਪੂਰੇ ਹਾਲਾਤ ਤੋਂ ਜਾਣੂ ਕਰਾਇਆ ਗਿਆ ਸੀ ਜਿਨ੍ਹਾਂ ਬਾਰੇ ਪੰਜਾਬ ਨੇ ਅਮਨ ਕਾਨੂੰਨ ਦੀ ਸਥਿਤੀ 'ਚ ਸੁਧਾਰ ਅਤੇ ਜ਼ਮੀਨ ਪ੍ਰਾਪਤੀ ਵਿਚਲੇ ਅੜਿੱਕੇ ਦੂਰ ਕਰਨ ਦਾ ਭਰੋਸਾ ਦਿੱਤਾ ਸੀ। ਗਡਕਰੀ ਨੇ ਕਿਹਾ ਕਿ ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਇਸ ਪਾਸੇ ਕੋਈ ਕਦਮ ਨਹੀਂ ਚੁੱਕਿਆ ਬਲਕਿ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ।

ਗਡਕਰੀ ਨੇ ਦਿੱਲੀ-ਅੰਮ੍ਰਿਤਸਰ ਕਟੜਾ ਐਕਸਪ੍ਰੈੱਸਵੇਅ ਦੇ ਠੇਕੇਦਾਰਾਂ ਦੇ ਇੰਜੀਨੀਅਰਾਂ ਨਾਲ ਵਾਪਰੀਆਂ ਦੋ ਘਟਨਾਵਾਂ ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਲੁਧਿਆਣਾ ਜ਼ਿਲ੍ਹੇ ਵਿਚ ਵਾਪਰੀ ਘਟਨਾ ਦੇ ਸਬੰਧ ਵਿਚ ਤਾਂ ਪੁਲਿਸ ਨੇ ਹਾਲੇ ਤੱਕ ਕੇਸ ਹੀ ਦਰਜ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕੀਆਂ ਜਾਣ। ਉਨ੍ਹਾਂ ਕਿਹਾ ਕਿ ਕਈ ਅੜਿੱਕਿਆਂ ਕਰਕੇ ਸੜਕੀ ਪ੍ਰੋਜੈਕਟਾਂ ਵਾਸਤੇ ਜ਼ਮੀਨ ਐਕੁਆਇਰ ਦੇ ਮਸਲੇ ਲਟਕੇ ਹੋਏ ਹਨ ਜਿਸ ਕਾਰਨ ਠੇਕੇਦਾਰਾਂ ਵੱਲੋਂ ਕੌਮੀ ਸੜਕ ਅਥਾਰਿਟੀ ਕੋਲ ਕਲੇਮ ਪਾਏ ਜਾ ਰਹੇ ਹਨ। ਉਨ੍ਹਾਂ ਇਸ ਮਾਮਲੇ ਵਿੱਚ ਮੁੱਖ ਮੰਤਰੀ ਨੂੰ ਨਿੱਜੀ ਦਖਲ ਦੇਣ ਵਾਸਤੇ ਕਿਹਾ ਹੈ।

ਕੇਂਦਰੀ ਮੰਤਰੀ ਨੇ ਉਨ੍ਹਾਂ ਇੰਜੀਨੀਅਰਾਂ ਦੀਆਂ ਤਸਵੀਰਾਂ ਵੀ ਭੇਜੀਆਂ ਹਨ ਜਿਨ੍ਹਾਂ 'ਤੇ ਹਮਲੇ ਹੋਏ ਹਨ। ਚੇਤੇ ਰਹੇ ਕਿ ਕੇਂਦਰ ਸਰਕਾਰ ਪਹਿਲਾਂ ਹੀ 3263 ਕਰੋੜ ਰੁਪਏ ਦੇ ਤਿੰਨ ਸੜਕੀ ਪ੍ਰੋਜੈਕਟ ਰੱਦ ਕਰ ਚੁੱਕੀ ਹੈ। ਜੇ ਅੜਿੱਕੇ ਨਾ ਦੂਰ ਹੋਏ ਤਾਂ ਪੰਜਾਬ ਨੂੰ ਵੱਡਾ ਨੁਕਸਾਨ ਝੱਲਣਾ ਪੈ ਸਕਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨਾਂ ਵਿਚ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਸਨ ਤਾਂ ਜੋ ਇਹ ਅੜਿੱਕੇ ਦੂਰ ਕੀਤੇ ਜਾ ਸਕਣ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਮਸਲੇ ਹੱਲ ਕਰਨ ਲਈ ਕਮਾਨ ਆਪਣੇ ਹੱਥ ਵਿਚ ਲੈ ਲਈ ਹੈ ਅਤੇ ਕਿਸਾਨਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।

## ਭਗਵੰਤ ਦੀ ਅਣਗਹਿਲੀ ਕਾਰਨ ਇਹ ਹਾਲਾਤ ਬਣੇ: ਸੁਖਬੀਰ



**ਚੰਡਗਿੜ੍ਹ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਪੰਜਾਬ ਸਰਕਾਰ ਨੂੰ ਲਿਖੇ ਪੱਤਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਲਈ ਜ਼ਮੀਨ ਐਕੁਆਇਰ ਕਰਨ ਪ੍ਰਤੀ ਜਾਣ ਬੁੱਝ ਕੇ ਅਣਗਹਿਲੀ ਵਰਤ ਕੇ ਪੰਜਾਬ ਦੇ ਵਿਕਾਸ ਨਾਲ ਸਮਝੌਤਾ ਕੀਤਾ ਹੈ। ਇਸ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।

## ਪੰਜਾਬ ਖਿਲਾਫ ਸੋਚੀ ਸਮਝੀ ਸਾਜ਼ਿਸ਼: ਚੀਮਾ

**ਚੰਡੀਗੜ੍ਹ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ 'ਆਪ' ਆਗੂ ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਸੋਚੀ ਸਮਝੀ ਸਾਜ਼ਿਸ਼ ਤਹਿਤ ਉਨ੍ਹਾਂ ਅਜਿਹਾ ਬਿਆਨ ਦਿੱਤਾ ਹੈ। ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਚੰਗੀ ਹੈ ਅਤੇ ਉਦਯੋਗ ਪੰਜਾਬ ਵਿਚ ਆ ਰਹੇ ਹਨ ਤੇ ਸੂਬਾ ਅੱਗੇ ਵਧ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਭਾਜਪਾ ਪੰਜਾਬ ਨੂੰ ਨਫ਼ਰਤ ਕਰਦੀ ਹੈ।' ਸ੍ਰੀ ਚੀਮਾ ਨੇ ਕਿਹਾ ਕਿ ਪ੍ਰੋਜੈਕਟਾਂ ਦਾ ਕੰਮ ਚੱਲ ਰਿਹਾ ਹੈ। ਅਮਨ ਕਾਨੂੰਨ ਦੀ ਕੋਈ ਸਮੱਸਿਆ ਨਹੀਂ ਹੈ।

# ਮੋਦੀ ਸਰਕਾਰ ਨੇ ਪੰਜਾਬ ਨੂੰ ਨਵੇਂ ਸੜਕੀ ਪ੍ਰੋਜੈਕਟ ਦੇਣ ਤੋਂ ਹੱਥ ਘੁੱਟਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਹੁਣ ਪੰਜਾਬ ਨੂੰ ਨਵੇਂ ਸੜਕੀ ਪ੍ਰੋਜੈਕਟ ਦੇਣ ਤੋਂ ਹੱਥ ਘੁੱਟ ਲਿਆ ਹੈ। ਪੰਜਾਬ 'ਚ ਇਨ੍ਹਾਂ ਕੌਮੀ ਸੜਕ ਪ੍ਰੋਜੈਕਟਾਂ ਵਾਸਤੇ ਭੌਂ ਪ੍ਰਾਪਤੀ ਨੂੰ ਵੱਡਾ ਅੜਿੱਕਾ ਦੱਸਿਆ ਜਾ ਰਿਹਾ ਹੈ। ਹਾਲ ਹੀ ਵਿਚ ਕੇਂਦਰ ਸਰਕਾਰ ਨੇ 3,264 ਕਰੋੜ ਰੁਪਏ ਦੇ ਵੱਡੇ ਤਿੰਨ ਸੜਕੀ ਪ੍ਰੋਜੈਕਟ ਰੱਦ ਕਰ ਦਿੱਤੇ ਹਨ, ਜਿਨ੍ਹਾਂ ਦੀ ਲੰਬਾਈ 104 ਕਿਲੋਮੀਟਰ ਬਣਦੀ ਹੈ। ਇਹ ਪ੍ਰੋਜੈਕਟ ਰੱਦ ਕਰਨ ਦਾ ਕਾਰਨ ਵੀ ਜ਼ਮੀਨ ਨਾ ਮਿਲਣਾ ਦੱਸਿਆ ਗਿਆ ਹੈ।

ਪੰਜਾਬ ਸਰਕਾਰ ਨੇ ਕੇਂਦਰ ਤੋਂ 2024-25 ਲਈ ਨਵੇਂ ਸੜਕੀ ਪ੍ਰੋਜੈਕਟਾਂ ਦੀ ਮੰਗ ਕੀਤੀ ਸੀ। ਕੇਂਦਰੀ ਸੜਕ ਮੰਤਰਾਲੇ ਨੇ 2 ਅਗਸਤ ਨੂੰ ਪੱਤਰ ਜਾਰੀ ਕੀਤਾ ਹੈ ਜਿਸ ਅਨੁਸਾਰ ਸਾਲ 2024-25 ਦੇ ਸਾਲਾਨਾ ਪਲਾਨ ਵਿਚ ਪੰਜਾਬ ਲਈ ਸਿਰਫ਼ ਪੰਜ ਪ੍ਰੋਜੈਕਟ ਹੀ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦੀ ਅਨੁਮਾਨਿਤ ਲਾਗਤ 8,885 ਕਰੋੜ ਰੁਪਏ ਦੱਸੀ ਗਈ ਹੈ। ਕੇਂਦਰ ਨੇ ਨਵੇਂ 8,885 ਕਰੋੜ ਰੁਪਏ ਦੇ ਪ੍ਰੋਜੈਕਟ ਦੇ ਦਿੱਤੇ ਹਨ ਜਦੋਂ ਕਿ ਹਾਲ ਹੀ ਵਿਚ 3,264 ਕਰੋੜ ਰੁਪਏ ਦੇ ਪ੍ਰਾਜੈਕਟ ਰੱਦ ਕੀਤੇ ਹਨ।

ਵੇਰਵਿਆਂ ਅਨੁਸਾਰ ਜਲੰਧਰ ਬਾਈਪਾਸ ਦੀ ਉਸਾਰੀ ਹਾਲੇ ਸਿਰਫ਼ 23.10 ਫ਼ੀਸਦੀ ਹੀ ਹੋਈ ਹੈ ਜਦਕਿ ਅੰਮ੍ਰਿਤਸਰ ਬਾਈਪਾਸ ਪ੍ਰੋਜੈਕਟ 61 ਫ਼ੀਸਦ ਸਿਰੇ ਚੜ੍ਹਿਆ ਹੈ। ਬਾਕੀ ਚੱਲ ਰਹੇ ਪ੍ਰੋਜੈਕਟਾਂ ਵਿਚ 'ਚੋਂ ਅੰਬਾਲਾ-ਚੰਡੀਗੜ੍ਹ ਗਰੀਨ ਫੀਲਡ ਦੀ ਉਸਾਰੀ 20.14 ਫ਼ੀਸਦੀ ਹੋਈ ਹੈ ਜਦਕਿ ਜਾਖੜ ਬਾਈਪਾਸ ਦੀ ਉਸਾਰੀ 7 ਫੀਸਦ ਹੋਈ ਹੈ। ਮੌਜੂਦਾ ਚੱਲ ਰਹੇ 42 ਪ੍ਰੋਜੈਕਟਾਂ 'ਚੋਂ ਸਿਰਫ਼ ਅੱਠ ਪ੍ਰੋਜੈਕਟਾਂ ਦੀ ਉਸਾਰੀ ਹੀ 80 ਫ਼ੀਸਦੀ ਤੋਂ ਜ਼ਿਆਦਾ ਹੋਈ ਹੈ। ਸਿਰਫ਼ ਇਕ ਪ੍ਰੋਜੈਕਟ ਦੀ ਉਸਾਰੀ ਸੌ ਫ਼ੀਸਦ ਮੁਕੰਮਲ ਹੋਈ ਹੈ।

# ਪੰਜਾਬ ਪੁਲਿਸ ਨੇ ਅਮਨ-ਕਾਨੂੰਨ ਦੀ ਸਥਿਤੀ ਬਾਰੇ ਕੇਂਦਰ ਨੂੰ ਜਵਾਬ ਭੇਜਿਆ

**ਚੰਡੀਗੜ੍ਹ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਬਾਰੇ ਚੁੱਕੇ ਗਏ ਸਵਾਲਾਂ ਤੋਂ ਬਾਅਦ ਪੰਜਾਬ ਪੁਲਿਸ ਨੇ ਜਵਾਬ ਦਿੱਤਾ ਹੈ। ਪੰਜਾਬ ਪੁਲਿਸ ਦੇ ਆਈ.ਜੀ. ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਬਿਲਕੁਲ ਠੀਕ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਇਕ ਸਰਵੇਖਣ ਦੌਰਾਨ ਪੰਜਾਬ ਨੂੰ ਅਮਨ ਤੇ ਕਾਨੂੰਨ ਦੀ ਸਥਿਤੀ ਵਿਚ ਦੇਸ਼ ਵਿਚ ਦੂਜਾ ਨੰਬਰ ਮਿਲਿਆ ਸੀ। ਸ੍ਰੀ ਗਿੱਲ ਨੇ ਕਿਹਾ ਕਿ ਐਨ.ਐਚ.ਏ.ਆਈ. ਦੇ ਪ੍ਰੋਜੈਕਟ ਸਬੰਧੀ ਦੋ ਥਾਵਾਂ 'ਤੇ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਦੋਵਾਂ ਥਾਵਾਂ ਸਬੰਧੀ ਕੇਸ ਦਰਜ ਕਰ ਲਏ ਹਨ ਅਤੇ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਐਨ.ਐਚ.ਏ.ਆਈ. ਦੇ ਪ੍ਰੋਜੈਕਟ ਵਿਚ ਕਿਸੇ ਕਿਸਮ ਦੀ ਦਿੱਕਤ ਨਾ ਆਉਣ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੇ ਦਿਸ਼ਾਂ-ਨਿਰਦੇਸ਼ਾਂ 'ਤੇ ਕਿਸੇ ਵੀ ਥਾਂ 'ਤੇ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮੂਹ ਪੁਲਿਸ ਕਮਿਸ਼ਨਰ ਤੇ ਐਸ.ਐਸ.ਪੀ. ਨੂੰ ਐਨ.ਐਚ.ਏ.ਆਈ. ਦੇ ਪ੍ਰੋਜੈਕਟਾਂ ਵਾਲੀਆਂ ਥਾਵਾਂ 'ਤੇ ਚੌਕਸੀ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਜੇ ਕਿਸੇ ਥਾਂ ਉਤੇ ਵਿਸ਼ੇਸ਼ ਸੁਰੱਖਿਆ ਪ੍ਰਬੰਧ ਕਰਨ ਦੀ ਲੋੜ ਪਈ ਤਾਂ ਉਸ ਥਾਂ 'ਤੇ ਵਾਧੂ ਸੁਰੱਖਿਆ ਬਲਾਂ ਨਾਲ ਪੁਖ਼ਤਾ ਸੁਰੱਖਿਆ ਪ੍ਰਬੰਧ ਵੀ ਮੁਕੰਮਲ ਕੀਤੇ ਜਾਣਗੇ।

# ਧਾਮੀ ਨੇ ਬੇਅਦਬੀਆਂ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਲ 2015 'ਚ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ 'ਚ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕੋਲੋਂ ਮੁਲਾਕਾਤ ਦਾ ਸਮਾਂ ਮੰਗਿਆ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਵੱਲੋਂ ਹਾਂਪੱਖੀ ਹੁੰਗਾਰਾ ਨਾ ਭਰਿਆ ਗਿਆ ਤਾਂ ਉਹ ਪੰਜਾਬ ਦੇ ਰਾਜਪਾਲ ਤੱਕ ਪਹੁੰਚ ਕਰਨਗੇ।



ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਜਿੱਥੇ ਬੇਅਦਬੀ ਦੇ ਮੁੱਖ ਮੁਲਜ਼ਮ ਪ੍ਰਦੀਪ ਕਲੇਰ ਨੂੰ ਬਚਾਅ ਰਹੀ ਹੈ, ਉਥੇ ਹੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਦਾ ਨਾਂ ਸਾਹਮਣੇ ਆਉਣ ਦੇ ਬਾਵਜੂਦ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਨਹੀਂ ਕਰ ਰਹੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿਚ ਲੈਂਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਬੇਅਦਬੀ ਮਾਮਲੇ 'ਤੇ ਸਿਰਫ ਸਿਆਸਤ ਕਰ ਰਹੀ ਹੈ। ਉਨ੍ਹਾਂ ਸਾਬਕਾ ਆਈ.ਜੀ. ਰਣਬੀਰ ਸਿੰਘ ਖੱਟੜਾ ਵੱਲੋਂ ਬੇਅਦਬੀ ਮਾਮਲਿਆਂ ਵਿਚ ਕੀਤੀ ਜਾ ਰਹੀ ਬਿਆਨਬਾਜ਼ੀ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਦੇ ਵੀ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਦੇ ਹੱਕ ਵਿਚ ਨਹੀਂ ਰਹੀ, ਸਗੋਂ ਇਸ ਦੇ ਵਿਰੁੱਧ 17 ਜੁਲਾਈ 2019 ਨੂੰ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਮਤਾ ਪਾਸ ਕਰ ਕੇ ਇਸ ਰਿਪੋਰਟ ਨੂੰ ਰੱਦ ਕਰ ਦਿੱਤਾ ਗਿਆ ਸੀ ਅਤੇ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਸੀ।

# ਸਾਹਨੀ ਨੇ ਕੇਂਦਰ ਤੋਂ ਪੰਜਾਬ ਲਈ ਵਿੱਤੀ ਸਹਾਇਤਾ ਦੀ ਮੰਗ ਕੀਤੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਰਾਜ ਸਭਾ ਵਿਚ ਕੇਂਦਰ ਸਰਕਾਰ ਦੀ ਸਕੀਮ ਤਹਿਤ ਪੰਜਾਬ ਨੂੰ 50 ਸਾਲ ਦੇ ਵਿਆਜ ਮੁਕਤ ਕਰਜ਼ੇ ਦੀ ਵਿੱਤੀ ਸਹਾਇਤਾ ਦੇਣ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਦੀ ਸੂਬੇ ਨੂੰ ਤੁਰੰਤ ਲੋੜ ਹੈ।

ਉਨ੍ਹਾਂ ਨੇ ਪੇਂਡੂ ਵਿਕਾਸ ਫੀਸ, ਮਾਰਕੀਟ ਡਵੈਲਪਮੈਂਟ ਫੰਡ ਅਤੇ ਨੈਸ਼ਨਲ ਹੈਲਥ ਮਿਸ਼ਨ ਤਹਿਤ ਲੰਮੇ ਸਮੇਂ ਤੋਂ ਠੰਡੇ ਬਸਤੇ ਵਿਚ ਪਏ ਬਕਾਏ ਬਾਬਤ ਵੀ ਧਿਆਨ ਵਿਚ ਲਿਆਂਦਾ ਅਤੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਪਹਿਲ ਦੇ ਆਧਾਰ ਉਤੇ ਇਸ ਨੂੰ ਰੀਲੀਜ਼ ਕਰਨ, ਕਿਉਂਕਿ ਸੂਬੇ ਦੀ ਵਿੱਤੀ ਹਾਲਤ ਬਹੁਤ ਚਿੰਤਾਜਨਕ ਹੈ।

ਡਾ. ਸਾਹਨੀ ਨੇ ਪੂੰਜੀ ਨਿਵੇਸ਼ ਲਈ ਕੇਂਦਰ ਵੱਲੋਂ ਰੋਕੀ 1837 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਤੁਰਤ ਰੀਲੀਜ਼ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਨੂੰ ਵਿੱਤੀ ਸੰਕਟ ਤੋਂ ਬਚਾਉਣ ਦੀ ਜ਼ਿੰਮੇਵਾਰੀ ਕੇਂਦਰ ਦੀ ਹੈ।



# ਸ਼੍ਰੋਮਣੀ ਅਕਾਲੀ ਦਲ ਨੇ ਸੰਸਦੀ ਬੋਰਡ ਬਣਾਇਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਲਗਾਤਾਰ ਚਾਰਾਜੋਈ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਪਾਰਟੀ ਦੀ ਕੋਰ ਕਮੇਟੀ ਦੇ ਗਠਨ ਤੋਂ ਬਾਅਦ ਸੰਸਦੀ ਬੋਰਡ ਦਾ ਗਠਨ ਕਰ ਦਿੱਤਾ ਗਿਆ ਹੈ। ਸੰਸਦੀ ਬੋਰਡ ਵਿੱਚ ਚੇਅਰਮੈਨ ਅਤੇ ਪੰਜ ਹੋਰ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ 'ਐਕਸ' ਉਤੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਲਵਿੰਦਰ ਸਿੰਘ ਭੂੰਦੜ ਨੂੰ ਸੰਸਦੀ ਬੋਰਡ ਦਾ ਚੇਅਰਮੈਨ ਲਗਾਇਆ ਹੈ। ਇਸ ਤੋਂ ਇਲਾਵਾ ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ ਅਤੇ ਹੀਰਾ ਸਿੰਘ ਗਾਬੜੀਆ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਹੈ।

# ਤਲਵਾੜਾ ਦੇ ਹਰਸ਼ਿਤ ਦੀ ਭਾਰਤੀ ਜਲ ਸੈਨਾ ਅਕੈਡਮੀ 'ਚ ਚੋਣ

**ਮੁਹਾਲੀ:** ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਸੈਕਟਰ-77 ਮੁਹਾਲੀ ਦੇ ਕੈਡਿਟ ਹਰਸ਼ਿਤ ਚੌਧਰੀ (ਤਲਵਾੜਾ) ਦੀ ਭਾਰਤੀ ਜਲ ਸੈਨਾ ਅਕੈਡਮੀ , ਇਜ਼ੀਮਾਲਾ (ਕੇਰਲ) ਵਿਚ ਚੋਣ ਹੋਈ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨੌਜਵਾਨ ਨੂੰ ਵਧਾਈ ਦਿੱਤੀ ਅਤੇ ਸਿਖਲਾਈ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸੰਸਥਾ ਦੇ ਕੁੱਲ 238 ਕੈਡਿਟਾਂ ਨੇ ਰੱਖਿਆ ਸਿਖਲਾਈ ਅਕੈਡਮੀਆਂ ਵਿਚ ਦਾਖ਼ਲਾ ਹਾਸਲ ਕੀਤਾ ਹੈ ਜਿਨ੍ਹਾਂ 'ਚੋਂ 160 ਕੈਡਿਟ ਭਾਰਤੀ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਵਿਚ ਕਮਿਸ਼ਨਡ ਅਫ਼ਸਰ ਬਣੇ ਹਨ।

## ਬੰਗਲਾਦੇਸ਼ ਦੇ ਗੁਰਦੁਆਰਿਆਂ ਵਿਚ ਨਿਤਨੇਮ ਜਾਰੀ

**ਤਰਨ ਤਾਰਨ:** ਬੰਗਲਾਦੇਸ਼ 'ਚ ਰਾਜ-ਪਲਟੇ ਦੇ ਮੱਦੇਨਜ਼ਰ ਗੁਰਦੁਆਰਿਆਂ ਨੂੰ ਸ਼ਰਾਰਤੀ ਅਨਸਰਾਂ ਤੋਂ ਬਚਾਉਣ ਲਈ ਚੌਕਸੀ ਵਰਤੀ ਜਾ ਰਹੀ ਹੈ। ਗੁਰਦੁਆਰਿਆਂ 'ਚ ਆਮ ਵਾਂਗ ਨਿਤਨੇਮ ਚੱਲ ਰਿਹਾ ਹੈ। ਬੰਗਲਾਦੇਸ਼ ਦੇ ਗੁਰਦੁਆਰਾ ਨਾਨਕਸ਼ਾਹੀ ਢਾਕਾ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਸੰਗਤ ਟੋਲਾ, ਸਿੱਖ ਟੈਂਪਲ ਪਹਾੜਤਲੀ ਤੇ ਗੁਰਦੁਆਰਾ ਗੁਰੂ ਨਾਨਕ ਮੰਦਰ ਮੈਮਨ ਸਿੰਘ ਦੇ ਪ੍ਰਬੰਧਾਂ ਦੀ ਸੇਵਾ ਸੰਭਾਲ ਰਹੇ ਕਾਰਸੇਵਾ ਸੰਪਰਦਾ ਸਰਹਾਲੀ ਦੇ ਮੁਖੀ ਬਾਬਾ ਸੁੱਖਾ ਸਿੰਘ ਨੇ ਦੱਸਿਆ ਕਿ ਗੁਰਦੁਆਰਿਆਂ ਦੀ ਸੁਰੱਖਿਆ ਲਈ ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਹੈ।

# ਹਿੰਡਨਬਰਗ ਵੱਲੋਂ ਸੇਬੀ ਮੁਖੀ ਅਤੇ ਅਡਾਨੀ ਗਰੁੱਪ ਦੀ ਮਿਲੀਭੁਗਤ ਦੇ ਖੁਲਾਸੇ

**ਨਵੀਂ ਦਿੱਲੀ:** ਅਮਰੀਕੀ ਸ਼ਾਰਟ ਸੈਲਰ ਹਿੰਡਨਬਰਗ ਰਿਸਰਚ ਨੇ ਮਾਰਕੀਟ ਰੈਗੂਲੇਟਰ ਸੇਬੀ ਦੀ ਚੇਅਰਪਰਸਨ ਮਾਧਵੀ ਬੁੱਚ 'ਤੇ ਦੋਸ਼ ਲਗਾਏ ਹਨ ਕਿ ਅਡਾਨੀ ਦੇ ਪੈਸਿਆਂ ਦੀ ਕਥਿਤ ਹੇਰਾਫੇਰੀ ਵਿਚ ਵਰਤੇ ਗਏ ਵਿਦੇਸ਼ੀ ਫੰਡਾਂ ਵਿਚ ਸੇਬੀ ਮੁਖੀ ਤੇ ਉਨ੍ਹਾਂ ਦੇ ਪਤੀ ਧਵਲ ਬੁੱਚ ਦੀ ਵੀ ਹਿੱਸੇਦਾਰੀ ਸੀ। ਇਸੇ ਕਾਰਨ ਸੇਬੀ ਵੱਲੋਂ ਅਡਾਨੀ ਗਰੁੱਪ ਖ਼ਿਲਾਫ਼ 18 ਮਹੀਨਿਆਂ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਇਕ ਬਲੌਗ ਪੋਸਟ ਵਿਚ ਹਿੰਡਨਬਰਗ ਨੇ ਕਿਹਾ ਕਿ ਅਡਾਨੀ ਬਾਰੇ ਉਸ ਦੀ 18 ਮਹੀਨੇ ਪੁਰਾਣੀ ਰਿਪੋਰਟ ਮਗਰੋਂ ਵੀ ਸੇਬੀ ਨੇ ਗੌਤਮ ਅਡਾਨੀ ਦੀਆਂ ਮੌਰੀਸ਼ਸ ਅਤੇ ਵਿਦੇਸ਼ੀ ਫ਼ਰਜ਼ੀ ਕੰਪਨੀਆਂ ਬਾਰੇ ਜਾਂਚ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ। ਵਿਸਲਬਲੋਅਰ ਦਸਤਾਵੇਜ਼ਾਂ ਦੇ ਹਵਾਲੇ ਨਾਲ ਹਿੰਡਨਬਰਗ ਨੇ ਕਿਹਾ, "ਅਡਾਨੀ ਘੁਟਾਲੇ ਵਿਚ ਵਰਤੇ ਗਏ ਵਿਦੇਸ਼ੀ ਫੰਡਾਂ ਵਿਚ ਸੇਬੀ ਦੀ ਮੌਜੂਦਾ ਚੇਅਰਪਰਸਨ ਮਾਧਵੀ ਬੁੱਚ ਅਤੇ ਉਨ੍ਹਾਂ ਦੇ ਪਤੀ ਧਵਲ ਬੁੱਚ ਦਾ ਵੀ ਹਿੱਸਾ ਸੀ।"





ਬਰਮੂਡਾ ਅਤੇ ਮੌਰੀਸ਼ਸ ਵਿਚ ਫੰਡਾਂ ਦਾ ਕੰਮ ਕਥਿਤ ਤੌਰ ਉਤੇ ਗੌਤਮ ਅਡਾਨੀ ਦਾ ਵੱਡਾ ਭਰਾ ਵਿਨੋਦ ਅਡਾਨੀ ਦੇਖਦਾ ਹੈ ਅਤੇ ਇਹ ਫੰਡ ਸ਼ੇਅਰਾਂ ਦੀ ਕੀਮਤ ਵਿਚ ਉਤਾਰ-ਚੜ੍ਹਾਅ ਲਈ ਵਰਤੇ ਗਏ। ਹਿੰਡਨਬਰਗ ਨੇ ਕਿਹਾ, "ਆਈ.ਆਈ.ਐਫ.ਐਲ. ਵੱਲੋਂ ਐਲਾਨੇ ਗਏ ਫੰਡਾਂ ਮੁਤਾਬਕ ਉਕਤ ਜੋੜੇ ਦੇ ਨਿਵੇਸ਼ ਦਾ ਸਰੋਤ ਤਨਖ਼ਾਹ ਸੀ ਅਤੇ ਉਨ੍ਹਾਂ ਦੀ ਕੁੱਲ ਅਨੁਮਾਨਿਤ ਸੰਪਤੀ ਇਕ ਕਰੋੜ ਅਮਰੀਕੀ ਡਾਲਰ ਹੈ।" ਇਸ ਸਬੰਧੀ ਸੇਬੀ ਤੋਂ ਫੌਰੀ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਪਿਛਲੇ ਸਾਲ ਜਨਵਰੀ ਵਿਚ ਹਿੰਡਨਬਰਗ ਰਿਸਰਚ ਨੇ ਅਡਾਨੀ ਸਮੂਹ 'ਤੇ ਆਪਣਾ ਮਾਲੀਆ ਵਧਾਉਣ ਅਤੇ ਸ਼ੇਅਰਾਂ ਦੀਆਂ ਕੀਮਤਾਂ ਵਿਚ ਹੇਰਾਫੇਰੀ ਕਰਨ ਲਈ ਵਿਦੇਸ਼ੀ ਕੰਪਨੀਆਂ ਦੀ ਵਰਤੋਂ ਕਰ ਕੇ ਕਾਰਪੋਰੇਟ ਇਤਿਹਾਸ ਵਿਚ ਸਭ ਤੋਂ ਵੱਡਾ ਘੁਟਾਲਾ ਕਰਨ ਦਾ ਦੋਸ਼ ਲਾਇਆ ਸੀ।

ਸਮੂਹ ਨੇ ਸਾਰੇ ਦੋਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਰੱਦ ਕੀਤਾ ਸੀ ਪਰ ਰਿਪੋਰਟ ਕਾਰਨ ਉਸ ਦੇ ਸ਼ੇਅਰਾਂ ਵਿਚ ਭਾਰੀ ਗਿਰਾਵਟ ਦਰਜ ਹੋਈ ਸੀ। ਹਿੰਡਨਬਰਗ ਦੀ ਰਿਪੋਰਟ ਮਗਰੋਂ ਸੁਪਰੀਮ ਕੋਰਟ ਨੇ ਮਾਰਕੀਟ ਰੈਗੂਲੇਟਰ ਸੇਬੀ ਨੂੰ ਆਪਣੀ ਜਾਂਚ ਪੂਰੀ ਕਰਨ ਅਤੇ ਹੋਰ ਖਾਮੀਆਂ ਦੀ ਜਾਂਚ ਲਈ ਮਾਹਿਰਾਂ ਦੀ ਵੱਖਰੀ ਕਮੇਟੀ ਕਾਇਮ ਕਰਨ ਲਈ ਕਿਹਾ ਸੀ। ਕਮੇਟੀ ਨੇ ਅਡਾਨੀ ਬਾਰੇ ਕੋਈ ਨਾਂਹ ਪੱਖੀ ਰਿਪੋਰਟ ਨਹੀਂ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਵੀ ਕਿਹਾ ਸੀ ਕਿ ਸੇਬੀ ਵੱਲੋਂ ਕੀਤੀ ਜਾ ਰਹੀ ਜਾਂਚ ਤੋਂ ਇਲਾਵਾ ਕਿਸੇ ਹੋਰ ਜਾਂਚ ਦੀ ਲੋੜ ਨਹੀਂ ਹੈ। ਇਸ ਦੌਰਾਨ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਹਿੰਡਨਬਰਗ ਰਿਪੋਰਟ ਦੇ ਸੰਦਰਭ ਵਿਚ ਆਖਿਆ ਕਿ ਉਨ੍ਹਾਂ ਨੂੰ ਹੁਣ ਸਮਝ ਲੱਗ ਗਈ ਹੈ ਕਿ ਸੰਸਦ ਦੇ ਦੋਵੇਂ ਸਦਨ ਸਮੇਂ ਤੋਂ ਪਹਿਲਾਂ ਕਿਉਂ ਉਠਾ ਦਿੱਤੇ ਗਏ।

ਇਸੇ ਦੌਰਾਨ, ਅਡਾਨੀ ਗਰੁੱਪ ਨੇ ਅਮਰੀਕੀ ਰਿਸਰਚ ਤੇ ਨਿਵੇਸ਼ ਕੰਪਨੀ ਹਿੰਡਨਬਰਗ ਦੇ ਨਵੇਂ ਦੋਸ਼ਾਂ ਨੂੰ ਬਦਨੀਅਤੀ ਵਾਲੇ ਤੇ ਚੋਣਵੀਂ ਜਨਤਕ ਜਾਣਕਾਰੀ ਨਾਲ ਛੇੜਛਾੜ ਕਰਨ ਵਾਲੀ ਦੱਸਦਿਆਂ ਕਿਹਾ ਕਿ ਇਸ ਦਾ ਸੇਬੀ ਦੀ ਚੇਅਰਪਰਸਨ ਜਾਂ ਉਨ੍ਹਾਂ ਦੇ ਪਤੀ ਨਾਲ ਕੋਈ ਕਾਰੋਬਾਰੀ ਸਬੰਧ ਨਹੀਂ। ਅਡਾਨੀ ਗਰੁੱਪ ਨੇ ਕਿਹਾ, "ਹਿੰਡਨਬਰਗ ਦੇ ਦੋਸ਼ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਦੀ ਬਦਨੀਅਤੀ, ਸ਼ਰਾਰਤੀ ਤੇ ਛੇੜਛਾੜ ਕਰਨ ਵਾਲੀ ਹੈ।

## ਸੇਬੀ ਦੇ ਵੱਕਾਰ 'ਤੇ ਖੜ੍ਹੇ ਹੋਏ ਸਵਾਲ: ਰਾਹੁਲ ਗਾਂਧੀ

**ਨਵੀਂ ਦਿੱਲੀ:** ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਚੇਅਰਪਰਸਨ ਖ਼ਿਲਾਫ਼ ਲੱਗੇ ਦੋਸ਼ਾਂ ਕਾਰਨ ਸੇਬੀ ਦੇ ਵੱਕਾਰ 'ਤੇ ਗੰਭੀਰ ਸਵਾਲ ਖੜ੍ਹੇ ਹੋਏ ਹਨ। ਕਾਂਗਰਸ ਨੇ ਅਡਾਨੀ ਘੁਟਾਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਤੋਂ ਕਰਵਾਏ ਜਾਣ ਦੀ ਮੰਗ ਕੀਤੀ ਹੈ। ਕਾਂਗਰਸ ਆਗੂ ਨੇ ਸਵਾਲ ਕੀਤਾ ਕਿ ਕੀ ਸੁਪਰੀਮ ਕੋਰਟ ਇਸ ਮਾਮਲੇ 'ਚ ਖੁਦ ਹੀ ਨੋਟਿਸ ਲਵੇਗਾ। ਰਾਹੁਲ ਨੇ 'ਐਕਸ' ਉਤੇ ਕਿਹਾ ਕਿ ਛੋਟੇ ਪਰਚੂਨ ਨਿਵੇਸ਼ਕਾਂ ਦੀ ਸੰਪਤੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਣ ਵਾਲੀ ਸੇਬੀ ਦੀ ਇਮਾਨਦਾਰੀ ਉਸ ਦੀ ਚੇਅਰਪਰਸਨ ਖ਼ਿਲਾਫ਼ ਲੱਗੇ ਦੋਸ਼ਾਂ ਨਾਲ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਈ ਹੈ।

## ਵਿੱਤੀ ਅਸਥਿਰਤਾ ਪੈਦਾ ਕਰਨ ਦੀ ਸਾਜ਼ਿਸ਼: ਭਾਜਪਾ

**ਨਵੀਂ ਦਿੱਲੀ:** ਹਿੰਡਨਬਰਗ ਵੱਲੋਂ ਸੇਬੀ ਚੇਅਰਪਰਸਨ ਖ਼ਿਲਾਫ਼ ਲਾਏ ਗਏ ਦੋਸ਼ਾਂ ਨੂੰ ਨਕਾਰਦਿਆਂ ਹੁਕਮਰਾਨ ਧਿਰ ਭਾਜਪਾ ਨੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ 'ਤੇ ਦੋਸ਼ ਲਾਇਆ ਹੈ ਕਿ ਉਹ ਦੇਸ਼ 'ਚ ਵਿੱਤੀ ਅਸਥਿਰਤਾ ਅਤੇ ਬਦਅਮਨੀ ਪੈਦਾ ਕਰਨ ਦੀ ਸਾਜ਼ਿਸ਼ ਦਾ ਹਿੱਸਾ ਹਨ। ਭਾਜਪਾ ਤਰਜਮਾਨ ਸੁਧਾਂਸ਼ੂ ਤ੍ਰਿਵੇਦੀ ਨੇ ਕਿਹਾ ਕਿ ਹਿੰਡਨਬਰਗ ਰਿਸਰਚ ਦੀ ਭਾਰਤੀ ਜਾਂਚ ਏਜੰਸੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂ ਜਾਣਦੇ ਸਨ ਕਿ ਸੰਸਦ ਦੇ ਇਜਲਾਸ ਦੌਰਾਨ ਅਜਿਹੀ ਰਿਪੋਰਟ ਆਉਣ ਵਾਲੀ ਹੈ।

# ਭਾਜਪਾ ਦੇ ਰਾਜ 'ਚ ਕਿਸਾਨ ਖੁਦਕੁਸ਼ੀਆਂ ਦੁੱਗਣੀਆਂ ਹੋਈਆਂ: ਪਵਾਰ

**ਸੋਲਾਪੁਰ:** ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਪ੍ਰਧਾਨ ਸ਼ਰਦ ਪਵਾਰ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਰੋਸੇ 'ਤੇ ਤਨਜ਼ ਕੱਸਦਿਆਂ ਦਾਅਵਾ ਕੀਤਾ ਕਿ ਭਾਜਪਾ ਦੇ ਕਾਰਜਕਾਲ ਦੌਰਾਨ ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਦੁੱਗਣੇ ਹੋ ਗਏ ਹਨ।

ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਦੇ ਆਗੂ ਪਵਾਰ ਮਹਾਰਾਸ਼ਟਰ ਦੇ ਸੋਲਾਪੁਰ ਜ਼ਿਲ੍ਹੇ ਦੇ ਬਾਰਸ਼ੀ ਕਸਬੇ ਵਿਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦਾਅਵਾ ਕੀਤਾ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਢੁਕਵਾਂ ਭਾਅ ਨਹੀਂ ਮਿਲ ਰਿਹਾ ਅਤੇ ਉਹ ਕਰਜ਼ੇ ਵਿਚ ਡੁੱਬੇ ਹੋਏ ਹਨ। ਉਨ੍ਹਾਂ ਦੋਸ਼ ਲਾਇਆ, "ਪ੍ਰਧਾਨ ਮੰਤਰੀ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਪਰ ਇਸ ਦੀ ਬਜਾਏ ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਦੁੱਗਣੇ ਹੋ ਗਏ ਹਨ।" ਸ਼ਰਦ ਪਵਾਰ ਨੇ ਕਿਹਾ ਕਿ ਸਮੇਂ ਦੀ ਮੰਗ ਹੈ ਕਿ ਸੂਬੇ ਵਿਚ ਸਰਕਾਰ ਬਦਲੀ ਜਾਵੇ ਅਤੇ ਅਜਿਹੀ ਸਰਕਾਰ ਲਿਆਂਦੀ ਜਾਵੇ ਜੋ ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਦੇ ਹਿੱਤਾਂ ਦੀ ਰੱਖਿਆ ਕਰੇ। ਸਾਬਕਾ ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ, "ਕੇਂਦਰ ਤੇ ਸੂਬੇ ਦੀਆਂ ਭਾਜਪਾ ਸਰਕਾਰਾਂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਘਟਾਉਣ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਕੁਝ ਨਹੀਂ ਕੀਤਾ।" ਪਵਾਰ ਨੇ ਕਿਹਾ ਕਿ ਭਾਜਪਾ ਆਪਣੇ '400 ਪਾਰ' ਦੇ ਨਾਅਰੇ ਦੇ ਬਾਵਜੂਦ ਲੋਕ ਸਭਾ ਚੋਣਾਂ ਵਿਚ 300 ਸੀਟਾਂ ਵੀ ਜਿੱਤ ਨਹੀਂ ਸਕੀ। ਉਨ੍ਹਾਂ ਕਿਹਾ, "ਆਂਧਰਾ ਪ੍ਰਦੇਸ਼ ਅਤੇ ਬਿਹਾਰ ਦੀਆਂ ਪਾਰਟੀਆਂ ਦੀ ਮਦਦ ਨਾਲ ਉਹ ਸਰਕਾਰ ਬਣਾ ਸਕਦੀ ਹੈ। ਸਮੇਂ ਦੀ ਮੰਗ ਹੈ ਕਿ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਘੱਟ ਕੀਤਾ ਜਾਵੇ ਅਤੇ ਉਨ੍ਹਾਂ ਦਾ ਕਰਜ਼ਾ ਮੁਆਫ਼ ਕੀਤਾ ਜਾਣਾ ਚਾਹੀਦਾ ਹੈ।"

# ਜੈਸ਼ੰਕਰ ਵੱਲੋਂ ਭਾਰਤ-ਮਾਲਦੀਵ ਦੇ ਗੂੜ੍ਹੇ ਸਬੰਧਾਂ ਉਤੇ ਜ਼ੋਰ

**ਮਾਲੇ:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨਾਲ ਮੁਲਾਕਾਤ ਕਰਕੇ ਖ਼ਿੱਤੇ ਦੀ ਖੁਸ਼ਹਾਲੀ ਅਤੇ ਦੋਵੇਂ ਮੁਲਕਾਂ ਦੇ ਲੋਕਾਂ ਦੇ ਫਾਇਦੇ ਲਈ ਭਾਰਤ-ਮਾਲਦੀਵ ਵਿਚਕਾਰ ਸਬੰਧ ਹੋਰ ਗੂੜ੍ਹੇ ਕਰਨ 'ਤੇ ਜ਼ੋਰ ਦਿੱਤਾ। ਜੈਸ਼ੰਕਰ ਮਾਲਦੀਵ ਦੇ ਤਿੰਨ ਦਿਨਾ ਦੌਰੇ ਉਤੇ ਆਏ ਹੋਏ ਹਨ ਅਤੇ ਚੀਨ ਪੱਖੀ ਰਾਸ਼ਟਰਪਤੀ ਮੁਇਜ਼ੂ ਦੇ ਪਿਛਲੇ ਸਾਲ ਅਹੁਦਾ ਸੰਭਾਲਣ ਮਗਰੋਂ ਇਹ ਭਾਰਤੀ ਵਿਦੇਸ਼ ਮੰਤਰੀ ਦਾ ਪਹਿਲਾ ਮਾਲਦੀਵ ਦੌਰਾ ਹੈ।

ਉਹ ਆਪਣੇ ਮਾਲਦੀਵੀਅਨ ਹਮਰੁਤਬਾ ਮੂਸਾ ਜ਼ਮੀਰ ਦੇ ਸੱਦੇ ਉਤੇ ਇਥੇ ਆਏ ਹਨ। ਜੈਸ਼ੰਕਰ ਨੇ ਮੀਟਿੰਗ ਦੀ ਤਸਵੀਰ ਐਕਸ 'ਤੇ ਪੋਸਟ ਕਰਦਿਆਂ ਲਿਖਿਆ, "ਰਾਸ਼ਟਰਪਤੀ ਡਾਕਟਰ ਮੁਹੰਮਦ ਮੁਇਜ਼ੂ ਨਾਲ ਮਿਲ ਕੇ ਖੁਸ਼ੀ ਹੋਈ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭੇਜੀਆਂ ਗਈਆਂ ਸ਼ੁਭਕਾਮਨਾਵਾਂ ਦਿੱਤੀਆਂ। ਅਸੀਂ ਖ਼ਿੱਤੇ ਅਤੇ ਦੋਵੇਂ ਮੁਲਕਾਂ ਦੇ ਲੋਕਾਂ ਦੇ ਫਾਇਦੇ ਲਈ ਭਾਰਤ-ਮਾਲਦੀਵ



ਸਬੰਧਾਂ ਨੂੰ ਹੋਰ ਗੂੜ੍ਹਾ ਕਰਨ ਲਈ ਵਚਨਬੱਧ ਹਾਂ।"

ਜੈਸ਼ੰਕਰ ਦਾ ਮਾਲਦੀਵ ਦਾ ਦੌਰਾ ਉਸ ਸਮੇਂ ਹੋ ਰਿਹਾ ਹੈ ਜਦੋਂ ਰਾਸ਼ਟਰਪਤੀ ਮੁਇਜ਼ੂ ਨੇ ਜੂਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਲਫ਼ਦਾਰੀ ਸਮਾਗਮ 'ਚ ਹਿੱਸਾ ਲਿਆ ਸੀ। ਇਸ ਤੋਂ ਪਹਿਲਾਂ ਜੈਸ਼ੰਕਰ ਨੇ ਮਾਲਦੀਵ ਦੇ ਰੱਖਿਆ ਮੰਤਰੀ ਗ਼ਸਾਨ ਮੌਮੂਨ ਨਾਲ ਮੁਲਾਕਾਤ ਕੀਤੀ। ਮਾਲਦੀਵ 'ਚ ਚੀਨ ਦੇ ਵਧ ਰਹੇ ਦਖ਼ਲ ਦਰਮਿਆਨ ਦੋਵੇਂ ਆਗੂਆਂ ਨੇ ਖ਼ਿੱਤੇ 'ਚ ਸ਼ਾਂਤੀ ਅਤੇ ਸਥਿਰਤਾ ਬਹਾਲੀ ਤੇ ਸੁਰੱਖਿਆ ਸਹਿਯੋਗ ਜਿਹੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

# ਗਾਜ਼ਾ: ਸਕੂਲ 'ਤੇ ਹਵਾਈ ਹਮਲੇ ਵਿਚ 80 ਤੋਂ ਵੱਧ ਹਲਾਕ

**ਦੀਰ-ਅਲ-ਬਲਾਹ:** ਇਜ਼ਰਾਈਲ ਵੱਲੋਂ ਤੜਕੇ ਗਾਜ਼ਾ ਸ਼ਹਿਰ ਦੇ ਇਕ ਸਕੂਲ ਵਿਚ ਬਣੇ ਸ਼ਰਨਾਰਥੀ ਕੈਂਪ 'ਤੇ ਹਮਲਾ ਕੀਤਾ ਗਿਆ। ਇਸ ਘਟਨਾ ਵਿਚ 80 ਤੋਂ ਵੱਧ ਲੋਕ ਮਾਰੇ ਗਏ, ਜਦੋਂਕਿ 47 ਹੋਰ ਜ਼ਖ਼ਮੀ ਹੋ ਗਏ। ਫ਼ਲਸਤੀਨ ਦੇ ਸਿਹਤ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ।

ਇਜ਼ਰਾਈਲ ਤੇ ਹਮਾਸ ਦਰਮਿਆਨ ਪਿਛਲੇ 10 ਮਹੀਨਿਆਂ ਤੋਂ ਜਾਰੀ ਟਕਰਾਅ ਦੌਰਾਨ ਇਸ ਨੂੰ ਹੁਣ ਤੱਕ ਦੇ ਸਭ ਤੋਂ ਘਾਤਕ ਹਮਲਿਆਂ ਵਿਚੋਂ



ਇਕ ਮੰਨਿਆ ਜਾ ਰਿਹਾ ਹੈ। ਇਜ਼ਰਾਈਲੀ ਫੌਜ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਦਾਅਵਾ ਕੀਤਾ ਕਿ ਉਸ ਨੇ ਸਕੂਲ ਵਿਚਲੇ ਹਮਾਸ ਦੇ ਕਮਾਂਡ ਕੇਂਦਰ ਨੂੰ ਨਿਸ਼ਾਨਾ ਬਣਾਇਆ ਹੈ। ਹਾਲਾਂਕਿ ਇਜ਼ਰਾਈਲ ਆਪਣੇ ਇਸ ਦਾਅਵੇ ਦੀ ਪੁਸ਼ਟੀ ਲਈ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆ। ਉਧਰ, ਹਮਾਸ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ। ਤਬੀਨ ਸਕੂਲ ਵਿਚ ਇਜ਼ਰਾਈਲ ਤੇ ਹਮਾਸ ਦਰਮਿਆਨ ਜੰਗ ਕਾਰਨ ਆਪਣੇ ਘਰ ਛੱਡਣ ਲਈ ਮਜਬੂਰ ਹੋਏ ਲੋਕਾਂ ਨੇ ਪਨਾਹ ਲਈ ਹੋਈ ਸੀ।

# ਸਾਬਕਾ ਵਿਦੇਸ਼ ਮੰਤਰੀ ਕੁੰਵਰ ਨਟਵਰ ਸਿੰਘ ਦਾ ਦੇਹਾਂਤ

**ਨਵੀਂ ਦਿੱਲੀ:** ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ ਕੇ.ਨਟਵਰ ਸਿੰਘ(93) ਦਾ ਦੇਹਾਂਤ ਹੋ ਗਿਆ। ਪਰਿਵਾਰਕ ਮੈਂਬਰਾਂ ਮੁਤਾਬਕ ਉਨ੍ਹਾਂ ਦੀ ਸਿਹਤ ਪਿਛਲੇ ਲੰਮੇ ਸਮੇਂ ਤੋਂ ਨਾਸਾਜ਼ ਸੀ। ਉਨ੍ਹਾਂ ਦਿੱਲੀ ਨੇੜਲੇ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਵਿਚ ਆਖ਼ਰੀ ਸਾਹ ਲਾਏ, ਜਿੱਥੇ ਉਹ ਪਿਛਲੇ ਕੁਝ ਹਫ਼ਤਿਆਂ ਤੋਂ ਦਾਖ਼ਲ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੰਘ ਦੇ ਅਕਾਲ ਚਲਾਣੇ ਉਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸਿੰਘ ਦਾ ਜਨਮ 1931 ਵਿਚ ਰਾਜਸਥਾਨ ਜ਼ਿਲ੍ਹੇ ਦੇ ਭਰਤਪੁਰ ਵਿਚ ਹੋਇਆ ਸੀ। ਉਨ੍ਹਾਂ ਨੂੰ 1984 ਵਿਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਪਰਿਵਾਰਕ ਸੂਤਰ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਨਟਵਰ ਸਿੰਘ ਵੱਲੋਂ ਆਖਰੀ ਸਾਹ ਲੈਣ ਮੌਕੇ ਉਨ੍ਹਾਂ ਦਾ ਪੁੱਤਰ ਜਗਤ ਸਿੰਘ ਤੇ ਹੋਰ ਪਰਿਵਾਰਕ ਮੈਂਬਰ ਮੌਜੂਦ ਸਨ। ਸਾਬਕਾ ਕਾਂਗਰਸੀ ਐਮਪੀ, ਸਿੰਘ 2004-05 ਵਿਚ ਤੱਤਕਾਲੀ ਮਨਮੋਹਨ ਸਿੰਘ ਸਰਕਾਰ ਵਿਚ ਵਿਦੇਸ਼ ਮੰਤਰੀ ਸਨ। ਉਹ ਪਾਕਿਸਤਾਨ ਵਿਚ ਭਾਰਤ ਦੇ ਰਾਜਦੂਤ ਵੀ ਰਹੇ ਅਤੇ 1966 ਤੋਂ 1971 ਤੱਕ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦਫ਼ਤਰ ਨਾਲ ਜੁੜੇ ਰਹੇ। ਸਿੰਘ ਨੇ ਆਪਣੀ ਆਤਮਕਥਾ 'ਵਨ ਲਾਈਫ ਇਜ਼ ਨੌਟ ਇਨਫ਼' ਸਣੇ ਕਈ ਹੋਰ ਕਿਤਾਬਾਂ 'ਦਿ ਲੈਗੇਸੀ ਆਫ਼ ਨਹਿਰੂ: ਏ ਮੈਮੋਰੀਅਲ ਟ੍ਰਿਬਿਊਟ' ਤੇ 'ਮਾਈ ਚਾਈਨਾ ਡਾਇਰੀ 1956-88' ਵੀ ਲਿਖੀਆਂ।

# ਬੰਗਲਾਦੇਸ਼ੀਆਂ ਨੂੰ ਰੋਕਣ ਲਈ 70 ਹਜ਼ਾਰ ਬੀ.ਐਸ.ਐਫ. ਜਵਾਨ ਤਿਆਰ

**ਨਵੀਂ ਦਿੱਲੀ:** ਪਿਛਲੇ ਇਕ ਹਫ਼ਤੇ ਤੋਂ ਗੁਆਂਢੀ ਮੁਲਕ ਬੰਗਲਾਦੇਸ਼ 'ਚ ਬਣੇ ਸਿਆਸੀ ਸੰਕਟ ਤੋਂ ਬਾਅਦ ਬੰਗਲਾਦੇਸ਼ ਦੇ ਨਾਗਰਿਕਾਂ (ਜ਼ਿਆਦਾਤਰ ਘੱਟ ਗਿਣਤੀਆਂ ਨਾਲ ਸਬੰਧਤ) ਦੇ ਭਾਰਤ ਅੰਦਰ ਦਾਖ਼ਲ ਹੋਣ ਦੀਆਂ ਲਗਾਤਾਰ ਕੋਸ਼ਿਸ਼ਾਂ ਦਰਮਿਆਨ ਸਰਕਾਰੀ ਸੂਤਰਾਂ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਨਜਿੱਠਣ ਤੇ ਸੁਰੱਖਿਆ ਬਲਾਂ ਦੀ ਮਦਦ ਲਈ ਭਾਰਤ-ਬੰਗਲਾਦੇਸ਼ ਸਰਹੱਦ 'ਤੇ ਤਾਇਨਾਤ ਕਰਨ ਲਈ ਵਾਧੂ ਬਲ ਤਿਆਰ ਰੱਖੇ ਗਏ ਹਨ।



ਤਕਰੀਬਨ 70 ਹਜ਼ਾਰ ਬੀ.ਐਸ.ਐਫ. ਜਵਾਨ ਤਿਆਰ ਹਨ ਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਤੁਰਤ ਤਾਇਨਾਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਸਰਹੱਦ ਨੇੜੇ ਅਜਿਹੀਆਂ ਤਿੰਨ ਵੱਡੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਇਨ੍ਹਾਂ ਨਾਲ ਸ਼ਾਂਤੀਪੂਰਨ ਢੰਗ ਨਾਲ ਨਜਿੱਠਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਵੱਲੋਂ ਬੀ.ਐਸ.ਐਫ. ਦੀ ਪੂਰਬੀ ਕਮਾਨ ਦੇ ਏ.ਡੀ.ਜੀ. ਦੀ ਅਗਵਾਈ ਹੇਠ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਰਾਹੀਂ ਬਾਰਡਰ ਗਾਰਡ ਬੰਗਲਾਦੇਸ਼ (ਬੀ.ਜੀ.ਬੀ.) ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਾਰਤ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਰੋਕਿਆ ਜਾ ਸਕੇ ਅਤੇ ਬੰਗਲਾਦੇਸ਼ 'ਚ ਹਿੰਦੂਆਂ ਤੇ ਹੋਰ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਭਾਰਤੀ ਸਰਹੱਦ ਅੰਦਰ ਜਬਰੀ ਦਾਖ਼ਲ ਹੋਣ ਜਾਂ ਹਥਿਆਰਬੰਦ ਹਮਲੇ ਦੀ ਅਜੇ ਤੱਕ ਕੋਈ ਘਟਨਾ ਨਹੀਂ ਵਾਪਰੀ। ਅਧਿਕਾਰੀਆਂ ਨੇ ਹਾਲਾਂਕਿ ਕਿਹਾ ਕਿ ਜੇਕਰ ਅਜਿਹੀ ਘਟਨਾ ਵਾਪਰਦੀ ਹੈ ਤਾਂ ਉਹ ਜਵਾਬ ਦੇਣ ਲਈ ਤਿਆਰ ਹਨ।

ਇਕ ਹੋਰ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕਿਸੇ ਨੂੰ ਵੀ ਭਾਰਤੀ ਖੇਤਰ ਅੰਦਰ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਬੀ.ਐਸ.ਐਫ. ਅਧਿਕਾਰੀਆਂ ਨੇ 9 ਅਗਸਤ ਦੀ ਘਟਨਾ ਜਦੋਂ 1700 ਬੰਗਲਾਦੇਸ਼ੀ ਨਾਗਰਿਕ ਬੰਗਾਲ ਦੇ ਕੂਚ ਬਿਹਾਰ 'ਚੋਂ ਲੰਘਦੀ ਭਾਰਤੀ ਸਰਹੱਦ ਨੇੜੇ ਪਹੁੰਚ ਗਏ ਸਨ, ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਘਟਨਾ ਪੂਰੀ ਤਰ੍ਹਾਂ ਸ਼ਾਂਤਮਈ ਸੀ।

# ਅਲਵਿਦਾ ਪੈਰਿਸ: ਓਲੰਪਿਕ ਖੇਡਾਂ ਦੀ ਰੰਗਾਰੰਗ ਅੰਦਾਜ਼ 'ਚ ਸਮਾਪਤੀ

ਪੈਰਿਸ: ਪੈਰਿਸ ਵਿਚ 33ਵੀਆਂ ਓਲੰਪਿਕ ਖੇਡਾਂ ਦੀ ਰੰਗਾਰੰਗ ਅੰਦਾਜ਼ 'ਚ ਸਮਾਪਤੀ ਹੋ ਗਈ। ਇਸ ਦੌਰਾਨ ਪੈਰਿਸ ਨੇ ਓਲੰਪਿਕ ਦੀ ਬੈਟਨ ਲਾਸ ਏਂਜਲਸ (ਅਮਰੀਕਾ) ਨੂੰ ਸੌਂਪ ਦਿੱਤੀ ਜਿਥੇ 2028 'ਚ ਅਗਲੀਆਂ ਓਲੰਪਿਕ ਖੇਡਾਂ ਹੋਣਗੀਆਂ।

ਸਟੇਡ ਡੀ ਫਰਾਂਸ ਸਟੇਡੀਅਮ 'ਚ ਹੋਏ ਸਮਾਪਤੀ ਸਮਾਗਮ ਦੌਰਾਨ ਬਿਲੀ ਐਲਿਸ਼, ਸਨੂਪ ਡੌਗ ਅਤੇ ਰੈੱਡ ਹੌਟ ਚਿਲੀ ਪੈਪਰਜ਼ ਨੇ ਦਿਲ ਖਿੱਚਵੀਆਂ ਪੇਸ਼ਕਾਰੀਆਂ ਦਿੱਤੀਆਂ। ਸਟੇਡੀਅਮ 'ਚ ਮੌਜੂਦ 75 ਹਜ਼ਾਰ ਦਰਸ਼ਕਾਂ ਅੱਗੇ ਝੰਡਾਬਰਦਾਰ ਪੀਆਰ ਸ੍ਰੀਜੇਸ਼ ਅਤੇ ਮਨੂ ਭਾਕਰ ਦੀ ਅਗਵਾਈ ਹੇਠ ਭਾਰਤੀ ਦਲ ਪਹੁੰਚਿਆ ਤਾਂ ਦਰਸ਼ਕਾਂ ਨੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਅਤੇ ਹੋਰ ਹਸਤੀਆਂ ਹਾਜ਼ਰ ਸਨ। ਫਰਾਂਸ ਦਾ ਤੈਰਾਕ ਲਿਓਨ ਮਰਚੈਂਡ ਓਲੰਪਿਕ ਮਸ਼ਾਲ ਲੈ ਕੇ ਸਟੇਡੀਅਮ 'ਚ ਪਹੁੰਚਿਆ। ਅਮਰੀਕਾ ਅਤੇ ਚੀਨ ਨੇ ਸੋਨੇ ਦੇ 40-40 ਤਗਮੇ ਜਿੱਤੇ ਹਨ। ਭਾਰਤ ਨੇ ਚਾਂਦੀ ਦਾ ਇਕ ਅਤੇ ਕਾਂਸੇ ਦੇ 5 ਤਗਮੇ ਜਿੱਤੇ।






ਆਖਰੀ ਮਹਿਲਾ ਬਾਸਕਟਬਾਲ ਦੇ ਗਹਿਗੱਚ ਮੁਕਾਬਲੇ ਵਿਚ ਜਿੱਤ ਹਾਸਲ ਕਰਕੇ ਆਪਣੇ 40ਵੇਂ ਗੋਲਡ ਨਾਲ ਅਮਰੀਕਾ ਨੇ ਚੀਨ ਨਾਲ ਬਰਾਬਰ 40-40 ਗੋਲਡ ਮੈਡਲ ਜਿੱਤੇ। ਅਮਰੀਕਾ ਨੇ ਸਿਲਵਰ ਮੈਡਲਾਂ ਦੀ ਗਿਣਤੀ ਸਿਰ ਉਤੇ ਓਲੰਪਿਕ ਇਤਿਹਾਸ ਵਿਚ 19ਵੀਂ ਵਾਰ ਅਤੇ ਲਗਾਤਾਰ ਚੌਥੀ ਵਾਰ ਮੈਡਲ ਸੂਚੀ ਵਿਚ ਸਿਖਰਲਾ ਸਥਾਨ ਮੱਲਿਆ। ਪਹਿਲੇ ਤਿੰਨ ਮੁਲਕਾਂ ਵਿਚ 2 ਏਸ਼ੀਅਨ ਅਤੇ ਪਹਿਲੇ ਅੱਠ ਵਿਚ 3 ਏਸ਼ੀਅਨ ਮੁਲਕ ਸ਼ਾਮਲ ਹਨ।

ਅਮਰੀਕਾ 40 ਗੋਲਡ, 44 ਸਿਲਵਰ ਅਤੇ 42 ਕਾਂਸੀ ਸਮੇਤ 126 ਮੈਡਲਾਂ ਨਾਲ ਪਹਿਲੇ ਸਥਾਨ 'ਤੇ ਰਿਹਾ। ਚੀਨ 40 ਗੋਲਡ, 27 ਸਿਲਵਰ ਅਤੇ 24 ਕਾਂਸੀ ਸਮੇਤ 91 ਮੈਡਲਾਂ ਨਾਲ ਦੂਜੇ, ਜਪਾਨ 20 ਗੋਲਡ, 12 ਸਿਲਵਰ ਅਤੇ 13 ਕਾਂਸੀ ਸਮੇਤ 45 ਮੈਡਲਾਂ ਨਾਲ ਤੀਜੇ, ਆਸਟਰੇਲੀਆ 18 ਗੋਲਡ, 19 ਸਿਲਵਰ ਅਤੇ 16 ਕਾਂਸੀ ਸਮੇਤ 53 ਮੈਡਲਾਂ ਨਾਲ ਚੌਥੇ ਅਤੇ ਮੇਜ਼ਬਾਨ ਫਰਾਂਸ 16 ਗੋਲਡ, 26 ਸਿਲਵਰ ਅਤੇ 22 ਕਾਂਸੀ ਸਮੇਤ 64 ਮੈਡਲਾਂ ਨਾਲ ਪੰਜਵੇਂ ਨੰਬਰ 'ਤੇ ਰਿਹਾ।

ਇਕ ਹੋਰ ਏਸ਼ੀਅਨ ਮੁਲਕ ਕੋਰੀਆ ਅੱਠਵੇਂ ਨੰਬਰ 'ਤੇ ਹੈ। ਪਾਕਿਸਤਾਨ 1 ਗੋਲਡ ਦੇ ਨਾਲ 62ਵੇਂ ਅਤੇ ਭਾਰਤ 1 ਚਾਂਦੀ ਅਤੇ 5 ਕਾਂਸੀ ਸਮੇਤ 6 ਤਗਮਿਆਂ ਨਾਲ 71ਵੇਂ ਸਥਾਨ 'ਤੇ ਰਿਹਾ। ਪੈਰਿਸ ਵਿਖੇ ਕੁੱਲ 90 ਦੇਸ਼ਾਂ ਅਤੇ 1 ਰਿਫ਼ਊਜੀ ਓਲੰਪਿਕ ਕਮੇਟੀ ਦੀ ਟੀਮ ਨੇ ਮੈਡਲ ਸੂਚੀ ਵਿਚ ਆਪਣਾ ਨਾਮ ਦਰਜ ਕਰਵਾਇਆ। 115 ਦੇਸ਼ ਤਮਗਾ ਸੂਚੀ 'ਚ ਨਾਂ ਦਰਜ ਨਹੀਂ ਕਰਵਾ ਸਕੇ।

ਵੱਧ ਮੈਡਲ ਜਿੱਤਣ ਵਾਲੇ ਖਿਡਾਰੀਆਂ ਦੀ ਗੱਲ ਕਰੀਏ ਤਾਂ ਚੀਨ ਦੀ ਤੈਰਾਕ ਝਾਂਗ ਯੂਫੇਈ ਨੇ ਛੇ ਮੈਡਲ ਜਿੱਤੇ ਹਨ ਜਿਨ੍ਹਾਂ ਵਿਚ ਇਕ ਚਾਂਦੀ ਤੇ ਪੰਜ ਕਾਂਸੀ ਦੇ ਮੈਡਲ ਸ਼ਾਮਲ ਹਨ। ਗੋਲਡ ਮੈਡਲਾਂ ਵਿਚ ਮੇਜ਼ਬਾਨ ਫਰਾਂਸੀ ਦੇ ਤੈਰਾਕ ਲਿਓਨ ਮਾਰਚੰਡ ਨੇ ਚਾਰ ਸੋਨ ਤਗਮੇ ਜਿੱਤੇ। ਭਾਰਤ ਦੇ ਮੈਡਲ ਜੇਤੂਆਂ ਵਿਚ ਨੀਰਜ ਚੋਪੜਾ ਨੇ ਜੈਵਲਿਨ ਥਰੋਅ ਵਿਚ ਸਿਲਵਰ ਮੈਡਲ, ਨਿਸ਼ਾਨੇਬਾਜ਼ੀ ਵਿਚ ਮਨੂ ਭਾਕਰ ਨੇ ਇਕ ਵਿਅਕਤੀਗਤ ਅਤੇ ਇਕ ਸਰਬਜੋਤ ਸਿੰਘ ਨਾਲ ਕਾਂਸੀ ਦਾ ਮੈਡਲ ਅਤੇ ਸਵਪਨਿਲ ਨੇ ਕਾਂਸੀ ਦਾ ਮੈਡਲ ਜਿੱਤਿਆ।

### ਭਾਰਤ 71ਵੇਂ ਸਥਾਨ 'ਤੇ

**ਪੈਰਿਸ:** ਪੈਰਿਸ ਓਲੰਪਿਕ ਦੀ ਤਮਗਾ ਸੂਚੀ ਵਿਚ ਭਾਰਤ 6 ਤਗਮਿਆਂ ਨਾਲ 71ਵੇਂ ਸਥਾਨ ਉਤੇ ਰਿਹਾ। ਜਦੋਂ ਕਿ ਸਿਰਫ਼ ਇਕ ਤਮਗਾ ਜਿੱਤਣ ਵਾਲਾ ਪਾਕਿਸਤਾਨ ਤਮਗਾ ਸੂਚੀ ਵਿਚ ਭਾਰਤ ਤੋਂ ਉਪਰ ਰਿਹਾ। ਪਾਕਿਸਤਾਨ ਨੇ ਪੈਰਿਸ 'ਚ ਸਿਰਫ ਇਕ ਸੋਨ ਤਮਗਾ ਜਿੱਤਿਆ, ਜਿਸ ਨਾਲ ਉਹ ਤਮਗਾ ਸੂਚੀ ਵਿਚ 62ਵੇਂ ਸਥਾਨ ਉਤੇ ਰਿਹਾ। ਤਮਗਾ ਸੂਚੀ ਵਿਚ ਕਿਸੇ ਵੀ ਦੇਸ਼ ਦਾ ਰੈਂਕ ਸਭ ਤੋਂ ਵੱਧ ਸੋਨਾ, ਚਾਂਦੀ ਅਤੇ ਕਾਂਸੀ ਜਿੱਤ ਕੇ ਤੈਅ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਿਰਫ਼ ਇਕ ਸੋਨ ਤਗਮਾ ਜਿੱਤਣ ਵਾਲਾ ਪਾਕਿਸਤਾਨ ਸੂਚੀ ਵਿਚ ਭਾਰਤ ਤੋਂ ਉਪਰ ਰਿਹਾ।

ਪਹਿਲਵਾਨ ਅਮਨ ਸਹਿਰਾਵਤ ਅਤੇ ਪੁਰਸ਼ ਹਾਕੀ ਟੀਮ ਨੇ ਵੀ ਕਾਂਸੀ ਦਾ ਮੈਡਲ ਜਿੱਤਿਆ। ਪਾਕਿਸਤਾਨ ਦਾ ਇਕਲੌਤਾ ਗੋਲਡ ਮੈਡਲ ਜੈਵਲਿਨ ਥਰੋਅ ਵਿੱਚ ਅਰਸ਼ਦ ਨਦੀਮ ਨੇ ਜਿੱਤਿਆ।

ਭਾਰਤ ਦੇ ਪ੍ਰਦਰਸ਼ਨ ਦੀ ਗੱਲ ਕਰੀਏ ਤਾਂ ਭਾਰਤੀ ਟੀਮ ਇਕ ਚਾਂਦੀ ਅਤੇ ਪੰਜ ਕਾਂਸੀ ਦੇ ਨਾਲ 71ਵੇਂ ਸਥਾਨ 'ਤੇ ਰਹੀ। ਪਾਕਿਸਤਾਨ ਨੇ ਵੀ ਇਨ੍ਹਾਂ ਓਲੰਪਿਕ ਖੇਡਾਂ ਵਿਚ ਇਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਅਤੇ ਅਥਲੈਟਿਕਸ ਵਿਚ ਆਪਣੇ ਪਹਿਲੇ ਵਿਅਕਤੀਗਤ ਓਲੰਪਿਕ ਸੋਨ ਤਗਮੇ ਨਾਲ 62ਵੇਂ ਸਥਾਨ ਉਤੇ ਰਿਹਾ। ਧਿਆਨ ਯੋਗ ਹੈ ਕਿ ਇਸ ਵਾਰ ਪਾਕਿਸਤਾਨ ਓਲੰਪਿਕ ਤਮਗਾ ਸੂਚੀ ਵਿਚ ਭਾਰਤ ਤੋਂ ਉੱਪਰ ਰਿਹਾ। ਪੁਰਸ਼ਾਂ ਦੇ ਜੈਵਲਿਨ ਥਰੋਅ ਫਾਈਨਲ ਵਿਚ ਅਰਸ਼ਦ ਨਦੀਮ ਦੀ ਜਿੱਤ ਪਾਕਿਸਤਾਨ ਲਈ ਇਤਿਹਾਸਕ ਪਲ ਸੀ।

## ਅਮਰੀਕਾ ਨੇ ਤਗ਼ਮਾ ਸੂਚੀ 'ਚ ਚੀਨ ਨੂੰ ਫਿਰ ਪਛਾੜਿਆ

**ਪੈਰਿਸ:** ਪੈਰਿਸ ਓਲੰਪਿਕ 'ਚ ਅਮਰੀਕਾ ਤੇ ਚੀਨ ਨੇ ਸੋਨੇ ਦੇ ਬਰਾਬਰ 40-40 ਤਗਮੇ ਜਿੱਤੇ ਹਨ ਪਰ ਅਮਰੀਕਾ ਨੇ ਕੁੱਲ 126 ਤਗਮੇ ਹਾਸਲ ਕਰਦਿਆਂ ਸੂਚੀ 'ਚ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਚੀਨ 91 ਤਗਮਿਆਂ ਨਾਲ ਦੂਜੇ ਸਥਾਨ 'ਤੇ ਰਿਹਾ।




ਟੋਕੀਓ ਓਲੰਪਿਕ 'ਚ ਵੀ ਅਮਰੀਕਾ 39 ਸੋਨ ਸਣੇ ਕੁੱਲ 113 ਤਗਮੇ ਜਿੱਤ ਕੇ ਮੋਹਰੀ ਰਿਹਾ ਸੀ ਜਦਕਿ ਚੀਨ ਕੁੱਲ 89 ਤਗਮਿਆਂ ਨਾਲ ਦੂਜੇ ਸਥਾਨ ਉਤੇ ਸੀ, ਜਿਸ ਵਿਚ ਸੋਨੇ 38 ਤਗਮੇ ਸ਼ਾਮਲ ਸਨ। ਪੈਰਿਸ ਓਲੰਪਿਕ ਤੋਂ ਪਹਿਲਾਂ ਨੀਲਸਨ ਦੇ ਗਰੇਸਨੋਟ ਦੀ ਪੇਸ਼ੀਨਗੋਈ ਮੁਤਾਬਕ ਤਗਮਾ ਸੂਚੀ 'ਚ ਅਮਰੀਕਾ, ਚੀਨ, ਬਰਤਾਨੀਆ, ਫਰਾਂਸ ਅਤੇ ਆਸਟਰੇਲੀਆ ਦੇ ਪਹਿਲੇ ਪੰਜ ਸਥਾਨਾਂ 'ਤੇ ਰਹਿਣ ਦਾ ਅਨੁਮਾਨ ਲਾਇਆ ਗਿਆ ਸੀ। ਹਾਲਾਂਕਿ ਅਮਰੀਕਾ ਤੇ ਚੀਨ ਨੇ ਸੋਨੇ ਦੇ ਬਰਾਬਰ ਤਗਮੇ ਜਿੱਤੇ ਹਨ ਪਰ ਸੂਚੀ 'ਚ ਅਮਰੀਕਾ ਮੋਹਰੀ ਰਿਹਾ ਹੈ। ਜਪਾਨ ਨੇ ਸੋਨੇ ਦੇ 20 ਤਗਮਿਆਂ ਸਣੇ ਕੁੱਲ 45 ਤਗਮੇ ਜਿੱਤਦਿਆਂ ਤੀਜਾ ਸਥਾਨ ਹਾਸਲ ਕਰਕੇ ਉਕਤ ਭਵਿੱਖਵਾਣੀ ਨੂੰ ਗਲਤ ਸਾਬਤ ਕੀਤਾ ਹੈ। ਹਾਲਾਂਕਿ ਪੇਸ਼ੀਨਗੋਈ ਮੁਤਾਬਕ ਫਰਾਂਸ ਤੇ ਆਸਟਰੇਲੀਆ ਪਹਿਲੇ ਪੰਜ ਦੇਸ਼ਾਂ 'ਚ ਸ਼ਾਮਲ ਹਨ। ਆਸਟਰੇਲੀਆ 18 ਸੋਨ ਸਮੇਤ ਕੁੱਲ 53 ਤਗਮੇ ਜਿੱਤੇ ਚੌਥੇ ਅਤੇ ਮੇਜ਼ਬਾਨ ਫਰਾਂਸ ਕੁੱਲ 64 ਤਗਮੇ ਜਿੱਤ ਕੇ ਪੰਜਵੇਂ ਸਥਾਨ 'ਤੇ ਰਿਹਾ, ਜਿਸ ਵਿਚ 16 ਸੋਨ ਤਗਮੇ ਸ਼ਾਮਲ ਹਨ। ਫਰਾਂਸ ਦੇ ਇਹ ਤਗਮੇ ਉਸ ਵੱਲੋਂ ਟੋਕੀਓ ਖੇਡਾਂ 'ਚ ਜਿੱਤੇ 33 ਤਗਮਿਆਂ ਤੋਂ ਦੁੱਗਣੇ ਹਨ। ਇਨ੍ਹਾਂ ਖੇਡਾਂ 'ਚ ਬਰਤਾਨੀਆ ਨੇ ਟੋਕੀਓ ਓਲੰਪਿਕ ਦੇ 64 ਤਗਮਿਆਂ ਦੇ ਮੁਕਾਬਲੇ ਇਸ ਵਾਰ 65 ਤਗਮੇ ਜਿੱਤੇ ਹਨ ਪਰ ਸੋਨ ਤਗਮੇ ਘੱਟ ਹੋਣ ਕਾਰਨ ਉਹ ਨੈਦਰਲੈਂਡਜ਼ (15 ਸੋਨ ਸਣੇ ਕੁੱਲ 34 ਤਗਮੇ) ਤੋਂ ਬਾਅਦ ਸੱਤਵੇਂ ਸਥਾਨ 'ਤੇ ਰਿਹਾ ਹੈ। ਬਰਤਾਨੀਆ ਇਸ ਵਾਰ 14 ਸੋਨ ਤਗਮੇ ਜਿੱਤੇ ਹਨ।

## ਉਮੀਦਾਂ ਉਤੇ ਖਰੇ ਨਾ ਉਤਰੇ ਭਾਰਤੀ ਮੁੱਕੇਬਾਜ਼

**ਨਵੀਂ ਦਿੱਲੀ:** ਨਿਖ਼ਤ ਜ਼ਰੀਨ ਅਤੇ ਲਵਲੀਨਾ ਬੋਰਗੋਹੇਨ ਜਿਹੀਆਂ ਦੋ ਮੌਜੂਦਾ ਵਿਸ਼ਵ ਚੈਂਪੀਅਨ ਖਿਡਾਰਨਾਂ ਦੇ ਬਾਵਜੂਦ ਭਾਰਤੀ ਮੁੱਕੇਬਾਜ਼ ਪੈਰਿਸ ਓਲੰਪਿਕ 'ਚ ਉਮੀਦ ਮੁਤਾਬਕ ਪ੍ਰਦਰਸ਼ਨ ਨਹੀਂ ਕਰ ਸਕੇ ਤੇ ਮੁੱਕੇਬਾਜ਼ੀ ਦਲ ਤਗਮਿਆਂ ਤੋਂ ਸੱਖਣਾ ਹੀ ਪਰਤਿਆ ਹੈ।



ਵਿਜੇਂਦਰ ਸਿੰਘ ਵੱਲੋਂ ਪੇਈਚਿੰਗ ਓਲੰਪਿਕ-2008 'ਚ ਕਾਂਸੇ ਦਾ ਤਗਮਾ ਜਿੱਤਣ ਮਗਰੋਂ ਓਲੰਪਿਕ 'ਚ ਭਾਰਤੀ ਮੁੱਕੇਬਾਜ਼ਾਂ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਜਾਗੀ ਸੀ। ਇਸ ਤੋਂ ਚਾਰ ਵਰ੍ਹੇ ਬਾਅਦ ਰੀਓ ਓਲੰਪਿਕ 'ਚ ਮਹਿਲਾ ਮੁੱਕੇਬਾਜ਼ ਐਮਸੀ ਮੈਰੀ ਕੌਮ ਨੇ ਕਾਂਸੇ ਦਾ ਤਗਮਾ ਜਿੱਤਿਆ ਸੀ। ਟੋਕੀਓ ਓਲੰਪਿਕ 'ਚ ਸਿਰਫ ਲਵਲੀਨਾ ਹੀ ਕਾਂਸੀ ਦਾ ਤਗਮਾ ਜਿੱਤ ਸਕੀ ਸੀ। ਇਸ ਵਾਰ ਭਾਰਤੀ ਮੁੱਕੇਬਾਜ਼ਾਂ ਤੋਂ ਤਗਮੇ ਜਿੱਤਣ ਦੀ ਕਾਫੀ ਉਮੀਦ ਸੀ ਪਰ ਉਨ੍ਹਾਂ ਦਾ ਪ੍ਰਦਰਸ਼ਨ ਨਿਰਾਸ਼ਾਜਨਕ ਰਿਹਾ।

ਖੇਡ ਮਾਹਿਰਾਂ ਨੇ ਕੁਆਲੀਫਾਈ ਕਰਨ ਵਾਲੇ ਛੇ ਮੁੱਕੇਬਾਜ਼ਾਂ ਤੋਂ ਘੱਟੋ-ਘੱਟ ਇਕ ਤਗਮੇ ਦੀ ਉਮੀਦ ਜਤਾਈ ਸੀ। ਦੋ ਵਾਰ ਦੀ ਆਲਮੀ ਚੈਂਪੀਅਨ ਨਿਖ਼ਤ ਜ਼ਰੀਨ (50 ਕਿਲੋ), ਲਵਲੀਨਾ ਬੋਰਗੋਹੇਨ (75 ਕਿਲੋ) ਅਤੇ ਵਿਸ਼ਵ ਚੈਂਪੀਅਨਸ਼ਿਪ 2023 'ਚ ਕਾਂਸੀ ਦਾ ਤਗਮਾ ਜੇਤੂ ਨਿਸ਼ਾਂਤ ਦੇਵ (71 ਕਿਲੋ) ਪੋਡੀਅਮ 'ਤੇ ਪਹੁੰਚਣ ਦਾ ਦਾਅਵੇਦਾਰ ਮੰਨੇ ਜਾ ਰਹੇ ਸਨ ਪਰ ਅਜਿਹਾ ਨਾ ਹੋ ਸਕਿਆ। ਹਾਲਾਂਕਿ ਨਿਸ਼ਾਂਤ ਦੇਵ ਕੁਆਰਟਰ ਫਾਈਨਲ 'ਚ ਵਿਵਾਦਤ ਨਤੀਜੇ ਕਾਰਨ ਤਗਮੇ ਤੋਂ ਖੁੰਝ ਗਿਆ ਜਦਕਿ ਤਗਮੇ ਦੀ ਮਜ਼ਬੂਤ ਦਾਅਵੇਦਾਰ ਲਵਲੀਨਾ ਵਿਰੋਧੀ ਮੁੱਕੇਬਾਜ਼ਾਂ ਸਾਹਮਣੇ ਸੰਘਰਸ਼ ਕਰਦੀ ਨਜ਼ਰ ਆਈ। ਅਮਿਤ ਪੰਘਾਲ (51 ਕਿਲੋ) ਆਪਣਾ ਪਿਛਲਾ ਪ੍ਰਦਰਸ਼ਨ ਦਿਖਾਉਣ 'ਚ ਅਸਫਲ ਰਿਹਾ। ਲਵਲੀਨਾ, ਪੰਘਾਲ ਤੇ ਨਿਸ਼ਾਂਤ ਨੂੰ ਤਗਮਾ ਪੱਕਾ ਕਰਨ ਲਈ ਸਿਰਫ ਦੋ ਜਿੱਤਾਂ ਦੀ ਲੋੜ ਸੀ। ਭਾਵੇਂਕਿ ਲਵਲੀਨਾ ਤੇ ਜ਼ਰੀਨ ਨੂੰ ਮੁਸ਼ਕਲ ਡਰਾਅ ਮਿਲਿਆ ਸੀ ਪਰ ਆਲਮੀ ਚੈਂਪੀਅਨ ਹੋਣ ਨਾਤੇ ਉਨ੍ਹਾਂ ਤੋਂ ਵਧੀਆ ਪ੍ਰਦਰਸ਼ਨ ਦੀ ਉਮੀਦ ਸੀ ਹਾਲਾਂਕਿ ਇਨ੍ਹਾਂ ਦੋਵੇਂ ਮਹਿਲਾ ਮੁੱਕੇਬਾਜ਼ਾਂ ਚੀਨ ਦੀਆਂ ਖਿਡਾਰਨਾਂ ਅੱਗੇ ਕੋਈ ਪੇਸ਼ ਨਾ ਚੱਲੀ। ਅਮਿਤ ਪੰਘਾਲ ਜ਼ਾਂਬੀਆ ਦੇ ਪੈਟਰਿਕ ਚਿਨਯੇਂਬਾ ਖ਼ਿਲਾਫ਼ ਆਪਣੀ ਹਮਲਾਵਰ ਖੇਡ ਨਾ ਦਿਖਾ ਸਕਿਆ। ਭਾਰਤ ਦੀ ਜੈਸਮੀਨ ਲੰਬੋਰੀਆ (57 ਕਿਲੋ) ਨੂੰ ਟੋਕੀਓ ਓਲੰਪਿਕ ਦੀ ਉਪਜੇਤੂ ਨੈਸ਼ੀ ਪੈਟੇਸੀਓ ਤੋਂ ਜਦਕਿ ਪ੍ਰੀਤੀ ਪੰਵਾਰ (54 ਕਿਲੋ) ਨੂੰ ਵਿਸ਼ਵ ਚੈਂਪੀਅਨਸ਼ਿਪ 'ਚ ਚਾਂਦੀ ਦਾ ਤਗਮਾ ਜੇਤੂ ਯੇਨੀ ਮਾਰਸੈਲਾ ਏਰੀਅਸ ਤੋਂ ਹਾਰ ਝੱਲਣੀ ਪਈ।

## ਕਾਂਸੀ ਦਾ ਤਗ਼ਮਾ ਜਿੱਤ ਕੇ ਪਰਤੀ ਹਾਕੀ ਟੀਮ ਦਾ ਨਿੱਘਾ ਸਵਾਗਤ

**ਅੰਮ੍ਰਿਤਸਰ:** ਪੈਰਿਸ ਓਲੰਪਿਕ 'ਚ ਕਾਂਸੀ ਦਾ ਤਗਮਾ ਜਿੱਤ ਕੇ ਪਰਤੀ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਜਿੱਤ ਲਈ ਗੁਰੂ ਘਰ ਦਾ ਸ਼ੁਕਰਾਨਾ ਕੀਤਾ। ਭਾਰੀ ਮੀਂਹ ਦੇ ਬਾਵਜੂਦ ਹਾਕੀ ਖਿਡਾਰੀਆਂ ਦਾ ਹਵਾਈ ਅੱਡੇ ਅਤੇ ਹਰਿਮੰਦਰ ਸਾਹਿਬ ਵਿਚ ਨਿੱਘਾ ਸਵਾਗਤ ਕੀਤਾ ਗਿਆ।

ਇਥੇ ਪੁੱਜੇ ਓਲੰਪਿਕ ਖਿਡਾਰੀਆਂ ਵਿਚ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ, ਉਪ ਕਪਤਾਨ ਹਾਰਦਿਕ ਸਿੰਘ, ਸਾਬਕਾ ਕਪਤਾਨ ਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਮਨਦੀਪ ਸਿੰਘ, ਜਰਮਨਪ੍ਰੀਤ ਸਿੰਘ ਬੱਲ, ਸੁਖਜੀਤ ਸਿੰਘ ਅਤੇ ਜੁਗਰਾਜ ਸਿੰਘ ਸ਼ਾਮਲ ਸਨ।

ਦਰਬਾਰ ਸਾਹਿਬ ਨਤਮਸਤਕ ਹੋਣ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਖਿਡਾਰੀਆਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਖਿਡਾਰੀਆਂ ਦੀ ਜਿੱਤ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੈਰਿਸ ਓਲੰਪਿਕ ਵਿਚ ਕਾਂਸੀ ਦਾ ਤਗਮਾ ਜਿੱਤਣਾ ਵੱਡੀ ਪ੍ਰਾਪਤੀ ਹੈ। ਟੀਮ ਵਿਚ ਸ਼ਾਮਲ ਪੰਜਾਬ ਦੇ ਖਿਡਾਰੀਆਂ ਨੇ ਲੰਮੇ ਅਰਸੇ ਤੋਂ ਬਾਅਦ ਪੰਜਾਬ ਦੇ ਹਾਕੀ ਨਾਲ ਸਬੰਧਤ ਇਤਿਹਾਸ ਨੂੰ ਦੁਹਰਾਇਆ ਹੈ। ਉਨ੍ਹਾਂ ਨੇ ਹਾਕੀ ਖਿਡਾਰੀਆਂ ਨੂੰ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਧਾਰਮਿਕ ਪੁਸਤਕਾਂ ਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਹਾਕੀ ਖਿਡਾਰੀਆਂ ਦਾ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਹਰਭਜਨ ਸਿੰਘ ਈ.ਟੀ.ਓ. ਨੇ ਪੰਜਾਬ ਸਰਕਾਰ ਵੱਲੋਂ ਜੀ ਆਇਆਂ ਕਿਹਾ। ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੇਤੂ ਟੀਮ ਦੇ ਹਰ ਪੰਜਾਬੀ ਖਿਡਾਰੀ ਨੂੰ ਇਕ-ਇਕ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕਰ ਚੁੱਕੇ ਹਨ। ਇਸੇ ਤਰ੍ਹਾਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਹਾਕੀ ਖਿਡਾਰੀਆਂ 'ਤੇ ਸਦਾ ਮਾਣ ਰਹੇਗਾ।




ਇਸੇ ਦੌਰਾਨ ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਪੈਰਿਸ ਓਲੰਪਿਕ 'ਚ ਕਾਂਸੀ ਤਗਮਾ ਜੇਤੂ ਭਾਰਤੀ ਹਾਕੀ ਟੀਮ ਨੂੰ ਇੱਥੇ ਸਨਮਾਨਿਤ ਕਰਦਿਆਂ ਉਨ੍ਹਾਂ ਦ੍ਰਿੜ੍ਹਤਾ ਅਤੇ ਬੇਮਿਸਾਲ ਜਜ਼ਬੇ ਦੀ ਸ਼ਲਾਘਾ ਕੀਤੀ। ਮਾਂਡਵੀਆ ਨੇ ਟੀਮ ਨੂੰ ਕਿਹਾ, "ਤੁਸੀਂ ਭਾਰਤ ਦਾ ਮਾਣ ਵਧਾਇਆ ਹੈ ਅਤੇ ਲੱਖਾਂ ਨੌਜਵਾਨ ਖਿਡਾਰੀਆਂ ਨੂੰ ਆਪਣੇ ਸੁਪਨੇ ਪੂਰੇ ਕਰਨ ਪ੍ਰੇਰਿਆ ਹੈ।"

### ਫਾਈਨਲ ਮੈਚ ਖੇਡਣਾ ਚਾਹੁੰਦੇ ਸੀ ਪਰ ਕਾਂਸੇ ਤੋਂ ਵੀ ਖੁਸ਼: ਮਨਪ੍ਰੀਤ ਸਿੰਘ

**ਨਵੀਂ ਦਿੱਲੀ:** ਭਾਰਤੀ ਹਾਕੀ ਟੀਮ ਦੇ ਸੀਨੀਅਰ ਖਿਡਾਰੀ ਮਨਪ੍ਰੀਤ ਸਿੰਘ ਨੇ ਕਿਹਾ ਕਿ ਓਲੰਪਿਕ 'ਚ ਸੋਨਾ ਨਾ ਜਿੱਤ ਸਕਣਾ ਨਿਰਾਸ਼ਾਜਨਕ ਸੀ ਪਰ ਲਗਾਤਾਰ ਦੂਜੀ ਵਾਰ ਕਾਂਸੇ ਦਾ ਤਗਮਾ ਜਿੱਤਣਾ ਵੀ ਮਾੜੀ ਗੱਲ ਨਹੀਂ ਹੈ। ਅੱਠ ਵਾਰ ਦੀ ਓਲੰਪਿਕ ਚੈਂਪੀਅਨ ਭਾਰਤੀ ਟੀਮ ਨੇ ਪੈਰਿਸ ਓਲੰਪਿਕ 'ਚ ਕਾਂਸੀ ਦਾ ਤਗਮਾ ਜਿੱਤਿਆ ਹੈ। ਭਾਰਤ ਨੇ ਓਲੰਪਿਕ 'ਚ ਆਖਰੀ ਵਾਰ ਸੋਨ ਤਗਮਾ 1980 'ਚ ਜਿੱਤਿਆ ਸੀ।

ਉਨ੍ਹਾਂ ਨੇ ਖਿਡਾਰਅਾਂ ਦੇ ਸਮਰਪਣ ਅਤੇ ਸਖ਼ਤ ਮਿਹਨਤ ਨੂੰ ਸਲਾਹੁੰਦਿਆਂ ਆਖਿਆ ਕਿ ਆਲਮੀ ਪੱਧਰ 'ਤੇ ਉਨ੍ਹਾਂ ਦੇ ਬਿਹਤਰੀਨ ਪ੍ਰਦਰਸ਼ਨ ਨੇ ਭਾਰਤ ਦਾ ਮਾਣ ਵਧਾਇਆ ਹੈ।"

# ਸੁਖਬੀਰ ਨੂੰ ਪਾਰਟੀ ਤੇ ਪੰਥ ਖਾਤਰ ਤਿਆਗ ਦਿਖਾਉਣ ਦੀ ਸਲਾਹ ਦਿੱਤੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਪ੍ਰੀਜ਼ੀਡੀਅਮ ਦੇ ਮੈਂਬਰਾਂ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਅਤੇ ਜਥੇਬੰਦੀ ਦੀ ਮਜ਼ਬੂਤੀ ਦੀ ਅਰਦਾਸ ਕੀਤੀ। ਮਗਰੋਂ ਉਨ੍ਹਾਂ ਆਪਣੀ ਪਲੇਠੀ ਮੀਟਿੰਗ ਦੌਰਾਨ ਫ਼ੈਸਲਾ ਲਿਆ ਕਿ ਲੋਕ ਸੰਪਰਕ ਮੁਹਿੰਮ ਵਿੱਢਣ ਲਈ ਜ਼ਿਲ੍ਹਾਵਾਰ ਮੀਟਿੰਗਾਂ ਹੋਣਗੀਆਂ ਅਤੇ ਨਵੀਂ ਪੀੜ੍ਹੀ ਨੂੰ ਅੱਗੇ ਲਾਉਣ ਲਈ ਆਨਲਾਈਨ ਫਾਰਮ ਜਾਰੀ ਕਰ ਕੇ ਪਿੰਡਾਂ ਅਤੇ ਵਾਰਡਾਂ ਵਿਚ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ।

ਇਸ ਮੌਕੇ ਪ੍ਰੀਜ਼ੀਡੀਅਮ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਕ ਵਾਰ ਮੁੜ ਸੁਖਬੀਰ ਸਿੰਘ ਬਾਦਲ ਨੂੰ ਆਖਿਆ ਕਿ ਉਹ ਪਾਰਟੀ ਅਤੇ ਪੰਥ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਤਿਆਗ ਦੀ ਭਾਵਨਾ ਦਿਖਾਉਣ। ਉਨ੍ਹਾਂ ਕਿਹਾ ਕਿ ਸਿੱਖ ਪੰਥ ਕੁਰਬਾਨੀ ਕਰਨ ਵਾਲਿਆਂ ਨੂੰ ਹਮੇਸ਼ਾ ਸਿਰ 'ਤੇ ਚੁੱਕਦਾ ਆਇਆ ਹੈ। ਉਨ੍ਹਾਂ ਦੇਸ਼ ਵਿਦੇਸ਼ ਵਿਚ ਰਹਿੰਦੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਵਿਖੇ ਪਾਰਟੀ ਸਬੰਧੀ ਵਿਚਾਰੇ ਜਾ ਰਹੇ ਮਾਮਲੇ ਬਾਰੇ ਜਥੇਦਾਰ ਨੂੰ ਆਪੋ ਆਪਣੇ ਵਿਚਾਰ ਭੇਜਣ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਜੋ ਫ਼ੈਸਲਾ ਕੀਤਾ ਜਾਵੇਗਾ, ਉਹ ਸਭ ਨੂੰ ਪ੍ਰਵਾਨ ਹੋਵੇਗਾ।

ਸੁਖਬੀਰ ਬਾਦਲ ਵੱਲੋਂ ਕੀਤੇ ਗਏ ਫ਼ੈਸਲਿਆਂ ਵਿਚ ਕਈ ਅਕਾਲੀ ਆਗੂ ਉਸ ਵੇਲੇ ਸ਼ਾਮਲ ਸਨ ਜੋ ਹੁਣ ਸੁਧਾਰ ਲਹਿਰ ਵਿਚ ਹਨ, ਬਾਰੇ ਸ੍ਰੀ ਵਡਾਲਾ ਨੇ ਕਿਹਾ ਕਿ ਕਈ ਵੱਡੇ ਫ਼ੈਸਲੇ ਸੁਖਬੀਰ ਵੱਲੋਂ ਇਕੱਲੇ ਹੀ ਲਏ ਗਏ ਸਨ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ ਕਰਨ ਵਾਲੇ ਮਾਮਲੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਉਸ ਵੇਲੇ ਸੀਨੀਅਰ ਅਕਾਲੀ ਆਗੂ ਵਿਚ ਹੁੰਦੇ ਤਾਂ ਸ਼ਾਇਦ ਇਹ ਫ਼ੈਸਲਾ ਨਾ ਹੁੰਦਾ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਵੇਲੇ ਵਾਪਰੀਆਂ ਬੇਅਦਬੀਆਂ ਦੇ ਮਾਮਲੇ ਵਿਚ ਸਰਕਾਰ ਨੂੰ ਦੋਸ਼ੀਆਂ ਦੇ ਖ਼ਿਲਾਫ਼ ਸਖਤ ਕਾਰਵਾਈ ਕਰਨੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਹੁਣ ਤੱਕ ਕਿਸੇ ਵੀ ਸਰਕਾਰ ਨੇ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ।



ਇਧਰ, ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਪ੍ਰੀਜ਼ੀਡੀਅਮ ਦੇ ਮੈਂਬਰ ਚਰਨਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਹਲਕਾ ਰਾਜਪੁਰਾ ਦੇ ਅਕਾਲੀ ਵਰਕਰਾਂ ਅਤੇ ਆਗੂਆਂ ਦੀ ਮੀਟਿੰਗ ਹੋਈ, ਜਿਸ ਵਿਚ ਸੁਖਬੀਰ ਬਾਦਲ ਨਿਸ਼ਾਨੇ 'ਤੇ ਰਹੇ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਇਕ ਪਰਿਵਾਰ ਦਾ ਨਹੀਂ ਹੈ, ਸਗੋਂ ਪਾਰਟੀ ਲਈ ਕੁਰਬਾਨੀਆਂ ਕਰਨ ਵਾਲੇ ਪੰਥਕ ਲੋਕਾਂ ਦਾ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਕਾਇਮ ਕੀਤੀ ਗਈ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਵਾਗ ਡੋਰ ਰੇਤ ਮਾਫ਼ੀਆ ਵਿਚੋਂ ਪੈਦਾ ਹੋਏ ਆਗੂਆਂ ਨੂੰ ਸੌਂਪ ਦਿੱਤੀ ਗਈ ਹੈ ਅਤੇ ਪੰਥਕ ਹਿੱਤਾਂ ਦੀ ਬਜਾਏ ਪੰਥ ਵਿਰੋਧੀ ਫ਼ੈਸਲੇ ਲੈਣ ਕਾਰਨ ਪੰਥ ਹਿਤੈਸ਼ੀ ਲੋਕ ਅਕਾਲੀ ਦਲ ਤੋਂ ਦੂਰ ਹੋ ਗਏ ਹਨ। ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਸੁਖਬੀਰ ਸਿੰਘ ਬਾਦਲ ਦਾ ਪ੍ਰਧਾਨਗੀ ਦੇ ਅਹੁਦੇ ਤੋਂ ਹਟਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਮਜ਼ਬੂਤੀ ਲਈ ਪਾਰਟੀ ਵਿਚ ਪ੍ਰਧਾਨਗੀ ਅਹੁਦੇ ਤੋਂ ਲੈ ਕੇ ਵੱਡੀਆਂ ਤਬਦੀਲੀਆਂ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਤਬਦੀਲੀਆਂ ਤੋਂ ਬਾਅਦ ਹੀ ਲੋਕ ਵੱਡੇ ਪੱਧਰ 'ਤੇ ਅਕਾਲੀ ਦਲ ਦਾ ਸਾਥ ਦੇਣਗੇ।

ਅਕਾਲੀ ਦਲ ਸੁਧਾਰ ਲਹਿਰ ਨੂੰ ਮਜ਼ਬੂਤ ਕਰਨ ਲਈ ਆਉਣ ਵਾਲੇ ਦਿਨਾਂ ਵਿਚ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲ ਦਲ ਲਈ ਨਿਰਸਵਾਰਥ ਸੇਵਾ ਕਰਨ ਵਾਲੇ ਆਗੂਆਂ ਦੇ ਬਰਸੀ ਦਾ ਸਮਾਗਮ ਵੱਡੇ ਪੱਧਰ 'ਤੇ ਮਨਾਏ ਜਾਣਗੇ। 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ, 24 ਸਤੰਬਰ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ 100ਵੇਂ ਜਨਮ ਦਿਨ ਸਬੰਧੀ ਸਮਾਗਮ ਵੱਡੇ ਪੱਧਰ ਉਤੇ ਮਨਾਇਆ ਜਾ ਰਿਹਾ ਹੈ।

## ਦਲ ਦੀ ਸੁਰਜੀਤੀ ਦਾ ਮੁੱਢ ਸੰਗਰੂਰ ਤੋਂ ਬੱਝੇਗਾ: ਢੀਂਡਸਾ

**ਸ਼ਹਿਣਾ:** ਸਾਬਕਾ ਵਿੱਤ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਆਖਿਆ ਕਿ ਹਰ ਸਿਆਸੀ ਪਾਰਟੀ ਦਾ ਦਬਦਬਾ ਸੰਗਰੂਰ ਲੋਕ ਸਭਾ ਹਲਕੇ ਤੋਂ ਸ਼ੁਰੂ ਹੋਇਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਦਾ ਮੁੱਢ ਵੀ ਸੰਗਰੂਰ ਤੋਂ ਹੀ ਬੱਝੇਗਾ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਰਨ ਭਾਵੇਂ ਅਕਾਲੀ ਦਲ ਦੀ ਗੱਡੀ ਲੀਹੋਂ ਲੱਥ ਚੁੱਕੀ ਹੈ ਪਰ ਸੰਗਤ ਦੇ ਸਹਿਯੋਗ ਨਾਲ ਇਸ ਨੂੰ ਮੁੜ ਲੀਹ 'ਤੇ ਲਿਆਂਦਾ ਜਾ ਰਿਹਾ ਹੈ। ਉਹ ਪਿੰਡ ਉਗੋਕੇ 'ਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ 20 ਅਗਸਤ ਨੂੰ ਹੋਣ ਵਾਲੇ ਬਰਸੀ ਸਮਾਗਮ ਦੀ ਤਿਆਰੀ ਸਬੰਧੀ ਅਕਾਲੀ ਵਰਕਰਾਂ ਤੇ ਆਗੂਆਂ ਨਾਲ ਮੀਟਿੰਗ ਕਰ ਰਹੇ ਸਨ। ਉਨ੍ਹਾਂ ਸੁਖਬੀਰ 'ਤੇ ਪੰਥ ਅਤੇ ਪਾਰਟੀ ਨਾਲ ਮੁੜ ਧੋਖਾ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਸੁਖਬੀਰ ਪੰਥ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਰਹੇ ਹਨ ਪਰ ਹੁਣ ਸੱਚ ਸਾਹਮਣੇ ਆ ਰਿਹਾ ਹੈ।

# ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਸਣੇ 86 ਗ੍ਰਿਫ਼ਤਾਰ



**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਸੂਬੇ ਭਰ ਵਿਚ 512 ਥਾਵਾਂ 'ਤੇ ਛਾਪੇ ਮਾਰੇ। ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਚਲਾਈ ਗਈ ਇਸ ਮੁਹਿੰਮ ਵਿਚ 4 ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀਆਂ 518 ਤੋਂ ਵੱਧ ਪੁਲਿਸ ਟੀਮਾਂ ਨੇ ਹਿੱਸਾ ਲਿਆ।

ਇਸ ਦੌਰਾਨ ਪੁਲਿਸ ਨੇ ਵੱਖ-ਵੱਖ ਥਾਈਂ 419 ਨਾਕੇ ਲਾਏ ਅਤੇ 4 ਭਗੌੜਿਆਂ ਸਣੇ 86 ਵਿਅਕਤੀਆਂ ਨੂੰ 270 ਗ੍ਰਾਮ ਹੈਰੋਇਨ, 15,210 ਰੁਪਏ ਦੀ ਡਰੱਗ ਮਨੀ, 74 ਕਿਲੋ ਭੁੱਕੀ, 2 ਕਿਲੋ ਗਾਂਜਾ ਅਤੇ 1,868 ਨਸ਼ੀਲੀਆਂ ਗੋਲੀਆਂ ਸਣੇ ਗ੍ਰਿਫ਼ਤਾਰ ਕੀਤਾ ਹੈ।

ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਕਿਹਾ ਕਿ ਅਧਿਕਾਰੀਆਂ ਨੂੰ ਨਸ਼ਾ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ ਖ਼ਿਲਾਫ਼ ਢਿੱਲੀ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਕਾਰੀਆਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਇਹ ਕਾਰਵਾਈ ਭਵਿੱਖ ਵਿਚ ਵੀ ਜਾਰੀ ਰਹੇਗੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਭਰ 'ਚ ਮੁਜ਼ਾਹਰੇ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਭਰ ਵਿਚ 'ਕਾਰਪੋਰੇਟ ਭਾਰਤ ਛੱਡੋ, ਖੇਤੀ ਛੱਡੋ' ਮੁਹਿੰਮ ਚਲਾਈ ਗਈ ਤੇ ਜ਼ਿਲ੍ਹਾ ਹੈੱਡਕੁਆਰਟਰਾਂ ਉਤੇ ਧਰਨੇ ਦੇ ਕੇ ਅਧਿਕਾਰੀਆਂ ਨੂੰ ਯਾਦ ਪੱਤਰ ਸੌਂਪੇ ਗਏ। ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ ਤੇ ਰਮਿੰਦਰ ਸਿੰਘ ਨੇ ਦੱਸਿਆ ਕਿ ਮੋਰਚੇ ਵੱਲੋਂ ਦੇਸ਼ ਦੀ ਖੇਤੀ ਨੂੰ ਧਨਾਢ ਘਰਾਣਿਆਂ ਤੋਂ ਬਚਾਉਣ ਅਤੇ ਖੇਤੀ ਖੇਤਰ 'ਤੇ ਪੈਸੇ ਦੇ ਜ਼ੋਰ ਨਾਲ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਦਾ ਸੱਦਾ ਦਿੱਤਾ ਗਿਆ ਸੀ।

ਅਰਵਿੰਦਰ ਕੌਰ ਕਾਕੜਾ ਨੇ ਦੱਸਿਆ ਕਿ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਝਾਰਖੰਡ, ਪੱਛਮੀ ਬੰਗਾਲ, ਗੁਜਰਾਤ, ਕਰਨਾਟਕ, ਹਿਮਾਚਲ ਪ੍ਰਦੇਸ਼, ਤਾਮਿਲਨਾਡੂ, ਬਿਹਾਰ ਸਣੇ ਹੋਰ ਰਾਜਾਂ ਵਿਚ ਹੈੱਡਕੁਆਰਟਰਾਂ ਉਤੇ ਧਰਨੇ ਦੇ ਕੇ ਮੋਦੀ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਪ੍ਰਦਰਸ਼ਨਾਂ ਵਿਚ ਖੱਬੀਆਂ ਧਿਰਾਂ ਸਮੇਤ ਵੱਖ-ਵੱਖ ਵਿਚਾਰਧਾਰਾਵਾਂ ਦੀਆਂ ਕਿਸਾਨ ਯੂਨੀਅਨਾਂ ਨੇ ਸ਼ਿਰਕਤ ਕੀਤੀ। ਪੱਛਮੀ ਉੱਤਰ ਪ੍ਰਦੇਸ਼ ਵਿਚ ਭਾਰਤੀ ਕਿਸਾਨ ਯੂਨੀਅਨ ਟਿਕੈਤ ਦੇ ਕਾਰਕੁਨਾਂ ਨੇ ਧਰਨੇ ਦਿੱਤੇ। ਹਰਿਆਣਾ ਦੇ ਪਲਵਲ ਵਿਚ ਅਧਿਕਾਰੀਆਂ ਨੂੰ ਯਾਦ ਪੱਤਰ ਸੌਂਪਿਆ ਗਿਆ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸੂਬੇ 'ਚ 14 ਜ਼ਿਲ੍ਹਿਆਂ ਵਿਚ 31 ਥਾਵਾਂ 'ਤੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰ ਕੇ ਵਿਸ਼ਵ ਵਪਾਰ ਸੰਸਥਾ ਦੇ ਪੁਤਲੇ ਫੂਕੇ ਗਏ। ਇਸ ਦੌਰਾਨ ਸੈਂਕੜੇ ਕਿਸਾਨਾਂ ਵੱਲੋਂ ਸੰਗਰੂਰ ਵਿਚ ਵਿਸ਼ਾਲ ਰੋਸ ਮਾਰਚ ਕਰਦਿਆਂ ਡੀ.ਸੀ. ਦਫ਼ਤਰ ਅੱਗੇ ਵਿਸ਼ਵ ਵਪਾਰ ਸੰਸਥਾ ਦਾ ਪੁਤਲਾ ਫੂਕਦਿਆਂ ਰੋਸ ਪ੍ਰਦਰਸ਼ਨ ਕੀਤਾ ਗਿਆ।



ਇਥੇ ਅਨਾਜ ਮੰਡੀ ਵਿਚ ਕੀਤੀ ਰੋਸ ਰੈਲੀ ਨੂੰ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਅਤੇ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਸੰਬੋਧਨ ਕੀਤਾ। ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਰਕਾਰਾਂ ਭਾਵੇਂ ਕਿਸੇ ਵੀ ਸਿਆਸੀ ਪਾਰਟੀਆਂ ਦੀਆਂ ਸੱਤਾ ਵਿਚ ਹੋਣ ਪਰ ਹਮੇਸ਼ਾ ਹੀ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਲੋਕਾਂ ਦੇ ਜਨਤਕ ਅਦਾਰੇ ਕੌਡੀਆਂ ਦੇ ਭਾਅ ਵੇਚ ਦਿੰਦੀਆਂ ਹਨ। ਸਮੇਂ ਦੀਆਂ ਹਕੂਮਤਾਂ ਦੇਸ਼ ਦੇ ਖਣਿਜ ਪਦਾਰਥ, ਲੋਕਾਂ ਦੀਆਂ ਜ਼ਮੀਨਾਂ ਅਤੇ ਸੜਕਾਂ ਕਾਰਪੋਰੇਟਾਂ ਦੇ ਹਵਾਲੇ ਕਰ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਭਾਰਤ ਦੇਸ਼ ਵਿਸ਼ਵ ਵਪਾਰ ਸੰਸਥਾ ਤੋਂ ਬਾਹਰ ਆਵੇ, ਸਵਾਮੀਨਾਥਨ ਦੇ ਫਾਰਮੂਲੇ ਮੁਤਾਬਕ ਫਸਲਾਂ ਦੇ ਭਾਅ ਦਿੱਤੇ ਜਾਣ, ਮੁਆਵਜ਼ੇ ਦੀ ਅਦਾਇਗੀ ਲਈ ਵੱਧ ਤੋਂ ਵੱਧ ਪੰਜ ਏਕੜ ਦੀ ਸ਼ਰਤ ਖਤਮ ਕੀਤੀ ਜਾਵੇ, ਖੇਤੀ ਸੈਕਟਰ ਨੂੰ ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਅਤੇ ਕਾਰਪੋਰੇਟਾਂ ਦੇ ਪੰਜੇ ਵਿਚੋਂ ਮੁਕਤ ਕਰਵਾਇਆ ਜਾਵੇ, ਧਰਤੀ ਹੇਠਲੇ ਪਾਣੀ ਦੀ ਮੁੜ ਭਰਪਾਈ ਵਾਸਤੇ ਵਿਗਿਆਨਕ ਢਾਂਚਾ ਵਰਤਿਆ ਜਾਵੇ, ਸੂਦਖੋਰਾਂ ਅਤੇ ਕਾਰਪੋਰੇਟਾਂ 'ਤੇ ਸਿੱਧੇ ਅਤੇ ਮੋਟੇ ਟੈਕਸ ਲਗਾਏ ਜਾਣ, ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਖਤਮ ਕੀਤਾ ਜਾਵੇ, ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ, ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਸਾਰਾ ਕਰਜ਼ਾ ਖਤਮ ਕੀਤਾ ਜਾਵੇ, ਸੂਦਖੋਰਾਂ ਵੱਲੋਂ ਹਾਸਲ ਕੀਤੇ ਦਸਤਖ਼ਤ/ਅੰਗੂਠੇ ਵਾਲੇ ਖਾਲੀ ਚੈੱਕ/ਪਰਨੋਟ/ਅਸ਼ਟਾਮ ਦੀ ਮਾਨਤਾ ਖਤਮ ਕੀਤੀ ਜਾਵੇ।

# ਪੰਜਾਬ ਵਿਚ ਜ਼ਮੀਨਾਂ ਦੇ ਕੁਲੈਕਟਰ ਰੇਟਾਂ ਵਿਚ ਵਾਧੇ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੀ ਵਿੱਤੀ ਸਿਹਤ ਨੂੰ ਠੁੰਮ੍ਹਣਾ ਦੇਣ ਲਈ ਜ਼ਮੀਨਾਂ ਦੇ ਕੁਲੈਕਟਰ ਰੇਟਾਂ ਵਿਚ ਵੱਡਾ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ। ਸੂਬੇ ਦੇ ਮਾਲ ਮਹਿਕਮੇ ਤੋਂ ਆਮਦਨੀ 'ਚ ਵਾਧੇ ਲਈ ਆਉਂਦੇ ਦਿਨਾਂ ਵਿਚ ਕੁਲੈਕਟਰ ਰੇਟ ਵਧਣਗੇ। ਜ਼ਿਲ੍ਹਾ ਪਟਿਆਲਾ ਨੇ ਇਸ ਮਾਮਲੇ ਵਿਚ ਪਹਿਲ ਕਰ ਦਿੱਤੀ ਹੈ। ਬਾਕੀ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਫੌਰੀ ਕੁਲੈਕਟਰ ਰੇਟਾਂ 'ਚ ਵਾਧੇ ਲਈ ਆਖ ਦਿੱਤਾ ਗਿਆ ਹੈ।



ਬੇਸ਼ੱਕ ਪ੍ਰਾਪਰਟੀ ਕਾਰੋਬਾਰੀਆਂ ਲਈ ਇਹ ਇਕ ਝਟਕਾ ਹੋਵੇਗਾ ਪਰ ਪੰਜਾਬ ਸਰਕਾਰ ਵਿੱਤੀ ਸਰੋਤ ਜੁਟਾਉਣ ਲਈ ਕਦਮ ਅੱਗੇ ਵਧਾਉਣਾ ਚਾਹੁੰਦੀ ਹੈ। ਕੁਲੈਕਟਰ ਰੇਟਾਂ ਵਿਚ ਵਾਧੇ ਦਾ ਪਤਾ ਲੱਗਣ 'ਤੇ ਲੋਕਾਂ ਵਿਚ ਨਾਰਾਜ਼ਗੀ ਪੈਦਾ ਹੋ ਸਕਦੀ ਹੈ। ਚਾਲੂ ਵਿੱਤੀ ਵਰ੍ਹੇ ਦੌਰਾਨ ਕੁਲੈਕਟਰ ਰੇਟਾਂ ਵਿਚ ਵਾਧੇ ਨਾਲ ਜਿੱਥੇ ਸਰਕਾਰੀ ਖ਼ਜ਼ਾਨੇ ਵਿਚ ਵਾਧੂ ਪੈਸਾ ਆਵੇਗਾ, ਉੱਥੇ ਕਾਲੇ ਧਨ ਦਾ ਪਾਸਾਰ ਵੀ ਰੁਕੇਗਾ। ਪੰਜਾਬ ਸਰਕਾਰ ਨੇ ਨਵੇਂ ਵਾਧੇ ਨਾਲ ਸਾਲਾਨਾ ਕਰੀਬ 1500 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦਾ ਅਨੁਮਾਨ ਲਾਇਆ ਹੈ।

ਕਈ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ ਨੇ ਕੁਲੈਕਟਰ ਰੇਟਾਂ ਵਿਚ ਵਾਧਾ ਕਰਨ ਵਾਸਤੇ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਆਮ ਤੌਰ 'ਤੇ ਕੁਲੈਕਟਰ ਰੇਟਾਂ ਵਿਚ 5 ਤੋਂ 10 ਫ਼ੀਸਦੀ ਤੱਕ ਦਾ ਵਾਧਾ ਹੁੰਦਾ ਰਿਹਾ ਹੈ। ਪੰਜਾਬ ਸਰਕਾਰ ਨੇ ਇਸ ਵਾਰ ਕੁਲੈਕਟਰ ਰੇਟ ਜ਼ਿਆਦਾ ਵਧਾਉਣ ਦਾ ਫ਼ੈਸਲਾ ਕੀਤਾ ਹੈ। ਜ਼ਿਲ੍ਹਾ ਪਟਿਆਲਾ ਵਿਚ ਤਾਂ ਸੌ ਫ਼ੀਸਦੀ ਤੱਕ ਕੁਲੈਕਟਰ ਰੇਟ ਵਧਾਏ ਗਏ ਹਨ। ਬਾਕੀ ਜ਼ਿਲ੍ਹਿਆਂ ਨੂੰ ਵੀ 'ਪਟਿਆਲਾ ਮਾਡਲ' ਅਪਣਾਉਣ ਲਈ ਕਿਹਾ ਗਿਆ ਹੈ। ਮਿਸਾਲ ਵਜੋਂ ਪਟਿਆਲਾ ਦੇ ਪਿੰਡ ਲੇਹਲ ਵਿਚ ਵਾਹੀਯੋਗ ਜ਼ਮੀਨ ਦਾ ਕੁਲੈਕਟਰ ਰੇਟ 70 ਲੱਖ ਰੁਪਏ ਤੋਂ ਵਧ ਕੇ ਡੇਢ ਕਰੋੜ ਰੁਪਏ ਪ੍ਰਤੀ ਏਕੜ ਹੋ ਗਿਆ ਹੈ।

ਰਿਹਾਇਸ਼ੀ ਖੇਤਰਾਂ ਵਿਚ ਕੁਲੈਕਟਰ ਰੇਟ ਵਿਚ ਘੱਟ ਵਾਧਾ ਕੀਤਾ ਗਿਆ ਹੈ। ਪਟਿਆਲਾ ਦੀ ਨਿਊ ਲਾਲ ਬਾਗ਼ ਕਾਲੋਨੀ ਵਿੱਚ ਕੁਲੈਕਟਰ ਰੇਟ 14,300 ਰੁਪਏ ਪ੍ਰਤੀ ਵਰਗ ਗਜ਼ ਤੋਂ ਵਧਾ ਕੇ ਹੁਣ 16,000 ਰੁਪਏ ਪ੍ਰਤੀ ਵਰਗ ਗਜ਼ ਕਰ ਦਿੱਤੇ ਗਏ ਹਨ। ਵਰ੍ਹਾ 2024-25 ਦੇ ਬਜਟ ਵਿਚ ਮਾਲੀਏ ਵਿਚ 1500 ਕਰੋੜ ਰੁਪਏ ਦਾ ਵਾਧਾ ਕਰਨ ਦਾ ਟੀਚਾ ਮਿੱਥਿਆ ਗਿਆ ਸੀ ਅਤੇ ਸਾਲ 2023-24 ਵਿਚ 4200 ਕਰੋੜ ਦਾ ਮਾਲੀਆ ਇਕੱਠਾ ਹੋਇਆ ਸੀ। ਸੀਨੀਅਰ ਅਫ਼ਸਰਾਂ ਮੁਤਾਬਕ ਉਹ ਚਾਹੁੰਦੇ ਹਨ ਕਿ ਚਾਲੂ ਵਿੱਤੀ ਵਰ੍ਹੇ ਦੌਰਾਨ ਮਾਲੀਆ ਛੇ ਹਜ਼ਾਰ ਕਰੋੜ ਨੂੰ ਛੂਹ ਜਾਵੇ ਅਤੇ ਉਹ 1800 ਕਰੋੜ ਦਾ ਵਾਧਾ ਕਰਨ ਵਾਸਤੇ ਜ਼ੋਰ-ਅਜ਼ਮਾਈ ਕਰ ਰਹੇ ਹਨ। ਚਾਲੂ ਵਿੱਤੀ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿਚ (ਅਪਰੈਲ ਅਤੇ ਜੁਲਾਈ ਦੇ ਵਿਚਕਾਰ) ਸਟੈਂਪ ਡਿਊਟੀ ਅਤੇ ਰਜਿਸਟਰੇਸ਼ਨ ਦੇ ਰੂਪ ਵਿਚ 1854 ਕਰੋੜ ਰੁਪਏ ਇਕੱਠੇ ਹੋਏ ਹਨ। ਮਾਰਚ 2025 ਤੱਕ ਇਹ ਕੁਲੈਕਸ਼ਨ ਛੇ ਹਜ਼ਾਰ ਕਰੋੜ ਨੂੰ ਛੂਹ ਸਕਦੀ ਹੈ।

ਪੁਰਾਣਾ ਚਲਣ ਰਿਹਾ ਹੈ ਕਿ ਸਰਕਾਰਾਂ ਵੱਲੋਂ ਚੋਣਾਂ ਵਾਲੇ ਵਰ੍ਹਿਆਂ ਵਿਚ ਕੁਲੈਕਟਰ ਰੇਟ ਵਧਾਏ ਨਹੀਂ ਜਾਂਦੇ ਹਨ। ਜਦੋਂ ਵੀ ਕੁਲੈਕਟਰ ਰੇਟਾਂ ਵਿਚ ਵਾਧਾ ਹੁੰਦਾ ਹੈ ਤਾਂ ਪ੍ਰਾਪਰਟੀ ਕਾਰੋਬਾਰੀ ਸਿੱਧੇ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਕੁਲੈਕਟਰ ਰੇਟ ਵਧਣ ਨਾਲ ਪ੍ਰਾਪਰਟੀ ਦੇ ਕਾਰੋਬਾਰ ਵਿਚ ਮੰਦਾ ਆ ਜਾਵੇਗਾ।

## ਰਜਿਸਟਰੀਆਂ ਤੋਂ ਆਮਦਨ 'ਚ 71 ਫ਼ੀਸਦ ਦਾ ਵਾਧਾ: ਜਿੰਪਾ

**ਚੰਡੀਗੜ੍ਹ:** ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਪਿਛਲੇ ਮਹੀਨੇ ਸੂਬੇ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਹੋਣ ਵਾਲੀ ਆਮਦਨ ਵਿਚ ਰਿਕਾਰਡ 71 ਫ਼ੀਸਦ ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਪ੍ਰਾਪਰਟੀ ਦੇ ਰੇਟ ਕਾਫ਼ੀ ਵਧ ਗਏ ਹਨ ਪਰ ਉਸ ਲਿਹਾਜ਼ ਨਾਲ ਕੁਲੈਕਟਰ ਰੇਟ ਨਹੀਂ ਵਧੇ ਸਨ। ਉਨ੍ਹਾਂ ਕਿਹਾ ਕਿ ਹੁਣ ਕੁਲੈਕਟਰ ਰੇਟ ਵਧਾਏ ਜਾ ਰਹੇ ਹਨ ਤਾਂ ਜੋ ਪੰਜਾਬ ਸਰਕਾਰ ਦੇ ਮਾਲੀਏ ਵਿਚ ਵਾਧਾ ਹੋ ਸਕੇ।

# ਦਿੱਲੀ ਹਵਾਈ ਅੱਡੇ 'ਤੇ ਐਨ.ਆਰ.ਆਈਜ਼ ਨੂੰ ਮਿਲਣਗੀਆਂ ਲੋੜੀਂਦੀਆਂ ਸਹੂਲਤਾਂ

## ਮੁੱਖ ਮੰਤਰੀ ਮਾਨ ਨੇ ਪੰਜਾਬ ਸਹਾਇਤਾ ਕੇਂਦਰ ਦਾ ਉਦਘਾਟਨ ਕੀਤਾ




**ਨਵੀਂ ਦਿੱਲੀ:** ਦੁਨੀਆ ਭਰ 'ਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਟਰਮੀਨਲ-3 'ਤੇ 'ਪੰਜਾਬ ਸਹਾਇਤਾ ਕੇਂਦਰ' ਦਾ ਉਦਘਾਟਨ ਕੀਤਾ। ਸਹਾਇਤਾ ਕੇਂਦਰ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸਾਡੇ ਲਈ ਅੱਜ ਇਕ ਇਤਿਹਾਸਕ ਦਿਨ ਹੈ ਕਿਉਂਕਿ ਪੰਜਾਬ ਅਜਿਹਾ ਉਪਰਾਲਾ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਤੋਂ ਸੂਬਾ ਸਰਕਾਰ ਦੀ ਐਨ.ਆਰ.ਆਈ. ਭਾਈਚਾਰੇ ਦੀ ਮਦਦ ਅਤੇ ਸਹਿਯੋਗ ਕਰਨ ਲਈ ਦ੍ਰਿੜ੍ਹ ਪ੍ਰਤੀਬੱਧਤਾ ਝਲਕਦੀ ਹੈ।"

ਉਨ੍ਹਾਂ ਆਖਿਆ ਕਿ ਕੇਂਦਰ 24 ਘੰਟੇ ਕਾਰਜਸ਼ੀਲ ਰਹੇਗਾ ਤੇ ਇਹ ਇਸ ਟਰਮੀਨਲ 'ਤੇ ਆਉਣ ਵਾਲੇ ਐਨ.ਆਰ.ਆਈਜ਼. ਤੇ ਹੋਰ ਮੁਸਾਫਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਕੇਂਦਰ ਕੋਲ ਦੋ ਇਨੋਵਾ ਕਾਰਾਂ ਹੋਣਗੀਆਂ ਜੋ ਮੁਸਾਫਰਾਂ ਨੂੰ ਪੰਜਾਬ ਭਵਨ ਜਾਂ ਹੋਰ ਨੇੜਲੀਆਂ ਥਾਵਾਂ 'ਤੇ ਲਿਜਾਣ ਲਈ ਮਦਦ ਕਰਨਗੀਆਂ। ਯਾਤਰੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਉਡਾਣਾਂ ਦੇ ਸਮੇਂ, ਟੈਕਸੀ ਸਰਵਿਸ, ਹਵਾਈ ਅੱਡੇ 'ਤੇ ਗੁਆਚੇ ਸਾਮਾਨ ਬਾਰੇ ਸੂਚਿਤ ਕਰਨ ਜਾਂ ਕੋਈ ਹੋਰ ਸਹਾਇਤਾ ਲਈ ਇਸ ਕੇਂਦਰ ਤੱਕ ਪਹੁੰਚ ਕਰ ਸਕਦੇ ਹਨ।

ਮੁੱਖ ਮੰਤਰੀ ਮੁਤਾਬਕ ਜੇ ਕੋਈ ਐਮਰਜੈਂਸੀ ਪੇਸ਼ ਆਉਂਦੀ ਹੈ ਤਾਂ ਨਵੀਂ ਦਿੱਲੀ ਸਥਿਤ ਪੰਜਾਬ ਭਵਨ, ਕੋਪਰਨਿਕਸ ਮਾਰਗ 'ਤੇ ਕੁਝ ਕਮਰੇ ਵੀ ਮੁਸਾਫਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਦਿੱਤੇ ਜਾਣਗੇ ਅਤੇ "ਕਿਸੇ ਤਰ੍ਹਾਂ ਦੀ ਵੀ ਸਹਾਇਤਾ ਲੈਣ ਲਈ ਫੋਨ ਨੰਬਰ 011-61232182 'ਤੇ ਸੰਪਰਕ ਕੀਤਾ ਜਾ ਸਕਦਾ ਹੈ।" ਇਸ ਮੌਕੇ ਮਾਨ ਨੇ ਕਿਹਾ ਕਿ ਪੰਜਾਬ ਤੋਂ ਕੌਮੀ ਰਾਜਧਾਨੀ ਆਉਣ ਵਾਲੇ ਵਾਹਨਾਂ ਦੀ ਨਿਰਵਿਘਨ ਐਂਟਰੀ ਦਾ ਮਸਲਾ ਛੇਤੀ ਹੱਲ ਕਰ ਲਿਆ ਜਾਵੇਗਾ ਕਿਉਂਕਿ ਹੁਣ ਮਿਊਂਸਿਪਲ ਕਾਰਪੋਰੇਸ਼ਨ, ਦਿੱਲੀ ਵਿੱਚ ਵੀ ਆਮ ਆਦਮੀ ਪਾਰਟੀ ਸੱਤਾ 'ਚ ਹੈ।

# ਮੁਹਾਲੀ ਹਮਲੇ ਦੇ ਲੋੜੀਂਦੇ ਨੂੰ ਅਬੂ ਧਾਬੀ ਤੋਂ ਲਿਆਂਦਾ



**ਨਵੀਂ ਦਿੱਲੀ:** ਪੰਜਾਬ ਪੁਲਿਸ ਦੇ ਮੁਹਾਲੀ ਸਥਿਤ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਆਰ.ਪੀ.ਜੀ. ਹਮਲੇ ਅਤੇ ਹੋਰ ਦਹਿਸ਼ਤੀ ਕੇਸਾਂ 'ਚ ਲੋੜੀਂਦੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਖਾੜਕੂ ਤਰਸੇਮ ਸਿੰਘ ਨੂੰ ਇਥੇ ਪੁੱਜਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਸੀ.ਬੀ.ਆਈ. ਨੇ ਐਨ.ਆਈ.ਏ. ਅਤੇ ਇੰਟਰਪੋਲ ਦੀ ਸਹਾਇਤਾ ਨਾਲ ਉਸ ਨੂੰ ਅਬੂ ਧਾਬੀ ਤੋਂ ਮੁਲਕ ਲਿਆਂਦਾ ਹੈ।

ਸੀ.ਬੀ.ਆਈ. ਤਰਜਮਾਨ ਨੇ ਕਿਹਾ ਕਿ ਐਨ.ਆਈ.ਏ. ਦੀ ਬੇਨਤੀ 'ਤੇ ਤਰਸੇਮ ਸਿੰਘ ਖ਼ਿਲਾਫ਼ 13 ਨਵੰਬਰ, 2023 'ਚ ਰੈੱਡ ਨੋਟਿਸ ਜਾਰੀ ਕੀਤਾ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਤਰਸੇਮ ਸਿੰਘ ਨਾਮਜ਼ਦ ਦਹਿਸ਼ਤਗਰਦ ਲਖਬੀਰ ਲੰਡਾ ਦਾ ਭਰਾ ਹੈ। ਉਸ ਨੂੰ ਨਵੰਬਰ 2023 ਵਿਚ ਹੀ ਅਬੂ ਧਾਬੀ 'ਚ ਫੜ ਲਿਆ ਗਿਆ ਸੀ ਅਤੇ ਹੁਣ ਮੁਲਕ ਲਿਆਂਦਾ ਗਿਆ ਹੈ। ਉਹ ਭਾਰਤ ਆਧਾਰਿਤ ਦਹਿਸ਼ਤਗਰਦਾਂ ਹਰਵਿੰਦਰ ਸੰਧੂ ਉਰਫ਼ ਰਿੰਦਾ ਤੇ ਲਖਬੀਰ ਸਿੰਘ ਉਰਫ਼ ਲੰਡਾ ਲਈ ਦਹਿਸ਼ਤੀ ਕਾਰਵਾਈਆਂ ਵਾਸਤੇ ਪੈਸਿਆਂ ਦਾ ਪ੍ਰਬੰਧ ਕਰਦਾ ਸੀ। ਐਨ.ਆਈ.ਏ. ਨੇ 20 ਅਗਸਤ, 2022 'ਚ ਉਸ ਖ਼ਿਲਾਫ਼ ਕੇਸ ਦਰਜ ਕੀਤਾ ਸੀ।

## ਕੌਮਾਂਤਰੀ ਨਸ਼ਾ ਤਸਕਰ ਸਿਮਰਨਜੋਤ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਜਰਮਨ ਪੁਲਿਸ ਵੱਲੋਂ ਲੋੜੀਂਦੇ ਕੌਮਾਂਤਰੀ ਨਸ਼ਾ ਤਸਕਰ ਸਿਮਰਨਜੋਤ ਸਿੰਘ ਸੰਧੂ (30) ਵਾਸੀ ਬਟਾਲਾ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਕਾਰਵਾਈ ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਕੀਤੀ ਹੈ। ਆਈ.ਜੀ. ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਇਹ ਮੁਲਜ਼ਮ ਜਰਮਨ ਪੁਲਿਸ ਨੂੰ 487 ਕਿਲੋ ਕੋਕੀਨ ਦੀ ਤਸਕਰੀ ਦੇ ਮਾਮਲੇ ਵਿਚ ਲੋੜੀਂਦਾ ਸੀ। ਮੋਗਾ ਪੁਲਿਸ ਨੇ 16 ਜੂਨ ਨੂੰ ਬੇਅੰਤ ਸਿੰਘ ਤੇ ਸੁਖਦੀਪ ਸਿੰਘ ਨੂੰ ਇਕ ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਸੀ। ਜਾਂਚ ਦੌਰਾਮ ਪਤਾ ਲੱਗਿਆ ਕਿ ਇਸ ਨਸ਼ਾ ਤਸਕਰੀ ਦੇ ਗਰੋਹ ਨੂੰ ਅਮਰੀਕਾ ਵਿਚ ਬੈਠਾ ਮਨਦੀਪ ਸਿੰਘ ਚਲਾ ਰਿਹਾ ਹੈ। ਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਮਰਨਜੋਤ ਸਿੰਘ ਪੰਜਾਬ ਵਿਚ ਹੈਰੋਇਨ ਦੇ ਖਰੀਦਦਾਰਾਂ ਦੀ ਭਾਲ ਕਰਦਾ ਹੈ। ਮਨਦੀਪ ਸਿੰਘ ਨੂੰ ਨਾਮਜ਼ਦ ਕਰਦਿਆਂ ਮੋਗਾ ਪੁਲਿਸ ਨੇ ਸਿਮਨਜੋਤ ਸੰਧੂ ਨੂੰ ਮੋਗਾ ਦੇ ਪਿੰਡ ਭਲੂਰ ਤੋਂ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਸਿਮਰਨਜੋਤ ਸੰਧੂ ਕੌਮਾਂਤਰੀ ਡਰੱਗ ਗਰੋਹ ਦਾ ਮੁੱਖ ਸਰਗਨਾ ਹੈ, ਜੋ ਜਰਮਨੀ ਵਿਚ ਨਸ਼ਿਆਂ ਦੇ ਮਾਮਲਿਆਂ ਵਿਚ ਲੋੜੀਂਦਾ ਹੈ।

# ਸਿਟ ਵੱਲੋਂ ਮਜੀਠੀਆ ਤੋਂ ਡੇਢ ਘੰਟਾ ਪੁੱਛ-ਪੜਤਾਲ



**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਇੱਥੇ ਬਹੁ ਕਰੋੜੀ ਡਰੱਗਜ਼ ਮਾਮਲੇ ਦੀ ਜਾਂਚ ਲਈ ਵਿਚ ਬਣੀ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਪੇਸ਼ ਹੋਏ। ਇਸ ਦੌਰਾਨ ਉਨ੍ਹਾਂ ਕੋਲੋਂ ਕਰੀਬ ਡੇਢ ਘੰਟਾ ਪੁੱਛ-ਪੜਤਾਲ ਕੀਤੀ ਗਈ। ਅਧਿਕਾਰੀਆਂ ਨੇ ਕਿਹਾ ਕਿ ਮਜੀਠੀਆ ਨੇ ਜਾਂਚ ਵਿਚ ਸਹਿਯੋਗ ਨਹੀਂ ਕੀਤਾ ਜਿਸ ਕਰਕੇ ਉਨ੍ਹਾਂ ਨੂੰ ਦੁਬਾਰਾ ਬੁਲਾਇਆ ਜਾ ਸਕਦਾ ਹੈ।

ਸਿਟ ਅੱਗੇ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਉਹ ਸੱਤ ਵਾਰ ਸਿਟ ਅੱਗੇ ਪੇਸ਼ ਹੋ ਚੁੱਕੇ ਹਨ। ਉਹ ਕਦੇ ਵੀ ਜਾਂਚ 'ਚੋਂ ਨਹੀਂ ਭੱਜਣਗੇ। ਉਨ੍ਹਾਂ ਦਾਅਵਾ ਕੀਤਾ ਕਿ ਉਹ ਜਦੋਂ ਵੀ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਬੋਲਦੇ ਹਨ ਤਾਂ ਉਹ ਸਿਟ ਨੂੰ ਕਹਿ ਕੇ ਉਨ੍ਹਾਂ ਨੂੰ ਸੰਮਨ ਭੇਜ ਦਿੰਦੇ ਹਨ। ਮਜੀਠੀਆ ਨੇ ਕਿਹਾ ਕਿ ਉਹ ਅਰਵਿੰਦ ਕੇਜਰੀਵਾਲ ਨਹੀਂ ਜੋ ਜਾਂਚ ਤੋਂ ਭੱਜ ਜਾਣਗੇ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਰੈਗੂਲਰ ਜ਼ਮਾਨਤ ਦੇਣ ਵੇਲੇ ਵਾਰ-ਵਾਰ ਸਿਟ ਅੱਗੇ ਪੇਸ਼ ਹੋਣ ਵਰਗੀ ਕੋਈ ਸ਼ਰਤ ਨਹੀਂ ਲਾਈ ਸੀ ਪਰ ਉਹ ਫਿਰ ਵੀ ਪੇਸ਼ ਹੋ ਰਹੇ ਹਨ।

ਉਨ੍ਹਾਂ ਦਾ ਕਾਨੂੰਨ ਵਿਚ ਪੂਰਾ ਵਿਸ਼ਵਾਸ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਮੁਲਜ਼ਮ ਲਾਰੈਂਸ ਬਿਸ਼ਨੋਈ ਨੂੰ ਮਹਿਮਾਨ ਬਣਾ ਕੇ ਰੱਖਿਆ। ਹੁਣ ਭਗਵੰਤ ਮਾਨ ਨੂੰ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿਣਾ ਦਾ ਕੋਈ ਹੱਕ ਨਹੀਂ ਹੈ।

## ਸਾਹਨੀ ਨੇ ਉੱਚ ਸਿੱਖਿਆ ਖਰਚਿਆਂ ਦਾ ਮਾਮਲਾ ਰਾਜ ਸਭਾ 'ਚ ਚੁੱਕਿਆ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਸੰਸਦ ਵਿਚ ਉੱਚ ਸਿੱਖਿਆ ਦੇ ਖਰਚੇ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਨੂੰ ਨਿਯਮਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਮੌਲਿਕ ਅਧਿਕਾਰ ਹੈ, ਪਰ 'ਕੇ.ਜੀ. ਤੋਂ ਪੀ.ਜੀ.' ਤੱਕ ਦੀ ਸਿੱਖਿਆ ਦੇ ਵਧ ਰਹੇ ਖਰਚੇ ਪਰਿਵਾਰਾਂ ਉਤੇ ਬਹੁਤ ਜ਼ਿਆਦਾ ਭਾਰ ਹਨ ਤੇ ਭਾਰਤ ਵਿਚ ਇਕ ਵਿਦਿਆਰਥੀ ਨੂੰ ਪੋਸਟ-ਗ੍ਰੈਜੂਏਸ਼ਨ ਤੱਕ ਸਿੱਖਿਆ ਦੇਣ ਦਾ ਖਰਚਾ 23-30 ਲੱਖ ਤੱਕ ਹੈ। ਇਹ ਵਿੱਤੀ ਬੋਝ ਬਹੁਤ ਸਾਰੇ ਵਿਦਿਆਰਥੀਆਂ ਨੂੰ ਘਰੇਲੂ ਸਿੱਖਿਆ ਦੇ ਉੱਚੇ ਖਰਚੇ ਕਾਰਨ, ਵਿਦੇਸ਼ਾਂ ਵਿੱਚ ਸਿੱਖਿਆ ਲੈਣ ਲਈ ਮਜਬੂਰ ਕਰ ਰਿਹਾ ਹੈ।

# ਵੋਕੇਸ਼ਨਲ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਦੇ ਪਿੰਡ 'ਚ ਧਰਨਾ

**ਸ੍ਰੀ ਆਨੰਦਪੁਰ ਸਾਹਿਬ:** ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ ਵੋਕੇਸ਼ਨਲ ਅਧਿਆਪਕ ਟੀਚਰਜ਼ ਫਰੰਟ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਚ ਧਰਨਾ ਦਿੱਤਾ ਗਿਆ। ਇਸ ਮੌਕੇ ਪੂਰੇ ਪੰਜਾਬ ਤੋਂ ਆਏ ਵੋਕੇਸ਼ਨਲ ਅਧਿਆਪਕਾਂ ਨੇ ਆਪਣੀਆਂ ਮੰਗਾਂ ਦੇ ਹੱਕ 'ਚ ਰੋਸ ਮੁਜ਼ਾਹਰਾ ਕੀਤਾ। ਅਧਿਆਪਕਾਂ ਨੇ ਕਿਹਾ ਕਿ ਹਰਿਆਣਾ ਦੀ ਤਰਜ਼ ਉਤੇ ਸਰਕਾਰ ਉਨ੍ਹਾਂ ਦੀ ਤਨਖ਼ਾਹ 33,500 ਕਰੇ, ਨਿੱਜੀ ਕੰਪਨੀਆਂ ਨੂੰ ਸਰਕਾਰੀ ਸਕੂਲਾਂ ਵਿਚੋਂ ਬਾਹਰ ਕੱਢਿਆ ਜਾਵੇ ਤੇ ਅਧਿਆਪਕਾਂ ਦੀ ਨੌਕਰੀ ਨੂੰ ਸੁਰੱਖਿਅਤ ਕਰਨਾ ਯਕੀਨੀ ਬਣਾਇਆ ਜਾਵੇ।

ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ ਇੱਥੇ ਇਕੱਤਰ ਹੋਏ ਵੱਡੀ ਗਿਣਤੀ ਅਧਿਆਪਕਾਂ ਨੂੰ ਪ੍ਰਸ਼ਾਸਨ ਨੇ 22 ਅਗਸਤ ਨੂੰ ਸਿੱਖਿਆ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਜਿਸ ਤੋਂ ਬਾਅਦ ਅਧਿਆਪਕ ਸ਼ਾਂਤ ਹੋਏ। ਧਰਨੇ ਦੇ ਮੱਦੇਨਜ਼ਰ ਪੁਲਿਸ ਤਾਇਨਾਤ ਸੀ। ਧਰਨਾਕਾਰੀਆਂ ਨੇ ਕਿਹਾ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ। ਅਧਿਆਪਕਾਂ ਨੇ ਕਿਹਾ ਕਿ ਜੇ ਸਿੱਖਿਆ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿਚ ਅਧਿਆਪਕਾਂ ਨਾਲ ਸਬੰਧਤ ਮਸਲਿਆਂ ਦਾ ਹੱਲ ਨਾ ਕੱਢਿਆ ਗਿਆ ਤਾਂ ਉਨ੍ਹਾਂ ਵੱਲੋਂ 25 ਅਗਸਤ ਨੂੰ ਵੱਡਾ ਐਕਸ਼ਨ ਉਲੀਕਿਆ ਜਾਵੇਗਾ।

# ਚੋਣ ਨਿਸ਼ਾਨ ਉਤੇ ਪੰਚਾਇਤੀ ਚੋਣਾਂ ਨਾ ਕਰਵਾਉਣ ਦੀ ਤਿਆਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ 'ਪੰਜਾਬ ਪੰਚਾਇਤੀ ਰਾਜ ਰੂਲਜ਼-1994' ਵਿਚ ਸੋਧ ਦੀ ਤਿਆਰੀ ਕਰ ਲਈ ਹੈ ਤਾਂ ਜੋ ਪੰਚਾਇਤੀ ਚੋਣਾਂ 'ਚ ਕੋਈ ਵੀ ਉਮੀਦਵਾਰ ਪਾਰਟੀ ਚੋਣ ਨਿਸ਼ਾਨ 'ਤੇ ਚੋਣਾਂ ਨਾ ਲੜ ਸਕੇ। ਜੇ ਯੋਜਨਾ ਸਿਰੇ ਚੜ੍ਹੀ ਤਾਂ ਆਗਾਮੀ ਪੰਚਾਇਤੀ ਰਾਜ ਸੰਸਥਾਵਾਂ ਦੀਆਂ ਚੋਣਾਂ 'ਚ ਕੋਈ ਵੀ ਪਾਰਟੀ ਆਪਣੇ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕੇਗੀ। ਜਾਣਕਾਰੀ ਮੁਤਾਬਕ ਅਗਲੀ ਕੈਬਨਿਟ ਮੀਟਿੰਗ ਵਿਚ ਇਹ ਏਜੰਡਾ ਲਿਆਉਣ ਦੀ ਤਿਆਰੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਇਸ ਮਾਮਲੇ ਉਤੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ ਹੈ। ਉਨ੍ਹਾਂ ਪੇਂਡੂ ਵਿਕਾਸ ਵਿਚਲੇ ਅੜਿੱਕਿਆਂ ਨੂੰ ਦੂਰ ਕਰਨ ਅਤੇ ਪਿੰਡਾਂ 'ਚੋਂ ਸਿਆਸੀ ਧੜੇਬੰਦੀ ਘਟਾਉਣ ਲਈ ਪੰਚਾਇਤੀ ਚੋਣਾਂ 'ਚੋਂ ਪਾਰਟੀ ਚੋਣ ਨਿਸ਼ਾਨ ਆਊਟ ਕਰਨ ਦੀ ਵਿਉਂਤ ਬਣਾਈ ਹੈ। ਬੀਤੇ ਇਕ ਹਫ਼ਤੇ ਤੋਂ ਇਸ ਦਿਸ਼ਾ ਵੱਲ ਪੰਜਾਬ ਸਰਕਾਰ ਕਦਮ ਵਧਾ ਰਹੀ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਚਾਰ ਦਿਨ ਪਹਿਲਾਂ ਹੀ ਆਪਣਾ ਪੱਖ ਰੱਖਿਆ ਹੈ ਕਿ ਪੰਜਾਬ ਪੰਚਾਇਤੀ ਰਾਜ ਰੂਲਜ਼ 1994 ਦੀ ਧਾਰਾ 12 ਅਨੁਸਾਰ ਪੰਚਾਇਤੀ ਚੋਣਾਂ ਪਾਰਟੀ ਦੇ ਚੋਣ ਨਿਸ਼ਾਨ 'ਤੇ ਲੜੀਆਂ ਜਾ ਸਕਦੀਆਂ ਹਨ। ਹੁਣ ਸਰਕਾਰ ਧਾਰਾ 12 ਵਿਚ ਸੋਧ ਕਰਨ ਦੇ ਰੌਂਅ ਵਿਚ ਹੈ ਤਾਂ ਜੋ ਪੇਂਡੂ ਸੰਸਥਾਵਾਂ 'ਚੋਂ ਸਿਆਸੀ ਦਖ਼ਲ ਨੂੰ ਘਟਾਇਆ ਜਾ ਸਕੇ। ਸੂਤਰਾਂ ਮੁਤਾਬਕ ਪੰਜਾਬ ਚੋਣ ਕਮਿਸ਼ਨ ਅਤੇ ਕਾਨੂੰਨੀ ਮਸ਼ੀਰ ਨੇ ਵੀ ਇਸ ਸੋਧ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਮੰਨਣਾ ਹੈ ਕਿ ਪਾਰਟੀ ਚੋਣ ਨਿਸ਼ਾਨ 'ਤੇ ਪੰਚਾਇਤੀ ਚੋਣਾਂ ਲੜੇ ਜਾਣ ਨਾਲ ਪਿੰਡਾਂ ਵਿਚ ਸਿਆਸੀ ਧੜੇਬੰਦੀ ਵਧਦੀ ਹੈ ਅਤੇ ਫੰਡ ਅਣਵਰਤੇ ਵੀ ਰਹਿ ਜਾਂਦੇ ਹਨ। ਇਸ ਤਰ੍ਹਾਂ ਨਾਲ ਪਿੰਡਾਂ ਵਿਚ ਧੜੇਬੰਦੀ ਤੇ ਕਤਾਰਬੰਦੀ ਵਧਦੀ ਹੈ ਅਤੇ ਪੰਚਾਇਤਾਂ ਦਾ ਕੋਰਮ ਪੂਰਾ ਹੋਣ ਦੀ ਮੁਸ਼ਕਲ ਬਣ ਜਾਂਦੀ ਹੈ ਜਿਸ ਨਾਲ ਵਿਕਾਸ ਕੰਮ ਪ੍ਰਭਾਵਿਤ ਹੁੰਦੇ ਹਨ। ਚੋਣ ਨਿਸ਼ਾਨ 'ਤੇ ਚੋਣਾਂ ਹੋਣ ਨਾਲ ਪਿੰਡਾਂ ਦਾ ਸਮਾਜਿਕ ਤਾਣਾ-ਬਾਣਾ ਵੀ ਪ੍ਰਭਾਵਿਤ ਹੁੰਦਾ ਹੈ ਅਤੇ ਕਾਨੂੰਨ ਵਿਵਸਥਾ ਵਿਗੜਨ ਦੇ ਆਸਾਰ ਬਣੇ ਰਹਿੰਦੇ ਹਨ। ਜੇ ਪੰਜਾਬ ਸਰਕਾਰ ਇਸ ਵਿਚ ਸੋਧ ਕਰ ਦਿੰਦੀ ਹੈ ਤਾਂ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਲੜਨ ਦੇ ਰਾਹ ਬੰਦ ਹੋ ਜਾਣਗੇ।

ਜਾਣਕਾਰੀ ਮੁਤਾਬਕ ਪੰਜਾਬ ਵਿਧਾਨ ਸਭਾ ਦਾ ਮੌਨਸੂਨ ਇਜਲਾਸ ਸਤੰਬਰ ਦੇ ਪਹਿਲੇ ਹਫ਼ਤੇ ਸ਼ੁਰੂ ਹੋ ਸਕਦਾ ਹੈ ਜਿਸ ਵਿਚ ਪੰਜਾਬ ਪੰਚਾਇਤੀ ਰਾਜ ਰੂਲਜ਼ ਦੀ ਧਾਰਾ 12 ਵਿਚ ਸੋਧ ਨੂੰ ਰੱਖਿਆ ਜਾ ਸਕਦਾ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਪੰਚਾਇਤੀ ਚੋਣਾਂ ਕਰਾਉਣ ਦੇ ਰੌਂਅ ਵਿਚ ਹੈ ਅਤੇ ਇਸ ਲਿਹਾਜ਼ ਨਾਲ ਪੰਚਾਇਤੀ ਚੋਣਾਂ ਸਤੰਬਰ ਦੇ ਅਖ਼ੀਰਲੇ ਹਫ਼ਤੇ ਹੋ ਸਕਦੀਆਂ ਹਨ। ਪੰਜਾਬ ਵਿਚ 13241 ਪੰਚਾਇਤਾਂ ਹਨ।

### ਪੰਚਾਂ ਦੀਆਂ ਸਿੱਧੀਆਂ ਚੋਣਾਂ ਕਰਾਉਣ 'ਤੇ ਵਿਚਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਪੰਚਾਂ ਦੀਆਂ ਸਿੱਧੀਆਂ ਚੋਣਾਂ ਕਰਾਉਣ 'ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ ਉਪਰਲੇ ਉਮੀਦਵਾਰ (ਪੋਲ ਹੋਈਆਂ ਵੋਟਾਂ ਦੇ ਹਿਸਾਬ ਨਾਲ) ਪੰਚ ਚੁਣੇ ਜਾਣਗੇ। ਇਸ ਵਿਚ ਕਈ ਕਾਨੂੰਨੀ ਕਮੀਆਂ ਜ਼ਰੂਰ ਰੜਕਦੀਆਂ ਹਨ। ਦੱਸਣਯੋਗ ਹੈ ਕਿ 2008 'ਚ ਸਰਪੰਚਾਂ ਦੀਆਂ ਚੋਣਾਂ ਅਸਿੱਧੇ ਤੌਰ 'ਤੇ ਹੋਈਆਂ ਸਨ (ਚੁਣੇ ਗਏ ਪੰਚਾਂ ਨੇ ਸਰਪੰਚ ਦੀ ਚੋਣ ਕੀਤੀ ਸੀ) ਪਰ ਬਾਅਦ ਦੀਆਂ ਦੋ ਪੰਚਾਇਤੀ ਚੋਣਾਂ 'ਚ ਸਰਪੰਚ ਸਿੱਧੇ ਤੌਰ 'ਤੇ ਚੁਣੇ ਗਏ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 17 ਅਗਸਤ, 2024

## ਚੋਣ ਸਿਆਸਤ ਅਤੇ ਅਦਾਲਤਾਂ

ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 21 ਦਿਨਾਂ ਦੀ ਫਰਲੋ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਸਿਆਸਤ ਹੁਣ ਨੰਗੇ ਚਿੱਟੇ ਰੂਪ ਵਿਚ ਸਿਰਫ ਤੇ ਸਿਰਫ ਚੋਣਾਂ ‘ਤੇ ਹੀ ਕੇਂਦਰਤ ਹੋ ਗਈ ਹੈ। ਇਸ ਨਾਲ ਅਦਾਲਤਾਂ ਤੋਂ ਨਿਆਂ ਮਿਲਣ ਦਾ ਪਰਦਾ ਬੁਰੀ ਤਰ੍ਹਾਂ ਪਾਟ ਗਿਆ ਹੈ। ਯਾਦ ਰਹੇ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਮੁਖੀ ਦੀ ਆਰਜ਼ੀ ਰਿਹਾਈ ਵਿਰੁੱਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਟੀਸ਼ਨ ਦਾ ਨਿਬੇੜਾ ਕੁਝ ਦਿਨ ਪਹਿਲਾਂ ਹੀ ਕੀਤਾ ਹੈ। 9 ਅਗਸਤ ਵਾਲੇ ਇਸ ਫੈਸਲੇ ਵਿਚ ਹਾਈ ਕੋਰਟ ਨੇ ਕਿਹਾ ਸੀ ਕਿ ਡੇਰਾ ਮੁਖੀ ਦੀ ਆਰਜ਼ੀ ਰਿਹਾਈ ਦੀ ਪਟੀਸ਼ਨ ‘ਤੇ ਵਿਚਾਰ ਕਿਸੇ ਸਮਰੱਥ ਅਧਿਕਾਰੀ ਵੱਲੋਂ ਬਿਨਾਂ ਕਿਸੇ ਪੱਖਪਾਤ ਦੇ ਕੀਤਾ ਜਾਣਾ ਚਾਹੀਦਾ ਹੈ। ਜੂਨ ਵਿਚ ਡੇਰਾ ਮੁਖੀ ਨੇ ਹਾਈ ਕੋਰਟ ਵਿਚ ਮੰਗ ਕੀਤੀ ਸੀ ਕਿ ਉਸਨੂੰ 21 ਦਿਨਾਂ ਦੀ ਫਰਲੋ ਦਿੱਤੀ ਜਾਵੇ। ਇਸ ਤੋਂ ਪਹਿਲਾਂ 29 ਫਰਵਰੀ ਨੂੰ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਡੇਰਾ ਸੱਚਾ ਸੌਦਾ ਮੁਖੀ ਨੂੰ ਉਸ ਦੀ ਇਜਾਜ਼ਤ ਤੋਂ ਬਿਨਾਂ ਹੋਰ ਪੈਰੋਲ (ਫਰਲੋ) ਨਾ ਦਿੱਤੀ ਜਾਵੇ। ਡੇਰਾ ਮੁਖੀ ਨੂੰ 19 ਜਨਵਰੀ ਨੂੰ 50 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਚੇਤੇ ਰਹੇ ਕਿ ਡੇਰਾ ਮੁਖੀ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ।

ਉਧਰ, ਸੁਪਰੀਮ ਕੋਰਟ ਨੇ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਕੇਸ ਵਿਚ ਮੁਆਫੀ ਮੰਗਣ ਮਗਰੋਂ ਯੋਗ ਗੁਰੂ ਰਾਮਦੇਵ, ਉਸ ਦੇ ਸਾਥੀ ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਲਿਮਟਿਡ ਖਿਲਾਫ਼ ਅਦਾਲਤੀ ਹੱਤਕ ਦੀ ਕਾਰਵਾਈ ਬੰਦ ਕਰ ਦਿੱਤੀ ਹੈ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੂਦੀਨ ਅਮਾਨੁੱਲ੍ਹਾ ਦੇ ਬੈਂਚ ਨੇ 14 ਮਈ ਨੂੰ ਇਸ ਕੇਸ ਵਿਚ ਫੈਸਲਾ ਰਾਖਵਾਂ ਰੱਖ ਲਿਆ ਸੀ। ਸੁਪਰੀਮ ਕੋਰਟ ਭਾਰਤੀ ਮੈਡੀਕਲ ਐਸੋਸੀਏਸ਼ਨ ਦੀ ਪਟੀਸ਼ਨ ‘ਤੇ ਸੁਣਵਾਈ ਕਰ ਰਹੀ ਸੀ ਜਿਸ ਵਿਚ ਐਸੋਸੀਏਸ਼ਨ ਨੇ ਪਤੰਜਲੀ ਆਯੁਰਵੇਦ ਦੇ ਗੁਮਰਾਹਕੁਨ ਇਸ਼ਤਿਹਾਰਾਂ ਜ਼ਰੀਏ ਕੋਵਿਡ ਟੀਕਾਕਰਨ ਮੁਹਿੰਮ ਅਤੇ ਮੈਡੀਸਨ ਦੀ ਆਧੁਨਿਕ ਪ੍ਰਣਾਲੀ ਖਿਲਾਫ਼ ਕੂੜ ਪ੍ਰਚਾਰ ਕਰਨ ਦੀ ਗੱਲ ਧਿਆਨ ਵਿਚ ਲਿਆਂਦੀ ਸੀ। ਪਹਿਲਾਂ ਸੁਪਰੀਮ ਕੋਰਟ ਨੇ ਜਦੋਂ 27 ਫਰਵਰੀ ਨੂੰ ਪਤੰਜਲੀ ਆਯੁਰਵੇਦ ਅਤੇ ਇਸ ਦੇ ਪ੍ਰਬੰਧਕੀ ਡਾਇਰੈਕਟਰ ਬਾਲਕ੍ਰਿਸ਼ਨ ਨੂੰ ਨੋਟਿਸ ਜਾਰੀ ਕਰ ਕੇ ਸਵਾਲ ਕੀਤਾ ਸੀ ਕਿ ਉਨ੍ਹਾਂ ਖਿਲਾਫ਼ ਅਦਾਲਤ ਦੀ ਮਾਣਹਾਨੀ ਤਹਿਤ ਕਾਰਵਾਈ ਕਿਉਂ ਨਾ ਕੀਤੀ ਜਾਵੇ, ਤਾਂ ਲਗਦਾ ਸੀ ਕਿ ਅਦਾਲਤ ਇਸ ਬਾਰੇ ਕੋਈ ਸਖਤ ਫੈਸਲਾ ਕਰੇਗੀ ਪਰ ਮੁਆਫੀ ਮੰਗਣ ਦੀ ਗੱਲ ਕਹਿ ਕੇ ਇਨ੍ਹਾਂ ਖਿਲਾਫ਼ ਕਾਰਵਾਈ ਹੀ ਬੰਦ ਕਰ ਦਿੱਤੀ ਗਈ। ਅਦਾਲਤ ਨੇ ਤਾਂ 19 ਮਾਰਚ ਨੂੰ ਵੀ ਕਿਹਾ ਕਿ ਪਤੰਜਲੀ ਦੇ ਇਸ਼ਤਿਹਾਰਾਂ ਲਈ ਰਾਮਦੇਵ ਨੂੰ ‘ਕਾਰਨ ਦੱਸੋ‘ ਨੋਟਿਸ ਜਾਰੀ ਕਰਨਾ ਵਾਜਬ ਹੈ ਕਿਉਂਕਿ 21 ਨਵੰਬਰ 2023 ਨੂੰ ਕੋਰਟ ਵਿਚ ਦਾਖ਼ਲ ਹਲਫ਼ਨਾਮੇ ਤੋਂ ਸਾਫ਼ ਹੈ ਕਿ ਯੋਗ ਗੁਰੂ ਨੇ ਵੀ ਇਨ੍ਹਾਂ ਗੁਮਰਾਹਕੁਨ ਇਸ਼ਤਿਹਾਰਾਂ ਦੀ ਤਾਈਦ ਕੀਤੀ ਸੀ। ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਜਿਨ੍ਹਾਂ ਨੇ ਕਾਨੂੰਨੀ ਅਤੇ ਇਖ਼ਲਾਕੀ ਮਿਆਰਾਂ ਦੀਆਂ ਧੱਜੀਆਂ ਉਡਾਈਆਂ, ਅਦਾਲਤ ਨੇ ਉਨ੍ਹਾਂ ਖਿਲਾਫ਼ ਕੇਸ ਬੰਦ ਕਰਨ ਦਾ ਫੈਸਲਾ ਸੁਣਾ ਦਿੱਤਾ ਹੈ। ਆਮ ਹਾਲਾਤ ਵਿਚ ਅਜਿਹਾ ਨਹੀਂ ਹੁੰਦਾ।

ਇਥੇ ਹੀ ਬੱਸ ਨਹੀਂ, ਰਾਜਸਥਾਨ ਹਾਈ ਕੋਰਟ ਨੇ ਇਕ ਹੋਰ ਸਾਧ ਆਸਾਰਾਮ ਬਾਪੂ ਨੂੰ ਮਹਾਰਾਸ਼ਟਰ ਦੇ ਆਯੁਰਵੇਦ ਹਸਪਤਾਲ ਵਿਚ ਸੱਤ ਦਿਨਾਂ ਲਈ ਇਲਾਜ ਕਰਵਾਉਣ ਦੀ ਖੁੱਲ੍ਹ ਦੇ ਦਿੱਤੀ ਹੈ। ਆਸਾਰਾਮ ਨਾਬਾਲਗ ਨਾਲ ਬਲਾਤਕਾਰ ਦੇ ਦੋਸ਼ ਤਹਿਤ ਜੋਧਪੁਰ ਦੀ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਸਤੰਬਰ 2013 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਈ ਕੋਰਟ ਦੇ ਜੋਧਪੁਰ ਬੈਂਚ ਨੇ ਕਿਹਾ ਕਿ ਆਸਾਰਾਮ ਪੁਲਿਸ ਦੀ ਹਿਰਾਸਤ ਵਿਚ ਸੱਤ ਦਿਨਾਂ ਲਈ ਪੁਣੇ ਦੇ ਹਸਪਤਾਲ ਵਿਚ ਜ਼ੇਰੇ-ਇਲਾਜ ਰਹੇਗਾ। ਆਸਾਰਾਮ ਨੇ ਆਯੁਰਵੇਦ ਇਲਾਜ ਲਈ ਜ਼ੋਰ ਪਾਉਂਦਿਆਂ ਪੁਣੇ ਦੇ ਮਾਧਵਬਾਗ ਮਲਟੀਡਿਸਪਲਿਨਰੀ ਕਾਰਡੀਅਕ ਕੇਅਰ ਕਲੀਨਿਕ ਤੇ ਹਸਪਤਾਲ ‘ਚੋਂ ਇਲਾਜ ਦੀ ਇਜਾਜ਼ਤ ਮੰਗੀ ਸੀ ਅਤੇ ਅਦਾਲਤ ਨੇ ਉਸ ਨੂੰ ਇਹ ਆਗਿਆ ਦੇ ਦਿੱਤੀ। ਜ਼ਾਹਿਰ ਹੈ ਕਿ ਅਦਾਲਤਾਂ ਵੀ ਸਬੰਧਿਤ ਧਿਰ ਨੂੰ ਦੇਖ ਕੇ ਫੈਸਲੇ ਕਰਨ ਲੱਗ ਪਈਆਂ ਹਨ। ਇਸ ਵਿਚਕਾਰ ਇਹ ਨੁਕਤਾ ਵੀ ਹੈ ਕਿ ਅਜਿਹੀਆਂ ਰਸੂਖਵਾਨ ਧਿਰਾਂ ਪੈਸਾ ਪਾਣੀ ਵਾਂਗ ਵਹਾ ਕੇ ਮਹਿੰਗੇ ਤੋਂ ਮਹਿੰਗਾ ਵਕੀਲ ਕਰਦੀਆਂ ਹਨ। ਆਮ ਆਦਮੀ ਦੀ ਇੰਨੀ ਵੁਕਅਤ ਹੀ ਨਹੀਂ ਕਿ ਉਹ ਆਪਣਾ ਕੇਸ ਵੀ ਸਹੀ ਢੰਗ ਨਾਲ ਅਦਾਲਤ ਵਿਚ ਪੇਸ਼ ਕਰ ਸਕੇ। ਇਸ ਲਈ ਹੁਣ ਸਭ ਤੋਂ ਵੱਡਾ ਸਵਾਲ ਅਦਾਲਤਾਂ ਅਤੇ ਅਦਾਲਤਾਂ ਵਿਚ ਬੈਠਦੇ ਜੱਜਾਂ ਲਈ ਹੈ ਕਿ ਕੀ ਸੱਚਮੁੱਚ ਉਨ੍ਹਾਂ ਨੂੰ ਅਜਿਹੇ ਮਾਮਲਿਆਂ ਵਿਚ ਕਿਸੇ ਪ੍ਰਕਾਰ ਦੀ ਵਧੀਕੀ ਨਹੀਂ ਆਉਂਦੀ? ਜੇ ਅਜਿਹਾ ਹੀ ਹੁੰਦਾ ਗਿਆ ਤਾਂ ਵਧੇਰੇ ਲੋਕਾਂ ਦਾ ਨਿਆਂ ਪਾਲਿਕਾ ਤੋਂ ਭਰੋਸਾ ਉਠ ਜਾਵੇਗਾ। ਭਾਰਤ ਦੇ ਗੁਆਂਢੀ ਮੁਲਕ ਬੰਗਲਾਦੇਸ਼ ਵਿਚ ਇਹੀ ਕੁਝ ਹੋਇਆ ਹੈ। ਅਦਾਲਤ ਨੇ ਰਾਖਵਾਂਕਰਨ ਨੂੰ ਹਰੀ ਝੰਡੀ ਦਿੱਤੀ ਤਾਂ ਨਾਲ ਦੀ ਨਾਲ ਵਿਦਿਆਰਥੀਆਂ ਦੇ ਰੋਸ ਮੁਜ਼ਾਹਰੇ ਤਿੱਖੇ ਹੁੰਦੇ ਗਏ। ਮਗਰੋਂ ਹਾਲਾਤ ਅਜਿਹੇ ਬਣੇ ਕਿ ਅੰਦੋਲਨ ਬੇਕਾਬੂ ਹੋ ਗਿਆ ਅਤੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੁਲਕ ਛੱਡ ਕੇ ਭੱਜਣਾ ਪਿਆ। ਇਸੇ ਕਰ ਕੇ ਕੁਝ ਕਾਨੂੰਨੀ ਮਾਹਿਰ ਇਹ ਵਿਚਾਰ ਰੱਖ ਰਹੇ ਹਨ ਕਿ ਕਿਤੇ ਭਾਰਤ ਦੇ ਹਾਲਾਤ ਵੀ ਬੰਗਲਾਦੇਸ਼ ਵਾਂਗ ਮੋੜਾ ਨਾ ਕੱਟ ਜਾਣ। ਵੱਖ-ਵੱਖ ਸਰਵੇਖਣਾਂ ਵਿਚ ਇਹ ਤੱਥ ਉਭਰ ਕੇ ਸਾਹਮਣੇ ਆਏ ਹਨ ਕਿ ਵੱਖ-ਵੱਖ ਕਾਰਨਾਂ ਕਰ ਕੇ ਭਾਰਤ ਦੇ ਲੋਕ ਤੰਗ ਬਹੁਤ ਹਨ ਪਰ ਉਨ੍ਹਾਂ ਅੰਦਰ ਲਗਾਤਾਰ ਫੈਲ ਰਹੀ ਬੇਚੈਨੀ ਨੂੰ ਸਹੀ ਦਿਸ਼ਾ ਦੇਣ ਵਿਚ ਕੋਈ ਵੀ ਸਿਆਸੀ ਧਿਰ ਫਿਲਹਾਲ ਕਾਮਯਾਬ ਨਹੀਂ ਹੋ ਸਕੀ ਹੈ। ਇਸ ਲਈ ਭਾਰਤ ਦੀ ਚੋਣ ਸਿਆਸਤ ਵਿਚ ਨਿਘਾਰ ਲਿਆਉਣ ਵਾਲੇ ਲੀਡਰਾਂ ਨੂੰ ਸੱਚਮੁੱਚ ਅਜਿਹਾ ਪੜ੍ਹਿਆ ਵਿਚਾਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬਿਅਦਬੀਆਂ ‘ਤੇ ਸਿਆਸਤ

ਵਰ੍ਹੇ ਬੀਤ ਗਏ ਖਬਰਾਂ ਇਹ ਸੁਣਦਿਆਂ ਨੂੰ ਬਣ ਗਈ ‘ਸਿਟ’ ਤੇ ਪੇਸ਼ ਚਲਾਣ ਹੋਇਆ।
‘ਗੁਨਾਹ ਗਾਰ’ ਹਨ ਕੌਣ ਇਹ ਜੱਗ ਜਾਣੇ ਨਿਆਂ-ਪ੍ਰਬੰਧ ਹੀ ਲੱਗੇ ਅਣਜਾਣ ਹੋਇਆ।
‘ਸਿਸਟਮ’ ਅਤੇ ‘ਸਟੇਟ’ ਬਦਨੀਤ ਹੋ ਗਏ ਜਾਣ ਬੁੱਝ ਕੇ ਪਾਇਆ ਘਸਮਾਣ ਹੋਇਆ।
ਕਿਉਂ ਨਾ ਲੋਕਾਂ ਨੂੰ ਗੁੱਸਾ ਫਿਰ ਚੜ੍ਹੇ ਯਾਰੋ ਜਦੋਂ ਕੀਤੇ ‘ਵਿਸ਼ਵਾਸ’ ਦਾ ਘਾਣ ਹੋਇਆ।
ਉੱਥੇ ‘ਅਰਥ’ ਦਾ ਰਹਿਣਾ ‘ਅਨਰਥ’ ਹੁੰਦਾ ‘ਬੌਣੇ’ ਬੈਠਣ ਜਦ ਵੱਡੀਆਂ ਪਦਵੀਆਂ ‘ਤੇ।
ਹੋਇਆ ਹਸ਼ਰ ਕੀ ਪਹਿਲਿਆਂ ਹਾਕਮਾਂ ਦਾ ਸਿਆਸਤ ਕਰੀ ਹੈ ਜਿਨ੍ਹਾਂ ਬੇਅਦਬੀਆਂ ‘ਤੇ।

# ਅਕਾਲੀ ਦਲ ਦਾ ਸੰਕਟ ਅਤੇ ਖੇਤਰੀ ਪਾਰਟੀਆਂ ਦੀਆਂ ਸੰਭਾਵਨਾਵਾਂ

**ਪੰਜਾਬ ਦੇ ਲੋਕ ਫਿਲਹਾਲ ਸ਼੍ਰੋਮਣੀ ਅਕਾਲੀ ਦਲ ਨੂੰ ਮੂੰਹ ਨਹੀਂ ਲਾ ਰਹੇ। ਦਲ ਦੀ ਇਸ ਸਮੁੱਚੀ ਹਾਲਤ ਬਾਰੇ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਅੱਜ ਦੇ ਦੌਰ ਵਿਚ ਜਦ ਦੋ ਖੇਤਰੀ ਪਾਰਟੀਆਂ ਦੇ ਸਹਿਯੋਗ ਤੋਂ ਬਗੈਰ ਭਾਜਪਾ ਦਾ ਕੇਂਦਰੀ ਸੱਤਾ ਵਿਚ ਬਣੇ ਰਹਿਣਾ ਮੁਸ਼ਕਿਲ ਹੈ ਤਾਂ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਗੰਭੀਰ ਸਿਆਸੀ ਸੰਕਟ ਵਿਚ ਘਿਰੀ ਹੋਈ ਹੈ। ਕਿਸੇ ਸਮੇਂ ਖੇਤਰੀ ਪਾਰਟੀਆਂ ਵਿਚੋਂ ਮੋਹਰੀ ਰਹੇ ਅਕਾਲੀ ਦਲ ਦੀ ਪਿਛਲੇ ਸੱਤ ਸਾਲਾਂ ਤੋਂ ਸੂਬੇ ਦੀ ਹਰ ਚੋਣ ਵਿਚ ਹੋ ਰਹੀ ਹਾਰ ਨੇ ਪਾਰਟੀ ਦੀ ਅੰਦਰੂਨੀ ਹਾਲਤ ਖਿੰਡਾਅ ਤੱਕ ਪਹੁੰਚਾ ਦਿੱਤੀ ਹੈ। ਅਕਾਲੀ ਦਲ ਦੇ ਜਿਸ ਕਾਰਜਕਾਲ ਦੌਰਾਨ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਹੁਣ ਉਸੇ ਕਾਰਜਕਾਲ ਉਪਰ ਗੰਭੀਰ ਸਵਾਲ ਉੱਠੇ ਹੋਏ ਹਨ। 30 ਅਗਸਤ ਨੂੰ ਪੰਜ ਸਿੰਘ ਸਾਹਿਬਾਨ ਦੀ ਹੋ ਰਹੀ ਇਕੱਤਰਤਾ ਵਿਚ ਸੁਖਬੀਰ ਸਿੰਘ ਬਾਦਲ ਦੇ ਮੁਆਫੀਨਾਮੇ ਸਬੰਧੀ ਕੋਈ ਫੈਸਲਾ ਕੀਤੇ ਜਾਣ ਦੀ ਸੰਭਾਵਨਾ ਹੈ। ਅਕਾਲੀ ਦਲ ਦੇ ਪ੍ਰਧਾਨ ਤੋਂ ਬਾਗੀ ਹੋਏ ਧੜੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਉਪਰ ਦਿੱਤੇ ਮੁਆਫੀਨਾਮੇ ਦੇ ਮੱਦੇਨਜ਼ਰ ਪ੍ਰਧਾਨ ਨੂੰ ਤਲਬ ਕੀਤਾ ਗਿਆ ਸੀ ਜਿਸ ਤੋਂ ਬਾਅਦ ਪ੍ਰਧਾਨ ਨੇ ਖੁਦ ਪੇਸ਼ ਹੋ ਕੇ ਮੁਆਫੀਨਾਮਾ ਸੌਂਪਿਆ ਗਿਆ ਸੀ ਜਿਸ ਉੱਪਰ ਫੈਸਲਾ ਸੁਣਾਇਆ ਜਾਣਾ ਹੈ।

ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਨਤਕ ਕੀਤੇ ਸੁਖਬੀਰ ਸਿੰਘ ਬਾਦਲ ਦੇ ਮੁਆਫੀਨਾਮੇ ਵਿਚ ਬਾਦਲ ਨੇ ਬਿਨਾਂ ਸ਼ਰਤ ਖਿਮਾ ਜਾਚਨਾ ਮੰਗਦਿਆਂ ਲਿਖਿਆ ਹੈ ਕਿ ‘ਚਾਹੇ ਇਹ ਭੁੱਲਾਂ ਪਾਰਟੀ ਕੋਲੋਂ ਹੋਈਆਂ ਹਨ ਜਾਂ ਸਰਕਾਰ ਕੋਲੋਂ, ਦਾਸ ਚੇਤ-ਅਚੇਤ ਵਿਚ ਹੋਈਆਂ ਇਹਨਾਂ ਸਾਰੀਆਂ ਭੁੱਲਾਂ-ਚੁੱਕਾਂ ਲਈ ਖ਼ਿਮਾ ਦਾ ਜਾਚਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਖਿੜੇ ਮੱਥੇ ਪ੍ਰਵਾਨ ਕਰਨਗੇ’। ਹੁਣ ਇਹ ਚਰਚਾ ਵੀ ਹੈ ਕਿ ਸੁਖਬੀਰ ਸਿੰਘ ਬਾਦਲ ਅਕਾਲ ਤਖਤ ਸਾਹਿਬ ਅੱਗੇ ਪਾਰਟੀ ਪ੍ਰਧਾਨ ਵਜੋਂ ਅਸਤੀਫਾ ਦੇ ਕੇ ਜਾਣਗੇ ਜਾਂ ਪ੍ਰਧਾਨ ਵਜੋਂ ਹੀ ਪੇਸ਼ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਥਿਤੀ ਦੀ ਬੁਨਿਆਦ 1995-96 ਦੇ ਉਸ ਦੌਰ ਵਿਚ ਬੱਝ ਗਈ ਸੀ ਜਦ ਅਕਾਲੀ ਦਲ ਦੇ ਪ੍ਰਧਾਨ ਬਣੇ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ ਸੀ ਅਤੇ ਫਰਵਰੀ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਕਾਲੀ-ਭਾਜਪਾ ਨੇ ਸਾਂਝੀਆਂ ਲੜ ਕੇ ਸਰਕਾਰ ਬਣਾਈ ਸੀ। ਪਰਿਵਾਰਵਾਦ ਵਿਚ ਗ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੇ ਟਕਸਾਲੀ ਆਗੂਆਂ ਨੂੰ ਪਾਸੇ ਕਰ ਕੇ ਸੁਖਬੀਰ ਸਿੰਘ ਬਾਦਲ ਨੂੰ ਉਭਾਰਨ ਦਾ ਨਤੀਜਾ ਇਹ ਹੋਇਆ ਕਿ 2007 ਤੋਂ ਲੈ ਕੇ 2017 ਤੱਕ ਅਕਾਲੀ-ਭਾਜਪਾ ਦੀ ਸਰਕਾਰ ਦੇ ਜਿਸ ਕਾਰਜਕਾਲ ਦਾ ਜ਼ਿਕਰ ਹੋ ਰਿਹਾ ਹੈ, ਉਸ ਕਾਰਜਕਾਲ ਦੌਰਾਨ ਸਰਕਾਰ ਦੀ ਵਾਗਡੋਰ ਮੁੱਖ ਰੂਪ ਵਿਚ ਸੁਖਬੀਰ ਸਿੰਘ ਬਾਦਲ ਅਤੇ ਉਸ ਦੇ ਸਾਲੇ ਬਿਕਰਮ ਸਿੰਘ ਮਜੀਠੀਆ ਦੀ ਜੋੜੀ ਦੇ ਹੱਥ ਵਿਚ ਸੀ। ਉਸ ਦਹਾਕੇ ਵਿਚ ਇਸ ਜੋੜੀ ਨੇ ਜਿੱਥੇ ਪੰਜਾਬ ਦੇ ਵੱਖ-ਵੱਖ ਕਾਰੋਬਾਰਾਂ ‘ਤੇ ਆਪਣੀ ਇਜਾਰੇਦਾਰੀ ਸਥਾਪਤ ਕੀਤੀ, ਉਥੇ ਅਕਾਲੀ ਦਲ ਦੇ ਵੱਕਾਰ ਨੂੰ ਵੱਡਾ ਖੋਰਾ ਲਾਇਆ। ਬਾਦਲ ਪਰਿਵਾਰ ਨੇ ਸੂਬੇ ਦੀ ਟਰਾਂਸਪੋਰਟ, ਕੇਬਲ ਸਨਅਤ, ਰੇਤ-ਬਜਰੀ ਕਾਰੋਬਾਰ, ਹੋਟਲਾਂ ‘ਤੇ ਨਿੱਜੀ ਇਰਜਾਰੇਦਾਰੀ ਸਥਾਪਤ ਕਰਨੀ ਪੰਜਾਬੀਆਂ ਨੂੰ ਜਚੀ ਨਹੀਂ। ਇਹ ਛੋਟੀ ਗੱਲ ਨਹੀਂ ਸੀ ਕਿ ਇਸ ਪੰਥਕ ਪਾਰਟੀ ਦੇ ਕਿਸੇ ਸੀਨੀਅਰ ਆਗੂ ‘ਤੇ ਨਸ਼ਿਆਂ ਦੇ ਮਾਮਲੇ ਵਿਚ ਇਲਜ਼ਾਮ ਲੱਗੇ ਹਨ। ਇਸੇ ਕਾਰਜਕਾਲ ਦੌਰਾਨ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿਚ ਇਨਸਾਫ ਨਾ ਮਿਲਣਾ, ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਪੁਲਿਸ ਅਫਸਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨਾ, ਸੁਮੇਧ ਸੈਣੀ ਨੂੰ ਸੂਬੇ ਦਾ ਡੀ.ਜੀ.ਪੀ. ਲਾਉਣਾ, ਡੇਰਾ ਸਿਰਸਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਅਜਿਹੀਆਂ ਘਟਨਾਵਾਂ ਸਨ ਜਿਨ੍ਹਾਂ ਨੇ ਅਕਾਲੀ ਦਲ ਦੀ ਸਾਖ ਨੂੰ ਖੋਰਾ ਲਾਇਆ।

ਪਾਰਟੀ ਵਿਚ ਭਾਰੂ ਹੋਏ ਪਰਿਵਾਰਵਾਦ ਅਤੇ ਪਾਰਟੀ ਲੀਡਰਸ਼ਿਪ ਦੀਆਂ ਆਪਹੁਦਰੀਆਂ ਦਾ ਸਿੱਟਾ ਸੀ ਕਿ ਲੰਮਾ ਸਮਾਂ ਸੂਬੇ ਦੀ ਸੱਤਾ ਉੱਪਰ ਕਾਬਜ਼ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਮਹਿਜ 3 ਸੀਟਾਂ ਮਿਲੀਆਂ ਸਨ; ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦਾ ਸਿਰਫ ਇਕ ਉਮੀਦਵਾਰ ਚੋਣ ਜਿੱਤ ਸਕਿਆ ਹੈ। ਇਨ੍ਹਾਂ ਚੋਣਾਂ ਦੌਰਾਨ ਪਾਰਟੀ ਦੇ 13 ਵਿਚੋਂ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਉਸ ਸਮੇਂ ਦੇ ਸਰਪ੍ਰਸਤ ਅਤੇ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਰ ਇਹ ਸੰਕੇਤ ਸੀ ਕਿ ਪੰਜਾਬ ਦੇ ਲੋਕ ਅਕਾਲੀ ਦਲ ਤੋਂ ਬੁਰੀ ਤਰ੍ਹਾਂ ਅੱਕ ਚੁੱਕੇ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਵਿਚ ਉਠੀਆਂ ਬਾਗੀ ਸੁਰਾਂ ਦੇ ਮੱਦੇਨਜ਼ਰ ਲਈ ਝੂੰਦਾ ਕਮੇਟੀ ਬਣਾ ਤਾਂ ਦਿੱਤੀ ਪਰ ਜਿਸ ਤਰ੍ਹਾਂ ਉਸ ਰਿਪੋਰਟ ਨੂੰ ਪ੍ਰਧਾਨ ਜੀ ਨੇ ਦੱਬ ਕੇ ਰੱਖਿਆ ਅਤੇ ਲੀਡਰਸ਼ਿਪ ਵਿਚ ਕੋਈ ਬਦਲਾਓ ਨਾ ਕੀਤਾ, ਉਸ ਨਾਲ ਵਰਕਰਾਂ ਵਿਚ ਨਿਰਾਸ਼ਤਾ ਵਧਦੀ ਗਈ। ਪਾਰਟੀ ਵਰਕਰਾਂ ਤੇ ਸੂਬੇ ਦੇ ਲੋਕਾਂ ਵਿਚ ਪਾਰਟੀ ਲੀਡਰਸ਼ਿਪ ਪ੍ਰਤੀ ਬਣੀ ਨਾਰਾਜ਼ਗੀ ਨੂੰ ਭਾਪਦਿਆਂ ਲੀਡਰਸ਼ਿਪ ਦੇ ਵੱਡੇ ਹਿੱਸੇ ਨੇ ਬਗਾਵਤ ਦਾ ਰਾਹ ਅਖਤਿਆਰ ਕਰ ਲਿਆ ਹੈ।

ਹੁਣ ਹਾਲਤ ਇਹ ਹੈ ਕਿ ਸਵਾਲ ਸਿਰਫ ਅਕਾਲੀ ਦਲ ਦੀ ਲੀਡਰਸ਼ਿਪ ਉਪਰ ਹੀ ਨਹੀਂ ਉੱਠ ਰਹੇ ਹਨ ਬਲਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤਤਕਾਲੀ ਜਥੇਦਾਰ ਸਹਿਬਾਨ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਹੇਠ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਸੁਖਬੀਰ ਸਿੰਘ ਬਾਦਲ ਦੇ ਨਾਲ ਹੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦਿੱਤਾ ਹੈ। ਪੰਥਕ ਵੋਟਰਾਂ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦਾ ਕਿਸਾਨਾਂ ਵਿਚ ਚੰਗਾ ਆਧਾਰ ਰਿਹਾ ਹੈ ਪਰ ਬੀਤੇ ਵਿਚ ਅਕਾਲੀ ਦਲ ਨੇ ਅੱਖਾਂ ਮੀਚ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਹਾਂ ਵਿਚ ਹਾਂ ਮਿਲਾਉਣਾ ਕਿਸਾਨਾਂ ਦੇ ਇਸ ਪਾਰਟੀ ਤੋਂ ਦੂਰ ਹੋਣ ਦਾ ਵੱਡਾ ਕਾਰਨ ਬਣਿਆ ਹੈ। ਖੇਤੀ ਕਾਨੂੰਨਾਂ ਦੇ ਮਾਮਲੇ ਵਿਚ ਵੀ ਅਕਾਲੀ ਦਲ ਵੱਲੋਂ ਲੰਮਾ ਸਮਾਂ ਮੋਦੀ ਸਰਕਾਰ ਦੇ ਪੱਖ ਵਿਚ ਬੋਲਿਆ ਜਾਂਦਾ ਰਿਹਾ।

ਤੱਥ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਇਤਿਹਾਸਕ ਗੁਰਦੁਆਰਿਆਂ ਨੂੰ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਪ੍ਰਾਪਤ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਵਾਲੀ ਸੁਧਾਰਵਾਦੀ ਲਹਿਰ ਨਾਲ ਹੋਇਆ ਸੀ। ਗੁਰੂ ਕਾ ਬਾਗ ਮੋਰਚਾ, ਜੈਤੋ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਗੁਰਦੁਆਰਾ ਸੁਧਾਰ ਲਹਿਰ ਸਮੇਤ ਕਈ ਸੰਘਰਸ਼ਾਂ ਵਿਚ ਇਸ ਪਾਰਟੀ ਦੀ ਭੂਮਿਕਾ ਇਤਿਹਾਸਕ ਰਹੀ ਹੈ। ਸੰਘੀ ਢਾਂਚਾ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਇਸ ਪਾਰਟੀ ਦੇ ਏਜੰਡੇ ‘ਤੇ ਰਹੇ ਹਨ ਪਰ ਮਾਮਲੇ ਦਾ ਦੂਜਾ ਪਹਿਲੂ ਵੀ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਜਦ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਬਾਦਲ ਪਰਿਵਾਰ ਹੱਥ ਆਈ, ਤਦ ਤੋਂ ਹੀ ਇਸ ਪਾਰਟੀ ਦੀ ਦਿੱਖ ਹੀ ਬਦਲ ਦਿੱਤੀ ਗਈ। ਹੋਇਆ ਇਹ ਕਿ ਕਿਸੇ ਸਮੇਂ ਐਮਰਜੈਂਸੀ ਖਿਲਾਫ ਸੰਘਰਸ਼ ਕਰਨ ਵਾਲੀ ਪਾਰਟੀ ਲੰਮਾ ਸਮਾਂ ਭਾਜਪਾ ਦੇ ਫਿਰਕੂ ਏਜੰਡੇ ਦੀ ਹੱਥਠੋਕਾ ਬਣੀ ਰਹੀ।



ਕਿਸੇ ਸਮੇਂ ਰਾਜਾਂ ਦੇ ਵੱਧ ਅਧਿਕਾਰਾਂ ਦੀ ਮੰਗ ਕਰਨ ਵਾਲੀ ਪਾਰਟੀ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਮਨਸੂਖ ਕਰਨ ਸਮੇਂ ਕੇਂਦਰੀ ਹਕੂਮਤ ਦੇ ਪੱਖ ਵਿਚ ਖੜ੍ਹ ਗਈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅਕਾਲੀ ਦਲ ਦੇ ਸਿਆਸੀ ਨਿਘਾਰ ਲਈ ਬਾਦਲ ਪਰਿਵਾਰ ਮੁੱਖ ਰੂਪ ਵਿਚ ਜ਼ਿੰਮੇਵਾਰ ਹੈ ਪਰ ਸਾਰਾ ਕੁਝ ਬਾਦਲ ਉਪਰ ਸੁੱਟ ਕੇ ਹੁਣ ਪੰਜਾਬ ਪੱਖੀ ਹੋਣ ਦਾ ਦੰਭ ਰਚ ਰਹੇ ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ, ਸੁਖਦੇਵ ਸਿੰਘ ਢੀਂਡਸਾ, ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ ਵਰਗੇ ਅਕਾਲੀ ਆਗੂ ਵੀ ਘੱਟ ਨਹੀਂ ਹਨ। ਜੇਕਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਮੁੰਡਾ, ਨੂੰਹ ਰਾਜਨੀਤੀ ਵਿਚ ਫਿੱਟ ਕੀਤੇ ਤਾਂ ਢੀਂਡਸਾ, ਬ੍ਰਹਮਪੁਰਾ, ਚੰਦੂਮਾਜਰਾ, ਮਲੂਕੇ ਵਰਗੇ ਅਕਾਲੀ ਲੀਡਰਾਂ ਨੇ ਵੀ ਤਾਂ ਉਹੀ ਕੁਝ ਕੀਤਾ ਹੈ। ਇਹਨਾਂ ਆਗੂਆਂ ਨੇ ਉਸ ਸਮੇਂ ਅਕਾਲੀ ਲੀਡਰਸ਼ਿਪ ਉਪਰ ਸਵਾਲ ਉਠਾਏ ਹਨ ਜਦ ਲੋਕ ਹੀ ਇਹਨਾਂ ਨੂੰ ਨਕਾਰ ਚੁੱਕੇ ਹਨ। ਹਕੀਕਤ ਇਹ ਹੈ ਕਿ 2007 ਤੋਂ 2017 ਤੱਕ ਦੇ ਕਾਰਜਕਾਲ ਉੱਪਰ ਇਹ ਹੁਣ 2024 ਵਿਚ ਬੋਲ ਰਹੇ ਹਨ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜੇਕਰ ਅੱਜ ਵੀ ਅਕਾਲੀ ਦਲ ਸੱਤਾ ਵਿਚ ਹੁੰਦਾ ਤਾਂ ਇਹਨਾਂ ਬਾਗੀ ਲੀਡਰਾਂ ਵਿਚੋਂ ਕਿਸੇ ਨੇ ਨਹੀਂ ਕੁਸਕਣਾ ਸੀ।

ਲੰਘੀਆਂ ਲੋਕ ਸਭਾ ਚੋਣਾਂ ਨੇ ਇਹ ਸਿੱਧ ਕੀਤਾ ਹੈ ਕਿ ਦੇਸ਼ ਵਿਚੋਂ ਖੇਤਰੀ ਪਾਰਟੀਆਂ ਦਾ ਦੌਰ ਖਤਮ ਨਹੀਂ ਹੋਇਆ ਹੈ ਬਲਕਿ ਕਈ ਸੂਬਿਆਂ ਦੇ ਲੋਕਾਂ ਨੇ ਕੌਮੀ ਪਾਰਟੀਆਂ ਦੀ ਬਜਾਏ ਖੇਤਰੀ ਪਾਰਟੀਆਂ ਨੂੰ ਤਰਜੀਹ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਇਹ ਕਹਿੰਦੇ ਵੀ ਸੁਣੇ ਜਾ ਸਕਦੇ ਹਨ ਕਿ ਪੰਜਾਬੀਆਂ ਨੂੰ ਖੇਤਰੀ ਪਾਰਟੀ ਵੱਲ ਮੁੜਨਾ ਚਾਹੀਦਾ ਹੈ ਪਰ ਉਹ ਭੁੱਲ ਜਾਂਦੇ ਹਨ ਕਿ 1996-97 ਤੋਂ ਭਾਜਪਾ ਨਾਲ ਕੀਤੇ ਮੌਕਾਪ੍ਰਸਤ ਗੱਠਜੋੜ ਨੇ ਅਕਾਲੀ ਦਲ ਦੀ ਦਿੱਖ ਖੇਤਰੀ ਪਾਰਟੀ ਵਾਲੀ ਰਹਿਣ ਹੀ ਨਹੀਂ ਦਿੱਤੀ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਸੀਟਾਂ ਵੰਡ ਨੂੰ ਲੈ ਕੇ ਗੱਲ ਕਿਸੇ ਤਣ ਪੱਤਣ ਨਹੀਂ ਲੱਗੀ, ਅਕਾਲੀ ਦਲ ਤਾਂ ਭਾਜਪਾ ਨਾਲ ਮੌਕਾਪ੍ਰਸਤ ਗੱਠਜੋੜ ਕਰਨ ਦਾ ਹਾਮੀ ਸੀ। ਹੁਣ ਵੀ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ ਦਾ ਬਾਗੀ ਧੜਾ ਭਾਜਪਾ ਨਾਲ ਕਦੇ ਗੱਠਜੋੜ ਨਹੀਂ ਕਰਨਗੇ, ਇਹ ਕਹਿਣਾ ਮੁਸ਼ਕਿਲ ਹੈ। ਅੱਜ ਦੇ ਦੌਰ ਵਿਚ ਹਾਕਮ ਜਮਾਤ ਪਾਰਟੀਆਂ ਤੋਂ ਲੋਕਾਂ ਦੇ ਭੰਗ ਹੋ ਰਹੇ ਮੋਹ ਦੇ ਚੱਲਦਿਆਂ ਖੇਤਰੀ ਪਾਰਟੀਆਂ ਦੇ ਉਭਾਰ ਦੀਆਂ ਸੰਭਾਵਨਾਵਾਂ ਤਾਂ ਮੌਜੂਦ ਹਨ ਪਰ ਅਕਾਲੀ ਦਲ ਦੇ ਮੁੜ ਉਭਾਰ ਲਈ ਸਿਰਫ ਬਾਦਲ ਪਰਿਵਾਰ ਨੂੰ ਪ੍ਰਧਾਨਗੀ ਤੋਂ ਪਾਸੇ ਕਰਨਾ ਹੀ ਕਾਫੀ ਨਹੀਂ ਬਲਕਿ ਮੌਕਾਪ੍ਰਸਤ ਸਿਆਸਤ ਦੀ ਥਾਂ ਸੂਬੇ ਦੇ ਹਿੱਤਾਂ ਵਾਲੀ ਸਿਆਸਤ ਨੂੰ ਅੱਗੇ ਤੋਰਨਾ ਜ਼ਰੂਰੀ ਹੈ।

# ਕਸ਼ਮੀਰੀ ਖ਼ਾਮੋਸ਼ੀ ਦੀਆਂ ਤਹਿਆਂ ਫਰੋਲਦਿਆਂ...

ਪਿਛਲੇ ਦਿਨੀਂ ਜੰਮੂ ਕਸ਼ਮੀਰ ਦੇ ਪੁਰਅਮਨ ਮੰਨੇ ਜਾਂਦੇ ਦੱਖਣੀ ਜੰਮੂ ਖੇਤਰ ਵਿਚ ਵਧ ਰਹੀਆਂ ਕਥਿਤ ਦਹਿਸ਼ਤਵਾਦੀ ਘਟਨਾਵਾਂ ਨੇ ਸੰਘ ਬ੍ਰਿਗੇਡ ਦੀ ਕਸ਼ਮੀਰ ਨੀਤੀ ਦੀ ਪੋਲ ਖੋਲ੍ਹ ਦਿੱਤੀ ਹੈ। ਫ਼ੌਜੀ ਮੁਹਿੰਮ ਦੇ ਦਬਾਅ ਹੇਠ ਕਸ਼ਮੀਰ ਘਾਟੀ ਵਿਚ ਖਾੜਕੂ ਹਮਲਿਆਂ ਵਿਚ ਚਾਹੇ ਆਰਜ਼ੀ ਤੌਰ 'ਤੇ ਕਮੀ ਆਈ ਹੋ ਸਕਦੀ ਹੈ ਪਰ ਜੰਮੂ ਜਿਸ ਨੂੰ ਸੰਨ 2000 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ 'ਚ ਹੀ 'ਖਾੜਕੂਵਾਦ ਤੋਂ ਮੁਕਤ' ਐਲਾਨ ਦਿੱਤਾ ਗਿਆ ਸੀ, ਦੇ ਪੀਰ ਪੰਜਾਲ ਖੇਤਰ ਅੰਦਰ ਉਪਰੋਥਲੀ ਹਮਲਿਆਂ ਨੇ ਸਰਕਾਰੀ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਪਿਛਲੇ 32 ਮਹੀਨਿਆਂ 'ਚ ਜੰਮੂ ਕਸ਼ਮੀਰ ਵਿਚ 48 ਫ਼ੌਜੀ/ਨੀਮਫ਼ੌਜੀ ਮਾਰੇ ਗਏ। ਇਨ੍ਹਾਂ ਵਿਚੋਂ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

40% ਜਾਨੀ ਨੁਕਸਾਨ ਜੰਮੂ ਖੇਤਰ ਵਿਚ ਹੋਇਆ ਹੈ। ਆਮ ਨਾਗਰਿਕਾਂ ਦੇ ਕਤਲਾਂ ਦੀਆਂ ਘਟਨਾਵਾਂ 'ਚ ਵੀ ਵਾਧਾ ਹੋਇਆ ਹੈ; ਲਿਹਾਜ਼ਾ, ਦਹਿਸ਼ਤੀ ਹਮਲਿਆਂ ਹੱਥੋਂ ਨਾਗਰਿਕਾਂ ਦੀ ਜ਼ਿੰਦਗੀ ਦੀ ਅਸੁਰੱਖਿਆ ਅਤੇ ਹਕੂਮਤੀ ਦਹਿਸ਼ਤ ਪੱਖੋਂ ਹਾਲਾਤ ਹੋਰ ਵੀ ਬਦਤਰ ਹੋਏ ਹਨ।

ਸਰਕਾਰੀ ਰਿਪੋਰਟਾਂ ਦਾਅਵਾ ਕਰਦੀਆਂ ਹਨ ਕਿ ਇਹ ਹਮਲਾਵਰ ਸਰਹੱਦ ਪਾਰੋਂ ਪਾਕਿਸਤਾਨ ਵੱਲੋਂ ਭੇਜੇ ਜਾ ਰਹੇ ਬੇਹੱਦ ਸਿਖਲਾਈਯਾਫ਼ਤਾ ਦਹਿਸ਼ਤਗਰਦ 'ਅਫ਼ਗਾਨ ਯੁੱਧ ਦੇ ਤਜਰਬੇਕਾਰ' ਹਨ ਜਿਨ੍ਹਾਂ ਨਾਲ ਨਜਿੱਠਣ ਲਈ ਸੁਰੱਖਿਆ ਗਰਿੱਡ ਨੂੰ ਹੋਰ ਮਜ਼ਬੂਤ ਕਰਨਾ ਜ਼ਰੂਰੀ ਹੈ। ਪੀਰ ਪੰਜਾਲ ਖੇਤਰ ਵਿਚ ਇਨ੍ਹਾਂ ਦੀ ਗਿਣਤੀ 80 ਦੇ ਕਰੀਬ ਦੱਸੀ ਜਾ ਰਹੀ ਹੈ।

ਉਪਰੋਕਤ ਘਟਨਾਵਾਂ ਦੇ ਮੱਦੇਨਜ਼ਰ 18 ਜੁਲਾਈ ਨੂੰ ਕੇਂਦਰ ਸਰਕਾਰ ਨੇ ਮੋਦੀ ਦੀ ਪ੍ਰਧਾਨਗੀ ਹੇਠ ਕੈਬਨਿਟ ਕਮੇਟੀ ਆਨ ਸਕਿਓਰਿਟੀ ਦੀ ਵਿਸ਼ੇਸ਼ ਮੀਟਿੰਗ ਕੀਤੀ ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ 13 ਜੂਨ ਨੂੰ ਸੁਰੱਖਿਆ ਜਾਇਜ਼ਾ ਮੀਟਿੰਗ ਵਿਚ ਵੀ ਮੋਦੀ ਨੇ 'ਦਹਿਸ਼ਤਵਾਦ ਵਿਰੋਧੀ ਸਮਰੱਥਾਵਾਂ ਨੂੰ ਭਰਵੇਂ ਰੂਪ 'ਚ' ਵਰਤੋਂ ਵਿਚ ਲਿਆਉਣ ਦਾ ਨਿਰਦੇਸ਼ ਦਿੱਤਾ ਸੀ। ਇਹ ਬਦਤਰ ਹੋ ਰਹੀ ਹਾਲਤ ਤੋਂ ਬੁਖਲਾਈ ਭਗਵਾ ਹਕੂਮਤ ਦੇ ਬਦਲਾਲਊ ਪ੍ਰਤੀਕਰਮ ਤੋਂ ਸਿਵਾਏ ਕੁਝ ਨਹੀਂ ਕਿਉਂਕਿ ਇਹ ਸਿਰਫ਼ ਕਸ਼ਮੀਰੀ ਅਵਾਮ ਦੀ ਬੇਚੈਨੀ ਨੂੰ ਫ਼ੌਜੀ ਤਾਕਤ ਨਾਲ ਦਬਾਉਣ ਦਾ ਫ਼ੌਜੀ ਅਮਲ ਹੈ ਜਿਸ ਵਿਚੋਂ ਮਸਲੇ ਦਾ ਰਾਜਸੀ ਹੱਲ ਪੂਰੀ ਤਰ੍ਹਾਂ ਨਦਾਰਦ ਹੈ। ਸਵਾਲ ਇਹ ਹੈ ਕਿ ਕਸ਼ਮੀਰੀ 'ਦਿਲਾਂ ਅਤੇ ਦਿੱਲੀ ਦਰਮਿਆਨ ਖਾਈ ਨੂੰ ਦੂਰ ਕਰਨ ਦੀਆਂ' ਉਹ ਕਥਿਤ ਕੋਸ਼ਿਸ਼ਾਂ ਕਿੱਥੇ ਹਨ ਜਿਨ੍ਹਾਂ ਦੀ ਬੜ੍ਹਕ ਮੋਦੀ ਨੇ 20 ਜੂਨ ਨੂੰ ਸ੍ਰੀਨਗਰ ਦੇ ਸਟੇਡੀਅਮ ਵਿਚ ਸਖ਼ਤ ਸੁਰੱਖਿਆ ਘੇਰੇ ਅੰਦਰ ਭਾਸ਼ਣ ਦਿੰਦਿਆਂ ਮਾਰੀ ਸੀ। ਪ੍ਰਧਾਨ ਮੰਤਰੀ ਖ਼ੁਦ ਐਨਾ ਅਸੁਰੱਖਿਅਤ ਮਹਿਸੂਸ ਕਰ ਰਿਹਾ ਸੀ ਕਿ 'ਜੁੱਤੀ ਕਾਂਡ' ਦੇ ਡਰੋਂ ਅਗਲੇ ਦਿਨ ਕੌਮਾਂਤਰੀ ਯੋਗ ਦਿਵਸ ਮਨਾਉਣ ਸਮੇਂ ਯੋਗ ਕਰਨ ਵਾਲਿਆਂ ਦੀਆਂ ਜੁੱਤੀਆਂ ਵੀ ਬਾਹਰ ਹੀ ਲੁਹਾ ਦਿੱਤੀਆਂ ਗਈਆਂ।

ਹੋ ਸਕਦਾ ਹੈ ਕਿ ਪਾਕਿਸਤਾਨ ਸਰਕਾਰ ਦੇ ਭੇਜੇ ਕੁਝ ਘੁਸਪੈਠੀਏ ਜੰਮੂ ਕਸ਼ਮੀਰ ਵਿਚ ਸਰਗਰਮ ਹੋਣ ਪਰ ਇਸ ਨਾਲ ਇਹ ਹਕੀਕਤ ਬਦਲ ਨਹੀਂ ਜਾਂਦੀ ਕਿ ਭਾਰਤੀ ਰਾਜ, ਖ਼ਾਸ ਕਰ ਕੇ ਭਗਵਾ ਹਕੂਮਤ ਵੱਲੋਂ ਜੰਮੂ ਕਸ਼ਮੀਰ ਦੀ ਨਿਆਰੀ ਹਸਤੀ ਖ਼ਤਮ ਕੀਤੇ ਜਾਣ ਵਿਰੁੱਧ ਕਸ਼ਮੀਰੀ ਅਵਾਮ 'ਚ ਵਿਆਪਕ ਬੇਚੈਨੀ ਅਤੇ ਰੋਹ ਹੈ ਜਿਸ ਉੱਪਰ ਪਰਦਾ ਪਾਉਣ ਲਈ ਬਦੇਸ਼ੀ ਘੁਸਪੈਠ ਨੂੰ ਵਾਹਦ ਮਸਲਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਕਸ਼ਮੀਰ ਨੂੰ ਫ਼ੌਜੀ ਤਾਕਤ ਨਾਲ ਕੰਟਰੋਲ ਕਰਨ ਲਈ ਹੋਰ ਫ਼ੌਜੀ-ਨੀਮਫ਼ੌਜੀ ਤਾਇਨਾਤੀ ਨੂੰ ਜਾਇਜ਼ ਠਹਿਰਾਉਣ ਦਾ ਬਹਾਨਾ ਵੀ ਹੈ।

ਸਰਕਾਰ ਚਾਹੇ ਕੋਈ ਵੀ ਹੋਵੇ, ਪਿਛਲੇ ਸਾਢੇ ਸੱਤ ਦਹਾਕਿਆਂ 'ਚ ਕਸ਼ਮੀਰ ਵਿਚ ਭਾਰਤੀ ਫ਼ੌਜੀ ਲਸ਼ਕਰਾਂ ਦੀ ਤਾਇਨਾਤੀ ਵਧਦੀ ਗਈ ਹੈ। ਅਗਸਤ 2019 'ਚ ਧਾਰਾ 370 ਨੂੰ ਜੰਮੂ ਕਸ਼ਮੀਰ ਵਿਧਾਨ ਸਭਾ ਦੀ ਸਹਿਮਤੀ ਲਏ ਬਗ਼ੈਰ ਹੀ ਇਕਤਰਫ਼ਾ ਤੌਰ 'ਤੇ ਰੱਦ ਕਰਨ ਸਮੇਂ ਵੀ ਦਹਿ-ਹਜ਼ਾਰਾਂ ਦੀ ਤਾਦਾਦ 'ਚ ਹੋਰ ਵਾਧੂ ਫ਼ੌਜੀ ਨਫ਼ਰੀ ਭੇਜ ਕੇ ਅਤੇ ਸੰਚਾਰ ਸੇਵਾਵਾਂ ਮੁਕੰਮਲ ਰੂਪ 'ਚ ਠੱਪ ਕਰ ਕੇ ਸਮੁੱਚੀ ਕਸ਼ਮੀਰ ਘਾਟੀ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਦਿੱਤਾ ਗਿਆ ਸੀ। ਜਿਸ ਖੇਤਰ ਵਿਚ 552 ਦਿਨ ਇੰਟਰਨੈੱਟ ਬੰਦ ਰੱਖਿਆ ਗਿਆ ਹੋਵੇ (4 ਅਗਸਤ 2019 ਤੋਂ 6 ਫਰਵਰੀ 2021 ਤੱਕ), ਉੱਥੋਂ ਦੀ ਵਸੋਂ ਨੂੰ ਆਮ ਜਾਣਕਾਰੀ ਤੇ ਨਿੱਜੀ ਸੁੱਖਸਾਂਦ ਦੇ ਜ਼ਰੀਏ ਤੋਂ ਵਾਂਝੇ ਰੱਖਣ ਦੇ ਮਨੋਵਿਗਿਆਨਕ ਅਸਰਾਂ ਅਤੇ ਅੱਜ ਦੇ ਜ਼ਮਾਨੇ 'ਚ ਇੰਟਰਨੈੱਟ 'ਤੇ ਨਿਰਭਰ ਕਾਰੋਬਾਰਾਂ ਦੇ ਬੇਹੱਦ ਆਰਥਿਕ ਨੁਕਸਾਨ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸੇ ਕੰਟਰੋਲ ਦਾ ਸ਼ਿਕੰਜਾ ਹੋਰ ਕੱਸਣ ਲਈ ਹੁਣ 5 ਜੁਲਾਈ ਨੂੰ ਕਠੂਆ ਜ਼ਿਲ੍ਹੇ ਵਿਚ ਫ਼ੌਜੀ ਕਾਫ਼ਲੇ ਉੱਪਰ ਜੋੜੇ ਹਮਲੇ ਤੋਂ ਬਾਅਦ ਮੋਦੀ ਦਰਬਾਰ ਵੱਲੋਂ 'ਐਅਰਟਾਈਟ ਸਕਿਓਰਿਟੀ ਗਰਿੱਡ' ਦੀ ਨੀਤੀ ਲਈ ਗਈ ਹੈ ਜਿਸ ਤਹਿਤ ਹੋਰ ਫ਼ੌਜੀ/ਖ਼ੁਫ਼ੀਆ ਉਪਾਵਾਂ ਦੇ ਨਾਲ-ਨਾਲ 200 ਵਿਸ਼ੇਸ਼ ਬਖ਼ਤਰਬੰਦ ਵਾਹਨਾਂ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਨਵੇਂ ਸੁਰੱਖਿਆ ਗਰਿੱਡ ਵਿਚ ਅਸਾਮ ਰਾਈਫ਼ਲ ਦੀ ਭੂਮਿਕਾ ਵੀ ਵਧਾਈ ਗਈ ਹੈ। ਬੀ.ਐੱਸ.ਐੱਫ. ਦੀਆਂ ਦੋ ਬਟਾਲੀਅਨਾਂ ਹਵਾਈ ਜਹਾਜ਼ਾਂ ਰਾਹੀਂ ਉੜੀਸਾ ਤੋਂ ਮੰਗਵਾ ਕੇ ਜੰਮੂ-ਪੰਜਾਬ ਸਰਹੱਦ ਉੱਪਰ ਸਰਹੱਦੀ ਸੁਰੱਖਿਆ ਵਿਚਲੀਆਂ ਕਥਿਤ ਮੋਰੀਆਂ ਬੰਦ ਕਰਨ ਲਈ ਲਗਾਈਆਂ ਹਨ।

ਸਵਾਲ ਹੈ ਕਿ ਜੇ ਕਸ਼ਮੀਰ ਮਸਲੇ ਦਾ ਲਾਅ ਐਂਡ ਆਰਡਰ ਹੱਲ ਸਾਢੇ ਸੱਤ ਦਹਾਕਿਆਂ ਵਿਚ ਕੋਈ ਨਤੀਜੇ ਨਹੀਂ ਕੱਢ ਸਕਿਆ ਤਾਂ ਭਗਵਾ ਹਕੂਮਤ ਦੀ ਹੋਰ ਜ਼ਿਆਦਾ ਕਰੂਰਤਾ ਦੇ ਨਤੀਜੇ ਤਾਂ ਹੋਰ ਵੀ ਭਿਆਨਕ ਹੀ ਹੋਣਗੇ, ਚਾਹੇ ਇਹ ਕਸ਼ਮੀਰੀ ਅਵਾਮ ਅਤੇ ਪੁਲਿਸ-ਫ਼ੌਜ ਦੇ ਜਵਾਨਾਂ ਦੀ ਕਤਲੋਗਾਰਤ ਦੇ ਰੂਪ 'ਚ ਹੋਣ ਜਾਂ ਕਥਿਤ ਸੁਰੱਖਿਆ ਗਰਿੱਡ ਉੱਪਰ ਬਜਟ ਦੇ ਉਜਾੜੇ ਦੇ ਰੂਪ 'ਚ ਹੋਣ। ਸੰਘ ਬ੍ਰਿਗੇਡ ਨੂੰ ਇਸ ਖ਼ੂਨੀ ਟਕਰਾਅ ਵਿਚ ਕਸ਼ਮੀਰੀ ਅਵਾਮ ਅਤੇ ਪੁਲਿਸ-ਫ਼ੌਜ ਦੇ ਜਵਾਨਾਂ ਦੇ ਮਾਰੇ ਜਾਣ ਦੀ ਕੋਈ ਪ੍ਰਵਾਹ ਨਹੀਂ ਹੈ, ਉਨ੍ਹਾਂ ਦੀ ਹਿੰਦੂ ਰਾਸ਼ਟਰਵਾਦੀ ਜ਼ਿਹਨੀਅਤ ਸੰਤੁਸ਼ਟ ਹੈ ਕਿ ਉਨ੍ਹਾਂ ਨੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰ ਕੇ 'ਅਖੰਡ ਭਾਰਤ' ਬਣਾਉਣ ਦਾ ਆਪਣਾ ਚਿਰੋਕਣਾ ਸੁਪਨਾ ਪੂਰਾ ਕਰ ਲਿਆ ਹੈ ਜਿਸ ਦੇ ਲਈ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਅਗਵਾਈ ਹੇਠ ਭਾਰਤੀ ਜਨ ਸੰਘ ਨੇ 1953 'ਚ ਭਗਵਾ ਜਹਾਦ ਵਿੱਢਿਆ ਸੀ।

5 ਅਗਸਤ 2019 ਨੂੰ ਜੰਮੂ ਕਸ਼ਮੀਰ ਰਿਆਸਤ ਦਾ ਵਿਸ਼ੇਸ਼ ਦਰਜਾ ਖ਼ਤਮ ਕਰਦਿਆਂ ਭਾਜਪਾ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਧਾਰਾ 370 ਅਤੇ ਧਾਰਾ 35ਏ ਦਾ ਖ਼ਾਤਮਾ ਕਰਨ ਨਾਲ ਕਸ਼ਮੀਰੀ ਵੱਖਵਾਦ ਦਾ ਲੱਕ ਟੁੱਟ ਜਾਵੇਗਾ। ਭਗਵਾ ਹਕੂਮਤ ਦਾ ਮੂੰਹ ਚਿੜਾਉਂਦਿਆਂ ਕਥਿਤ ਦਹਿਸ਼ਤਵਾਦ ਤਾਂ ਅਜੇ ਵੀ ਉਸੇ ਤਰ੍ਹਾਂ ਚੁਣੌਤੀ ਬਣਿਆ ਹੋਇਆ ਹੈ। ਦੂਜੇ ਪਾਸੇ, ਇਹ ਅੱਜ ਤੱਕ ਸਪਸ਼ਟ ਨਹੀਂ ਕੀਤਾ ਗਿਆ ਕਿ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਘਟਾ ਕੇ ਇਸ ਨੂੰ ਦੋ ਕੇਂਦਰ ਪ੍ਰਸ਼ਾਸਤ ਪ੍ਰਦੇਸ਼ ਬਣਾਉਣ ਦਾ ਵਿਸ਼ੇਸ਼ ਦਰਜੇ ਨਾਲ ਕੀ ਸਬੰਧ ਸੀ? ਕੀ ਇਹ ਸਿਰਫ਼ ਤੇ ਸਿਰਫ਼ ਉਨ੍ਹਾਂ ਨੂੰ ਕਸ਼ਮੀਰੀ ਅਤੇ ਮੁਸਲਮਾਨ ਭਾਰੂ ਰਿਆਸਤ ਹੋਣ ਦੀ ਸਜ਼ਾ ਨਹੀਂ ਸੀ?




ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਵਿਸ਼ੇਸ਼ ਦਰਜਾ ਕਸ਼ਮੀਰ ਦੇ ਭਾਰਤ ਦਾ ਅਨਿੱਖੜ ਅੰਗ ਬਣਨ ਵਿਚ ਰੁਕਾਵਟ ਬਣਿਆ ਹੋਇਆ ਸੀ ਅਤੇ ਹੁਣ ਇੱਥੇ ਭਾਰਤੀ ਕਾਨੂੰਨ ਲਾਗੂ ਹੋਣਗੇ ਤੇ ਗਵਰਨੈਂਸ ਵਿਚ ਸੁਧਾਰ ਹੋਵੇਗਾ। ਮੋਦੀ ਨੇ ਤਾਂ ਇੱਥੋਂ ਤੱਕ ਕਿਹਾ ਕਿ "ਧਾਰਾ 370 ਅਤੇ 35ਏ ਨੇ ਜੰਮੂ ਕਸ਼ਮੀਰ ਨੂੰ ਵੱਖਵਾਦ, ਦਹਿਸ਼ਤਵਾਦ, ਭਾਈਭਤੀਜਾਵਾਦ ਅਤੇ ਵੱਡੇ ਪੈਮਾਨੇ 'ਤੇ ਫੈਲੇ ਭ੍ਰਿਸ਼ਟਾਚਾਰ ਤੋਂ ਸਿਵਾਏ ਕੱਖ ਨਹੀਂ ਦਿੱਤਾ" ਅਤੇ ਭਾਜਪਾ ਸਰਕਾਰ ਦੇ ਇਸ ਇਤਿਹਾਸਕ ਫ਼ੈਸਲੇ ਨਾਲ ਕਸ਼ਮੀਰੀਆਂ ਦੀ ਤਰੱਕੀ ਤੇ ਵਿਕਾਸ ਦਾ ਰਾਹ ਖੁੱਲ੍ਹ ਗਿਆ ਹੈ!

ਬੇਸ਼ੱਕ ਕਸ਼ਮੀਰ ਦੇ ਭਵਿੱਖ ਦਾ ਫ਼ੈਸਲਾ ਕਰਨ ਦੇ ਹੱਕ (ਸਵੈਨਿਰਣੇ ਦੇ ਆਲਮੀ ਤੌਰ 'ਤੇ ਪ੍ਰਵਾਨਤ ਹੱਕ) ਦੇ ਨਜ਼ਰੀਏ ਤੋਂ ਆਰਥਿਕ ਤਰੱਕੀ ਦੇ ਵਾਅਦੇ ਕੋਈ ਮਾਇਨੇ ਨਹੀਂ ਰੱਖਦੇ ਪਰ ਜ਼ਮੀਨੀ ਹਕੀਕਤ 'ਚ ਕਸ਼ਮੀਰ ਦੀ ਆਰਥਿਕ 'ਤਰੱਕੀ' ਵੀ ਕਿਤੇ ਨਜ਼ਰ ਨਹੀਂ ਆ ਰਹੀ। ਕਸ਼ਮੀਰੀ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨ ਅਤੇ ਪੂੰਜੀ ਨਿਵੇਸ਼ ਖਿੱਚਣ ਦਾ ਵੀ ਕਿਤੇ ਕੋਈ ਨਾਮੋ-ਨਿਸ਼ਾਨ ਨਹੀਂ। ਸਰਕਾਰੀ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦੀ ਭਾਰਤ ਦੀ ਕੌਮੀ ਦਰ 6.1% ਹੈ, ਜੰਮੂ ਕਸ਼ਮੀਰ ਦੀ 26.6%। ਜਿਵੇਂ ਭਾਰਤ ਵਿਚ ਸਮਾਰਟ ਸਿਟੀ ਪ੍ਰੋਜੈਕਟ, ਸੜਕਾਂ, ਫਲਾਈਓਵਰਾਂ ਨੂੰ ਵਿਕਾਸ ਦੱਸਿਆ ਜਾ ਰਿਹਾ ਹੈ, ਉਸੇ ਤਰ੍ਹਾਂ ਸ੍ਰੀਨਗਰ ਦੀਆਂ ਕੁਝ ਗਲੀਆਂ ਤੇ ਸੜਕਾਂ ਦਾ ਸੁੰਦਰੀਕਰਨ ਕਰ ਕੇ ਅਤੇ ਫਵਾਈਓਵਰ ਤੇ ਸੁਰੰਗਾਂ ਬਣਾ ਕੇ ਵਿਕਾਸ ਦੇ ਕੰਮ ਗਿਣਾਏ ਜਾ ਰਹੇ ਹਨ ਜੋ ਦਰਅਸਲ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਬਜਟ ਦੇ ਮੋਟੇ ਫੰਡ ਹੜੱਪਣ ਦਾ ਘੁਟਾਲਾ ਹਨ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਉੱਪਰ ਤਾਂ ਇੱਥੋਂ ਤੱਕ ਦੋਸ਼ ਲੱਗੇ ਹਨ ਕਿ 2021 'ਚ ਉਸ ਨੇ ਜੰਮੂ ਕਸ਼ਮੀਰ ਲਈ ਆਏ ਸਰਕਾਰੀ ਫੰਡ ਆਪਣੀ ਪੁੱਤਰ ਦੀ ਮੰਗਣੀ ਲਈ ਕਢਵਾ ਲਏ ਸਨ। ਮੋਦੀ ਵਜ਼ਾਰਤ ਸੈਰਸਪਾਟਾ ਸਨਅਤ ਦੀ ਆਰਥਿਕ ਵਾਧਾ ਦਰ (15.13%) ਦਾ ਢੰਡੋਰਾ ਪਿੱਟ ਰਹੀ ਹੈ ਜਦਕਿ ਰਿਆਸਤ ਦੀ ਜੀ.ਡੀ.ਪੀ. ਵਿਚ ਇਸ ਦਾ ਹਿੱਸਾ ਮਹਿਜ਼ 7-8% ਹੀ ਹੈ। ਕਸ਼ਮੀਰੀ ਆਰਥਿਕਤਾ ਦੇ ਮੁੱਖ ਥੰਮ੍ਹ ਖੇਤੀਬਾੜੀ ਅਤੇ ਬਾਗ਼ਵਾਨੀ ਬੁਰੀ ਤਰ੍ਹਾਂ ਲੜਖੜਾ ਰਹੇ ਹਨ। ਸੇਬ ਸਨਅਤ ਡੂੰਘੇ ਸੰਕਟ ਦੀ ਲਪੇਟ 'ਚ ਹੈ। ਰਿਪੋਰਟਾਂ ਇਹ ਹਨ ਕਿ ਅਫ਼ਗਾਨਿਸਤਾਨ ਤੋਂ ਸਸਤੇ ਸੇਬਾਂ ਦੀ ਦਰਾਮਦ ਨਾਲ ਭਾਰਤੀ ਮੰਡੀ ਵਿਚ ਕਸ਼ਮੀਰੀ ਸੇਬਾਂ ਦੀ ਬੇਹੱਦ ਬੇਕਦਰੀ ਹੋ ਗਈ ਹੈ। ਛੋਟੇ-ਛੋਟੇ ਕਾਰੋਬਾਰ ਬੁਰੀ ਤਰ੍ਹਾਂ ਤਬਾਹ ਹੋ ਗਏ ਹਨ। ਸੁਪਰੀਮ ਕੋਰਟ ਨੇ ਇਸ ਧੱਕੜ ਕਾਰੇ ਵਿਰੁੱਧ ਪਟੀਸ਼ਨਾਂ ਦੀ ਤੁਰੰਤ ਸੁਣਵਾਈ ਕਰਨ ਦੀ ਬਜਾਇ ਪੰਜ ਸਾਲ ਸੁਣਵਾਈ ਟਾਲ ਕੇ ਅਤੇ ਆਖ਼ਿਰਕਾਰ ਦਸੰਬਰ 2023 'ਚ ਭਗਵਾ ਹਕੂਮਤ ਦੇ ਗ਼ੈਰ-ਸੰਵਿਧਾਨਕ ਕਦਮ ਨੂੰ ਸੰਵਿਧਾਨ ਅਨੁਸਾਰ ਵਾਜਬ ਕਰਾਰ ਦੇ ਕੇ ਨੰਗੀ-ਚਿੱਟੀ ਧੱਕੇਸ਼ਾਹੀ ਉਪਰ ਕਾਨੂੰਨੀ ਮੋਹਰ ਲਾ ਦਿੱਤੀ। ਇਸ ਨਾਲ ਕਸ਼ਮੀਰੀਆਂ ਦੇ ਇਕ ਹਿੱਸੇ ਨੂੰ ਭਾਰਤ ਦੀ ਸਰਵਉੱਚ ਅਦਾਲਤ ਤੋਂ ਜੋ ਨਿਆਂ ਦੀ ਮਾੜੀ-ਮੋਟੀ ਉਮੀਦ ਸੀ, ਉਹ ਵੀ ਖ਼ਤਮ ਹੋ ਗਈ।

ਭਾਰਤੀ ਹੁਕਮਰਾਨ ਜਮਾਤ ਦੇ ਇਤਿਹਾਸਕ ਵਿਸ਼ਵਾਸਘਾਤ ਅਤੇ ਦਹਾਕਿਆਂ ਤੋਂ ਚੱਲ ਰਹੇ ਕਰੂਰ ਜਬਰ ਨੂੰ ਕਸ਼ਮੀਰੀ ਅਵਾਮ ਭੁੱਲੇ ਨਹੀਂ। ਉਹ ਇਸ ਗੱਲੋਂ ਵੀ ਸੁਚੇਤ ਸਨ ਕਿ ਆਰ.ਐੱਸ.ਐੱਸ.-ਭਾਜਪਾ ਦੇ ਸੱਤਾ 'ਚ ਆਉਣ ਨਾਲ ਦਿੱਲੀ ਦਰਬਾਰ ਦੀ ਕਸ਼ਮੀਰ ਨੀਤੀ ਵਿਚ ਆਏ ਬਦਲਾਅ ਦਾ ਸੁਭਾਅ ਕੀ ਹੈ। ਉਨ੍ਹਾਂ ਨੇ ਜੰਮੂ ਕਸ਼ਮੀਰ ਦੀ ਨਿਆਰੀ ਹਸਤੀ ਮਿਟਾਏ ਜਾਣ ਦਾ ਪੁਰਜ਼ੋਰ ਵਿਰੋਧ ਕਰਨ ਦੀ ਬੇਹੱਦ ਕੋਸ਼ਿਸ਼ ਕੀਤੀ ਪਰ ਫਾਸ਼ੀਵਾਦੀ ਸਰਕਾਰ ਦੇ ਕਰੂਰ ਫ਼ੌਜੀ-ਨੀਮ-ਫ਼ੌਜੀ ਹਮਲੇ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਗਈ। ਕਈ ਮਹੀਨੇ ਤੱਕ ਇੰਟਰਨੈੱਟ ਬੰਦੀ ਰਾਹੀਂ ਕਸ਼ਮੀਰੀ ਨੂੰ ਬਾਕੀ ਦੁਨੀਆ ਤੋਂ ਕੱਟ ਕੇ ਰੱਖਿਆ ਗਿਆ ਅਤੇ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਦੇ ਵਿਆਪਕ ਖ਼ੌਫ਼ ਰਾਹੀਂ ਉਨ੍ਹਾਂ ਦੀ ਵਿਰੋਧ ਦੀ ਆਵਾਜ਼ ਵੀ ਬੇਹੱਦ ਕਰੂਰਤਾ ਨਾਲ ਕੁਚਲ ਦਿੱਤੀ ਗਈ। ਇੱਥੋਂ ਤੱਕ ਕਿ ਭਾਰਤ ਦੀ ਕਥਿਤ ਮੁੱਖਧਾਰਾ ਦੇ ਹਮਾਇਤੀ ਸਾਬਕਾ ਮੁੱਖਮੰਤਰੀਆਂ ਸਮੇਤ ਕਸ਼ਮੀਰੀ ਆਗੂਆਂ ਨੂੰ ਲੰਮਾ ਸਮਾਂ ਨਜ਼ਰਬੰਦ ਰੱਖਿਆ ਗਿਆ। 2020-2022 ਦਰਮਿਆਨ ਪੂਰੇ ਮੁਲਕ 'ਚ ਯੂ.ਏ.ਪੀ.ਏ. ਲਗਾ ਕੇ ਦਰਜ ਕੀਤੇ ਕੇਸਾਂ 'ਚ 36% ਜੰਮੂ ਕਸ਼ਮੀਰ ਤੋਂ ਹਨ। ਜੋ ਖੋਜੀ ਪੱਤਰਕਾਰ, ਉੱਘੇ ਵਕੀਲ, ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨ ਅਤੇ ਮੁੱਦਿਆਂ ਤੇ ਸਰੋਕਾਰਾਂ ਬਾਰੇ ਖੁੱਲ੍ਹ ਕੇ ਬੋਲਣ ਵਾਲੇ ਹੋਰ ਜਾਗਰੂਕ ਹਿੱਸੇ ਇਨ੍ਹਾਂ ਜ਼ੁਲਮਾਂ ਤੇ ਧੱਕੇਸ਼ਾਹੀਆਂ ਵਿਰੁੱਧ ਆਵਾਜ਼ ਬਣਦੇ ਸਨ, ਉਹ ਪਬਲਿਕ ਸੇਫਟੀ ਐਕਟ ਅਤੇ ਯੂ.ਏ.ਪੀ.ਏ. ਲਗਾ ਕੇ ਧੜਾਧੜ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਪੰਜ-ਪੰਜ ਸਾਲ ਤੋਂ ਉਨ੍ਹਾਂ ਦੀ ਜ਼ਮਾਨਤ ਵੀ ਨਹੀਂ ਹੋਣ ਦਿੱਤੀ ਜਾ ਰਹੀ। ਹੋਰ ਖੋਜੀ ਪੱਤਰਕਾਰਾਂ ਨੂੰ ਦਹਿਸ਼ਤਗਰਦਾਂ ਨਾਲ ਸਬੰਧਾਂ ਦੀ ਜਾਂਚ ਦੇ ਬਹਾਨੇ ਵਾਰ-ਵਾਰ ਥਾਣਿਆਂ 'ਚ ਬੁਲਾ ਕੇ ਅਤੇ ਧਮਕਾ ਕੇ ਖ਼ਾਮੋਸ਼ ਕਰ ਦਿੱਤਾ ਗਿਆ। ਜ਼ਿਆਦਾਤਰ ਪ੍ਰੈੱਸ ਨੇ ਸਵੈ-ਸੈਂਸਰਸ਼ਿਪ ਨਾਲ ਮੂੰਹ ਬੰਦ ਕਰ ਲਿਆ। ਪ੍ਰੈੱਸ ਦੀ ਆਜ਼ਾਦੀ ਖ਼ਤਮ ਹੋਣ ਨਾਲ ਇਸ ਖੇਤਰ ਬਾਰੇ ਜਾਣਕਾਰੀ ਦੇ ਸਰੋਤ ਖ਼ਤਮ ਕਰ ਦਿੱਤੇ ਗਏ। ਹੁਣ ਜਾਂ ਤਾਂ ਕਸ਼ਮੀਰ ਬਾਰੇ 'ਸੈਂਸਰ ਹੋਈ' ਰਿਪੋਰਟ ਆਉਂਦੀ ਹੈ ਜਾਂ ਸਰਕਾਰੀ ਪ੍ਰੈੱਸ ਨੋਟ। ਪੱਤਰਕਾਰ ਕਿਸੇ ਤੱਥ ਜਾਂ ਘਟਨਾ ਦੀ ਤਫ਼ਸੀਲ ਦੇਣ ਤੋਂ ਪਹਿਲਾਂ ਸੌ ਵਾਰ ਸੋਚਦੇ ਹਨ ਅਤੇ ਆਪਣਾ ਨਾਮ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਜਾਣਕਾਰੀ ਸਾਂਝੀ ਕਰਦੇ ਹਨ। ਸਰਜ਼ਮੀਨ ਦੇ ਚੱਪੇ-ਚੱਪੇ 'ਤੇ ਤਾਇਨਾਤ ਸੁਰੱਖਿਆ ਦਸਤਿਆਂ ਅਤੇ ਸੱਤਾ ਦੇ ਸਕੈਨਰ ਦੀ ਕਸ਼ਮੀਰੀ ਅਵਾਮ ਦੀ ਹਰ ਨਕਲੋ-ਹਰਕਤ ਉੱਪਰ ਤਿੱਖੀ ਨਜ਼ਰ ਹੈ। ਆਲਮ ਇਹ ਹੈ ਕਿ ਕਸ਼ਮੀਰੀ ਆਪਣੇ ਹਾਲਾਤ ਬਾਰੇ ਨਿੱਜੀ ਗੱਲਬਾਤ ਕਰਨ ਤੋਂ ਵੀ ਤ੍ਰਭਕਦੇ ਹਨ। ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੇ ਭਾਸ਼ਣ ਦੇ ਆਧਾਰ 'ਤੇ ਯੂ.ਏ.ਪੀ.ਏ. ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਇਸੇ ਖ਼ੌਫ਼ ਨੂੰ ਹੋਰ ਵਧਾਉਣ ਲਈ ਦਿੱਤੀ ਗਈ ਹੈ। ਸਾਫ਼ ਸੰਦੇਸ਼ ਹੈ ਕਿ ਕਿ ਕਸ਼ਮੀਰ ਬਾਰੇ ਸਰਕਾਰੀ ਬਿਰਤਾਂਤ ਤੋਂ ਪਾਸੇ ਜਾ ਕੇ ਲਿਖਤੀ ਜਾਂ ਜ਼ਬਾਨੀ ਕੁਝ ਵੀ ਬੋਲਣਾ ਮਨ੍ਹਾ ਹੈ, ਹਕੂਮਤੀ ਹੁਕਮਾਂ ਦੀ ਅਦੂਲੀ ਕਰਨ ਵਾਲੀਆਂ ਵੱਡੀਆਂ ਤੋਂ ਵੱਡੀਆਂ ਹਸਤੀਆਂ ਵੀ ਜੇਲ੍ਹ ਜਾਣ ਲਈ ਤਿਆਰ ਰਹਿਣ।

ਸ੍ਰੀਨਗਰ ਪ੍ਰੈੱਸ ਕਲੱਬ, ਹਾਈਕੋਰਟ ਬਾਰ ਐਸੋਸੀਏਸ਼ਨ ਵਰਗੀਆਂ ਸੰਸਥਾਵਾਂ ਵਿਚੋਂ ਬੇਬਾਕ ਆਵਾਜ਼ਾਂ ਦਾ ਸਫ਼ਾਇਆ ਕਰਨ ਲਈ ਝੂਠੇ ਕੇਸਾਂ, ਜੇਲ੍ਹਬੰਦੀਆਂ ਅਤੇ ਸੱਤਾ ਦੀ ਤਾਕਤ ਦਾ ਬੇਖ਼ੌਫ਼ ਹੋ ਕੇ ਇਸਤੇਮਾਲ ਜਾਰੀ ਹੈ। ਲੰਗੜੇ ਬਹਾਨੇ ਬਣਾ ਕੇ ਗ੍ਰਿਫ਼ਤਾਰੀ, ਅਨਮਿੱਥੇ ਸਮੇਂ ਲਈ ਨਜ਼ਰਬੰਦੀ, ਛਾਪੇਮਾਰੀ, ਮੁਜਰਿਮਾਂ ਵਾਂਗ ਤਫ਼ਤੀਸ਼, ਵਾਰ-ਵਾਰ ਵੈਰੀਫਿਕੇਸ਼ਨਾਂ, ਨੌਕਰੀਆਂ ਤੋਂ ਕੱਢਣਾ ਅਤੇ ਜਾਇਦਾਦਾਂ ਦੀ ਜ਼ਬਤੀ ਵਾਜਬ ਵਿਰੋਧ ਅਤੇ ਆਲੋਚਨਾ ਨੂੰ ਦਬਾਉਣ ਦੇ ਆਮ ਤਰੀਕੇ ਬਣ ਚੁੱਕੇ ਹਨ। ਇਸੇ ਦੀ ਅਗਲੀ ਕੜੀ ਵਜੋਂ, ਪਹਿਲਾਂ ਐਡਵੋਕੇਟ ਮੀਆਂ ਕਯੂਮ ਨੂੰ ਬਾਬਰ ਕਾਦਰੀ ਕਤਲ ਕੇਸ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਗਿਆ। ਫਿਰ ਜੁਲਾਈ 'ਚ ਤਿੰਨ ਉੱਘੇ ਵਕੀਲਾਂ - ਨਜ਼ੀਰ ਅਹਿਮਦ ਰੌਂਗ, ਅਸ਼ਰਫ਼ ਮੀਰ ਅਤੇ ਮੀਆਂ ਮੁਜ਼ੱਫ਼ਰ ਨੂੰ ਕਾਲੇ ਕਾਨੂੰਨ ਪਬਲਿਕ ਸੇਫਟੀ ਐਕਟ ਤਹਿਤ ਫੜ ਕੇ ਨਜ਼ਰਬੰਦ ਕਰ ਦਿੱਤਾ ਗਿਆ। ਨਾਲ ਹੀ ਜੰਮੂ ਕਸ਼ਮੀਰ ਹਾਈ ਕੋਰਟ ਬਾਰ ਐਸੋਸੀਏਸ਼ਨ ਦੀ ਚੋਣ ਵੀ ਰੋਕ ਦਿੱਤੀ ਗਈ। ਸੱਤਾ ਦੇ ਮਨਸ਼ਿਆਂ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੈ। ਯਾਨੀ ਵਕੀਲਾਂ ਨੂੰ ਐਨਾ ਖ਼ੌਫ਼ਜ਼ਦਾ ਕਰ ਦਿਓ ਕਿ ਹਕੂਮਤੀ ਜਬਰ ਦੇ ਵਰਤਾਰੇ ਵਿਰੁੱਧ ਨਾਗਰਿਕਾਂ ਦੀ ਕਾਨੂੰਨੀ ਪੈਰਵਾਈ ਕਰਨ ਲਈ ਕੋਈ ਵੀ ਅੱਗੇ ਆਉਣ ਦੀ ਹਿੰਮਤ ਨਾ ਕਰੇ ਅਤੇ ਕਸੂਰਵਾਰ ਜਾਂ ਬੇਕਸੂਰ ਦਾ ਫ਼ਰਕ ਹੀ ਨਾ ਰਹੇ। ਦਿੱਲੀ ਹਕੂਮਤ ਅਤੇ ਉਸਦੇ ਸੂਬੇਦਾਰ/ਫ਼ੌਜੀ/ਪੁਲਿਸ ਅਧਿਕਾਰੀਆਂ ਦਾ ਬੋਲ ਹੀ ਕਾਨੂੰਨ ਹੈ। ਕੋਈ ਕੜਾ-ਕਾਨੂੰਨ ਜਾਂ ਸੰਵਿਧਾਨਕ ਵਿਵਸਥਾ ਨਹੀਂ ਹੈ ਜੋ ਗਵਰਨਰੀ ਰਾਜ ਦੇ ਪਰਦੇ ਹੇਠ ਫ਼ੌਜੀ ਰਾਜ ਦੀਆਂ ਇਨ੍ਹਾਂ ਮਨਮਾਨੀਆਂ ਦਾ ਜਵਾਬ ਮੰਗੇ।

ਹੁਣ ਲੈਫਟੀਨੈਂਟ ਗਵਰਨਰ ਜੋ ਆਰ.ਐੱਸ.ਐੱਸ. ਦਾ ਤਰਾਸ਼ਿਆ ਕਰਕੁਨ ਹੈ ਅਤੇ ਜਿਸ ਨੂੰ ਮੋਦੀ 'ਛੋਟਾ ਭਾਈ' ਕਹਿੰਦਾ ਹੈ, ਨੇ ਤਾਜ਼ਾ ਹੁਕਮ ਜਾਰੀ ਕੀਤਾ ਹੈ ਕਿ ਜੇ ਇਹ ਪਤਾ ਲੱਗਦਾ ਹੈ ਕਿ ਅਧਿਕਾਰੀਆਂ ਵਿਰੁੱਧ ਸ਼ਿਕਾਇਤਾਂ 'ਫ਼ਰਜ਼ੀ' ਹਨ ਤਾਂ ਸੰਬੰਧਿਤ ਅਫ਼ਸਰਾਂ ਨੂੰ ਸ਼ਿਕਾਇਤ ਕਰਤਾਵਾਂ ਵਿਰੁੱਧ ਮੁਕੱਦਮੇ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ; ਮਤਲਬ, ਅਧਿਕਾਰੀ ਹੀ ਆਪਣੇ ਸਹਿ-ਕਰਮੀਆਂ ਵਿਰੁੱਧ ਕਿਸੇ ਸ਼ਿਕਾਇਤ ਦੇ ਸੱਚੀ ਹੋਣ ਦਾ ਨਿਬੇੜਾ ਕਰਨਗੇ। ਇਉਂ ਸ਼ਿਕਾਇਤ ਕਰਨ ਦੀ ਹਿੰਮਤ ਕੌਣ ਕਰੇਗਾ?

ਕਸ਼ਮੀਰੀ ਅਵਾਮ ਅੰਦਰ ਧਾਰਮਿਕ ਫ਼ਿਰਕਿਆਂ ਤੋਂ ਉੱਪਰ ਉੱਠ ਕੇ ਧਰਮ ਨਿਰਪੱਖ ਕਸ਼ਮੀਰੀਅਤ ਦੀਆਂ ਡੂੰਘੀਆਂ ਜੜ੍ਹਾਂ ਹਨ। ਬੇਸ਼ੱਕ ਆਰ.ਐੱਸ.ਐੱਸ. ਪੱਖੀ ਜਗਮੋਹਨ ਨੇ ਜਨਵਰੀ 1990 'ਚ ਜੰਮੂ ਕਸ਼ਮੀਰ ਦਾ ਗਵਰਨਰ ਬਣਦੇ ਸਾਰ ਹੀ ਡੂੰਘੀ ਸਾਜ਼ਿਸ਼ ਤਹਿਤ ਕਸ਼ਮੀਰੀ ਪੰਡਤਾਂ ਦੀ ਧੱਕੋ ਨਾਲ ਹਿਜਰਤ ਕਰਵਾ ਦਿੱਤੀ ਅਤੇ ਉਨ੍ਹਾਂ ਨੂੰ ਚਲਾਕੀ ਨਾਲ ਕਸ਼ਮੀਰੀ ਸਮਾਜ ਨਾਲੋਂ ਅਲੱਗ-ਥਲੱਗ ਕਰ ਦਿੱਤਾ ਪਰ ਕਸ਼ਮੀਰੀਅਤ ਦੀ ਭਾਵਨਾ ਅਜੇ ਵੀ ਜਿਊਂਦੀ ਹੈ ਅਤੇ ਘਾਟੀ 'ਚ ਅਜਿਹੇ ਪਿੰਡ ਹਨ ਜਿੱਥੇ ਕੋਈ ਕਸ਼ਮੀਰੀ ਹਿੰਦੂ ਨਾ ਹੋਣ ਦੇ ਬਾਵਜੂਦ ਹਿੰਦੂ ਮੰਦਰ ਮਹਿਫੂਜ਼ ਹਨ। ਦਹਾਕਿਆਂ ਤੋਂ ਅੰਧਰਾਸ਼ਟਰਵਾਦ ਅਤੇ ਫ਼ਿਰਕੂ ਪਾਲਾਬੰਦੀ ਦੀ ਸਿਆਸਤ ਨਾਲ ਆਰ.ਐੱਸ.ਐੱਸ.-ਭਾਜਪਾ ਕਸ਼ਮੀਰੀ ਪੰਡਤ ਭਾਈਚਾਰੇ ਦੇ ਛੋਟੇ ਜਿਹੇ ਹਿੱਸੇ ਦੇ ਮਨਾਂ ਉਪਰ ਇਹ ਪ੍ਰਭਾਵ ਪਾਉਣ 'ਚ ਵੀ ਕਾਮਯਾਬ ਹੋ ਗਈ ਹੈ ਕਿ ਪੁਆੜੇ ਦੀ ਜੜ੍ਹ 'ਕਸ਼ਮੀਰੀ ਮੁਸਲਮਾਨਾਂ ਦਾ ਵੱਖਵਾਦ' ਹੈ। ਉਨ੍ਹਾਂ ਦੀਆਂ ਨਜ਼ਰਾਂ 'ਚ ਮੋਦੀ ਮਹਾਦੇਵ ਦਾ ਅਵਤਾਰ ਹੈ ਜੋ ਸਭ ਕੁਝ ਠੀਕ ਕਰ ਦੇਵੇਗਾ!

## ਕਸ਼ਮੀਰ ਅੰਦਰਲੀ ਸਚਾਈ ਕੀ ਹੈ...

*ਭਗਵਾ ਹਕੂਮਤ ਭਾਵੇਂ ਕਸ਼ਮੀਰੀ ਅਵਾਮ ਦੀ ਜ਼ਲਾਲਤ ਭਰੀ ਖ਼ਾਮੋਸ਼ੀ ਨੂੰ ਖਾੜਕੂਵਾਦ ਵਿਰੁੱਧ ਬੇਮਿਸਾਲ ਜਿੱਤ ਬਣਾ ਕੇ ਪੇਸ਼ ਕਰ ਰਹੀ ਹੈ ਪਰ ਅੰਦਰਲੀ ਸਚਾਈ ਉਨ੍ਹਾਂ ਨੂੰ ਵੀ ਪਤਾ ਹੈ ਕਿ ਕਸ਼ਮੀਰੀ ਅਵਾਮ ਨਿਆਰੀ ਹਸਤੀ ਦੇ ਖ਼ਾਤਮੇ ਨੂੰ ਬਿਲਕੁਲ ਸਵੀਕਾਰ ਨਹੀਂ ਕਰਨਗੇ। ਬੀਤੇ ਸਮਿਆਂ 'ਚ ਘਾਟੀ ਦੇ ਲੋਕ ਕਿਸੇ ਕਸ਼ਮੀਰੀ ਨੂੰ ਲਾਪਤਾ ਕੀਤੇ ਜਾਣ ਜਾਂ ਹਿਰਾਸਤ ਵਿਚ ਹੱਤਿਆ ਜਾਂ ਕਥਿਤ ਮੁਕਾਬਲਿਆਂ ਵਿਰੁੱਧ ਅਕਸਰ ਹੀ ਸੜਕਾਂ 'ਤੇ ਆ ਕੇ ਰੋਸ ਵਿਖਾਵੇ ਜਾਂ ਬੰਦ/ਹੜਤਾਲਾਂ ਕਰਦੇ ਸਨ। ਮੁਕਾਬਲਿਆਂ ਦੌਰਾਨ ਫ਼ੌਜੀ/ਨੀਮਫ਼ੌਜੀ ਲਸ਼ਕਰਾਂ ਨੂੰ ਅਵਾਮ ਵੱਲੋਂ ਘੇਰਾਬੰਦੀ ਤੇ ਹੋਰ ਰੁਕਾਵਟਾਂ ਦਾ, ਇੱਥੋਂ ਤੱਕ ਕਿ ਪਥਰਾਓ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਆਮ ਕਸ਼ਮੀਰੀ ਖ਼ਾਮੋਸ਼ ਹੈ, ਹੁਣ ਸਿਰਫ਼ ਮੁੱਖਧਾਰਾ ਸਿਆਸਤਦਾਨ ਹੀ ਘਟਨਾਵਾਂ ਮਾਮੂਲੀ ਬਿਆਨਬਾਜ਼ੀ ਕਰਦੇ ਹਨ। ਅਵਾਮੀ ਖ਼ਾਮੋਸ਼ੀ ਦੇ ਪਿੱਛੇ ਬੇਗਾਨਗੀ, ਜ਼ਲਾਲਤ ਅਤੇ ਰੋਸ ਨੂੰ ਅੰਦਰੋ-ਅੰਦਰੀ ਦਬਾਈ ਰੱਖਣ ਦਾ ਲਾਵਾ ਖੌਲ ਰਿਹਾ ਹੈ। ਇਸੇ ਡਰੋਂ ਭਾਜਪਾ ਹਾਈਕਮਾਨ ਦਾ ਲੰਘੀਆਂ ਲੋਕ ਸਭਾ ਚੋਣਾਂ ਵਿਚ ਕਸ਼ਮੀਰ ਘਾਟੀ ਦੀਆਂ ਤਿੰਨੋਂ ਸੀਟਾਂ ਉੱਪਰ ਸਿੱਧੇ ਉਮੀਦਵਾਰ ਖੜ੍ਹੇ ਕਰਨ ਦਾ ਹੌਸਲਾ ਨਹੀਂ ਪਿਆ ਅਤੇ ਮੁਕਾਮੀ ਦਲਾਲਾਂ ਨੂੰ 'ਪ੍ਰਾਕਸੀ' ਉਮੀਦਵਾਰ ਬਣਾ ਕੇ ਉਨ੍ਹਾਂ ਦੀ ਹਮਾਇਤ ਕੀਤੀ ਗਈ। ਇਨ੍ਹਾਂ ਚੋਣਾਂ 'ਚ ਕਸ਼ਮੀਰੀਆਂ ਨੇ ਭਾਰਤੀ ਰਾਜ ਪੱਖੀ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਵਰਗੇ ਚੋਟੀ ਦੇ ਆਗੂਆਂ ਨੂੰ ਵੀ ਕਰਾਰ ਸਬਕ ਸਿਖਾਇਆ। ਇਸੇ ਨੂੰ ਦੇਖਦਿਆਂ ਦਿੱਲੀ ਹਕੂਮਤ ਵੱਲੋਂ ਬਾਕਾਇਦਾ ਰਾਜ ਦਾ ਦਰਜਾ ਬਹਾਲ ਕਰਨ ਅਤੇ ਚੋਣਾਂ ਕਰਵਾਉਣ ਤੋਂ ਵੀ ਲਗਾਤਾਰ ਟਾਲਾ ਵੱਟਿਆ ਜਾ ਰਿਹਾ ਹੈ ਅਤੇ ਫ਼ੌਜੀ ਰਾਜ 'ਚ ਢਿੱਲ ਦੇਣ ਦੀ ਬਜਾਇ ਫ਼ੌਜੀ ਕਰੇਤਾ ਹੋਰ ਜ਼ਿਆਦਾ ਕੱਸਿਆ ਜਾ ਰਿਹਾ ਹੈ ਪਰ ਫਾਸ਼ੀਵਾਦੀ ਹਕੂਮਤ ਭੁੱਲ ਰਹੀ ਹੈ ਕਿ ਮਸਲੇ ਹਮੇਸ਼ਾ ਰਾਜਨੀਤਕ ਪਹੁੰਚ ਨਾਲ ਹੱਲ ਹੁੰਦੇ ਹਨ, ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਮਹਾਂ ਜਾਬਰ ਫ਼ੌਜੀ ਤਾਕਤਾਂ ਨੂੰ ਵੀ ਆਖ਼ਿਰਕਾਰ ਰਾਜਨੀਤਕ ਹੱਲ ਕਰਨ ਲਈ ਮਜਬੂਰ ਹੋਣਾ ਪਿਆ ਹੈ।*

# ਜੀਵਨ ਦੇ ਭਾਂਡੇ ਦੀ ਜਾਮਾ-ਤਲਾਸ਼ੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜੀਵਨ ਦੇ ਬਹੁਤ ਸਾਰੇ ਰੰਗ। ਹਰ ਰੰਗ ਦੀ ਆਪਣੀ ਤਾਸੀਰ ਅਤੇ ਤਸਵੀਰ। ਆਭਾ ਤੇ ਅਹਿਮੀਅਤ। ਕੁਝ ਰੰਗ ਜੀਵਨ ਨੂੰ ਪ੍ਰਭਾਵਸ਼ਾਲੀ ਦਿੱਖ ਪ੍ਰਦਾਨ ਕਰਦੇ ਅਤੇ ਕੁਝ ਫਿੱਕੜੇ ਅਤੇ ਘਸਮੈਲ਼ੇ ਰੰਗ ਸੂਹੀ ਰੰਗਤ ਨੂੰ ਆਪਣੀ ਲਪੇਟ 'ਚ ਲੈ ਲੈਂਦੇ।

ਇਨ੍ਹਾਂ ਰੰਗਾਂ ਦੀ ਅਹਿਮੀਅਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਸਾਨੂੰ ਵਿਭਿੰਨ ਰੰਗਾਂ ਬਾਰੇ ਜ਼ਰੂਰ ਪਤਾ ਹੋਵੇ ਕਿ ਇਹ ਰੰਗ ਕੀ ਦਰਸਾਉਂਦੇ ਅਤੇ ਇਨ੍ਹਾਂ ਨੂੰ ਕਿਵੇਂ ਸੰਭਾਲਿਆ ਜਾ ਸਕਦਾ।

ਦਰਅਸਲ ਸਮੁੱਚੇ ਜੀਵਨ ਵਿਚ ਰਿਸ਼ਤਿਆਂ, ਸਬੰਧਾਂ, ਵਿੱਦਿਅਕ ਯੋਗਤਾ, ਲਿਆਕਤ, ਮਨੁੱਖੀ ਗੁਣਾਂ, ਆਦਤਾਂ ਅਤੇ ਸੁਭਾਅ ਦਾ ਅਹਿਮ ਯੋਗਦਾਨ। ਮਨੁੱਖੀ ਸ਼ਖ਼ਸੀਅਤ ਉਸਾਰੀ ਦੀਆਂ ਨੀਂਹਾਂ। ਇਹ ਨੀਂਹਾਂ ਮਜ਼ਬੂਤ ਨੇ ਜਾਂ ਕੱਚੀਆਂ, ਇਸ ਨੇ ਨਿਰਧਾਰਿਤ ਕਰਨਾ ਹੁੰਦਾ ਕਿ ਜੀਵਨ-ਮਹਿਲ ਦੀ ਉਸਾਰੀ ਕਿੰਨੀ ਸੁੰਦਰ ਜਾਂ ਕਰੂਪ, ਪ੍ਰਭਾਵਸ਼ਾਲੀ ਜਾਂ ਪ੍ਰਭਾਵਹੀਣ ਹੋਵੇਗੀ? ਨਵੀਆਂ ਪੇਸ਼ ਬੰਦੀਆਂ ਦਾ ਪ੍ਰਮਾਣ ਸਿੱਧ ਹੋਵੇਗੀ ਜਾਂ ਰਾਹਾਂ 'ਚ ਵਿਛੇ ਰੋੜਿਆਂ ਦਾ ਨਾਮਕਰਨ ਹੋਵੇਗਾ।

ਦਰਅਸਲ ਜ਼ਿੰਦਗੀ ਵਿਚ ਬਹੁਤ ਕੁਝ ਅਹਿਮ ਹੁੰਦਾ ਜਿਸ ਤੋਂ ਬਗੈਰ ਬੰਦੇ ਦਾ ਗੁਜ਼ਾਰਾ ਨਹੀਂ। ਕੁਝ ਅਜੇਹਾ ਹੁੰਦਾ ਜਿਹੜਾ ਬਹੁਤ ਜ਼ਰੂਰੀ ਅਤੇ ਅਹਿਮ। ਹੋਰ ਪਹਿਲਾਂ ਵਿਚ ਸ਼ਾਮਲ ਕੁਝ ਅਜੇਹਾ ਹੁੰਦਾ ਜਿਹੜਾ ਹੋਵੇ ਤਾਂ ਠੀਕ ਅਤੇ ਨਾ ਹੋਣ 'ਤੇ ਵੀ ਕੋਈ ਫ਼ਰਕ ਨਹੀਂ ਪੈਂਦਾ। ਕੁਝ ਬੇਲੋੜਾ ਅਤੇ ਫ਼ਜ਼ੂਲ ਹੁੰਦਾ ਜਿਸ ਤੋਂ ਜਿੰਨਾ ਵੀ ਬਚਿਆ ਜਾਵੇ ਬਿਹਤਰ ਹੁੰਦਾ।

ਇਕ ਪ੍ਰੋਫੈਸਰ ਕਲਾਸ ਵਿਚ ਜਾਂਦਾ ਹੈ। ਉਸ ਦੇ ਹੱਥ ਵਿਚ ਕੱਚ ਦਾ ਭਾਂਡਾ ਅਤੇ ਇਕ ਬੈਗ ਹੈ। ਉਹ ਬੈਗ ਵਿਚੋਂ ਪੱਥਰ ਦੇ ਵੱਡੇ ਟੁਕੜਿਆਂ ਨਾਲ ਭਾਂਡੇ ਨੂੰ ਭਰ ਦਿੰਦਾ ਹੈ। ਆਪਣੇ ਵਿਦਿਆਰਥੀਆਂ ਨੂੰ ਪੁੱਛਦਾ ਹੈ ਕਿ ਕੀ ਭਾਂਡਾ ਭਰ ਗਿਆ। ਕੁਝ ਕੁ ਛੱਡ ਕੇ ਸਾਰੇ ਕਹਿੰਦੇ ਹਨ ਕਿ ਭਾਂਡਾ ਭਰ ਗਿਆ ਹੈ। ਫਿਰ ਉਹ ਭਾਂਡੇ ਵਿਚ ਕੁਝ ਬਜਰੀ ਪਾਉਂਦਾ ਹੈ ਅਤੇ ਦੁਬਾਰਾ ਵਿਦਿਆਰਥੀਆਂ ਨੂੰ ਪੁੱਛਦਾ ਹੈ ਕਿ ਕੀ ਭਾਂਡਾ ਭਰ ਗਿਆ ਹੈ ਤਾਂ ਦੋ ਕੁ ਛੱਡ ਕੇ ਸਾਰੇ ਕਹਿੰਦੇ ਹਨ ਕਿ ਭਾਂਡਾ ਭਰ ਗਿਆ ਹੈ। ਫਿਰ ਉਹ ਇਕ ਪੋਟਲੀ ਵਿਚੋਂ ਰੇਤ ਕੱਢ ਕੇ ਭਾਂਡੇ ਵਿਚ ਪਾ ਕੇ ਭਾਂਡੇ ਨੂੰ ਭਰ ਦਿੰਦਾ ਹੈ ਤੇ ਪੁੱਛਦਾ ਹੈ ਕਿ ਕੀ ਹੁਣ ਭਾਂਡਾ ਭਰ ਗਿਆ। ਇਕ ਵਿਦਿਆਰਥੀ ਤੋਂ ਬਿਨਾਂ ਸਾਰੇ ਕਹਿੰਦੇ ਕਿ ਭਾਂਡਾ ਭਰ ਗਿਆ ਹੈ। ਅਖੀਰ ਵਿਚ ਉਹ ਆਪਣੀ ਪਾਣੀ ਵਾਲੀ ਬੋਤਲ ਵਿਚੋਂ ਭਾਂਡੇ ਵਿਚ ਪਾਣੀ ਪਾਉਂਦਾ ਹੈ। ਜਦ ਪਾਣੀ ਉੱਪਰ ਤੀਕ ਆ ਜਾਂਦਾ ਹੈ ਤਾਂ ਹੁਣ ਅਖੀਰਲਾ ਵਿਦਿਆਰਥੀ ਵੀ ਕਹਿੰਦਾ ਹੈ ਕਿ ਸੱਚੀਂ ਹੁਣ ਭਾਂਡਾ ਭਰ ਗਿਆ ਹੈ। ਪ੍ਰੋਫੈਸਰ ਸਮਝਾਉਂਦਾ ਹੈ ਕਿ ਇਹ ਭਰਿਆ ਭਾਂਡਾ ਮਨੁੱਖੀ ਜੀਵਨ ਸਮਾਨ ਹੈ। ਇਹ ਪੱਥਰ, ਬਜਰੀ, ਰੇਤ ਅਤੇ ਪਾਣੀ ਜੀਵਨ ਨਾਲ ਜੁੜੇ ਸਰੋਕਾਰ, ਸਮਾਜਿਕ ਵਰਤਾਰਿਆਂ ਅਤੇ ਰਿਸ਼ਤਿਆਂ ਤੇ ਸਬੰਧਾਂ ਨੂੰ ਪ੍ਰਦਰਸ਼ਿਤ ਕਰਦੇ ਹਨ ਜੋ ਸਾਰੇ ਮਿਲ ਕੇ ਪ੍ਰਦਰਸ਼ਨ ਦੀ ਸਮੁੱਚਤਾ ਸਿਰਜਦੇ ਹਨ।

ਦਰਅਸਲ ਭਾਂਡੇ ਵਿਚਲੇ ਪੱਥਰ ਦੇ ਵੱਡੇ ਟੁਕੜੇ ਸਾਡੀ ਜ਼ਿੰਦਗੀ ਦੇ ਉਹ ਪੱਖ ਹਨ ਜਿਹੜੇ ਸਭ ਤੋਂ ਜ਼ਿਆਦਾ ਪ੍ਰਮੁੱਖ ਅਤੇ ਅਹਿਮ ਹੁੰਦੇ। ਇਨ੍ਹਾਂ ਤੋਂ ਬਗੈਰ ਜੀਵਨ ਨੂੰ ਕਿਆਸਿਆ ਵੀ ਨਹੀਂ ਜਾ ਸਕਦਾ ਜਿਵੇਂ ਮਾਂ-ਬਾਪ ਜਿਨ੍ਹਾਂ ਸਾਨੂੰ ਜਨਮ ਦਿੱਤਾ, ਪਰਿਵਾਰ, ਵਧੀਆ ਸਿਹਤ, ਅਤੇ ਸਾਹਾਂ ਵਰਗਾ ਜੀਵਨ ਸਾਥੀ ਜਿਸ ਨਾਲ ਕੁੱਲੀ ਵਿਚ ਰਹਿੰਦਿਆਂ ਅਤੇ ਦਿਨ ਵਿਚ ਇਕ ਡੰਗ ਦੀ ਰੋਟੀ ਖਾ ਕੇ ਭਰਪੂਰ ਜ਼ਿੰਦਗੀ ਨੂੰ ਜਿਊਣ ਦਾ ਅਨੰਦ ਆਵੇ। ਸੁਹਜ, ਸੰਵੇਦਨਾ ਅਤੇ ਕੋਮਲਭਾਵੀ ਹੋਣਾ ਵੀ ਜ਼ਰੂਰੀ। ਕਿਸੇ ਦੇ ਦਰਦ ਵਿਚ ਹੰਝੂ ਹੰਝੂ ਹੋ ਜਾਣਾ, ਸੰਭਵ ਮਦਦ ਕਰਨਾ ਅਤੇ ਬੁੱਝੇ ਨੈਣਾਂ ਵਿਚ ਖ਼ੁਸ਼ੀ ਦਾ ਜਾਗ ਲਾਉਣਾ।

ਭਾਂਡੇ ਵਿਚ ਪਾਈ ਗਈ ਬਜਰੀ ਮਨੁੱਖੀ ਜੀਵਨ ਦੀਆਂ ਕੁਝ ਕੁ ਵਿਰਲਾਂ ਅਤੇ ਵਿੱਥਾਂ ਦਾ ਰੂਪ। ਇਹ ਖ਼ੂਨ ਦੇ ਰਿਸ਼ਤੇ ਅਤੇ ਮਨੁੱਖੀ ਸੁਭਾਅ ਦੀਆਂ ਵਿਲੱਖਣਤਾਵਾਂ ਜਿਹੜੀਆਂ ਅਹਿਮ ਹੁੰਦੀਆਂ। ਇਨ੍ਹਾਂ ਨਾਲ ਆਦਰਸ਼ ਜੀਵਨ ਨੂੰ ਜੀਵਿਆ ਅਤੇ ਮਾਣਿਆ ਜਾ ਸਕਦਾ। ਇਹ ਜੀਵਨ ਨੂੰ ਸਮਤੋਲ ਕਰਨ ਵਾਲੇ ਪੱਖ। ਇਹ ਸਾਡੇ ਸੁਪਨਿਆਂ ਅਤੇ ਸੰਭਾਵਨਾਵਾਂ ਨੂੰ ਸੱਚ ਕਰਨ ਲਈ ਸਹਾਈ। ਇਨ੍ਹਾਂ ਵਿਚ ਕੁਝ ਕੁ ਜਿਗਰੀ ਯਾਰ ਜਿਨ੍ਹਾਂ 'ਤੇ ਖ਼ੁਦ ਨਾਲੋਂ ਜ਼ਿਆਦਾ ਇਤਬਾਰ। ਜਿਨ੍ਹਾਂ ਸੰਗ ਜ਼ਿੰਦਗੀ ਦੇ ਰਾਜ਼ ਸਾਂਝੇ ਕਰ ਕੇ ਹੌਲੀ ਕੀਤਾ ਜਾ ਸਕਦਾ ਮਨ ਦਾ ਭਾਰ। ਜਿਸ ਦੇ ਮੋਢੇ 'ਤੇ ਸਿਰ ਰੱਖ ਕੇ ਰੋਇਆ ਜਾ ਸਕੇ। ਉਚੇਰੀ ਵਿੱਦਿਆ ਅਤੇ ਵਧੀਆ ਰੁਜ਼ਗਾਰ ਵੀ ਅਹਿਮ। ਭੈਣਾਂ/ਭਰਾਵਾਂ ਜਾਂ ਸਹਿਕਰਮੀਆਂ ਨਾਲ ਸੁਖਾਵੇਂ ਸਬੰਧ ਵੀ ਇਸ ਸ਼੍ਰੇਣੀ ਵਿਚ ਆਉਂਦੇ। ਔਲਾਦ ਦੀ ਪਰਵਰਿਸ਼ ਨੂੰ ਉਚੇਚ ਦੇਣਾ। ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਉਣਾ ਵੀ ਅਹਿਮ। ਇਸੇ ਲਈ ਅਸੀਂ ਜਦ ਵੀ ਕਿਸੇ ਨੂੰ ਮਿਲਦੇ ਤਾਂ ਪਹਿਲਾ ਪ੍ਰਸ਼ਨ ਹੁੰਦਾ ਕਿ ਤੁਹਾਡਾ ਕੀ ਹਾਲ ਏ? ਦੂਸਰਾ ਕਿ ਤੁਹਾਡੇ ਬੱਚੇ ਕੀ ਕਰਦੇ ਹਨ? ਔਲਾਦ ਤੁਹਾਡਾ ਭਵਿੱਖ ਅਤੇ ਪਛਾਣ ਦਾ ਪੈਮਾਨਾ। ਔਲਾਦ ਪ੍ਰਤੀ ਸਮਰਪਿਤਾ ਅਤੇ ਆਪਣੀ ਨੌਕਰੀ ਪ੍ਰਤੀ ਦਿਆਨਤਦਾਰੀ ਮਨੁੱਖੀ ਸ਼ਖ਼ਸੀਅਤ ਦੇ ਉਸਾਰੂ ਅਤੇ ਸੁਚਾਰੂ ਪਹਿਲੂ।

ਜਦ ਅਸੀਂ ਭਾਂਡੇ ਵਿਚ ਪਾਏ ਹੋਏ ਪੱਥਰ ਅਤੇ ਬਜਰੀ ਵਿਚ ਰਹਿ ਗਈਆਂ ਵਿਰਲਾਂ ਨੂੰ ਰੇਤ ਨਾਲ ਭਰਦੇ ਤਾਂ ਸਮਝ




ਲੈਣਾ ਚਾਹੀਦਾ ਕਿ ਇਹ ਰੇਤ ਕੁਝ ਕੁ ਅਜੇਹੇ ਮਨੁੱਖੀ ਪਹਿਲੂਆਂ ਵੱਲ ਧਿਆਨ ਦਿਵਾਉਂਦੀ ਜਿਹੜੇ ਜ਼ਰੂਰੀ ਤਾਂ ਨਹੀਂ ਹੁੰਦੇ ਪਰ ਇਨ੍ਹਾਂ ਪੱਖਾਂ ਨੂੰ ਵਿਚਾਰ ਲਿਆ ਜਾਵੇ ਅਤੇ ਜੀਵਨ ਦਾ ਅੰਗ ਬਣਾ ਲਿਆ ਜਾਵੇ ਤਾਂ ਜ਼ਿੰਦਗੀ ਖ਼ੂਬਸੂਰਤ ਹੋ ਜਾਂਦੀ। ਜਿਵੇਂ ਕਦੇ-ਕਦਾਈਂ ਸਮਾਂ ਕੱਢ ਕੇ ਕੁਦਰਤ ਦੀ ਅਨੰਤਤਾ ਨੂੰ ਮਾਣਨਾ, ਕਦੇ ਛੁੱਟੀਆਂ ਮਨਾਉਣ ਲਈ ਪਹਾੜਾਂ, ਜੰਗਲਾਂ ਜਾਂ ਸਮੁੰਦਰੀ ਬੀਚ 'ਤੇ ਕੁਝ ਸਮਾਂ ਆਪਣੇ-ਆਪ ਅਤੇ ਪਰਿਵਾਰ ਨਾਲ ਇਕੱਠਿਆਂ ਸਮਾਂ ਬਿਤਾਉਣ ਲਈ ਜੀਵਨ ਦੇ ਰੁਝੇਵਿਆਂ 'ਚੋਂ ਵਕਤ ਕੱਢਣਾ। ਮਨ ਵਿਚ ਦੱਬੇ ਹੋਏ ਸ਼ੌਕ ਜਿਵੇਂ ਗਾਉਣਾ, ਪੇਂਟਿੰਗ, ਬਾਗ਼ਬਾਨੀ, ਜਾਂ ਲਿਖਣ/ਪੜ੍ਹਨ ਲਈ ਫ਼ੁਰਸਤ ਦੇ ਕੁਝ ਪਲ ਕੱਢਣੇ। ਆਪਣੇ ਅੰਦਰ ਝਾਤੀ ਮਾਰਨਾ, ਆਪਣੇ ਆਪ ਨੂੰ ਮਿਲਣਾ ਅਤੇ ਅੰਤਰਿਮ ਹਨੇਰੀਆਂ ਕੰਦਰਾਂ ਨੂੰ ਰੁਸ਼ਨਾਉਣਾ। ਪੁਰਾਣੇ ਯਾਰਾਂ/ਬੇਲੀਆਂ ਨੂੰ ਫ਼ੋਨ ਕਰਨਾ ਜਾਂ ਮਿਲਣਾ ਅਤੇ ਪੁਰਾਣੀਆਂ ਯਾਦਾਂ ਰਾਹੀਂ ਆਪਣੇ ਬੀਤੇ ਨੂੰ ਮਿਲਣਾ। ਕਦੇ ਸੱਜਣ ਪਿਆਰਿਆਂ ਨਾਲ ਫ਼ਿਲਮ ਦੇਖਣਾ, ਕੁਝ ਵਿਹਲੇ ਪਲਾਂ ਨੂੰ ਵੀ ਮਾਣਨਾ। ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਜਿਊਣ ਲਈ ਕਦੇ ਵਕਤ ਕੱਢਣਾ ਕਿਉਂਕਿ ਜ਼ਿਆਦਾ ਸਮਾਂ ਤਾਂ ਅਸੀਂ ਆਪਣੀ ਔਲਾਦ ਜਾਂ ਮਾਪਿਆਂ ਪ੍ਰਤੀ ਸਮਰਪਿਤਾ 'ਚ ਹੀ ਗੁਜ਼ਾਰ ਦਿੰਦੇ।

ਪੱਥਰ, ਬਜਰੀ ਜਾਂ ਰੇਤ ਰੂਪੀ ਗੁਣ ਵਿਅਕਤੀ ਵਿਸ਼ੇਸ਼ ਦੀਆਂ ਵਿਭਿੰਨ ਪਰਤਾਂ ਤੋਂ ਇਲਾਵਾ ਕੁਝ ਕੁ ਪਰਤਾਂ ਅਜੇਹੀਆਂ ਹੁੰਦੀਆਂ ਜਿਹੜੀਆਂ ਮਨੁੱਖ ਅੰਦਰ ਵਾਸ ਕਰਦੀਆਂ ਅਤੇ ਉਸ ਨੂੰ ਅਸਰ-ਅੰਦਾਜ਼ ਵੀ ਕਰਦੀਆਂ। ਇਹ ਪਾਣੀ ਰੂਪੀ ਸਾਡੀ ਅੰਦਰਲੀ ਨਕਾਰਾਤਮਿਕ ਅਤੇ ਵਿਨਾਸ਼ਕਾਰੀ ਗੁਣ ਹੁੰਦੇ ਜਿਹੜੇ ਜੀਵਨ ਦੇ ਚੰਗੇਰੇ ਅਤੇ ਉੱਤਮ ਪੱਖਾਂ ਨੂੰ ਵੀ ਆਪਣੇ ਵਿਚ ਸਮਾ ਲੈਂਦੇ। ਦਰਅਸਲ ਪਾਣੀ ਪੱਥਰ, ਬਜਰੀ ਅਤੇ ਰੇਤ ਨੂੰ ਆਪਣੇ ਵਿਚ ਲੁਕੋ ਲੈਂਦਾ ਅਤੇ ਕੋਈ ਵਿੱਥ ਜਾਂ ਵਿਰਲ ਨਹੀਂ ਰਹਿੰਦੀ। ਇਹ ਨਕਾਰਾਤਮਿਕ ਗੁਣ ਅਤੇ ਵਰਤਾਰੇ ਅਸੀਂ ਸਦਾ ਆਪਣੇ ਕੋਲ ਰੱਖਦੇ ਅਤੇ ਕਈ ਵਾਰ ਨਾ ਚਾਹੁੰਦਿਆਂ ਵੀ ਇਨ੍ਹਾਂ ਦੇ ਸ਼ਿਕਾਰ ਹੋ ਜਾਂਦੇ।

ਇਨ੍ਹਾਂ ਨਕਾਰਾਤਮਿਕ ਗੁਣਾਂ ਦਾ ਜ਼ਿਕਰ ਧਾਰਮਿਕ ਗ੍ਰੰਥਾਂ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਰੂਪ ਵਿਚ ਅਕਸਰ ਆਉਂਦਾ। ਝੂਠ, ਮੱਕਾਰੀ, ਫ਼ਰੇਬ ਵੀ ਜੀਵਨ ਨੂੰ ਕਲੰਕਿਤ ਕਰਦੇ। ਮਨੁੱਖ ਦੀ ਬਦਕਿਸਮਤੀ ਤੇ ਕਮ-ਅਕਲੀ ਕੇਹੀ ਕਿ ਉਹ ਪਰਤਾਂ ਵਿਚ ਜਿਊਂਦਾ ਅਤੇ ਕਈ ਮਖੌਟੇ ਪਹਿਨਦਾ। ਉਹ ਇਹ ਸਮਝਦਾ ਹੀ ਨਹੀਂ ਕਿ ਮਖੌਟੇ ਉੱਤਰਨ 'ਤੇ ਤੁਹਾਡੀ ਅਸਲੀਅਤ ਤੇ ਕਰੂਰਤਾ ਨੇ ਤੁਹਾਡੇ ਸ਼ਖਸੀ ਬਿੰਬ ਨੂੰ ਧੁੰਦਲਾ ਕਰ ਦੇਣਾ ਅਤੇ ਫਿਰ ਤੁਹਾਡੇ ਪੱਲੇ ਕੁਝ ਨਹੀਂ ਰਹਿਣਾ। ਜਦ ਪਾਜ ਖੁੱਲ੍ਹਦੇ ਤਾਂ ਬੰਦੇ ਦੀ ਗਲੀਜ਼ਤਾ ਅਤੇ ਕਮੀਨਗੀ, ਉਸ ਦੇ ਸ਼ਖਸੀ ਰੰਗ 'ਤੇ ਕਾਲਖ ਫੇਰ ਦਿੰਦੀ।

ਦਰਅਸਲ ਮਨੁੱਖ ਦੀ ਸਭ ਤੋਂ ਵੱਡੀ ਤਰਾਸਦੀ ਹੈ ਕਿ ਉਹ ਨਕਾਰਾਤਮਿਕ ਕਾਰਨ ਕਈ ਵਾਰ ਝੂਠੀਆਂ ਕਸਮਾਂ ਖਾਣ ਜਾਂ ਭਾਈ ਭਤੀਜਾਵਾਦ ਦਾ ਸ਼ਿਕਾਰ ਹੋ ਜਾਂਦਾ ਪਰ ਬਾਅਦ ਵਿਚ ਇਕ ਪਛਤਾਵਾ ਉਸ ਦੇ ਪੱਲੇ ਰਹਿ ਜਾਂਦਾ। ਇਹ ਸਭ ਕੁਝ ਤੋਂ ਬਚਣ ਅਤੇ ਕਦਰਾਂ-ਕੀਮਤਾਂ ਨੂੰ ਜਿਊਂਦੀਆਂ ਰੱਖਣ ਅਤੇ ਅੰਦਰਲੀ ਪਹਿਰੇਦਾਰੀ ਲਈ ਜ਼ਰੂਰੀ ਹੁੰਦਾ ਕਿ ਅਸੀਂ ਨਾਂਹ ਕਰਨਾ ਵੀ ਸਿੱਖੀਏ। ਇਸ ਨਾਲ ਅਸੀਂ ਭਵਿੱਖ ਵਿਚ ਉਤਪੰਨ ਹੋਣ ਵਾਲੀਆਂ ਬਹੁਤ ਸਾਰੀਆਂ ਅਲਾਮਤਾਂ ਅਤੇ ਮੁਸ਼ਕਲਾਂ ਤੋਂ ਬਚ ਜਾਂਦੇ ਹਾਂ। ਪਰ ਇਸ ਲਈ ਬੰਦਾ ਅੰਦਰੋਂ ਮਜ਼ਬੂਤ ਹੋਣਾ ਚਾਹੀਦਾ।

ਮਾਰਚ 1988 ਦਾ ਸਮਾਂ। ਪੰਜਾਬ 'ਚ ਕਾਲਾ ਦੌਰ। ਕਤਲੋਗਾਰਤ ਦਾ ਜ਼ੋਰ। ਸਵਖਤੇ ਹੀ ਮੇਰਾ ਦਰਵਾਜ਼ਾ ਕਿਸੇ ਨੇ ਖੜਕਾਇਆ। ਬਾਹਰ ਆਇਆ ਤਾਂ ਚਾਦਰੇ ਲਾਏ ਅਤੇ ਲੋਈਆਂ ਦੀ ਬੁੱਕਲ ਮਾਰੀ ਦੋ ਭਾਊ ਖੜ੍ਹੇ ਸਨ। ਹੋ ਸਕਦਾ ਡੱਬ ਵਿਚ ਪਿਸਤੌਲ ਵੀ ਹੋਵੇ। ਬਿਨਾਂ ਮੇਰਾ ਜਵਾਬ ਉਡੀਕਿਆਂ ਅੰਦਰ ਲੰਘ ਆਏ। ਜਦ ਮੈਂ ਪੁੱਛਿਆ ਕਿ ਕੀ ਕੰਮ ਹੈ? ਤਾਂ ਕਹਿਣ ਲੱਗੇ ਅਸੀਂ ਮਾਝੇ ਤੋਂ ਆਏ ਹਾਂ। ਸਾਡਾ ਮੁੰਡਾ ਸੈਨਿਕ ਸਕੂਲ ਪੜ੍ਹਦਾ। ਫਿਜ਼ਿਕਸ ਦੇ ਪੇਪਰ ਵਿਚ ਤੁਸੀਂ ਨਕਲ ਕਰਵਾਉਣੀ ਹੈ। ਕੱਲ੍ਹ ਨੂੰ ਉਸ ਦਾ ਪੇਪਰ ਹੈ। ਮੈਂ ਨਰਮੀ ਨਾਲ ਜਵਾਬ ਦਿੱਤਾ ਕਿ ਤੁਸੀਂ ਬੱਚੇ ਨੂੰ ਮੇਰੇ ਕੋਲ ਭੇਜ ਦਿਓ। ਜਿਹੜੇ ਸਵਾਲ ਉਸ ਨੇ ਸਮਝਣੇ ਹੋਣ, ਮੈਂ ਸਮਝਾ ਦੇਵਾਂਗਾ। ਪਰ ਮੈਂ ਨਕਲ ਨਹੀਂ ਮਰਵਾ ਸਕਦਾ। ਉਹ ਮੈਨੂੰ ਘੂਰਦੇ ਹੋਏ ਚਾਹ-ਪਾਣੀ ਪੀਤੇ ਬਗੈਰ ਹੀ ਚਲੇ ਗਏ। ਮੇਰੀ ਇਸ ਨਾਂਹ ਨੇ ਸ਼ਾਇਦ ਮਨ ਦੀ ਕਿਸੇ ਨੁੱਕਰੇ ਡਰ ਤਾਂ ਪੈਦਾ ਕੀਤਾ ਹੋਵੇ ਪਰ ਮੈਂ ਗ਼ਲਤ ਕੰਮ ਕਰ ਕੇ ਸਾਰੀ ਉਮਰ ਹੀ ਗੁਨਾਹ ਦਾ ਭਾਰ ਚੁੱਕਣ ਤੋਂ ਬਚ ਗਿਆ।

ਦਰਅਸਲ ਕਈ ਵਾਰ ਅਸੀਂ ਨਾ-ਚਾਹੁੰਦਿਆਂ ਵੀ ਕੁਝ ਅਜੇਹਾ ਕਰ ਬਹਿੰਦੇ ਜੋ ਸਾਡੀ ਆਤਮਾ 'ਤੇ ਭਾਰ ਬਣ ਜਾਂਦਾ ਅਤੇ ਜੁਰਮ ਦੇ ਅਹਿਸਾਸ ਤੋਂ ਸਾਰੀ ਉਮਰ ਹੀ ਫ਼ਾਰਗ ਨਾ ਹੁੰਦੇ। ਅਗਰ ਅਸੀਂ ਨਾਂਹ ਕਰਨਾ ਸਿੱਖ ਲਈਏ ਤਾਂ ਬਹੁਤ ਸਾਰੀਆਂ ਸਮਾਜਿਕ, ਆਰਥਿਕ ਜਾਂ ਪਰਿਵਾਰਕ ਉਲਝਣਾਂ ਤੋਂ ਬਚਿਆ ਜਾ ਸਕਦਾ। ਇਹ ਭਾਵੇਂ ਕਿਸੇ ਦੇ ਕਹੇ 'ਤੇ ਝੂਠ ਬੋਲਣਾ ਹੋਵੇ, ਨੇੜਲੇ ਨੂੰ ਹੁਧਾਰ ਪੈਸੇ ਦੇਣੇ ਹੋਣ, ਆਪਣਿਆਂ ਨਾਲ ਠੱਗੀ ਮਾਰਨੀ ਹੋਵੇ ਜਾਂ ਚੋਰੀ ਕਰਨੀ ਹੋਵੇ। ਯਾਦ ਰਹੇ ਕਿ ਜੋ ਕੁਝ ਤੁਸੀਂ ਕਰਦੇ ਹੋ ਇਸ ਦਾ ਪਤਾ ਤਾਂ ਲੱਗਣਾ ਹੀ ਹੁੰਦਾ। ਇਕ ਝੂਠ ਨੂੰ ਛੁਪਾਉਣ ਲਈ ਪਤਾ ਨਹੀਂ ਕਿੰਨੇ ਝੂਠ ਬੋਲਣੇ ਪੈਂਦੇ।

ਕਈ ਵਾਰ ਅਸੀਂ ਕੋਈ ਕੰਮ ਕਰਨ ਤੋਂ ਅਸਮਰੱਥ ਹੁੰਦੇ ਪਰ ਅਸੀਂ ਕਹਾਣੀਆਂ ਪਾਉਂਦੇ। ਕਈ ਕਥਾਵਾਂ ਸੁਣਾਉਣ ਤੋਂ ਬਾਅਦ ਅਸੀਂ ਕਹਿੰਦੇ ਕਿ ਅਸੀਂ ਕੁਝ ਨਹੀਂ ਕਰ ਸਕਦੇ। ਅਗਰ ਅਸੀਂ ਇਕ ਵਾਕ ਵਿਚ ਹੀ ਨਾਂਹ ਕਰ ਦੇਈਏ ਤਾਂ ਅਸੀਂ ਮਨ ਦੀਆਂ ਬੇਲੋੜੀਆਂ ਘਾੜਤਾਂ ਅਤੇ ਮਾਨਸਿਕ ਖਿੱਚੋਤਾਣ ਤੋਂ ਬਚੇ ਰਹਿੰਦੇ। ਅਕਸਰ ਹੀ ਦੇਖਿਆ ਜਾਂਦਾ ਕਿ ਕਈ ਵਾਰ ਕਿਸੇ ਹਵਾਈ ਯਾਤਰੂ ਨੂੰ ਸਾਰੀ ਉਮਰ ਜੇਲ੍ਹ ਵਿਚ ਗੁਜ਼ਾਰਨੀ ਪੈਂਦੀ ਜਦ ਉਹ ਕਿਸੇ ਜਾਣਕਾਰ ਦੇ ਆਖੇ ਲੱਗ ਕੁਝ ਸਮਾਨ ਲੈ ਕੇ ਜਾਣ ਦੀ ਹਾਮੀ ਭਰ ਬੈਠਦਾ। ਸ਼ਾਤਰ ਲੋਕ ਪਿੰਨੀਆਂ ਜਾਂ ਬਰਫ਼ੀ ਆਦਿ ਰਾਹੀਂ ਡਰੱਗ ਭੇਜਣ ਦੀ ਕੋਸ਼ਿਸ਼ ਕਰਦੇ ਅਤੇ ਇਕ ਬੇਕਸੂਰ ਵਿਅਕਤੀ ਸਾਜ਼ਿਸ਼ ਦਾ ਸ਼ਿਕਾਰ ਹੋ ਜਾਂਦਾ। ਇਸ ਲਈ ਜੇਕਰ ਪਹਿਲਾਂ ਹੀ ਨਾਂਹ ਕੀਤੀ ਹੋਵੇ ਤਾਂ ਬੰਦੇ ਦਾ ਖਲਜਗਣ ਤੋਂ ਛੁਟਕਾਰਾ ਹੋ ਜਾਂਦਾ।

ਜ਼ਿੰਦਗੀ ਕਦੇ ਵੀ ਇਕਸਾਰ ਜਾਂ ਸਾਵੀ ਨਹੀਂ ਹੁੰਦੀ। ਪਰ ਇਹ ਤਾਂ ਤੁਸੀਂ ਸੋਚਣਾ ਕਿ ਇਸ ਨੂੰ ਸਾਵਾਂ, ਸੁਖਨਮਈ ਅਤੇ ਸੁਹਜਮਈ ਕਿਵੇਂ ਬਣਾਉਣਾ? ਸਾਰੇ ਪੱਖਾਂ ਵਿਚ ਸੰਤੁਲਨ ਕਿਵੇਂ ਬਣਾਉਣਾ ਅਤੇ ਕਿਹੜੇ ਪੱਖਾਂ ਨੂੰ ਮਾਨਸਿਕ ਸੁਖਮਈ ਨਾਲ ਨਕਾਰਨਾ? ਜਦ ਅਸੀਂ ਹਰ ਪੱਖ ਨੂੰ ਉਸ ਦੀ ਅਹਿਮੀਅਤ ਅਨੁਸਾਰ ਯੋਗ ਸਥਾਨ ਤੇ ਸਮਾਂ ਦੇਵਾਂਗੇ ਤਾਂ ਸਾਵੀ ਪੱਧਰੀ ਉਹਦੀ ਦਾ ਸਿਰਨਾਵੇਂ ਬਣ ਕੇ, ਖ਼ੁਦ ਵੀ ਇਨਸਾਨੀਅਤ ਦੇ ਮਾਰਗੀ ਹੋਵਾਂਗੇ। ਸਾਡੀ ਵਰਤੋਂ-ਵਿਵਹਾਰ ਵਿਚੋਂ ਇਨਸਾਨੀਅਤ ਨਜ਼ਰ ਆਵੇਗੀ।

ਅਫ਼ਸੋਸ ਇਸ ਗੱਲ ਦਾ ਕਿ ਅਜੋਕੇ ਸਮੇਂ ਵਿਚ ਮਨੁੱਖ ਉਲਾਰੂ ਬਿਰਤੀਆਂ ਦਾ ਸ਼ਿਕਾਰ ਹੋ ਗਿਆ। ਇਹ ਨਕਾਰਾਤਮਿਕਤਾ ਹੀ ਸਾਨੂੰ ਸਰੀਰਕ, ਮਾਨਸਿਕ ਅਤੇ ਭਾਵਨਾਤਮਿਕ ਅਲਾਮਤਾਂ ਵੰਨੀ ਧਕੇਲਦੀ। ਖ਼ੁਦਕੁਸ਼ੀਆਂ ਦਾ ਰੁਝਾਨ, ਹਿੰਸਕ ਬਿਰਤੀ, ਧਾਰਮਿਕ ਕੱਟੜਤਾ, ਅਸਹਿਣਸ਼ੀਲਤਾ ਅਤੇ ਭਾਈਚਾਰਕ ਸਾਂਝ ਵਿਚ ਪਿਆ ਵਿਗਾੜ ਹੀ ਮਨੁੱਖੀ ਸੁਭਾਅ ਵਿਚ ਪੈਦਾ ਹੋਈ ਆਪਾ ਮਾਰੂ ਬਿਰਤੀ ਦਾ ਘਿਨੌਣਾ ਰੂਪ। ਤੇ ਬੰਦਾ ਇਸ ਨੂੰ ਜੀਵਨ ਦਾ ਅੰਗ ਬਣਾਉਣ ਲਈ ਹਮੇਸ਼ਾ ਹੀ ਯਤਨਸ਼ੀਲ।

ਮਨੁੱਖ ਇਕੱਲਾ ਹੋਈ ਜਾ ਰਿਹਾ ਅਤੇ ਖ਼ੁਦ ਵਿਚ ਸੁੰਗੜਿਆ ਮਨੁੱਖ ਕਦੇ ਵਿਕਾਸ ਨਹੀਂ ਕਰ ਸਕਦਾ। ਸੰਸਾਰ ਵਿਚ ਫੈਲੀ ਅਰਾਜਕਤਾ ਅਤੇ ਮਾਰੂ ਪ੍ਰਵਿਰਤੀਆਂ ਨੇ ਜ਼ਿਆਦਾ ਨੁਕਸਾਨ ਇਸ ਲਈ ਕੀਤਾ ਕਿਉਂਕਿ ਅਸੀਂ ਆਪਣੀਆਂ ਲੋੜਾਂ, ਨਿੱਜੀ ਮੁਰਾਦਾਂ ਅਤੇ ਸੀਮਤ ਸੋਚ-ਦਾਇਰੇ ਰਾਹੀਂ ਵੱਖ-ਵੱਖ ਵਰਤਾਰਿਆਂ ਨੂੰ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਅਤੇ ਇਹੀ ਸਾਡੀ ਅਧੋਗਤੀ ਦਾ ਪ੍ਰਮੁੱਖ ਕਾਰਨ।

ਜ਼ਿੰਦਗੀ ਸੰਪੂਰਨ ਸਫ਼ਰ ਦਾ ਨਾਮ। ਇਸ ਦੇ ਸ਼ਬਦ ਨਾਮੇ ਵਿਚ ਹਰ ਅਹਿਮੀਅਤ ਦਾ ਆਪਣਾ ਮਹੱਤਵ ਅਤੇ ਮਾਨਵੀ ਰੰਗ। ਇਸ ਤੋਂ ਮੁਨਕਰੀ ਕਾਰਨ ਮਨੁੱਖ, ਮਨੁੱਖ ਨਹੀਂ ਰਹਿੰਦਾ। ਸਿਰਫ਼ ਇਕ ਰੋਬੋਟ। ਲੋੜ ਹੈ ਕਿ ਅਸੀਂ ਜ਼ਿੰਦਗੀ ਨੂੰ ਇਕ ਮਨੁੱਖ ਬਣ ਕੇ ਜੀਵੀਏ ਅਤੇ ਮਾਣੀਏ ਨਾ ਕਿ ਇਕ ਰੋਬੋਟ ਵਾਂਗ ਖ਼ੁਦ ਨੂੰ ਸੀਮਤ ਜਹੀਆਂ ਜ਼ਿੰਮੇਵਾਰੀਆਂ ਨਿਭਾਉਣ ਅਤੇ ਧਨ ਕਮਾਉਣ ਤੀਕ ਹੀ ਸੀਮਤ ਕਰ ਲਈਏ।

ਜ਼ਿੰਦਗੀ ਰੰਗਦਾਰ ਹੋਵੇ ਤਾਂ ਇਹ ਰੂਹਦਾਰ ਹੁੰਦੀ, ਰੰਗਰੇਜ਼ਤਾ ਨਾਲ ਲਬਰੇਜ਼। ਨੀਰਸਤਾ ਭਰੀ ਜ਼ਿੰਦਗੀ ਜੀਵਨ ਨਹੀਂ ਸਗੋਂ ਨਰਕ ਦਾ ਰੂਪ। ਸੋਚਣਾ ਜ਼ਰਾ! ਕੀ ਤੁਸੀਂ ਜ਼ਿੰਦਗੀ ਜਿਊਣਾ ਚਾਹੁੰਦੇ ਹੋ ਜਾਂ ਜ਼ਿੰਦਗੀ ਕੱਟ ਕੇ ਕੁਝ ਮਿਲੀਅਨ ਆਪਣੀ ਔਲਾਦ ਵਾਸਤੇ ਛੱਡਣ ਦੀ ਸੋਚ ਰਹੇ ਹੋਵੇ? ਔਲਾਦ ਨੇ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ ਨਾਲ ਜਿਊਣਾ। ਉਨ੍ਹਾਂ ਨੂੰ ਤੁਹਾਡੇ ਜਾਂ ਤੁਹਾਡੀ ਸਲਤਨਤ ਨਾਲ ਕੋਈ ਸਰੋਕਾਰ ਨਹੀਂ ਰਹਿਣਾ।

ਜ਼ਿੰਦਗੀ ਵਿਚ ਹਾਂ ਵੀ ਕਹੋ ਪਰ ਨਾਂਹ ਕਰਨ ਤੋਂ ਕਦੇ ਨਾ ਝਿਜਕੋ। ਬਾਂਹ ਫੜ ਕੇ ਸਾਥ ਨਿਭਾਉਣ ਦੀ ਕਸਮ ਵੀ ਬਣੋ ਪਰ ਉਸ ਦਾ ਹੱਥ ਨਾ ਫੜੋ ਜੋ ਤੁਹਾਨੂੰ ਹੀ ਮੰਝਧਾਰ ਵਿਚ ਡੋਬ ਦੇਵੇ। ਕਿਸੇ ਖ਼ਾਲੀ ਪੇਟ ਲਈ ਫੁਲਕੇ ਦਾ ਪ੍ਰਬੰਧ ਤਾਂ ਕਰੋ ਪਰ ਅਜੇਹਾ ਨਾ ਹੋਵੇ ਕਿ ਇਹ ਤੁਹਾਡੇ ਚੁੱਲ੍ਹੇ ਦੀ ਅੱਗ ਬੁੱਝ ਜਾਵੇ। ਕਿਸੇ ਲਈ ਸਿਰ ਦੀ ਛੱਤ ਦੀ ਕਾਮਨਾ ਤਾਂ ਬਣੋ ਪਰ ਅਜੇਹਾ ਨਾ ਹੋਵੇ ਕਿ ਤੁਹਾਡੀ ਕੱਖਾਂ ਦੀ ਕੁੱਲੀ ਤਿਣਕਾ ਤਿਣਕਾ ਹੋ ਆਪਣੀ ਹੋਂਦ ਹੀ ਗਵਾ ਬਹੇ। ਕਿਸੇ ਦੇ ਮੱਥੇ ਵਿਚ ਸ਼ਬਦ-ਜੋਤ ਜਗਾਵੋ ਪਰ ਆਪਣੇ ਸ਼ਬਦਾਂ ਦੇ ਦੀਵਿਆਂ ਦਾ ਤੇਲ ਨਾ ਮੁੱਕਣ ਦਿਓ। ਰੀਸ ਕਰਨੀ ਹੈ ਤਾਂ ਚੰਗੀਆਂ ਆਦਤਾਂ ਅਤੇ ਕਦਰਾਂ-ਕੀਮਤਾਂ ਦੀ ਕਰੋ ਅਜੇਹਾ ਨਾ ਹੋਵੇ ਕਿ ਕਿਸੇ ਦੀ ਰੀਸ ਕਰਦਿਆਂ ਕਰਜ਼ਾਈ ਬਣ ਜਾਓ ਅਤੇ ਆਪਣੀ ਹਸਤੀ ਹੀ ਗਵਾ ਲਵੋ।

ਜ਼ਿੰਦਗੀ ਜਸ਼ਨ ਤਾਂ ਹੋਵੇ ਪਰ ਮਖ਼ੌਲ ਨਾ ਹੋਵੇ। ਇਸ ਦੀਆਂ ਤਰਜੀਹਾਂ ਅਤੇ ਤਕਦੀਰਾਂ ਦੀ ਨਿਸ਼ਾਨਦੇਹੀ ਖ਼ੁਦ ਕਰੋ ਨਾ ਕਿ ਇਸ ਦੀਆਂ ਵਾਗਾਂ ਕਿਸੇ ਨੂੰ ਫੜਾ, ਖ਼ੁਦ ਬਿਨ-ਮੰਜ਼ਲੀ ਜ਼ਿੰਦਗੀ ਦਾ ਜਰਜਰੀ ਰੂਪ ਹੋ ਜਾਵੋ। ਤੁਹਾਡੀ ਇਕ ਹੀ ਕੁਤਾਹੀ ਉਮਰ ਦੀਆਂ ਨੇਕ ਨੀਤੀਆਂ ਨੂੰ ਕਲੰਕਿਤ ਕਰਨ ਲਈ ਕਾਫ਼ੀ। ਭਾਂਡੇ ਵਿਚ ਪਾਏ ਪਾਣੀ ਨੇ ਪੱਥਰ, ਬਜਰੀ ਜਾਂ ਰੇਤ 'ਚੋਂ ਕਿਸੇ ਨੂੰ ਵੀ ਨਹੀਂ ਬਖ਼ਸ਼ਣਾ।

# ਖੁੰਢ ਚਰਚਾ : ਪਿੰਡ ਦੀ ਸੱਥ

ਪਿੰਡ ਦੀ ਸੱਥ 'ਚ ਕੁਝ ਲੋਕ ਤਾਸ਼ ਕੁੱਟ ਰਹੇ ਸਨ, ਕੁਝ ਬਾਰਾਂ ਟਹਿਣੀ ਖੇਡਣ ਵਿਚ ਮਸਰੂਫ ਸਨ, ਇੱਕ ਦੋ ਜਣੇ ਅਖ਼ਬਾਰ ਪੜ੍ਹਨ ਵਿਚ ਮਘਨ ਸਨ। ਸਿਆਣੇ ਅਤੇ ਸਾਊ ਲੋਕਾਂ ਨੇ ਅਖਬਾਰ ਵਾਲੇ ਕੋਲ ਬਹਿ ਕੇ ਆਨੰਦ ਲੈਣ ਵਿਚ ਰੁਚੀ ਦਿਖਾਈ। ਅੱਜ ਦੀਆਂ ਖਬਰਾਂ ਤੋਂ ਹਟ ਕੇ ਸੰਪਾਦਕੀ ਡਾਕ ਅਤੇ ਕੁਝ ਲੋਕਾਂ ਦੇ ਤਪਸਰੇ ਆਦਿ ਪੜ੍ਹ ਕੇ ਸਾਰੇ ਆਪੋ ਆਪਣੇ ਪ੍ਰਤੀਕਰਮ ਦੇਣ ਲੱਗੇ। ਕਿਸੇ ਨੇ ਅਕਾਲੀਆਂ ਦੇ ਪਾਜ ਉਧੇੜੇ, ਕਿਸੇ ਕਾਂਗਰਸ ਦੇ, ਕਿਸੇ ਨੇ ਭਾਜਪਾ ਤੇ ਕਿਸੇ ਨੇ ਬਹੁਜਨ ਸਮਾਜ ਪਾਰਟੀ ਨੂੰ ਭੰਡਿਆ... ਅੰਨਾ ਹਜ਼ਾਰੇ ਅਤੇ ਕੇਜਰੀਵਾਲ ਦੀ ਰੇਲ ਤਾਂ ਹਰ ਬੰਦੇ ਨੇ ਬਣਾਈ। ਰਾਮ ਦੇਵ ਦੀ ਸਲਵਾਰ ਸੂਟ ਵਾਲੀ ਗੱਲ ਨੂੰ ਵੀ ਵਾਹਵਾ ਚਟਕਾਰੇ ਲੈ ਕੇ ਚਿੱਥਿਆ, ਚਿੱਥਦੇ ਵੀ ਕਿਉਂ ਨਾ ਉਹ ਵੀ ਸੌ ਰੁਪਏ ਵਿਚ ਸਿਲੰਡਰ ਅਤੇ ਪੈਂਤੀ ਰੁਪਏ ਵਿਚ ਪੈਟਰੋਲ ਵੇਚਣ ਦੀਆਂ ਗੱਲਾਂ ਦੇ ਲਿਫਾਫੇ ਭਰ ਭਰ ਕੇ ਛੱਡਦਾ ਰਿਹਾ ਸੀ,, ਅਖੀਰ ਨੂੰ ਬਾਬਾ ਬਖਤੌਰਾ ਕਹਿੰਦਾ, ''ਛੱਡੋ ਯਾਰ ਇਨ੍ਹਾਂ ਦੀ ਨਿੰਦਾ ਚੁਗਲੀ, ਆਪਾਂ ਆਪਣੇ ਪੰਜਾਬ ਦੀ ਗੱਲ ਕਰੀਏ ਜਿਸ ਨੂੰ ਧਾੜਵੀਆਂ ਵੱਲੋਂ ਮੁੱਢ ਕਦੀਮ ਤੋਂ ਹਰ ਹੀਲੇ ਲੁੱਟਿਆ ਅਤੇ ਕੁੱਟਿਆ ਜਾਂਦਾ ਰਿਹਾ ਸੀ। ਫਿਰ ਵੀ ਰੱਬ ਦੀ ਰਹਿਮਤ ਸਦਕਾ ਇਹ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰਦਾ ਰਿਹਾ। ਮੁਗ਼ਲਾਂ ਦੀ ਡਾਢੀ ਮਾਰ ਤੋਂ ਬਾਅਦ ਪ੍ਰਮਾਤਮਾ ਨੇ ਐਸੀ ਕਿਰਪਾ ਕੀਤੀ ਕਿ ਗੁਰੂ ਸਾਹਿਬਾਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਵਰਗੇ ਸਿਰਲੱਥ ਯੋਧੇ ਦਿੱਤੇ, ਨਵਾਬ ਕਪੂਰ ਸਿੰਘ ਵਰਗੀ ਸ਼ਖ਼ਸੀਅਤ ਦਿੱਤੀ, ਜਿਨ੍ਹਾਂ ਨੇ ਅੱਜ ਦੇ ਰਾਜਿਆਂ ਵਾਂਗ ਬਿਜਲੀ, ਪਾਣੀ ਜਾਂ ਬੱਸ ਦਾ ਸਫਰ ਮੁਫਤ ਦੇ ਕੇ ਰਾਜਗੱਦੀ ਨਹੀਂ ਸੀ ਲਈ ਸਗੋਂ ਪੰਜ ਪਿਆਰਿਆਂ ਦੇ ਸਨਮੁੱਖ ਗਲ ਵਿਚ ਪੱਲਾ ਪਾ ਇਜਾਜ਼ਤ ਮੰਗੀ ਸੀ, ''ਮੈਂ ਦਿਨੇ ਦਿਨੇ ਰਾਜਿਆਂ ਵਾਲੀ ਕਲਗੀ ਲਾਵਾਂਗਾ ਅਤੇ ਤੜਕੇ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਖਾਲਸੇ ਦੇ ਘੋੜਿਆਂ ਦੀ ਲਿੱਦ ਸੁੱਟਿਆ ਕਰਾਂਗਾ...।'' ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਗੱਲਾਂ ਤਾਂ ਦੱਸਣ ਦੀ ਲੋੜ ਹੀ ਨਹੀਂ, ਬੱਚਾ ਬੱਚਾ ਜਾਣੂ ਹੈ ਪਰ ਉਸ ਤੋਂ ਬਾਅਦ ਦੀ ਪੰਜਾਬ ਦੀ ਦਸ਼ਾ ਵੇਖ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ...।

'ਪੰਜਾਬ ਸਿੰਹਾਂ ਕਦੇ ਪੰਜਾਂ ਦਰਿਆਵਾਂ ਦੇ ਸ਼ਹਿਦ ਵਰਗੇ ਮਿੱਠੇ ਅਤੇ ਘਿਓ ਜਿਹੇ ਤਾਕਤਵਰ ਪਾਣੀ ਦਾ ਮਾਲਕ ਸੈਂ ਫਰੰਗੀ ਤੇਰੇ ਬੱਚਿਆਂ ਨੂੰ ਤੇਰੇ ਅੰਮ੍ਰਿਤ ਵਰਗੇ ਪਾਣੀ ਨਾਲੋਂ ਤੋੜ ਕੇ ਕਾਲੇ ਪਾਣੀ ਭੇਜਿਆ ਕਰਦੇ ਸਨ...। ਅੱਜ ਕਿਸੇ ਨੂੰ ਕਾਲੇ ਪਾਣੀ ਭੇਜਣ ਦੀ ਲੋੜ ਨਹੀਂ ਤੇਰਾ ਆਪਣਾ ਪਾਣੀ ਹੀ ਕਾਲਾ ਪਾਣੀ ਹੀ ਨਹੀਂ ਬਣਿਆ ਸਗੋਂ ਉਸ ਤੋਂ ਸੈਂਕੜੇ ਗੁਣਾਂ ਖਤਰਨਾਕ ਚੀਜ਼ ਬਣ ਗਿਆ ਹੈ,, ਜਾਂ ਇਉਂ ਕਹਿ ਲਵੋ ਕਿ ਪੰਜਾਬ ਸਿੰਹਾਂ ਜਦੋਂ ਤੇਰੇ ਕੋਲ ਪੰਜ ਦਰਿਆ ਸਨ ਤਾਂ ਤੂੰ ਪੰਜਾਬ ਅਤੇ ਪਾਣੀ ਪੰਜਆਬ ਸੀ ਪਰ ਅੱਜ ਤਿੰਨ ਦਰਿਆ ਹਨ ਤੇ ਪਾਣੀ 'ਤਿਜ਼ਾਬ' ਬਣ ਗਿਆ ਹੈ।'

ਕਹਿੰਦੇ ਕਹਿੰਦੇ ਬਖਤੌਰੇ ਦਾ ਗਲ ਭਰ ਆਇਆ ਸਾਰਿਆਂ ਨੇ ਉਸ ਨੂੰ ਚੁੱਪ ਕਰਾਇਆ ਪਾਣੀ ਪਿਲਾਇਆ ਅਤੇ ਬਾਕੀ ਦੁੱਖ ਕੱਲ੍ਹ ਨੂੰ ਸੁਣਨ ਦਾ ਯਕੀਨ ਦਿਵਾ ਕੇ ਸਾਰੇ ਘਰਾਂ ਨੂੰ ਚਲੇ ਗਏ ਕਿਉਂਕਿ ਸ਼ਾਮ ਦੀ ਚਾਹ ਦਾ ਵੇਲਾ ਹੋ ਗਿਆ ਸੀ।

*-ਹਰਦੀਪ ਸਿੰਘ ਸੋਢੀ ਨਡਾਲਾ*

# ਸੁਰਜੀਤ ਪਾਤਰ ਦੀ ਸ਼ਾਇਰੀ ਯੁੱਗਾਂ-ਯੁੱਗਾਂ ਤੱਕ ਸਜੀਵ ਰਹੇਗੀ: ਭੁਪਿੰਦਰ ਕੌਰ ਪਾਤਰ

**ਮੁਲਾਕਾਤ**



***ਸੁਰਜੀਤ ਪਾਤਰ ਇਕ ਵਰਤਾਰੇ ਦਾ ਨਾਮ ਹੈ, ਜੋ ਭਾਰਤ ਭੂਮੀ ਦੇ ਉੱਤਰੀ-ਪੱਛਮੀ ਖਿੱਤੇ ਵਿਚ ਵਾਪਰਿਆ ਅਤੇ ਸੱਤ ਸਮੁੰਦਰਾਂ ਤੋਂ ਪਾਰ ਤੱਕ ਫੈਲ ਗਿਆ। ਦਿਲ-ਦਰਿਆਵਾਂ ਤੱਕ ਉਤਰ ਜਾਣ ਵਾਲਾ ਸ਼ਬਦਾਂ ਦਾ ਇਹ ਸੁਰਜੀਤ-ਸਮੁੰਦਰ ਅਦਭੁਤ ਹੈ, ਅਲਬੇਲਾ ਹੈ। ਉਸ ਦੀਆਂ ਲਿਖਤਾਂ ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਜਨਾਂ ਦਾ ਵਡਮੁੱਲਾ ਸਰਮਾਇਆ ਹਨ। ਉਸਦੇ ਅਚਾਨਕ ਚਲੇ ਜਾਣ ਦਾ ਦੁੱਖ ਸਮੁੱਚੇ ਪੰਜਾਬੀ ਜਗਤ ਨੂੰ ਹੈ। ਇਸ ਸਮੁੱਚੇ ਜਗਤ-ਖਿਲਾਰੇ ਵਿਚ ਸੁਰਜੀਤ ਪਾਤਰ ਦਾ ਪਰਿਵਾਰ ਵੀ ਸ਼ਾਮਿਲ ਹੈ। ਉਸਦੇ ਸਪੁੱਤਰ ਅੰਕੁਰ ਅਤੇ ਮਨਰਾਜ, ਉਸਦੀ ਪਤਨੀ ਭੁਪਿੰਦਰ ਕੌਰ, ਭਰਾ ਉਪਕਾਰ ਸਿੰਘ ਅਤੇ ਬਹੁਤ ਸਾਰੇ ਸਕੇ-ਸੰਬੰਧੀ। ਸੁਰਜੀਤ ਪਾਤਰ ਦੇ ਵਿਛੋੜੇ ਤੋਂ ਬਾਅਦ ਪੈਦਾ ਹੋਏ ਖਲਾਅ ਬਾਰੇ ਇਹ ਸਭ ਕਿਵੇਂ ਸੋਚਦੇ ਹਨ? ਨਿਰਸੰਦੇਹ ਪੰਜਾਬੀ ਜਗਤ ਇਹ ਜਾਣਨਾ ਚਾਹੁੰਦਾ ਹੈ। ਪੰਜਾਬੀ ਜਗਤ ਦੀ ਜਿਗਿਆਸਾ ਨੂੰ ਸਮਝਦਿਆਂ ਪਾਤਰ ਸਾਹਿਬ ਦੀ ਜੀਵਨ ਸਾਥਣ ਭੁਪਿੰਦਰ ਕੌਰ ਨਾਲ ਸ. ਲਖਵਿੰਦਰ ਸਿੰਘ ਜੌਹਲ ਨਾਲ ਹੋਈਆਂ ਕੁਝ ਗੱਲਾਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹਨ।***

ਸਵਾਲ-ਪਾਤਰ ਸਾਹਿਬ ਗਿਆਰਾਂ ਮਈ, 2024 ਨੂੰ ਸਾਥੋਂ ਵਿਛੜ ਗਏ ਸਨ। ਏਨੇ ਦਿਨਾਂ ਤੋਂ ਬਾਅਦ ਵੀ ਇਵੇਂ ਲੱਗ ਰਿਹਾ ਹੈ, ਜਿਵੇਂ ਉਹ ਗਏ ਨਹੀਂ, ਇਥੇ ਹੀ ਨੇ ਸਾਡੇ ਆਲੇ-ਦੁਆਲੇ ਦੀ ਫ਼ਿਜ਼ਾ ਵਿਚ... ਹਵਾ ਵਿਚ... ... ਅਜਿਹੇ ਅਹਿਸਾਸ ਨੂੰ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਵੇਂ ਕਹਿ ਸਕਦੇ ਹੋ?

:- ਗਿਆਰਾਂ ਮਈ ਦੀ ਸਵੇਰ ਸਾਡੇ ਪਰਿਵਾਰ ਲਈ ਕਿਆਮਤ ਦੀ ਸਵੇਰ ਸੀ। ਸਵਾ ਛੇ ਵਜੇ ਮੈਂ ਉੱਠ ਗਈ। ਪਾਤਰ ਸਾਹਿਬ ਵੱਲ ਦੇਖਿਆ। ਸੌਂ ਰਹੇ ਸਨ। ਮੈਂ ਉਨ੍ਹਾਂ ਨੂੰ ਜਗਾਉਣਾ ਮੁਨਾਸਿਬ ਨਾ ਸਮਝਿਆ। ਰਾਤੀਂ ਬਰਨਾਲਿਓਂ ਲੇਟ ਆਏ ਸਨ। ਸਾਢੇ ਛੇ ਵਜੇ ਮੈਂ ਆਵਾਜ਼ ਦਿੱਤੀ "ਚਾਹ ਬਣਾਉਣ ਲੱਗੀ ਹਾਂ ਉੱਠੋ।" ਪੰਜ ਸੱਤ ਮਿੰਟ ਬਾਅਦ ਮੈਂ ਫੇਰ ਆਵਾਜ਼ ਲਗਾਈ। ਬੋਲੇ ਨਹੀਂ। ਮੈਂ ਬਹੁਤ ਡਰ ਗਈ। ਬੈੱਡ ਦੇ ਪਰਲੇ ਪਾਸੇ ਜਾ ਕੇ ਮੈਂ ਉਨ੍ਹਾਂ ਨੂੰ ਹਲਕਾ ਜਿਹਾ ਹਲੂਣਿਆ। ਪਰ ਉਹ ਸਦੀਵੀ ਜਾ ਚੁੱਕੇ ਸਨ।... ਪੈਰਾਂ ਹੇਠੋਂ ਜ਼ਮੀਨ ਨਿਕਲ ਗਈ... ਪਿਛਲੇ ਕੁਝ ਸਾਲਾਂ ਤੋਂ ਹੀ, ਜਦੋਂ ਤੋਂ ਇਹ ਦਿਲ ਦੇ ਮਰੀਜ਼ ਸਨ, ਮੇਰੇ ਮਨ ਵਿਚ ਹਰ ਪਲ ਡਰ ਬਣਿਆ ਰਹਿੰਦਾ ਸੀ..। ਜਦੋਂ ਬਾਹਰ ਵੀ ਜਾਂਦੇ ਮੈਂ ਮਨ ਹੀ ਮਨ ਉਨ੍ਹਾਂ ਦੀ ਤੰਦਰੁਸਤੀ ਦੀ ਅਰਦਾਸ ਕਰਦੀ। ਪਰ ਅੱਜ ਇਹ ਸਾਰਾ ਕੁਝ ਦੇਖ ਕੇ ਮੇਰਾ ਸਰੀਰ ਕੰਬਣ ਲੱਗ ਗਿਆ। ਘਰੇ ਮੈਂ ਇਕੱਲੀ ਸਾਂ। ਮਨਰਾਜ ਵੀ ਟ੍ਰੇਨਿੰਗ 'ਤੇ ਬਾਹਰ ਸੀ। ਉਸ ਤੋਂ ਬਾਅਦ ਕੀ ਹੋਇਆ ਮੈਨੂੰ ਯਾਦ ਨਹੀਂ।...

ਕਦੇ-ਕਦੇ ਮੈਨੂੰ ਵੀ ਲੱਗਦਾ ਕਿ ਉਹ ਇੱਥੇ ਹੀ ਨੇ। ਮੇਰੇ ਆਲੇ-ਦੁਆਲੇ। ਘਰੋਂ ਤਿਆਰ ਹੋ ਕੇ ਜਾ ਰਹੇ ਨੇ। ਰਾਤੀਂ ਆ ਰਹੇ ਨੇ। ਕੱਪੜੇ ਬਦਲਦੇ... ਡਾਈਨਿੰਗ ਟੇਬਲ 'ਤੇ ਖਾਣਾ ਖਾ ਰਹੇ ਨੇ।... ਪਰ ਜੇ ਉਹ ਇਥੇ ਹੀ ਨੇ ਤੇ ਮੈਨੂੰ ਘਰ ਵਿਚ ਖਲਾਅ ਜਿਹਾ ਕਿਉਂ ਮਹਿਸੂਸ ਹੋ ਰਿਹਾ ਹੈ। ਕਿਉਂ ਮੇਰੀ ਅੱਖ ਵਾਰ-ਵਾਰ ਨਮ ਹੋ ਰਹੀ ਹੈ, ਕਿਉਂ ਮੈਂ ਏਨੀ ਉਦਾਸ ਹਾਂ।...

?-ਪਾਤਰ ਸਾਹਿਬ ਨੇ ਮੈਨੂੰ ਇਕ ਵਾਰ ਦੱਸਿਆ ਸੀ ਕਿ ਜਦੋਂ ਅਜੇ ਤੁਹਾਡਾ ਵਿਆਹ ਹੋਣਾ ਸੀ, ਦੇਖ-ਦਿਖਾਲੇ ਦੀਆਂ ਗੱਲਾਂ ਚਲ ਰਹੀਆਂ ਸਨ, ਉਸ ਵੇਲੇ ਉਨ੍ਹਾਂ ਨੇ ਆਪਣੀਆਂ ਭੈਣਾਂ ਉੱਤੇ ਵੀ ਵਿਸ਼ਵਾਸ ਨਹੀਂ ਸੀ ਕੀਤਾ ਅਤੇ ਆਪ ਮਿਲ ਕੇ ਤੁਹਾਨੂੰ ਵੇਖਣ ਅਤੇ ਤੁਹਾਡੇ ਨਾਲ ਕੁਝ ਗੱਲਾਂ ਕਰਨ ਦੀ ਇੱਛਾ ਜ਼ਾਹਿਰ ਕੀਤੀ ਸੀ, ਕੀ ਇਹ ਸੱਚ ਹੈ?

:- ਹਾਂ! ਇਹ ਬਿਲਕੁਲ ਸੱਚ ਹੈ। ਉਨ੍ਹਾਂ ਦੀਆਂ ਭੈਣਾਂ ਨੇ ਮੈਨੂੰ ਦੇਖਿਆ। ਪਰ ਉਹ ਆਪ ਦੇਖਣਾ ਚਾਹੁੰਦੇ ਸਨ। ਫਗਵਾੜੇ ਦੇ ਬੱਸ ਸਟੈਂਡ 'ਤੇ ਸਾਡੀ ਮੁਲਾਕਾਤ ਹੋਈ। ਜਾਂ ਕਰਾਈ ਗਈ। ਉਨ੍ਹਾਂ ਸਮਿਆਂ ਵਿਚ ਦੇਖ-ਦਿਖਾਲਾ ਇਵੇਂ ਹੀ ਹੁੰਦਾ ਸੀ। ਏਸ ਗੱਲ 'ਤੇ ਉਨ੍ਹਾਂ ਦੇ ਪਿਤਾ ਜੀ ਬਹੁਤ ਨਾਰਾਜ਼ ਸਨ। ਕਹਿਣ ਲੱਗੇ, 'ਤੇਰੀਆਂ ਭੈਣਾਂ ਨੂੰ ਅਸੀਂ ਦਿਖਾਇਆ ਸੀ? ਤੂੰ ਢੂੰਚਰਾਂ ਡਾਹੁੰਨਾ ਏਂ।' ਪਰ ਉਹ ਆਪਣੀ ਗੱਲ 'ਤੇ ਕਾਇਮ ਰਹੇ।

?:- ਉਦੋਂ ਤੁਹਾਡੇ ਨਾਲ ਕੀ ਗੱਲਾਂ ਕੀਤੀਆਂ ਪਾਤਰ ਸਾਹਿਬ ਨੇ..

:- ਇਹ ਤਾਂ ਹੁਣ ਯਾਦ ਨਹੀਂ ਪਰ ਮੈਂ ਚੰਗੀ ਲੱਗੀ ਉਨ੍ਹਾਂ ਨੂੰ... ਤੇ ਫੇਰ ਜਲਦੀ ਹੀ ਸਾਡਾ ਵਿਆਹ ਹੋ ਗਿਆ।

?:- ਤੁਸੀਂ ਪਾਤਰ ਸਾਹਿਬ ਨਾਲ ਬਹੁਤ ਸਾਰੀਆਂ ਥਾਵਾਂ ਉੱਤੇ ਗਏ, ਦੇਸ਼ ਵਿਚ ਵੀ, ਵਿਦੇਸ਼ ਵਿਚ ਵੀ। ਸਭ ਤੋਂ ਵਧੀਆ ਟੂਰ ਕਿਹੜੇ ਸ਼ਹਿਰ ਜਾਂ ਕਿਹੜੇ ਦੇਸ਼ ਦਾ ਸੀ?


:- ਮੈਂ ਪਾਤਰ ਸਾਹਿਬ ਨਾਲ ਦੇਸ਼ਾਂ-ਵਿਦੇਸ਼ਾਂ ਵਿਚ ਬਹੁਤ ਵਾਰੀ ਗਈ। ਇੰਗਲੈਂਡ, ਸਕਾਟਲੈਂਡ, ਕੈਨੇਡਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ। ਉਥੇ ਦੀਆਂ ਸੰਸਥਾਵਾਂ ਵਲੋਂ, ਆਮ ਲੋਕਾਂ ਵਲੋਂ ਜਿੰਨਾ ਪਿਆਰ ਤੇ ਸਤਿਕਾਰ ਮਿਲਿਆ, ਦੇਖ ਕੇ ਮੈਂ ਹੈਰਾਨ ਰਹਿ ਗਈ। ਉਹ ਲੋਕਾਂ ਦੇ ਦਿਲਾਂ ਦੀ ਧੜਕਣ ਸਨ। ਉਨ੍ਹਾਂ ਦੀ ਸ਼ਾਇਰੀ ਲੋਕਾਂ ਦੀ ਜ਼ੁਬਾਨ 'ਤੇ ਸੀ। ਉਹ ਜਿਥੇ ਵੀ ਹਾਜ਼ਰ ਹੁੰਦੇ ਸਮਾਗਮ ਨੂੰ ਸਿਖਰਾਂ ਤੱਕ ਪਹੁੰਚਾ ਦਿੰਦੇ। ਕਿਸੇ ਵੀ ਸ਼ਾਇਰ ਲਈ ਇਹ ਬਹੁਤ ਵੱਡੀ ਗੱਲ ਸੀ। ਇਹ ਸਭ ਵੇਖ ਮੈਂ ਮਾਣ ਨਾਲ ਭਰ ਜਾਂਦੀ।

?:- ਸਾਹਿਤਕਾਰਾਂ ਵਿਚ ਘਿਰੇ ਹੋਏ ਪਾਤਰ ਸਾਹਿਬ ਜਦੋਂ ਤੁਹਾਡੇ ਵਲੋਂ ਬੇਧਿਆਨੇ ਹੋ ਜਾਣ ਤਾਂ ਕਿਵੇਂ ਮਹਿਸੂਸ ਕਰਦੇ ਸੀ। ਅਜਿਹਾ ਹੋਇਆ ਹੋਵੇ ਤਾਂ ਉਸ ਘਟਨਾ ਦਾ ਬਿਆਨ ਕਰੋ......?

?:- ਮੈਨੂੰ ਬਹੁਤ ਜਲਦੀ ਇਹ ਪਤਾ ਲੱਗ ਗਿਆ ਸੀ ਕਿ ਜਿਸ ਵਿਅਕਤੀ ਨਾਲ ਮੇਰਾ ਵਿਆਹ ਹੋਇਆ ਹੈ ਇਹ ਕੋਈ ਸਾਧਾਰਨ ਆਦਮੀ ਨਹੀਂ ਹੈ। ਮੈਂ ਇਹ ਵੀ ਸਮਝ ਲਿਆ ਸੀ ਕਿ ਕਿਸੇ ਸਾਹਿਤਕਾਰ ਨਾਲ ਵਿਆਹ ਕਰਵਾ ਕੇ ਤੁਹਾਨੂੰ ਆਪਣੀ ਸੋਚ ਤੇ ਨਜ਼ਰੀਆ ਬਹੁਤ ਵਿਸ਼ਾਲ ਰੱਖਣਾ ਪੈਂਦਾ ਹੈ।

?:- ਕਵਿੱਤਰੀਆਂ ਵਿਚ ਘਿਰੇ 'ਕਵੀ ਪਾਤਰ' ਜਾਂ 'ਪਤੀ-ਪਾਤਰ' ਉੱਤੇ ਕਦੇ ਮਾਣ ਅਤੇ ਕਦੇ ਰਸ਼ਕ ਹੋਇਆ ਹੋਵੇਗਾ, ਅਜਿਹਾ ਅਹਿਸਾਸ ਸ਼ਬਦਾਂ ਵਿਚ ਸਾਂਝਾ ਕਰੋ?

:- ਹਰ ਕਵਿੱਤਰੀ ਦੇ ਮਨ ਵਿਚ ਇਹ ਰੀਝ ਸੀ ਕਿ ਉਹ ਉਨ੍ਹਾਂ ਨਾਲ ਬੈਠੇ, ਗੱਲਾਂ ਕਰੇ



ਡਾ. ਸੁਰਜੀਤ ਪਾਤਰ ਅਤੇ ਭੁਪਿੰਦਰ ਕੌਰ ਪਾਤਰ ਦੀ ਯਾਦਗਾਰੀ ਤਸਵੀਰ।

ਤੇ ਕਵਿਤਾ ਦੀ ਸਾਂਝ ਪਾਵੇ। ਮੈਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਹ ਨਵੀਆਂ ਕਵਿੱਤਰੀਆਂ ਦੀ ਰਹਿਨੁਮਾਈ ਕਰ ਰਹੇ ਹਨ। ਘਰੇ ਆਉਣ ਵਾਲਿਆਂ ਨੂੰ ਉਹ ਸੁਝਾਅ ਵੀ ਦਿੰਦੇ ਤੇ ਮਾਰਗ-ਦਰਸ਼ਕ ਵੀ ਬਣਦੇ। ਕਵੀ ਦਰਬਾਰਾਂ 'ਤੇ ਉਨ੍ਹਾਂ ਨੂੰ ਮੌਕਾ ਵੀ ਦਿੰਦੇ। ਇਹ ਉਨ੍ਹਾਂ ਦਾ ਵਡੱਪਣ ਸੀ।

?:- ਬੱਚਿਆਂ ਦੇ ਪਾਲਣ-ਪੋਸ਼ਣ, ਉਨ੍ਹਾਂ ਦੀ ਪੜ੍ਹਾਈ-ਲਿਖਾਈ, ਉਨ੍ਹਾਂ ਨੂੰ ਸਕੂਲ ਛੱਡਣ, ਲਿਆਉਣ, ਘੁਮਾਉਣ-ਫ਼ਿਰਾਉਣ ਵਿਚ ਪਾਤਰ ਸਾਹਿਬ ਦੇ ਯੋਗਦਾਨ ਤੋਂ ਤੁਸੀਂ ਸੰਤੁਸ਼ਟ ਸੀ ਜਾਂ ਕੁਝ ਸ਼ਿਕਾਇਤਾਂ ਵੀ ਰਹੀਆਂ?

:- ਬੱਚੇ ਜਦੋਂ ਬਹੁਤ ਛੋਟੇ ਸਨ, ਉਨ੍ਹਾਂ ਦੇ ਪਾਲਣ ਪੋਸ਼ਣ ਵਿਚ ਪਾਤਰ ਸਾਹਿਬ ਦਾ ਬਹੁਤ ਸਹਿਯੋਗ ਰਿਹਾ। ਪਰ ਉਨ੍ਹਾਂ ਦੇ ਕਰੀਅਰ ਬਣਾਉਣ ਵਿਚ ਉਹ ਮੇਰੇ ਵੱਲੋਂ ਸੰਤੁਸ਼ਟ ਸਨ। ਮੈਂ ਉਨ੍ਹਾਂ ਨੂੰ ਜ਼ਿੰਦਗੀ ਦੇ ਝਮੇਲਿਆਂ ਤੋਂ ਬਹੁਤ ਦੂਰ ਰੱਖਣਾ ਚਾਹੁੰਦੀ। ਰਿਸ਼ਤੇਦਾਰੀਆਂ ਵਿਚ ਵੀ ਵਿਆਹ-ਸ਼ਾਦੀਆਂ 'ਤੇ ਉਹ ਬਹੁਤ ਘੱਟ ਜਾਂਦੇ। ਮੇਰੀ ਪੂਰੀ ਕੋਸ਼ਿਸ਼ ਹੁੰਦੀ ਕਿ ਉਹ ਆਪਣਾ ਸਾਰਾ ਸਮਾਂ ਸਾਹਿਤ ਦੇ ਲੇਖੇ ਲਾਉਣ।

?:- ਪਾਤਰ ਸਾਹਿਬ ਦੀ ਕਵਿਤਾ ਦੋ ਸਦੀਆਂ ਦੇ ਸੰਗਮ ਦੀ ਕਵਿਤਾ ਹੈ, ਜਿਸ ਦਾ ਸਮਕਾਲੀ ਪ੍ਰਭਾਵ ਹੋਣ ਦੇ ਨਾਲ-ਨਾਲ ਸਰਬਕਾਲੀ ਸੁਭਾਅ ਵੀ ਹੈ। ਕਵਿਤਾ ਵਿਚ ਉਹ ਆਪਣੀ ਮਿਸਾਲ ਆਪ ਹਨ, ਅਜਿਹੇ ਯੁੱਗ ਕਵੀ ਦੀ ਪਤਨੀ ਹੋਣ ਦੇ ਮਾਣ ਦਾ ਅਹਿਸਾਸ ਕਿਵੇਂ ਬਿਆਨ ਕਰੋਗੇ?

:- ਨਿਰਸੰਦੇਹ ਪਾਤਰ ਸਾਹਿਬ ਦੀ ਕਵਿਤਾ ਦੋ ਸਦੀਆਂ ਦੇ ਸੰਗਮ ਦੀ ਕਵਿਤਾ ਹੈ। ਉਨ੍ਹਾਂ ਦੀ ਸ਼ਾਇਰੀ ਦਾ ਪ੍ਰਭਾਵ ਲੋਕ ਮਨਾਂ 'ਤੇ ਬਹੁਤ ਗਹਿਰਾ ਹੈ। ਇਹ ਕਵਿਤਾ ਯੁੱਗਾਂ-ਯੁੱਗਾਂ ਤੱਕ ਸਜੀਵ ਰਹੇਗੀ, ਜਿਊਂਦੀ ਰਹੇਗੀ, ਮੈਨੂੰ ਪੂਰਾ ਵਿਸ਼ਵਾਸ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਨੂੰ ਗਾਉਣਾ ਮੇਰਾ ਸੁਭਾਅ, ਸ਼ੌਕ ਸੀ। ਉਹ ਗ਼ਜ਼ਬ ਦੀ ਕੰਪੋਜ਼ੀਸ਼ਨ ਮੈਨੂੰ ਬਣਾ ਕੇ ਦਿੰਦੇ ਤੇ ਸਮਾਗਮਾਂ ਵਿਚ ਅਕਸਰ ਮੇਰੀ ਹਾਜ਼ਰੀ ਲੁਆਉਂਦੇ।

?:- ਮੈਨੂੰ ਕੁਝ-ਕੁਝ ਪਤਾ ਹੈ ਕਿ ਪਾਤਰ ਸਾਹਿਬ ਬਹੁਤ ਕੁਝ ਅਧੂਰਾ ਛੱਡ ਗਏ ਹਨ, ਜਿਸ ਵਿਚ ਕੁਝ ਅਧੂਰੀਆਂ ਕਵਿਤਾਵਾਂ ਹਨ, ਇਕ ਮਹਾਂਕਾਵਿ ਜਿਸ ਦਾ ਕੁੱਝ ਹਿੱਸਾ ਉਨ੍ਹਾਂ ਨੇ 'ਆਪਣੀ ਆਵਾਜ਼' ਵਿਚ ਛਪਵਾਇਆ ਵੀ ਸੀ। ਉਸ ਬਾਰੇ ਕੁਝ ਦੱਸੋ... ਇਹ ਵੀ ਦੱਸੋ ਕਿ ਉਨ੍ਹਾਂ ਦੀਆਂ ਅਣਛਪੀਆਂ ਕਵਿਤਾਵਾਂ ਜਾਂ ਵਾਰਤਕ ਇਕੱਠੀ ਕਰ ਕੇ ਛਪਵਾਉਣ ਦੀ ਕੀ ਯੋਜਨਾ ਹੈ?

:- ਕੁੱਝ ਦਿਨ ਪਹਿਲਾਂ ਦੀ ਹੀ ਗੱਲ ਹੈ ਕਿ ਇਕ ਦਿਨ ਮੈਨੂੰ ਕਹਿਣ ਲੱਗੇ ਮੇਰਾ ਬਹੁਤ ਕੰਮ ਪਿਆ ਹੈ ਜੋ ਮੈਂ ਕਰਨਾ ਹੈ। ਮੇਰੀ ਜਾਣਕਾਰੀ ਮੁਤਾਬਿਕ ਉਹ ਗੀਤਾ ਦਾ ਅਨੁਵਾਦ ਕਰਨਾ ਚਾਹੁੰਦੇ ਸਨ। ਉਹ ਵੀ ਕਾਵਿ-ਰੂਪ ਵਿਚ। 'ਇਕ ਅਧਿਆਇ ਇਹ ਵੀ' ਸ਼ਾਇਦ ਇਸੇ ਵਿਚਾਰ ਦਾ ਹੀ ਵਿਸਥਾਰ ਹੋਵੇ' ਸ਼ਾਇਦ ਉਨ੍ਹਾਂ ਏਨਾ ਕੁ ਹੀ ਕੀਤਾ ਸੀ ਅਜੇ। ਇਸ ਬਾਰੇ ਉਹ ਰਣਜੋਧ ਸਿੰਘ ਜੀ.ਐੱਸ. ਵਾਲੇ ਨਾਲ ਤਬਸਰਾ ਕਰਦੇ ਰਹਿੰਦੇ ਸਨ, ਜਦੋਂ ਉਹ ਸਾਈਕਲ ਚਲਾਉਂਦੇ-ਚਲਾਉਂਦੇ ਸਵੇਰ ਸਾਰ 7 ਕੁ ਵਜੇ ਸਾਡੇ ਘਰ ਪਹੁੰਚਦੇ। ਬਸ ਸਾਰੀ ਗੱਲਬਾਤ ਗੀਤਾ ਮਹਾਂਕਾਵਿ ਦੇ ਇਰਦ-ਗਿਰਦ ਹੀ ਘੁੰਮਦੀ। ਸ਼ਾਇਦ ਇਸ ਦਾ ਸਿਰਲੇਖ ਵੀ ਇਹੀ ਹੋਵੇ, ਜਿਸ ਦਾ ਤੁਸੀਂ ਜ਼ਿਕਰ ਕੀਤਾ ਹੈ। ਸਾਡੀ ਸਾਰਿਆਂ ਦੀ ਕੋਸ਼ਿਸ਼ ਹੈ ਕਿ ਉਨ੍ਹਾਂ ਦੀਆਂ ਅਣਛਪੀਆਂ ਰਚਨਾਵਾਂ ਨੂੰ ਛਪਵਾਇਆ ਜਾਵੇ।

?:- ਪਾਤਰ ਸਾਹਿਬ ਨੂੰ ਗੁੱਸਾ ਕਦੋਂ ਆਉਂਦਾ ਸੀ?

:- ਪਾਤਰ ਸਾਹਿਬ ਨੂੰ ਗੁੱਸਾ ਬਹੁਤ ਹੀ ਘੱਟ ਆਉਂਦਾ ਸੀ। ਹੋਰ ਤਾਂ ਕਦੇ ਵੇਖਿਆ ਨਹੀਂ ਪਰ ਵਰਿੰਦਰ ਡਰਾਈਵਰ ਦੇ ਲੇਟ ਆਉਣ 'ਤੇ ਉਹ ਉਸ ਨੂੰ ਕਦੇ ਕਦੇ ਮਿੱਠੀ ਜਿਹੀ ਝਿੜਕ ਜ਼ਰੂਰ ਮਾਰਦੇ ਸਨ।

?:- ਪਾਤਰ ਸਾਹਿਬ ਸਭ ਤੋਂ ਖ਼ੁਸ਼ੀ ਦੀ ਅਵਸਥਾ ਵਿਚ ਕਦੋਂ ਹੁੰਦੇ ਸਨ?

:- ਪਾਤਰ ਸਾਹਿਬ ਸਭ ਤੋਂ ਵੱਧ ਖ਼ੁਸ਼ ਉਦੋਂ ਹੁੰਦੇ ਜਦੋਂ ਅਵੀਰਾ ਪੋਤੇ ਨਾਲ ਗੱਲ ਕਰ ਰਹੇ ਹੁੰਦੇ। ਉਸ ਸਮੇਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਹੁੰਦਾ। ਸੋਹਣੀਆਂ-ਸੋਹਣੀਆਂ ਗੱਲਾਂ ਕਰਦੇ-ਕਰਦੇ ਉਹ ਜ਼ੋਰ-ਜ਼ੋਰ ਦੀ ਹੱਸਦੇ। ਜਾਂ ਫੇਰ ਮਨਰਾਜ ਜਦੋਂ ਗਾ ਰਿਹਾ ਹੁੰਦਾ। ਅੰਕੁਰ ਜਦੋਂ ਕਿਤਾਬ ਦਾ ਟਾਈਟਲ ਬਣਾ ਕੇ ਭੇਜਦਾ, ਉਦੋਂ ਵੀ ਉਨ੍ਹਾਂ ਦੀ ਖ਼ੁਸ਼ੀ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੁੰਦਾ।

?-ਸਿਰਜਣਾ ਦੇ ਪਲਾਂ ਵਿਚ ਪਾਤਰ ਸਾਹਿਬ ਦੀ ਉਦਾਸੀ ਜਾਂ ਹੁਲਾਸ ਨੂੰ ਤੁਸੀਂ ਕਿਵੇਂ ਦੇਖਦੇ ਸੀ?

:- ਸਿਰਜਣਾ ਦੇ ਪਲਾਂ ਵਿਚ ਉਹ ਉਦਾਸ ਤਾਂ ਨਹੀਂ ਵਿਸਮਾਦ ਵਿਚ ਹੁੰਦੇ। ਕਦੇ-ਕਦੇ ਮੈਂ ਦੇਖਦੀ ਕਿ ਉਹ ਅੱਖਾਂ ਬੰਦ ਕਰ ਕੇ ਕੁਝ ਸੋਚ ਰਹੇ ਹੁੰਦੇ ਤੇ ਪਲਕਾਂ ਵਿਚ ਲਿਖ ਰਹੇ ਹੁੰਦੇ ਤੇ ਉਸ ਤੋਂ ਬਾਅਦ ਹੱਸ ਰਹੇ ਹੁੰਦੇ। ਲਿਖਦੇ-ਲਿਖਦੇ ਹੀ ਉਹ ਗ਼ਜ਼ਲ ਨੂੰ ਸੁਰਬੱਧ ਕਰ ਲੈਂਦੇ।

?:- ਉਨ੍ਹਾਂ ਦੀ ਕਵਿਤਾ ਦੀ ਪਹਿਲੀ ਪਾਠਕ ਜਾਂ ਪਹਿਲੀ ਸਰੋਤਾ ਬਣਦਿਆਂ ਤੁਸੀਂ ਕਿਵੇਂ ਮਹਿਸੂਸ ਕਰਦੇ ਸੀ?

?:- ਮੈਂ ਆਪਣੇ-ਆਪ ਨੂੰ ਬਹੁਤ ਖ਼ੁਸ਼ਕਿਸਮਤ ਸਮਝਦੀ ਕਿ ਪਾਤਰ ਸਾਹਿਬ ਦੀ ਕਵਿਤਾ ਦੀ ਪਹਿਲੀ ਸਰੋਤਾ ਮੈਂ ਹਾਂ। ਪਰ ਹਰ ਕਵਿਤਾ ਦੀ ਨਹੀਂ। ਕਈ ਵਾਰੀ ਕਵਿਤਾ ਲਿਖ ਕੇ ਜਦੋਂ ਕੁਰਸੀ ਤੋਂ ਉੱਠਦੇ ਉਦੋਂ ਮੈਂ ਪੜ੍ਹ ਲੈਂਦੀ ਹਾਂ। ਕਦੀ-ਕਦੀ ਉਹ ਆਪ ਵੀ ਪੁੱਛਦੇ ਕਿ ਕਿਸ ਤਰ੍ਹਾਂ ਦੀ ਲੱਗੀ ਇਹ ਕਵਿਤਾ। ਸ਼ਬਦਾਂ ਦਾ ਹੇਰ-ਫੇਰ ਵੀ ਪੁੱਛਦੇ। ਕਈ ਵਾਰੀ ਹਿੰਦੀ ਦੇ ਸ਼ਬਦਾਂ ਦਾ ਅਰਥ ਵੀ ਮੈਨੂੰ ਪੁੱਛਦੇ। ਜਦੋਂ ਕਿਤੇ ਹਿੰਦੀ ਵਿਚ ਅਨੁਵਾਦ ਕਰ ਰਹੇ ਹੁੰਦੇ।

?:- ਤੁਹਾਡੀ ਨਜ਼ਰ ਵਿਚ ਉਨ੍ਹਾਂ ਦੀ ਸਭ ਤੋਂ ਵਧੀਆ ਕਵਿਤਾ ਜਾਂ ਸਭ ਤੋਂ ਵਧੀਆ ਸ਼ੇਅਰ ਕਿਹੜਾ ਹੈ?

:- ਉਨ੍ਹਾਂ ਦੀਆਂ ਗ਼ਜ਼ਲਾਂ ਦੇ ਬਹੁਤ ਸਾਰੇ ਸ਼ੇਅਰ ਮੈਨੂੰ ਯਾਦ ਹਨ, ਜਿਨ੍ਹਾਂ ਨੂੰ ਮੈਂ ਅਕਸਰ ਗੁਣਗੁਣਾਉਂਦੀ ਰਹਿੰਦੀ ਹਾਂ, ਘਰ ਵਿਚ, ਰਸੋਈ ਵਿਚ। ਬਹੁਤ ਸਾਰੇ ਸ਼ੇਅਰ ਮੈਨੂੰ ਬਹੁਤ ਪਸੰਦ ਹਨ ਜਿਵੇਂ:-

'ਤੂੰ ਮੈਨੂੰ ਮਿੱਟੀ ਬਣਾਇਆ ਤੇ ਇਹ ਅਸੀਸ ਵੀ ਦੇ ...

ਸਾਰਿਆਂ ਦਾ ਜ਼ਿਕਰ ਕਰਨਾ ਔਖਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਤੇ ਲਿਖੀਆਂ ਉਨ੍ਹਾਂ ਦੀਆਂ ਕਵਿਤਾਵਾਂ ਵਿਚ, ਉਨ੍ਹਾਂ ਦਾ ਪੰਜ ਪਿਆਰਿਆਂ ਬਾਰੇ ਜੋ ਕਨਸੈਪਟ ਸੀ, ਉਸ ਨੂੰ ਪਾਤਰ ਸਾਹਿਬ ਨੇ ਬਹੁਤ ਖ਼ੂਬਸੂਰਤੀ ਨਾਲ ਬਿਆਨਿਆ ਹੈ, ਉਸਨੂੰ ਪੜ੍ਹਦਿਆਂ ਮਨ ਵਲਵਲਿਆਂ ਨਾਲ ਭਰ ਜਾਂਦਾ ਹੈ:-

ਪਹਿਲੇ ਵਾਰ ਵਿਚ ਸਤਿਗੁਰਾਂ ਨੇ ਮੌਤ ਦਾ ਭੈ ਮਾਰਿਆ,

ਦੂਜੇ ਵਾਰ ਦੇ ਵਿਚ ਸਤਿਗੁਰਾਂ ਜਨਮ ਦੀ ਜਾਤ ਵੱਢੀ ਸੀ,

ਤੀਜੇ ਵਾਰ ਵਿਚ ਉਨ੍ਹਾਂ ਹਉਮੈ ਜਿਬਾਹ ਕੀਤੀ,

ਚੌਥੇ ਵਾਰ ਵਿਚ ਸ਼ਾਨ ਝੂਠੇ ਪਾਤਿਸ਼ਾਹਾਂ ਦੀ,

ਤੇ ਪੰਜਵੇਂ ਵਾਰ ਦੇ ਵਿਚ ਵਿੱਥ ਆਪਣੇ ਖ਼ਾਲਸੇ ਤੇ ਆਪਣੇ ਵਿਚਕਾਰ...

?:- ਤੁਸੀਂ ਉਨ੍ਹਾਂ ਦੀ ਕਿਹੜੀ ਗ਼ਜ਼ਲ ਗੁਣ-ਗੁਣਾ ਕੇ, ਜਾਂ ਗਾ ਕੇ ਆਪਣੇ-ਆਪ ਨੂੰ ਪਾਤਰ ਸਾਹਿਬ ਨਾਲ ਇਕਸੁਰ ਹੋਇਆ ਮਹਿਸੂਸ ਕਰਦੇ ਹੋ?

:- ਪਹਿਲਾਂ ਅਸੀਂ ਦੋਵੇਂ ਆਪਣੀ ਜ਼ਿੰਦਗੀ ਵਿਚ ਇਕਸੁਰ ਹੋਏ ਤੇ ਬਾਅਦ ਵਿਚ ਗ਼ਜ਼ਲ ਗਾ ਕੇ ਜਾਂ ਗੁਣਗੁਣਾ ਕੇ ਇਕਸੁਰ ਹੋਏ। ਘਰ ਵਿਚ ਅਸੀਂ ਕਿਸੇ ਗ਼ਜ਼ਲ-ਗੀਤ ਨੂੰ ਇਕੱਠਿਆਂ ਵੀ ਗਾਉਂਦੇ ਰਹਿੰਦੇ ਸਾਂ, ਪਰ ਬਾਹਰ ਕਿਸੇ ਸਮਾਗਮ



ਡਾ. ਸੁਰਜੀਤ ਪਾਤਰ ਆਪਣੇ ਪੋਤੇ ਨਾਲ।

ਵਿਚ ਨਹੀਂ ਗਾ ਸਕੇ।

?:-ਉਹ ਕਿਹੜੀ ਗ਼ਜ਼ਲ ਜਾਂ ਗੀਤ ਸੀ, ਜਿਸ ਨੂੰ ਤੁਸੀਂ ਇਕੱਠੇ ਗਾਉਂਦੇ ਸੀ।

:- ਇਹ ਉਨ੍ਹਾਂ ਦਾ ਬਹੁਤ ਪਿਆਰਾ ਗੀਤ ਹੈ, ਜੋ ਮੇਰੀ ਰੂਹ ਦੇ ਵੀ ਬਹੁਤ ਨੇੜੇ ਹੈ, ਪੰਜਾਬੀਅਤ ਦੀ ਆਵਾਜ਼ ਹੈ:-

ਕਹੇ ਸਤਲੁਜ ਦਾ ਪਾਣੀ
ਆਖੇ ਬਿਆਸ ਦੀ ਰਵਾਨੀ
ਆਪਣੀਆਂ ਲਹਿਰਾਂ ਦੀ ਜ਼ੁਬਾਨੀ
ਸਾਡਾ ਜਿਹਲਮ, ਚਨਾਬ ਨੂੰ ਸਲਾਮ ਆਖਣਾ
ਅਸੀਂ ਮੰਗਦੇ ਹਾਂ ਖ਼ੈਰਾਂ
ਸੁਬਹ ਸ਼ਾਮ ਆਖਣਾ
ਜੀ ਸਲਾਮ ਆਖਣਾ
ਜੀ ਸਲਾਮ ਆਖਣਾ...

?:- ਪਾਤਰ ਸਾਹਿਬ ਨੂੰ ਮਿਲਣ ਆਉਣ ਵਾਲੇ ਸਾਹਿਤਕਾਰਾਂ, ਦੋਸਤਾਂ, ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਦੀ ਕੋਈ ਸੀਮਾ ਨਹੀਂ ਹੈ...

:- ਇਹ ਉਨ੍ਹਾਂ ਦੀ ਸ਼ਖ਼ਸੀਅਤ ਦਾ ਜਲੌਅ ਹੀ ਸੀ, ਜਿਸ ਨੇ ਉਨ੍ਹਾਂ ਨੂੰ ਏਨਾ ਹਰਮਨ-ਪਿਆਰਾ ਬਣਾਇਆ। ਬਹੁਤ ਸਾਰੇ ਕਵੀ, ਗੀਤਕਾਰ, ਗਾਇਕ ਹਨ, ਜੋ ਉਨ੍ਹਾਂ ਨੂੰ ਬੇਹੱਦ ਸਤਿਕਾਰ ਦਿੰਦੇ ਸਨ ਅਤੇ ਉਨ੍ਹਾਂ ਤੋਂ ਅਗਵਾਈ ਲੈਂਦੇ ਸਨ। ਇਥੇ ਮੈਂ ਉੱਘੇ ਗੀਤਕਾਰ ਅਤੇ ਹਰਮਨ ਪਿਆਰੇ ਗਾਇਕ ਦੇਬੀ ਮਖਸੂਸਪੁਰੀ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕਰਨਾ ਚਾਹਾਂਗੀ। ਉਹ ਪਾਤਰ ਸਾਹਿਬ ਨੂੰ ਅੰਤਾਂ ਦਾ ਪਿਆਰ ਕਰਦਾ, ਜਦੋਂ ਵੀ ਆਉਂਦਾ, ਉਨ੍ਹਾਂ ਦੇ ਚਰਨ ਛੂੰਹਦਾ ਅਤੇ ਚਰਨਾਂ ਵਿਚ ਹੀ ਬੈਠ ਜਾਂਦਾ। ਉਨ੍ਹਾਂ ਪ੍ਰਤੀ ਉਸਦਾ ਏਨਾ ਅਦਬ ਤੇ ਸਤਿਕਾਰ ਵੇਖ ਕੇ ਮੈਂ ਹੈਰਾਨ ਰਹਿ ਜਾਂਦੀ। ਇਹ ਉਹ ਪਲ ਹੁੰਦੇ, ਜਦੋਂ ਸ਼ਬਦਾਂ ਦਾ, ਸ਼ਾਇਰੀ ਦਾ, ਦਰਿਆ ਆਪਣੇ ਕੰਢੇ ਖੋਰ ਖੋਰ ਕੇ ਵਗਦਾ। ਉਹ ਪਾਤਰ ਸਾਹਿਬ ਦੇ ਸ਼ਿਅਰਾਂ ਦੀ ਝੜੀ ਲਗਾ ਦਿੰਦਾ, ਜੋ ਉਸਨੂੰ ਜ਼ੁਬਾਨੀ ਯਾਦ ਹੁੰਦੇ। ਉਸਦੀ ਯਾਦਦਾਸ਼ਤ ਏਨੀ ਤੇਜ਼ ਕਿ ਮਹਿਫ਼ਲਾਂ ਵਿਚ ਰੰਗ ਭਰ ਦਿੰਦਾ। ਉਹ ਬੜਾ ਪਿਆਰਾ ਸ਼ਾਇਰ ਹੈ, ਅਤੇ ਇਸ ਤੋਂ ਵੀ ਵੱਧ ਉਹ ਬਹੁਤ ਪਿਆਰਾ ਇਨਸਾਨ ਹੈ, ਸਾਡਾ ਪੁੱਤਰ ਦੇਬੀ। ਉਹ ਸਾਡੇ ਪਰਿਵਾਰ ਦਾ ਹਿੱਸਾ ਹੀ ਹੈ, ਅਤੇ ਹਮੇਸ਼ਾ ਹਿੱਸਾ ਹੀ ਰਹੇਗਾ।

?:- ਪਾਤਰ ਸਾਹਿਬ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਪੰਜਾਬੀ ਸਾਹਿਤਕਾਰ ਨੂੰ ਕੀ ਕਰਨਾ ਚਾਹੀਦਾ ਹੈ? ਆਪਣੀ ਰਾਏ ਸਾਂਝੀ ਕਰੋ।

:- ਪਾਤਰ ਸਾਹਿਬ ਦੀ ਯਾਦ ਨੂੰ ਸਦੀਵੀ ਬਣਾਉਣ ਦੀ ਜ਼ਿੰਮੇਵਾਰੀ ਸਾਹਿਤਕਾਰਾਂ 'ਤੇ ਹੀ ਛੱਡਦੀ ਹਾਂ। ਮੈਨੂੰ ਆਸ ਹੈ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਨਾਲ ਪ੍ਰਵਾਨ ਕਰਨਗੇ ਤੇ ਇਸ ਕਾਰਜ ਨੂੰ ਬਹੁਤ ਗੰਭੀਰਤਾ ਨਾਲ, ਸੋਹਣੀ ਸੋਚ ਨਾਲ ਪੂਰਾ ਕਰਨਗੇ।


# ਵਰਣ ਤਾਨਾਸ਼ਾਹੀ ਨੂੰ ਮਜ਼ਬੂਤ ਕਰ ਰਿਹਾ ਹਿੰਦੂਤਵ-2

**ਸੀਨੀਅਰ ਪੱਤਰਕਾਰ ਅਤੇ 'ਕਾਰਵਾਂ' ਪਰਚੇ ਦੇ ਕਾਰਜਕਾਰੀ ਸੰਪਾਦਕ ਹਰਤੋਸ਼ ਸਿੰਘ ਬੱਲ ਦਾ ਇਹ ਲੇਖ ਲੋਕ ਸਭਾ ਚੋਣਾਂ ਮੌਕੇ ਲਿਖਿਆ ਗਿਆ ਸੀ ਪਰ ਇਸ ਵਿਚ ਹਿੰਦੂਤਵ ਵੱਲੋਂ ਵਰਣ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਜਿਸ ਮੁੱਦੇ ਨੂੰ ਛੂਹਿਆ ਗਿਆ, ਉਹ ਹੁਣ ਹੋਰ ਵੀ ਮਹੱਤਵ ਅਖ਼ਤਿਆਰ ਕਰ ਗਿਆ ਹੈ। ਇਸ ਲੰਮੇ ਲੇਖ ਦੀ ਦੂਜੀ ਕਿਸ਼ਤ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।**

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜਾਤੀ ਆਧਾਰਿਤ ਰਾਜਨੀਤਿਕ ਤਾਕਤ ਦਾ ਦਾਅਵਾ, ਆਖ਼ਿਰਕਾਰ ਕਾਂਸ਼ੀਰਾਮ ਦੀ ਬਹੁਜਨ ਸਮਾਜ ਪਾਰਟੀ ਅਤੇ ਲਾਲੂ ਪ੍ਰਸਾਦ ਯਾਦਵ ਤੇ ਮੁਲਾਇਮ ਸਿੰਘ ਯਾਦਵ ਦੇ ਜਨਤਾ ਦਲ, ਦੋਹਾਂ 'ਚ ਸਾਹਮਣੇ ਆਈ ਮੁਤਵਾਜ਼ੀ ਰਾਜਨੀਤੀ ਤੋਂ ਆਇਆ। ਇਹ ਸਿੱਧੇ ਤੌਰ 'ਤੇ ਕੇਂਦਰ ਅਤੇ ਰਾਜ ਸਰਕਾਰਾਂ ਕੰਟਰੋਲ ਕਰਨ ਵਾਲਿਆਂ ਦੀ ਸਮਾਜਿਕ ਬਣਤਰ ਵਿਚ ਤਬਦੀਲੀ 'ਚ ਪ੍ਰਤੀਬਿੰਬਤ ਹੋਇਆ।

ਮੁਲਕ ਦੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਉਤਰ ਪ੍ਰਦੇਸ਼ ਨੇ ਇਸ ਤਬਦੀਲੀ ਦੀ ਮਿਸਾਲ ਪੇਸ਼ ਕੀਤੀ। ਕਾਂਗਰਸ ਰਾਜ ਨੂੰ ਉਚ ਜਾਤੀਆਂ ਦੇ ਮੁੱਖ ਮੰਤਰੀਆਂ ਦਾ ਉਤਰਾਧਿਕਾਰੀ ਦਿੰਦੀ ਰਹੀ ਸੀ, 1950 ਵਿਚ ਬ੍ਰਾਹਮਣ ਗੋਵਿੰਦ ਵੱਲਭ ਪੰਤ ਤੋਂ ਲੈ ਕੇ 1960 ਦੇ ਦਹਾਕੇ ਦੇ ਅਖ਼ੀਰ ਵਿਚ ਪ੍ਰਮੁੱਖ ਜਾਤੀ ਜਾਟਾਂ 'ਚੋਂ ਚਰਨ ਸਿੰਘ ਤੱਕ। 1970 ਵਿਚ ਚਰਨ ਸਿੰਘ ਦਾ ਦੂਜਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਕਾਂਗਰਸ ਨੇ ਰਾਜ ਨੂੰ



ਵਧੇਰੇ ਉਚ ਜਾਤੀ ਦੇ ਮੁੱਖ ਮੰਤਰੀ ਦਿੱਤੇ। 1977 ਵਿਚ ਜਨਤਾ ਪਾਰਟੀ ਦੇ ਯਾਦਵ ਰਾਮ ਨਰੇਸ਼ ਮੁੱਖ ਮੰਤਰੀ ਬਣੇ। 1980 ਵਿਚ ਸੱਤਾ ਵਿਚ ਵਾਪਸੀ ਤੋਂ ਬਾਅਦ ਕਾਂਗਰਸ ਨੇ ਸਫ਼ਲ ਵਿਰੋਧੀ ਧਿਰ ਦੀ ਸਮਾਜਿਕ ਸੰਰਚਨਾ ਵਿਚ ਪ੍ਰਤੱਖ ਤਬਦੀਲੀ ਤੋਂ ਕੁਝ ਨਹੀਂ ਸਿੱਖਿਆ ਅਤੇ ਰਾਜ ਨੂੰ ਉਚ ਜਾਤੀ ਦੇ ਚਾਰ ਹੋਰ ਮੁੱਖ ਮੰਤਰੀ ਦਿੱਤੇ। 1989 ਵਿਚ ਸੱਤਾ ਇਸ ਪਾਰਟੀ ਦੇ ਹੱਥੋਂ ਨਿਕਲ ਗਈ ਜੋ ਫਿਰ ਇਸ ਦੇ ਹੱਥ ਕਦੇ ਵੀ ਨਹੀਂ ਲੱਗੀ।

ਮੁਲਾਇਮ ਸਿੰਘ ਯਾਦਵ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਜਪਾ ਨੇ ਸੰਖੇਪ ਝਾਤ ਮਾਰੀ। ਪਾਰਟੀ ਨੇ ਸਭ ਤੋਂ ਪਹਿਲਾਂ 1991 'ਚ ਲੋਧ ਓ.ਬੀ.ਸੀ. ਕਲਿਆਣ ਸਿੰਘ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ। ਜਦੋਂ ਭਾਜਪਾ ਆਪਣੇ ਕੱਟੜ ਹਿੰਦੂਤਵ ਰਾਹੀਂ ਸੱਤਾ 'ਚ ਆਉਣ ਦੀ ਕੋਸ਼ਿਸ਼ ਕਰ ਰਹੀ ਸੀ ਜੋ ਰਾਮ ਜਨਮ ਭੂਮੀ ਮੁਹਿੰਮ ਵਿਚ ਸਾਹਮਣੇ ਆਇਆ ਸੀ, ਇਸ ਨੇ ਪਹਿਲਾਂ ਹੀ ਕਈ ਗੈਰ-ਪ੍ਰਭਾਵਸ਼ਾਲੀ ਓ.ਬੀ.ਸੀ., ਖ਼ਾਸ ਕਰ ਕੇ ਲੋਧਾਂ ਨੂੰ ਆਪਣੀਆਂ ਸਫ਼ਾਂ ਵਿਚ ਸ਼ਾਮਲ ਕਰਕੇ ਕਾਂਸ਼ੀ ਰਾਮ ਦੀ ਬਹੁਜਨ ਰਣਨੀਤੀ ਦਾ ਤਰਜ਼ੇ-ਅਮਲ ਅਪਣਾ ਲਿਆ ਸੀ

ਲੋਧਾਂ ਨੇ ਉਚ ਜਾਤੀ ਠਾਕੁਰਾਂ ਦੇ ਹੱਥੋਂ ਦੁੱਖ ਝੱਲਿਆ ਸੀ ਜਿਨ੍ਹਾਂ ਨੂੰ ਕਾਂਗਰਸ ਦੇ ਅਧੀਨ ਕਾਫ਼ੀ ਖੁੱਲ੍ਹ ਮਿਲੀ ਹੋਈ ਸੀ। ਭਾਜਪਾ ਨੇ ਮੁੱਖ ਤੌਰ 'ਤੇ ਗੋਵਿੰਦਾਚਾਰੀਆ ਵਰਗੀਆਂ ਸ਼ਖ਼ਸੀਅਤਾਂ ਰਾਹੀਂ ਇਸ ਭਾਈਚਾਰੇ ਵਿਚ ਕੰਮ ਕੀਤਾ ਸੀ ਜੋ ਪਾਰਟੀ ਦਾ ਜਨਰਲ ਸਕੱਤਰ ਅਤੇ ਆਰ.ਐੱਸ.ਐੱਸ. ਪ੍ਰਚਾਰਕ ਸੀ। ਭਾਜਪਾ ਵੱਲ ਖਿੱਚੇ ਗਏ ਹੋਰ ਲੋਧਾਂ ਵਿਚ ਮੱਧ ਪ੍ਰਦੇਸ਼ ਦੀ ਭਵਿੱਖੀ ਮੁੱਖ ਮੰਤਰੀ ਉਮਾ ਭਾਰਤੀ ਵੀ ਸ਼ਾਮਲ ਸੀ।

ਕਾਂਸ਼ੀਰਾਮ ਦੀ ਪੈਰੋਕਾਰ ਤੇ ਜਾਨਸ਼ੀਨ ਮਾਇਆਵਤੀ ਅਤੇ ਮੁਲਾਇਮ ਸਿੰਘ ਯਾਦਵ ਦੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ 1997 ਵਿਚ ਭਾਜਪਾ ਨੇ ਮੁੜ ਸੱਤਾ ਵਿਚ ਆ ਕੇ ਕਲਿਆਣ ਸਿੰਘ ਨੂੰ ਮੁੱਖ ਮੰਤਰੀ ਬਣਾਇਆ। ਛੇਤੀ ਹੀ ਉਸ ਦੀ ਥਾਂ ਦੋ ਉਚ ਜਾਤੀ ਵਿਅਕਤੀਆਂ ਨੇ ਲੈ ਲਈ। 2002 ਤੋਂ 2017 ਤੱਕ ਰਾਜ ਵਿਚ ਮਾਇਆਵਤੀ ਜਾਂ ਮੁਲਾਇਮ ਦੇ ਪੁੱਤਰ ਅਖਿਲੇਸ਼ ਦੀ ਸਰਕਾਰ ਸੀ। ਅੰਤ 'ਚ ਜਦੋਂ ਭਾਜਪਾ ਮੁੜ ਸੱਤਾ ਵਿਚ ਆਈ ਤਾਂ ਇਸ ਨੇ ਠਾਕੁਰ ਆਦਿੱਤਿਆਨਾਥ ਨੂੰ ਮੁੱਖ ਮੰਤਰੀ ਬਣਾਇਆ। ਪੰਜ ਸਾਲ ਬਾਅਦ ਉਸ ਨੇ ਫਿਰ ਜਿੱਤਣਾ ਸੀ।

ਭਾਜਪਾ ਕਾਂਗਰਸ ਵਾਲਾ ਦਸਤੂਰ ਮੋੜ ਲਿਆਉਣ 'ਚ ਕਾਮਯਾਬ ਹੋਈ ਸੀ। ਪਹਿਲਾਂ ਇਸ ਨੇ ਓ.ਬੀ.ਸੀ. ਚਿਹਰੇ ਰਾਹੀਂ ਸੱਤਾ ਵਿਚ ਪੈਰ ਧਰਿਆ, ਫਿਰ ਉਤਰ ਪ੍ਰਦੇਸ਼ ਵਿਚ ਜੋ ਅਸੰਭਵ ਜਾਪਦਾ ਸੀ, ਉਸ ਨੂੰ ਪ੍ਰਾਪਤ ਕਰਨ ਲਈ ਲਗਾਤਾਰ ਇਸ ਉਪਰ ਉਸਾਰੀ ਕਰਦੀ ਗਈ: ਠਾਕੁਰ ਜਾਤੀ ਦਾ ਮੁੱਖ ਮੰਤਰੀ ਬਣਾ ਕੇ ਵਰਣ ਦਰਜੇਬੰਦੀ ਵਾਲੀ ਸੱਤਾ ਵਿਚ ਵਾਪਸੀ। ਹਿੰਦੂ ਉਚ ਜਾਤੀਆਂ ਲਈ ਇਹੀ ਇਸ ਦੀ ਅਸਲ ਖਿੱਚ ਹੈ। ਇਸੇ ਕਾਰਨ ਉਨ੍ਹਾਂ ਨੇ ਕਾਂਗਰਸ ਛੱਡ ਕੇ ਵੱਡੀ ਗਿਣਤੀ ਵਿਚ ਭਾਜਪਾ ਵੱਲ ਵਹੀਰਾਂ ਘੱਤ ਲਈਆਂ। ਕਾਂਗਰਸ ਵਰਣ ਦਰਜੇਬੰਦੀ ਵਿਚ ਹੇਠਾਂ ਤੋਂ ਉਠਾਣ ਨੂੰ ਕਾਬੂ ਕਰਨ ਦੀ ਸਥਿਤੀ ਵਿਚ ਨਹੀਂ ਸੀ। ਭਾਜਪਾ ਨੇ ਇਸ ਵਿਚ ਕਾਮਯਾਬੀ ਹਾਸਲ ਕੀਤੀ ਹੈ। ਇਸ ਨੇ ਹਿੰਦੂ ਓ.ਬੀ.ਸੀ., ਐੱਸ.ਸੀ. ਅਤੇ ਐੱਸ.ਟੀ. ਨੂੰ





ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਨਾਲ ਨਵੀਂ ਸਿਆਸਤ ਆਈ ਅਤੇ (ਸੱਜੇ) ਇਕ ਪੋਲਿੰਗ ਬੂਥ ਦੀ ਝਲਕ।

ਆਪਣੇ 'ਚ ਜਗ੍ਹਾ ਦੇ ਕੇ ਅਜਿਹਾ ਕੀਤਾ, ਉਨ੍ਹਾਂ ਦਾ ਧਿਆਨ ਬਾਹਰਲੀ ਨਫ਼ਰਤ ਵੱਲ, ਮੁਸਲਮਾਨਾਂ ਅਤੇ ਇਸਾਈਆਂ ਵੱਲ ਮੋੜ ਦਿੱਤਾ।

ਅੱਜ ਹਿੰਦੂ ਵਿਵਸਥਾ ਦੇ ਵੱਖ-ਵੱਖ ਵਰਣ ਬਰਾਬਰੀ ਦੀ ਭਾਲ ਨਹੀਂ ਕਰ ਰਹੇ। ਫ਼ਿਲਹਾਲ ਉਹ ਬਰਾਬਰੀ ਦੀ ਉਸ ਸ਼ੁਰੂਆਤ ਨਾਲ ਸੰਤੁਸ਼ਟ ਹਨ ਜੋ ਸੱਤਾ ਵਿਚ ਕੁਝ ਨੁਮਾਇੰਦਗੀ ਨਾਲ ਆਉਂਦੀ ਹੈ - ਜੋ ਨੁਮਾਇੰਦਗੀ ਕਾਂਗਰਸ ਨੇ ਉਨ੍ਹਾਂ ਨੂੰ ਦੇਣ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਇਸ ਸਮੇਂ ਭਾਜਪਾ ਦਾ ਹਿੰਦੂਤਵ ਵਰਣ ਵਿਵਸਥਾ ਨੂੰ ਕਾਇਮ ਰੱਖਣ ਅਤੇ ਜਾਤੀ ਪ੍ਰਣਾਲੀ ਦੇ ਅੰਦਰੋਂ ਸਮਾਨਤਾ ਦੀਆਂ ਤਾਕਤਾਂ ਦਾ ਮੁਕਾਬਲਾ ਕਰਨ ਵਿਚ ਕਾਮਯਾਬ ਰਿਹਾ ਹੈ।

ਉਤਰ ਪ੍ਰਦੇਸ਼ ਵਿਚ ਉਚ ਜਾਤੀ ਮੁੱਖ ਮੰਤਰੀ ਦਾ ਹੋਣਾ ਹੀ ਭਾਜਪਾ ਦੇ ਤਹਿਤ ਉਚ ਜਾਤੀ ਕੰਟਰੋਲ ਦੀ ਮੁੜ ਹੱਕ-ਜਤਾਈ ਦਾ ਇੱਕੋ-ਇਕ ਸੰਕੇਤ ਨਹੀਂ ਹੈ। 2024 ਦੀਆਂ ਚੋਣਾਂ ਲਈ ਭਾਜਪਾ ਦੇ ਮੈਨੀਫੈਸਟੋ 'ਤੇ ਗ਼ੌਰ ਕਰੋ ਜਿਸ ਵਿਚ ਦਾਅਵਾ ਕੀਤਾ ਗਿਆ ਕਿ ਕੇਂਦਰੀ ਮੰਤਰੀ ਮੰਡਲ ਵਿਚ ਸੱਠ ਪ੍ਰਤੀਸ਼ਤ ਓ.ਬੀ.ਸੀ., ਐੱਸ.ਸੀ. ਅਤੇ ਐੱਸ.ਟੀ. ਭਾਈਚਾਰਿਆਂ 'ਚੋਂ ਹਨ ਹਾਲਾਂਕਿ ਇਹ ਇਕ ਤਰ੍ਹਾਂ ਦੀ ਪ੍ਰਾਪਤੀ ਹੈ ਪਰ ਇਸ ਵਿਚ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਅਸਲ ਸੱਤਾ ਕੇਂਦਰੀ ਮੰਤਰੀ ਮੰਡਲ ਕੋਲ ਹੈ ਜਿਸ ਵਿਚ ਹੁਣ 29 ਮੈਂਬਰ ਹਨ ਜਿਨ੍ਹਾਂ ਵਿਚੋਂ ਘੱਟੋ ਘੱਟ 15 ਉਚ ਜਾਤੀ ਦੇ ਹਨ। ਰੱਖਿਆ, ਗ੍ਰਹਿ, ਰਾਜ ਮਾਰਗ, ਆਰਥਿਕਤਾ ਅਤੇ ਵਿਦੇਸ਼ ਮਾਮਲਿਆਂ ਦੇ ਮੁੱਖ ਵਿਭਾਗ ਉਚ ਜਾਤੀਆਂ ਕੋਲ ਹਨ। ਇਸ ਤੋਂ ਇਲਾਵਾ 15 ਵਿਚ ਇਹ ਵੀ ਸ਼ਾਮਲ ਨਹੀਂ ਹਨ: ਮੋਦੀ ਦੀ ਆਪਣੀ ਘਾਂਚੀ ਤੇਲੀ ਜਾਤੀ, ਇਹ ਵਪਾਰੀ ਬਾਣੀਆ ਭਾਈਚਾਰਾ ਸਿਰਫ਼ ਕਹਿਣ ਲਈ ਓ.ਬੀ.ਸੀ. ਹੈ; ਸਿੰਧੀਆ ਜੋ ਕੁਰਮੀ ਹਨ ਪਰ ਸ਼ਾਹੀ ਘਰਾਣੇ ਵਜੋਂ ਰਵਾਇਤੀ ਤੌਰ 'ਤੇ ਰਾਜਪੂਤ ਰਾਠਸ਼ਾਹੀ ਵਿਚ ਵਿਆਹੇ ਹਨ; ਤੇ ਰੈੱਡੀ ਅਤੇ ਯਾਦਵ ਵਰਗੀਆਂ ਭੋਇੰ ਮਾਲਕ ਜਾਤੀਆਂ।

ਕਾਂਗਰਸ ਤੋਂ ਭਾਜਪਾ ਵਿਚ ਉਚ ਜਾਤੀ ਤਬਦੀਲੀ ਕੁਲੀਨ ਗ਼ਲਬੇ ਲਈ ਸੀ ਜਿੱਥੇ ਵਿਚਾਰਧਾਰਾ ਨੇ ਸੱਤਾ ਨੂੰ ਪੱਕੇ ਪੈਰੀਂ ਕਰਨ ਦੇ ਸਾਧਨ ਵਜੋਂ ਕੰਮ ਕੀਤਾ, ਇਸ ਤੱਥ ਦਾ ਵਧੀਕ ਸਬੂਤ ਕਾਂਗਰਸ ਲਈ ਮੁਸਲਿਮ ਹਮਾਇਤ ਦਾ ਸੁਭਾਅ ਹੈ। ਕਾਂਗਰਸ ਵਿਚ ਸਮੁੱਚੀ ਮੁਸਲਮਾਨ ਲੀਡਰਸ਼ਿਪ ਅਸ਼ਰਫਾਂ 'ਚੋਂ ਲਈ ਗਈ ਸੀ ਜੋ ਹਿੰਦੂ ਉਚ ਜਾਤੀਆਂ ਦੇ ਬਰਾਬਰ ਹਨ। ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ ਵਿਚ ਜਾਤੀ ਪ੍ਰਣਾਲੀ 'ਚ ਹਾਲਾਂਕਿ ਜੋ ਹਿੰਦੂਆਂ ਨਾਲੋਂ ਕਿਤੇ ਜ਼ਿਆਦਾ ਸਮਤਲ ਹੈ, ਅਜੇ ਵੀ ਅੰਤਰ-ਵਿਆਹ ਜਾਤੀਆਂ ਅਤੇ ਦਰਜੇਬੰਦੀ ਦੀ ਵਿਸ਼ੇਸ਼ਤਾ ਹੈ ਜੋ ਰਵਾਇਤੀ ਵਰਣ ਦਰਜੇਬੰਦੀ ਤੋਂ ਅਲੱਗ ਹੁੰਦੇ ਹੋਏ ਅਜਿਹੇ ਹਰ ਇਕ ਧਾਰਮਿਕ ਭਾਈਚਾਰੇ ਲਈ ਵਿਲੱਖਣ ਹਨ।

ਉਪ ਮਹਾਂਦੀਪ ਵਿਚ ਰੀਤੀ ਰਿਵਾਜਾਂ ਦੀ ਦਰਜੇਬੰਦੀ ਮੁੱਢਲੀ ਸਮਾਜਿਕ ਬਣਤਰ ਜਾਪਦੀ ਹੈ ਅਤੇ ਹਿੰਦੂ ਧਰਮ, ਇਸਲਾਮ ਜਾਂ ਸਿੱਖ ਧਰਮ ਦੇ ਰੂਪ ਵਿਚ ਧਰਮ ਇਸ ਦਰਜੇਬੰਦੀ ਵਿਚ ਸਭ ਤੋਂ ਉਪਰ ਬਿਰਾਜਮਾਨ ਹੈ। ਕਾਂਗਰਸ ਦੇ ਗ਼ਲਬੇ ਦੇ ਸੱਤ ਦਹਾਕਿਆਂ 'ਚ ਅਸ਼ਰਫਾਂ ਦੇ ਸਮੁੱਚੇ ਮੁਸਲਿਮ ਭਾਈਚਾਰੇ ਦੀ ਤਰਫ਼ੋਂ ਬੋਲਣ ਦੇ ਇਸ ਅਧਿਕਾਰ ਨੂੰ ਪਾਰਟੀ ਦੇ ਅੰਦਰ ਕਦੇ ਚੁਣੌਤੀ ਨਹੀਂ ਦਿੱਤੀ ਗਈ। ਅਸ਼ਰਫਾਂ ਦੀ ਇਹ ਮੌਜੂਦਗੀ ਨਹਿਰੂਵਾਦੀ ਧਰਮ ਨਿਰਪੱਖ ਲੋਕਾਚਾਰ ਵੱਲ ਖਿੱਚੀ ਗਈ ਹੋਵੇਗੀ ਪਰ ਜਦੋਂ 1984 ਦੇ ਸਿੱਖਾਂ ਦੇ ਕਤਲੇਆਮ ਸਮੇਂ ਬਹੁਗਿਣਤੀ ਹਿੰਸਾ ਦੇ ਵਿਰੁੱਧ ਬੋਲਣ ਜਾਂ ਪਾਰਟੀ ਲੀਡਰਸ਼ਿਪ ਦੇ ਪਿੱਛੇ ਲਾਮਬੰਦ ਹੋਣ 'ਚੋਂ ਚੁਣਨ ਦਾ ਸਵਾਲ ਉਭਰਿਆ ਤਾਂ ਪਾਰਟੀ ਦੇ ਅੰਦਰ ਲੱਗਭੱਗ ਹਰ ਪ੍ਰਮੁੱਖ ਅਸ਼ਰਫ ਆਵਾਜ਼ ਨੇ ਰਾਜੀਵ ਗਾਂਧੀ ਦੇ ਪਿੱਛੇ ਖੜ੍ਹੇ ਹੋ ਕੇ ਚੁੱਪ ਰਹਿਣ ਦੀ ਚੋਣ ਕੀਤੀ। ਹੋਰ ਘੱਟ ਗਿਣਤੀਆਂ ਤੱਕ ਬੌਧਿਕ ਪਹੁੰਚ, ਹੋਰ ਘੱਟਗਿਣਤੀ ਪਛਾਣਾਂ ਨਾਲ ਸਾਂਝੀ ਹੋਣੀ ਦੀ ਭਾਵਨਾ, ਸਿਰਫ਼ ਭਾਜਪਾ ਦੇ ਉਭਰਨ ਨਾਲ ਹੀ ਪੈਦਾ ਹੋਈ।

ਇਹੀ ਕਾਰਨ ਹੈ ਕਿ ਗ਼ੈਰ-ਕਾਂਗਰਸੀ ਰਾਜਸੀ ਜਥੇਬੰਦੀਆਂ ਨੇ ਅਜਿਹੀ ਲੀਡਰਸ਼ਿਪ ਨੂੰ ਆਕਰਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਜੋ ਉਚ ਜਾਤੀ ਦੀ ਨਹੀਂ ਸੀ ਬਲਕਿ ਬਹੁਤ ਹੀ ਵੱਖਰੀ ਮੁਸਲਿਮ ਸ਼੍ਰੇਣੀ ਦੀ ਲੀਡਰਸ਼ਿੱਪ ਤੋਂ ਵੀ ਆਉਂਦੀ ਸੀ; ਹਾਲਾਂਕਿ ਲੀਡਰਸ਼ਿਪ ਦਾ ਇਹ ਨਵਾਂ ਵਰਗ ਪੁਰਾਣੇ ਮੁਸਲਿਮ ਕੁਲੀਨ ਵਰਗ ਦਾ ਹਿੱਸਾ ਨਹੀਂ ਸੀ ਪਰ ਇਹ ਵੀ ਅਸ਼ਰਫਾਂ ਤੋਂ ਲਏ ਗਏ ਸਨ। ਰਾਮਪੁਰ ਦੇ ਨਵਾਬ ਘਰਾਣੇ ਦੇ ਰਾਜਸੀ ਸ਼ਾਸਨ ਨੂੰ ਖ਼ਤਮ ਕਰਨ ਵਾਲੇ ਆਜ਼ਮ ਖ਼ਾਨ ਵਰਗੇ ਆਗੂ ਇਸ ਵਰਤਾਰੇ ਦੀ ਮਿਸਾਲ ਬਣੇ।

ਇਸ ਕੁਲੀਨ ਅਸ਼ਰਫ ਲੀਡਰਸ਼ਿਪ ਤੋਂ ਬਾਹਰ, ਜਿੱਥੇ ਵੀ ਮੁਸਲਮਾਨਾਂ ਕੋਲ ਕਾਂਗਰਸ ਦਾ ਬਦਲ ਸੀ, ਉਨ੍ਹਾਂ ਨੇ ਉਤਰ ਪ੍ਰਦੇਸ਼ ਤੋਂ ਬਿਹਾਰ ਤੋਂ ਪੱਛਮੀ ਬੰਗਾਲ ਤੱਕ ਇਸ ਨੂੰ ਚੁਣਿਆ ਹੈ। ਭਾਜਪਾ ਜਿੱਥੇ ਮੁਸਲਮਾਨ ਵੱਡੀ ਗਿਣਤੀ ਵਿਚ ਆਪਣੀ ਮੌਜੂਦਗੀ ਦਰਜ ਕਰਨ ਤੋਂ ਅਸਮਰੱਥ ਸਨ, ਤੋਂ ਬਾਹਰ ਇੱਕੋ-ਇਕ ਰਾਜਨੀਤਕ ਸਪੇਸ ਬਹੁਜਨ ਸਮਾਜ ਪਾਰਟੀ ਵਿਚ ਸੀ। ਇਹ ਸਮੱਸਿਆ ਸਿੱਧੇ ਤੌਰ 'ਤੇ 1995 ਵਿਚ ਭਾਜਪਾ ਨਾਲ ਬਸਪਾ ਦੇ ਸੰਖੇਪ ਗੱਠਜੋੜ ਤੋਂ ਪੈਦਾ ਹੋਈ ਸੀ। ਵਿਆਪਕ ਅਰਥਾਂ ਵਿਚ ਬੀ.ਐੱਸ.ਪੀ. ਅਤੇ ਮੁਸਲਮਾਨਾਂ ਨੂੰ ਵੱਖੋ-ਵੱਖਰੇ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੇ ਵਜੋਂ ਦੇਖਣ ਦਾ ਕੋਈ ਕਾਰਨ ਨਾ ਹੁੰਦਾ ਜੇ ਮੁਲਕ ਨੇ ਭਾਰਤੀ ਗਣਰਾਜ ਦੀਆਂ ਵਧੇਰੇ ਗੰਭੀਰ ਸੰਵਿਧਾਨਕ ਖ਼ਾਮੀਆਂ 'ਚੋਂ ਇਕ ਨੂੰ ਦੂਰ ਕੀਤਾ ਹੁੰਦਾ: ਮੁਸਲਮਾਨਾਂ ਅਤੇ ਇਸਾਈਆਂ ਨੂੰ ਐੱਸ.ਸੀ. ਲਈ ਰਾਖਵੇਂਕਰਨ ਤੋਂ ਬਾਹਰ ਰੱਖਣਾ। ਇਕ ਵਾਰ ਜਦੋਂ ਸਿੱਖ ਦਲਿਤਾਂ ਨੂੰ 1956 ਵਿਚ ਇਹ ਅਧਿਕਾਰ ਦਿੱਤੇ ਗਏ ਤਾਂ ਮੁਸਲਮਾਨ ਜਾਂ ਇਸਾਈ ਦਲਿਤਾਂ ਨੂੰ ਇਹ ਅਧਿਕਾਰ ਦੇਣ ਤੋਂ ਇਨਕਾਰ ਕਰਨ ਦਾ ਕੋਈ ਠੋਸ ਕਾਰਨ ਨਹੀਂ ਰਿਹਾ ਸੀ। ਜੇਕਰ ਸਾਰੇ ਧਰਮਾਂ ਵਿਚ ਦਲਿਤ ਏਕਤਾ ਦੀ ਸੰਭਾਵਨਾ ਹੁੰਦੀ ਤਾਂ ਭਾਰਤ ਵਿਚ ਰਾਜਨੀਤੀ ਦਾ ਸੁਭਾਅ ਹੀ ਵੱਖਰਾ ਹੋ ਸਕਦਾ ਸੀ।

ਇਹ ਫਿਰ ਭਾਰਤੀ ਰਾਜਨੀਤੀ ਦੀ ਵਰਤਮਾਨ ਸੱਚਾਈ ਹੈ: ਹਿੰਦੂ ਉਚ ਜਾਤੀਆਂ ਦਾ ਕੁਲੀਨ ਗ਼ਲਬਾ ਜਿਸ ਨੂੰ ਉਨ੍ਹਾਂ ਦੀ ਪਸੰਦ ਦੇ ਮੌਜੂਦਾ ਵਾਹਨ, ਭਾਜਪਾ ਦੁਆਰਾ ਵਰਤੋਂ 'ਚ ਲਿਆਂਦਾ ਗਿਆ ਅਤੇ ਹਿੰਦੂਤਵ ਦੀ ਵਿਚਾਰਧਾਰਾ ਦੁਆਰਾ ਬਣਾਈ ਰੱਖਿਆ ਗਿਆ; ਤੇ ਇਹ ਸਿਰਫ਼ ਰਾਜਨੀਤਕ ਤੌਰ 'ਤੇ ਹੀ ਨਹੀਂ ਹੈ ਕਿ ਭਾਜਪਾ ਨੇ ਭਾਰਤ ਉਪਰ ਉਚ ਜਾਤੀ ਦੇ ਕੰਟਰੋਲ ਨੂੰ ਮਜ਼ਬੂਤ ਕਰਨ ਦਾ ਕੰਮ ਕੀਤਾ ਹੈ। ਆਲਮੀ ਅਸਮਾਨਤਾ ਲੈਬ ਦੁਆਰਾ ਹਾਲ ਹੀ ਵਿਚ ਕੀਤੇ ਗਏ ਵਰਕਿੰਗ ਪੇਪਰ ਵਿਚ ਦੇਖਿਆ ਗਿਆ ਹੈ ਕਿ 2022-23 ਤੱਕ ਸਿਖ਼ਰਲੇ ਇਕ ਪ੍ਰਤੀਸ਼ਤ ਦੁਆਰਾ ਆਮਦਨੀ ਦਾ (22.6 ਪ੍ਰਤੀਸ਼ਤ) ਅਤੇ ਧਨ ਦੌਲਤ ਦਾ (40.1 ਪ੍ਰਤੀਸ਼ਤ) ਹਿੱਸਾ ਆਪਣੀ ਮੁੱਠੀ 'ਚ ਕਰ ਲਿਆ ਗਿਆ ਜੋ ਮੁਲਕ ਵਿਚ ਹੁਣ ਤੱਕ ਦਾ ਸਭ ਤੋਂ ਵੱਧ ਹਿੱਸਾ ਹੈ, ਬ੍ਰਾਜ਼ੀਲ, ਦੱਖਣੀ ਅਫਰੀਕਾ ਅਤੇ ਅਮਰੀਕਾ ਨਾਲੋਂ ਵੀ ਵੱਧ। ਲੇਖਕਾਂ ਨੇ ਨੋਟ ਕੀਤਾ, "ਸਾਡੇ ਮਾਪਦੰਡ ਅੰਦਾਜ਼ਿਆਂ ਅਨੁਸਾਰ ਭਾਰਤ ਦੀ ਆਧੁਨਿਕ ਬੁਰਜੂਆਜ਼ੀ ਦੀ ਅਗਵਾਈ ਵਾਲਾ ਅਰਬਪਤੀ ਰਾਜ ਹੁਣ ਅੰਗਰੇਜ਼ ਰਾਜ ਨਾਲੋਂ ਵਧੇਰੇ ਨਾਬਰਾਬਰ ਹੈ।"

ਇਸ ਨੇ ਦੌਲਤ ਦੇ ਇਸ ਤਰ੍ਹਾਂ ਦੇ ਕੇਂਦਰੀਕਰਨ ਦੇ ਪ੍ਰਤੱਖ ਨਤੀਜੇ ਸਪਸ਼ਟਤਾ ਨਾਲ ਦਰਸਾਏ।

ਇਸ ਤਰ੍ਹਾਂ ਦੀ ਉਚੇ ਪੱਧਰ ਦੀ ਨਾ-ਬਰਾਬਰੀ ਤੋਂ ਫ਼ਿਕਰਮੰਦ ਹੋਣ ਦਾ ਇਕ ਕਾਰਨ ਇਹ ਹੈ ਕਿ ਆਮਦਨ ਅਤੇ ਦੌਲਤ ਦੇ ਬਹੁਤ ਜ਼ਿਆਦਾ ਕੇਂਦਰੀਕਰਨ ਦਾ ਸਮਾਜ ਅਤੇ ਸਰਕਾਰ ਉਪਰ ਗ਼ੈਰ-ਅਨੁਪਾਤੀ ਅਸਰ ਪੈਣ ਦੀ ਸੰਭਾਵਨਾ ਹੈ। ਕਮਜ਼ੋਰ ਜਮਹੂਰੀ ਸੰਸਥਾਵਾਂ ਦੇ ਪ੍ਰਸੰਗ ਵਿਚ ਇਹ ਹੋਰ ਵੀ ਜ਼ਿਆਦਾ ਹੈ। ਇਸ ਸੰਬੰਧ 'ਚ ਉਤਰ-ਬਸਤੀਵਾਦੀ ਮੁਲਕਾਂ ਵਿਚ ਰੋਲ ਮਾਡਲ ਬਣਨ ਤੋਂ ਬਾਅਦ, ਹਾਲੀਆ ਸਾਲਾਂ ਵਿਚ ਭਾਰਤ ਵਿਚ ਵੱਖ-ਵੱਖ ਖਾਸ ਸੰਸਥਾਵਾਂ ਦੀ ਅਖੰਡਤਾ ਨਾਲ ਸਮਝੌਤਾ ਕੀਤਾ ਗਿਆ ਜਾਪਦਾ ਹੈ। ਇਹ ਭਾਰਤ ਦੇ ਧਨਾਢ-ਤੰਤਰ ਵੱਲ ਸਰਕਣ ਦੀ ਸੰਭਾਵਨਾ ਨੂੰ ਹੋਰ ਵੀ ਹਕੀਕੀ ਬਣਾਉਂਦਾ ਹੈ।

ਇਹ ਧਨਾਢ-ਤੰਤਰ ਵੱਲ ਝੁਕਾਅ ਨਹੀਂ ਹੈ। ਇਹ ਸਦੀਵੀ 'ਵਰਣਤੰਤਰ' ਦੀ ਉਸਾਰੀ ਹੈ ਜੋ ਰਾਜਨੀਤਕ ਸੱਤਾ ਦੀ ਵਰਤੋਂ ਦੁਆਰਾ ਨਿਘਾਰ ਦੇ ਸੰਕੇਤ ਦਿਖਾ ਰਿਹਾ ਸੀ। ਇਹ ਕੋਈ ਇਤਫਾਕ ਨਹੀਂ ਹੈ ਕਿ ਨਾ-ਬਰਾਬਰੀ ਵਿਚ ਇਹ ਤੇਜ਼ੀ ਮੋਦੀ ਸਰਕਾਰ ਦੇ ਸਾਲਾਂ ਵਿਚ ਆਈ ਹੈ, ਉਸੇ ਸਮੇਂ 'ਚ ਜਦੋਂ ਰਾਜਨੀਤਕ ਰੂਪ ਵਿਚ ਥੱਲਿਓਂ ਉਭਰ ਰਹੀ ਚੁਣੌਤੀ ਨੂੰ ਹਿੰਦੂਤਵ ਜ਼ਰੀਏ ਆਪਣੇ 'ਚ ਸਮੋਇਆ ਅਤੇ ਨਜਿੱਠਿਆ ਗਿਆ। ਇਹ ਵਧ ਰਹੀ ਨਾ-ਬਰਾਬਰੀ ਦੇ ਸਿੱਧੇ ਲਾਭਾਰਥੀਆਂ ਉਪਰ ਵਿਚਾਰ ਕਰਨ ਲਈ ਕਹਿ ਰਿਹਾ ਹੈ, ਤੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਸੌ ਸਭ ਤੋਂ ਵੱਧ ਅਮੀਰ ਭਾਰਤੀਆਂ ਵਿਚੋਂ ਬਹੁ-ਗਿਣਤੀ ਵਪਾਰਕ ਬਾਣੀਆ ਅਤੇ ਖੱਤਰੀ ਜਾਤੀਆਂ 'ਤੋਂ ਹਨ ਜਦੋਂ ਕਿ ਲੱਗਭੱਗ ਨੱਬੇ ਉਚ ਜਾਤੀਆਂ ਤੋਂ ਹਨ। ਸੂਚੀ ਵਿਚ ਸਿਰਫ਼ ਪੰਜ ਮੁਸਲਮਾਨ ਹਨ ਅਤੇ ਇਨ੍ਹਾਂ 'ਚ ਲੱਗਭੱਗ ਕੋਈ ਵੀ ਈ.ਬੀ.ਸੀ. ਜਾਂ ਦਲਿਤ ਨਹੀਂ ਹਨ ਜੋ ਲੱਗਭੱਗ ਅੱਧੀ ਆਬਾਦੀ ਬਣਦੇ ਹਨ। ਉਦਾਰੀਕਰਨ ਤੋਂ ਬਾਅਦ ਨਾ-ਬਰਾਬਰੀ 'ਚ ਵਾਧਾ, ਜੋ ਮੋਦੀ ਦੇ ਸਾਲਾਂ ਵਿਚ ਬਹੁਤ ਤੇਜ਼ ਹੋ ਗਿਆ, ਨਿੱਜੀ ਖੇਤਰ ਦੇ ਨਾਲ-ਨਾਲ ਵਿਦਿਅਕ ਸੰਸਥਾਵਾਂ ਅਤੇ ਮੀਡੀਆ ਵਿਚ ਉਚ ਅਹੁਦਿਆਂ ਉਪਰ ਬ੍ਰਾਹਮਣਾਂ ਅਤੇ ਹੋਰ ਉਚ ਜਾਤੀਆਂ ਦੇ ਨਿਰੰਤਰ ਗ਼ਲਬੇ ਦੇ ਨਾਲ-ਨਾਲ ਹੋਇਆ ਹੈ। ਚੋਟੀ ਦੀਆਂ ਬਹੁ-ਕੌਮੀ ਕੰਪਨੀਆਂ ਦੇ ਭਾਰਤੀ ਮੂਲ ਦੇ ਲੱਗਭੱਗ ਸਾਰੇ 21 ਸੀ.ਈ.ਓ. (ਮੁੱਖ ਕਾਰਜਕਾਰੀ ਅਧਿਕਾਰੀ) ਇਸ ਵਰਣਨ ਵਿਚ ਫਿੱਟ ਬੈਠਦੇ ਹਨ।

ਇਹ ਭਾਜਪਾ ਲਈ ਉਚ ਜਾਤੀਆਂ ਦੀ ਪੱਕੀ ਹਮਾਇਤ ਦੀ ਵਿਆਖਿਆ ਕਰਦਾ ਹੈ ਜੋ ਉਦੋਂ ਹੀ ਟੁੱਟਣ ਦੀ ਸੰਭਾਵਨਾ ਹੈ ਜਦੋਂ ਕੁਲੀਨ ਵਰਗ ਭਾਜਪਾ ਨੂੰ ਹਾਰ ਦੇ ਕਰੀਬ, ਆਪਣੇ ਗ਼ਲਬੇ ਨੂੰ ਬਚਾਉਣ ਤੋਂ ਅਸਮਰੱਥ ਦੇਖ ਲਵੇਗਾ ਪਰ ਇਹ ਭਾਜਪਾ ਨੂੰ ਹੁਣ ਵਾਲੀ ਵਰਣ ਵਿਵਸਥਾ ਦੀ ਦਰਜੇਬੰਦੀ 'ਚ ਅਤੇ ਇਸ ਦੇ ਨਾਲ ਹੀ ਆਦਿਵਾਸੀਆਂ 'ਚ ਜੋ ਜ਼ੋਰਦਾਰ ਹਮਾਇਤ ਹਾਸਲ ਹੈ, ਉਸ ਦੀ ਵਿਆਖਿਆ ਨਹੀਂ ਕਰਦਾ। ਇਹ ਮੋਦੀ ਸਰਕਾਰ ਦੁਆਰਾ ਰਾਖਵਾਂਕਰਨ ਪ੍ਰਣਾਲੀ ਨੂੰ ਕਮਜ਼ੋਰ ਕਰਨ ਲਈ ਕਈ ਸੰਸਥਾਵਾਂ, ਖ਼ਾਸ ਕਰ ਕੇ ਸਿੱਖਿਆ 'ਚ ਸਖਤ ਮਿਹਨਤ ਕਰਨ ਦੇ ਬਾਵਜੂਦ ਹੈ - ਜਾਂ ਤਾਂ ਉਮੀਦਵਾਰਾਂ ਦੀ ਲੋੜੀਂਦੀ ਗਿਣਤੀ ਦੀ ਚੋਣ ਕਰਨ ਵਿਚ ਅਸਫ਼ਲ ਰਹਿਣ ਨਾਲ ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਸੀਟਾਂ ਭਰਨ ਦੇ ਮਾਪਦੰਡਾਂ ਨੂੰ ਬਦਲਣ ਦੀ ਕੋਸ਼ਿਸ਼ ਕਰਕੇ। ਇਸ ਨੇ ਆਰਥਿਕ ਮਾਪਦੰਡ ਦੀ ਆੜ 'ਚ ਉਚ ਜਾਤੀਆਂ ਲਈ ਕੋਟਾ ਵੀ ਲਾਗੂ ਕੀਤਾ ਹੈ। ਇਸ ਤੋਂ ਇਲਾਵਾ, ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਮੁੱਦਿਆਂ ਨੂੰ ਇਨ੍ਹਾਂ ਭਾਈਚਾਰਿਆਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨਾ ਚਾਹੀਦਾ ਹੈ।

ਤੱਥ ਇਹ ਹੈ ਕਿ ਇਸ ਦੇ ਉਲਟ ਬੌਧਿਕ ਦਾਅਵਿਆਂ ਦੇ ਬਾਵਜੂਦ ਹਿੰਦੀ ਪੱਟੀ ਵਿਚ ਆਪਣੀ ਵੀਹ ਸਾਲਾਂ ਦੀ ਰਿਪੋਰਟਿੰਗ ਵਿਚ ਮੈਨੂੰ ਅਜੇ ਤੱਕ ਹਿੰਦੂ ਘੇਰੇ ਅੰਦਰ ਨਾਮ ਨਿਹਾਦ ਰੂਪ 'ਚ ਪਛਾਣੇ ਜਾਣ ਵਾਲੇ ਓ.ਬੀ.ਸੀ., ਈ.ਬੀ.ਸੀ. ਜਾਂ ਦਲਿਤ ਭਾਈਚਾਰੇ ਦਾ ਪਤਾ ਨਹੀਂ ਲੱਗਿਆ ਜੋ ਹਿੰਦੂ ਵਜੋਂ ਆਪਣੀ ਪਛਾਣ ਨਹੀਂ ਕਰਾਉਂਦਾ। ਕੀ ਇਹ ਇਕ ਸਦੀ ਤੋਂ ਵੀ ਘੱਟ ਸਮੇਂ ਤੋਂ ਹੈ, ਕੀ ਇਹ ਪਛਾਣ ਉਦਾਰੀਕਰਨ ਤੋਂ ਬਾਅਦ ਦੇ ਯੁਗ ਵਿਚ ਅਤੇ ਸਥਾਨਕ ਦੇਵਤਿਆਂ ਤੇ ਹਿੰਦੂ ਧਰਮ ਦੇ ਇਕ ਰੂਪ ਹੋ ਜਾਣ ਦੇ ਤੇਜ਼ ਰਫ਼ਤਾਰ ਅਮਲ ਨਾਲ ਡੂੰਘੀ ਹੋਈ ਹੈ, ਇਹ ਸਾਰੇ ਅਕਾਦਮਿਕਾਂ ਲਈ ਵਿਚਾਰਨ ਵਾਲੇ ਮੁੱਦੇ ਹਨ। ਬਦਕਿਸਮਤੀ ਨਾਲ ਇਹ ਬਹੁਤ ਸਾਰੇ ਅੰਬੇਡਕਰਵਾਦੀ ਬੁੱਧੀਜੀਵੀਆਂ ਨੂੰ ਹਿੰਦੂ ਉਚ ਜਾਤੀ ਉਦਾਰਵਾਦੀਆਂ ਵਾਲੀ ਪੁਜੀਸ਼ਨ ਵਿਚ ਰੱਖਦਾ ਹੈ ਜੋ ਇਸ ਗੱਲੋਂ ਤਾਂ ਚਿੰਤਤ ਹਨ ਕਿ ਕੀ ਹੋ ਰਿਹਾ ਹੈ ਪਰ ਉਨ੍ਹਾਂ ਦੇ ਆਪਣੇ ਭਾਈਚਾਰਿਆਂ ਵਿਚ ਕੀ ਹੋ ਰਿਹਾ ਹੈ ਉਸ ਦੀ ਨੁਮਾਇੰਦਗੀ ਨਹੀਂ ਕਰਦੇ।

ਇਸ ਦਾ ਇਹ ਮਤਲਬ ਨਹੀਂ ਹੈ ਕਿ ਇਹ ਭਾਈਚਾਰੇ ਵਰਣ ਪ੍ਰਣਾਲੀ ਦੇ ਪ੍ਰਚਾਰ ਵਿਚ ਦਿਲਚਸਪੀ ਰੱਖਦੇ ਹਨ ਪਰ ਰਾਮ ਮੰਦਰ ਵਰਗੇ ਮੁੱਦੇ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਟੁੰਬਦੇ ਹਨ। ਜਦੋਂ ਇਸ ਨੂੰ ਉਸ ਤਰੀਕੇ ਨਾਲ ਜੋੜਿਆ ਜਾਂਦਾ ਹੈ ਜਿਸ ਵਿਚ ਭਾਜਪਾ ਨੇ ਇਨ੍ਹਾਂ ਸਮੂਹਾਂ ਵਿਚ ਵਿਅਕਤੀਗਤ ਜਾਤੀਆਂ ਤੱਕ ਪਹੁੰਚ ਕੀਤੀ ਹੈ - ਉਨ੍ਹਾਂ ਨੂੰ ਮੁਕਾਮੀ ਪੱਧਰ 'ਤੇ ਨੁਮਾਇੰਦਗੀ ਪ੍ਰਦਾਨ ਕਰਨਾ ਜੋ ਕਾਂਗਰਸ ਦੇ ਰਾਜ ਦੇ ਲੰਮੇ ਅਰਸੇ 'ਚ ਅਕਸਰ ਹੀ ਅਸਵੀਕਾਰ ਕੀਤਾ ਜਾਂਦਾ ਰਿਹਾ ਸੀ, ਤੇ ਹਿੰਦੂ ਧਰਮ ਦੇ ਦੇਵਤਿਆਂ ਵਿਚ

**(ਬਾਕੀ ਅਗਲੇ ਸਫੇ 'ਤੇ)**

# ਬਾਰੂਦੀ ਦਹਿਸ਼ਤ ਦੇ ਸਾਏ ਹੇਠ ਸਹਿਕਦਾ ਸੰਸਾਰ



ਹੁਣ ਯੂਕਰੇਨ ਰੂਸ ਅਤੇ ਫ਼ਲਸਤੀਨ ਤੇ ਇਰਾਨ ਇਜ਼ਰਾਈਲ ਜੰਗ ਭੜਕੀ ਪਈ ਹੈ। ਤਾਇਵਾਨ-ਚੀਨ ਅਤੇ ਉਤਰੀ ਕੋਰੀਆ ਦੇ ਮੁੱਦੇ ਉਪਰ ਜੰਗ ਕਿਸੇ ਵੇਲੇ ਵੀ ਭੜਕ ਸਕਦੀ ਹੈ। ਜੰਗ ਬਾਰੇ ਵੱਡੇ ਖ਼ਦਸ਼ਿਆਂ ਸੰਭਾਵਨਾ ਦੇ ਤਿੰਨ ਕੇਂਦਰ ਏਸ਼ੀਆ ਵਿਚ ਹਨ ਅਤੇ ਇਕ ਯੂਰਪ (ਯੂਕਰੇਨ) ਵਿਚ। ਇਸ ਤੋਂ ਇਲਾਵਾ ਭਾਰਤ ਲਾਗਿਓਂ ਵੀ ਧੂੰਆਂ ਉਠਦਾ ਰਹਿੰਦਾ ਹੈ। ਇਹ ਸਭ ਕੌਣ ਕਿਉਂ ਭਵਕਾਉਂਦਾ ਹੈ ਤੇ ਕੀ ਇਹ ਅੱਗ ਤਬਾਹਕੁਨ ਭਾਂਬੜ ਬਣਨ ਤੋਂ ਰੁਕ ਸਕਦੀ ਹੈ?



**ਡਾ. ਸੁਰਿੰਦਰ ਮੰਡ**
**ਫੋਨ: +91-94173-24543**

ਦੂਜੀ ਸੰਸਾਰ ਜੰਗ (1939-1945) ਵਿਚ ਕੁੱਲ ਮਿਲਾ ਕੇ 7 ਕਰੋੜ ਫੌਜੀ ਅਤੇ ਲੋਕ ਮਰੇ। ਇਸ ਵਿਚ ਸਵਾ ਦੋ ਕਰੋੜ ਤੋਂ ਵੱਧ ਸੋਵੀਅਤ ਰੂਸ ਅਤੇ ਪੌਣੇ ਦੋ ਕਰੋੜ ਚੀਨ ਦੇ ਸਨ। 18 ਲੱਖ ਦੇ ਕਰੀਬ ਭਾਰਤੀ ਸਨ। ਹਿਟਲਰ ਨੇ ਜਰਮਨੀ ਵਿਚ ਲੱਖਾਂ ਯਹੂਦੀਆਂ ਦਾ ਕਤਲੇਆਮ ਵੀ ਕੀਤਾ। ਜਰਮਨੀ ਵਿਚ ਇਹ ਧਾਰਮਿਕ ਨਸਲਕੁਸ਼ੀ ਵਰਗੀ ਗੱਲ ਵੀ ਸੀ। ਇਸ ਨਸਲਕੁਸ਼ੀ ਦਾ ਅਸਰ ਇਹ ਹੋਇਆ ਕਿ ਇੰਗਲੈਂਡ ਅਮਰੀਕਾ ਧੜੇ ਨੇ ਯੂ.ਐੱਨ. ਰਾਹੀਂ 14 ਮਈ 1948 ਨੂੰ ਮੁਸਲਮਾਨ ਬਹੁਲ ਦੇਸ਼ ਫ਼ਲਸਤੀਨ ਨੂੰ 55-45 ਵਿਚ ਵੰਡ ਕੇ ਇਕ ਹਿੱਸੇ ਵਿਚ ਯਹੂਦੀਆਂ ਲਈ ਆਪਣਾ ਵੱਖਰਾ ਮੁਲਕ ਇਜ਼ਰਾਈਲ ਬਣਵਾ ਦਿੱਤਾ। ਯੋਰੋਸ਼ਲਮ ਨੂੰ ਕੌਮਾਂਤਰੀ ਦੇਖ ਰੇਖ ਅਧੀਨ ਸਾਂਝੀ ਭੋਇੰ ਮੰਨਿਆ ਗਿਆ। ਇੰਝ ਆਪਣੇ (ਯਹੂਦੀ ਇਸਾਈ) ਵੱਲ ਆਉਂਦੇ ਨਸਲੀ ਟਕਰਾਓ ਦੇ ਖ਼ਦਸ਼ੇ ਦਾ ਰੁਖ਼ ਮੁਸਲਿਮ ਪਾਸੇ ਮੋੜ ਦਿੱਤਾ। ਫਲਸਤੀਨ ਉਤੇ ਇਸ ਵਕਤ ਇਜ਼ਰਾਈਲ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕਾ ਹੈ। 1967 ਦੀ ਜੰਗ ਵਿਚ ਇਜ਼ਰਾਈਲ ਨੇ ਸੀਰੀਆ, ਜੌਰਡਨ ਅਤੇ ਮਿਸਰ ਦੇ ਕੁਝ ਇਲਾਕਿਆਂ ਉਤੇ ਵੀ ਕਬਜ਼ਾ ਕਰ ਲਿਆ। ਨਾਲ ਹੀ ਯੇਰੂਸ਼ਲਮ ਅਤੇ ਫਲਸਤੀਨ ਦੇ ਵੈਸਟ ਬੈਂਕ ਨੂੰ ਵੀ ਕਬਜ਼ੇ ਵਿਚ ਲੈ ਲਿਆ। ਬਚਿਆ ਖੁਚਿਆ ਫਲਸਤੀਨ ਉਦੋਂ ਤੋਂ ਅੱਜ ਤਕ ਜ਼ੁਲਮ ਸਿਤਮ ਹੰਢਾ ਰਿਹਾ। ਫਲਸਤੀਨ ਅੱਜ ਆਜ਼ਾਦ ਮੁਲਕ ਵਾਲੀ ਹੈਸੀਅਤ ਨਹੀਂ ਰੱਖਦਾ। ਫਲਸਤੀਨ ਨੂੰ ਪ੍ਰਭੂਸੱਤਾ ਵਾਲੇ ਮੁਲਕ ਦਾ ਦਰਜਾ ਦੇਣ ਵਾਲੇ ਸੈਂਕੜੇ ਯੂ.ਐੱਨ. ਮਤੇ ਇਜ਼ਰਾਈਲ ਰੱਦ ਕਰ ਚੁੱਕਾ ਹੈ। ਇਸ ਕਰ ਕੇ ਪ੍ਰਚਾਰ ਤੰਤਰ ਦੀ ਇਹ ਦਲੀਲ ਗਲਤ ਹੈ ਕਿ ਮੌਜੂਦਾ ਟਕਰਾਓ ਦੀ ਮੁੱਖ ਵਜ੍ਹਾ 7 ਅਕਤੂਬਰ ਦਾ ਹਮਾਸ ਦਾ ਹਮਲਾ ਹੈ। ਪਿਛੋਕੜ ਹੀ ਇਸ ਟਕਰਾਓ ਦੀ ਅਸਲੀ ਵਜ੍ਹਾ ਹੈ।

ਤੇਲ ਹਿੱਤਾਂ ਵਾਲੇ ਇਸ ਖਿੱਤੇ ਵਿਚ ਇਜ਼ਰਾਈਲ ਨੂੰ ਅਮਰੀਕਾ ਧੜਾ ਆਪਣੇ ਲੈਫਟੀਨੈਂਟ ਵਜੋਂ ਵਰਤ ਰਿਹਾ ਹੈ, ਤੇ ਉਸ ਦੇ ਰਾਖੇ ਤਾਂ ਫਿਰ ਬਣਨਾ ਹੀ ਪੈਣਾ ਪਰ ਇਸ ਖੇਡ ਵਿਚ ਫਲਸਤੀਨੀ ਨਿਰਦੋਸ਼ ਰਗੜੇ ਗਏ। ਉਂਝ, ਅੱਜ ਇਹ ਝਗੜਾ ਇਜ਼ਰਾਈਲ, ਫਲਸਤੀਨ, ਇਰਾਨ ਤਕ ਸੀਮਤ ਨਾ ਰਹਿ ਕੇ ਅਮਰੀਕਾ, ਲਿਬਨਾਨ, ਯਮਨ, ਇਰਾਕ, ਸੀਰੀਆ, ਤੁਰਕੀ, ਰੂਸ, ਚੀਨ, ਉਤਰੀ ਕੋਰੀਆ ਨੂੰ ਵੀ ਲਪੇਟੇ ਵਿਚ ਲੈਂਦਾ ਨਜ਼ਰ ਆ ਰਿਹਾ ਹੈ। ਫਲਸਤੀਨ ਨੂੰ ਮੁਲਕ ਵਜੋਂ ਮਾਨਤਾ ਦਿੱਤੇ ਬਿਨਾਂ ਉਥੇ ਸ਼ਾਂਤੀ ਬਹਾਲੀ ਦੇ ਆਸਾਰ ਨਹੀਂ।

ਹੁਣ ਯੂਕਰੇਨ ਦੀ ਗੱਲ ਕਰੀਏ। 1991 ਵਿਚ ਧਰਤੀ ਦੇ ਛੇਵੇਂ ਹਿੱਸੇ ਵਿਚ ਫੈਲਿਆ ਸੋਵੀਅਤ ਯੂਨੀਅਨ ਜਦ 15 ਮੁਲਕਾਂ ਵਿਚ ਟੁੱਟ ਗਿਆ ਤਾਂ ਉਸ ਦਾ ਇਕ ਟੁਕੜਾ ਯੂਕਰੇਨ ਜੋ ਫਿਰ ਵੀ ਇਲਾਕੇ ਦੇ ਲਿਹਾਜ਼ ਨਾਲ ਯੂਰਪੀ ਦੇ ਹਰ ਮੁਲਕ ਤੋਂ ਵੱਡਾ ਸੀ, ਉਸ ਦੇ 2014 ਤਕ ਆਉਂਦਿਆਂ ਪੱਛਮ ਵੱਲ ਝੁਕਾਅ ਕਾਰਨ ਰੂਸ ਨਾਲ ਸਬੰਧ ਖਰਾਬ ਹੋ ਗਏ। ਰੂਸ ਨਾਲ ਟਕਰਾਓ ਵਾਲੇ ਤਿੱਖੇ ਤੇਵਰਾਂ ਨਾਲ ਕਾਮੇਡੀਅਨ ਜ਼ੈਲੇਂਸਕੀ 2019 ਦੀ ਰਾਸ਼ਟਰਪਤੀ ਦੀ ਚੋਣ ਜਿੱਤਿਆ ਅਤੇ ਅਮਰੀਕੀ ਧੜੇ ਵੱਲ ਉਲਰਦਿਆਂ ਨਾਟੋ ਫੌਜੀ ਗਠਜੋੜ ਦਾ ਮੈਂਬਰ ਬਣਨ ਨੂੰ ਉਤਾਵਲਾ ਹੋਇਆ; ਮਤਲਬ, ਰੂਸ ਦੀਆਂ ਬਰੂਹਾਂ ਉਤੇ 32 ਦੇਸ਼ਾਂ ਦੀਆਂ ਫੌਜਾਂ ਨੂੰ ਪੱਕਾ ਸੱਦਾ। ਇਹੀ ਗੱਲ ਰੂਸ-ਯੂਕਰੇਨ ਜੰਗ ਦੀ ਸਭ ਤੋਂ ਵੱਡੀ ਵਜ੍ਹਾ ਬਣੀ। ਅੱਜ ਅਮਰੀਕਾ ਦੀ ਅਗਵਾਈ ਵਿਚ ਨਾਟੋ ਦੇ 32 ਦੇਸ਼ ਯੂਕਰੇਨ ਦੀ ਪਿੱਠ 'ਤੇ ਹਨ। ਦੂਜੇ ਪਾਸੇ ਰੂਸ ਹੈ ਜਿਸ ਨੂੰ ਚੀਨ, ਇਰਾਨ ਅਤੇ ਉਤਰੀ ਕੋਰੀਆ ਦੀ ਹਮਾਇਤ ਹੈ। ਇਹ ਜੰਗ ਦੁਨੀਆ ਦੇ ਵੱਡੇ ਹਿੱਸੇ ਵਿਚ ਪਰਮਾਣੂ ਜੰਗ ਦਾ ਰੂਪ ਲੈ ਸਕਦੀ ਹੈ।

ਤਾਇਵਾਨ ਦਾ ਮਸਲਾ ਇਹ ਹੈ ਕਿ ਜਦ ਚੀਨੀ ਸਿਵਲ ਵਾਰ ਵਿਚ ਮਾਓ ਜ਼ੇ-ਤੁੰਗ ਦੀ ਅਗਵਾਈ ਵਿਚ ਕਮਿਊਨਿਸਟ ਪਾਰਟੀ ਨੇ 1949 ਵਿਚ ਮੁਲਕ ਉਤੇ ਅਧਿਕਾਰ ਕਰ ਲਿਆ ਤਾਂ ਚੀਨ ਦਾ ਪਹਿਲਾ ਹਾਕਮ ਚਿਆਂਗ ਕਾਈ ਸ਼ੈਕ ਭੱਜ ਕੇ ਚੀਨੀ ਮੁੱਖ ਧਰਤੀ ਤੋਂ 100 ਕੁ ਮੀਲ ਦੂਰ ਤਾਇਵਾਨ ਟਾਪੂ ਤੋਂ ਬਰਾਬਰ ਦੀ ਚੀਨ ਸਰਕਾਰ ਚਲਾਉਣ ਲੱਗਾ। ਉਸ ਨੂੰ ਅਮਰੀਕਾ ਦੀ ਹਮਾਇਤ ਸੀ। 'ਤਾਇਵਾਨ' ਹੀ (ਰਿਪਬਲਿਕ ਆਫ ਚਾਈਨਾ) ਵਜੋਂ ਚੀਨ ਦਾ ਯੂਐੱਨ ਵਿਚ ਪ੍ਰਤੀਨਿਧ ਰਿਹਾ। 1971 ਵਿਚ ਯੂ.ਐੱਨ. ਨੇ ਇਹ ਪ੍ਰਤੀਨਿਧ ਰੁਤਬਾ ਮੁੱਖ ਚੀਨੀ ਧਰਤੀ ਦੀ ਸਰਕਾਰ ਨੂੰ ਦਿੱਤਾ। ਤਾਇਵਾਨ ਟਾਪੂ ਦਾ ਅੱਜ ਤੱਕ ਵੀ ਨਾਮ 'ਰਿਪਬਲਿਕ ਆਫ ਚਾਈਨਾ' ਹੈ ਪਰ ਉਹ ਰੋਜ਼ਮੱਰਾ ਸ਼ਾਸਨ ਵਜੋਂ ਆਜ਼ਾਦ ਹੈ ਤੇ ਖੁਦ ਨੀਤੀਆਂ ਬਣਾਉਂਦਾ ਹੈ। ਕੁਝ ਸਾਲਾਂ ਤੋਂ ਤਾਇਵਾਨ ਚੋਣਾਂ ਵਿਚ ਘੋਰ ਚੀਨ ਵਿਰੋਧੀ ਜਿੱਤੇ ਜੋ ਮੁਕੰਮਲ ਆਜ਼ਾਦੀ ਦਾ ਨਾਅਰਾ ਦੇ ਕੇ ਅਮਰੀਕਾ ਨਾਲ ਜੁੜਨ ਦੇ ਰਾਹੇ ਪੈ ਗਏ ਹਨ ਜੋ ਚੀਨ ਨੂੰ ਮਨਜ਼ੂਰ ਨਹੀਂ। ਕੌਮਾਂਤਰੀ ਕਾਇਦੇ-ਕਾਨੂੰਨ ਜਿਸ ਨੂੰ ਅਮਰੀਕਾ ਵੀ ਮੰਨਦਾ, ਮੁਤਾਬਕ ਤਾਇਵਾਨ ਅਲੱਗ ਦੇਸ਼ ਨਹੀਂ, ਚੀਨ ਦਾ ਅਲੱਗ ਖੁਦਮੁਖ਼ਤਾਰ ਹਿੱਸਾ ਹੈ ਜਿਸ ਦੀ ਆਪਣੀ ਕਰੰਸੀ ਤੇ ਫੌਜ ਹੈ ਪਰ ਕੁਝ ਸਾਲਾਂ ਤੋਂ ਚੀਨ ਅਮਰੀਕਾ ਦੇ ਵਿਗੜੇ ਸਬੰਧ ਵੀ ਕਲੇਸ਼ ਵਧਾਉਣ ਦਾ ਕਾਰਨ ਬਣੇ। ਅਮਰੀਕਾ ਤਾਇਵਾਨ ਵਿਚ ਪੈਰ ਧਰਾਵਾ ਕਰ ਕੇ 'ਦੱਖਣੀ ਚੀਨ ਸਮੁੰਦਰ ਝਗੜੇ' ਵਿਚ ਵੀ ਮਜ਼ਬੂਤ ਹੋਣਾ ਚਾਹੁੰਦਾ ਤੇ ਯੂਕਰੇਨ ਵਾਂਗ ਚੀਨ ਦੇ ਐਨ ਕੋਲ ਆਪਣੀ ਫੌਜ ਚਾਹੁੰਦਾ ਹੈ। ਚੀਨ ਇਸ ਦਾ ਅੰਤਿਮ ਹੱਲ ਫੌਜ ਨਾਲ ਤਾਇਵਾਨ ਉਤੇ ਮੁਕੰਮਲ ਕਬਜ਼ਾ ਕਰ ਲੈਣ ਵਿਚ ਵੀ ਦੇਖਦਾ ਹੈ। ਮਾਹੌਲ ਪੂਰਾ ਗਰਮ ਹੈ। ਅਗਰ ਗੱਲ ਵਧਦੀ ਹੈ ਤਾਂ ਇਹ ਖਿੱਤਾ ਚੀਨ-ਅਮਰੀਕਾ ਜੰਗ ਦਾ ਮੈਦਾਨ ਬਣੇਗਾ ਜਿਸ ਵਿਚ ਦੇਰ ਸਵੇਰ ਜਪਾਨ ਅਤੇ ਉਤਰੀ ਕੋਰੀਆ ਵੀ ਹੋਣਗੇ। ਪਰਮਾਣੂ ਸ਼ਕਤੀ ਵਾਲੇ ਮੁਲਕ ਕਦੋਂ ਕੀ ਕਰ ਦੇਣ, ਕੋਈ ਨਹੀਂ ਜਾਣਦਾ। ਅਮਰੀਕੀ ਕਾਂਗਰਸ ਦੀ ਤਾਜ਼ਾ ਰਿਪੋਰਟ ਵਿਚ ਵੀ ਚੀਨ ਨੂੰ ਅਮਰੀਕੀ ਹਿੱਤਾਂ ਦਾ ਸਭ ਤੋਂ ਵੱਡਾ ਤੇ ਤਕੜਾ ਦੁਸ਼ਮਣ ਐਲਾਨਿਆ ਗਿਆ ਹੈ।

ਭਲਾ ਇਸ ਗੱਲ ਵਿਚ ਹੈ ਕਿ ਤਾਇਵਾਨ ਲੀਡਰਸ਼ਿਪ ਚੋਣਾਂ ਜਿੱਤਣ ਲਈ ਭੜਕਾਊ ਨਾਅਰਿਆਂ ਦੇ ਚੱਕਰ ਵਿਚ ਮੁਲਕ ਦਾ ਝੁੱਗਾ ਚੌੜ ਨਾ ਕਰਾ ਬੈਠੇ। ਤਾਇਵਾਨ ਖੁਸ਼ਹਾਲ ਹੈ, ਇਸ ਦਾ ਮੌਜੂਦਾ ਰੁਤਬਾ ਬਹਾਲ ਰਹੇ, ਚੀਨ ਅਮਰੀਕਾ ਪਿੱਛੇ ਹਟਣ ਪਰ ਕੋਈ ਧਿਰ ਪਿੱਛੇ ਹਟਣ ਨੂੰ ਤਿਆਰ ਨਹੀਂ।

ਜੇ ਗੱਲ ਕੋਰੀਅਨਾਂ ਦੀ ਕਰੀਏ ਤਾਂ ਕਹਿਣਾ ਪਵੇਗਾ ਕਿ ਕੋਰੀਆ ਨੂੰ ਜਪਾਨ ਨੇ 1945 ਤਕ ਗੁਲਾਮ ਬਣਾ ਕੇ ਕਬਜ਼ਾ ਅਤੇ ਜ਼ੁਲਮ ਕੀਤੇ। ਦੂਜੀ ਸੰਸਾਰ ਜੰਗ ਦੌਰਾਨ ਜਪਾਨ ਦੀ ਹਾਰ ਬਾਅਦ ਜਦ ਕਿੰਮ-ਇਲ-ਸੁੰਗ ਦੀ ਅਗਵਾਈ ਵਿਚ ਕੋਰੀਆ ਮੁਕਤ ਹੋਇਆ ਤਾਂ ਕੋਰੀਆ ਅਤੇ ਅਮਰੀਕਾ ਦਰਮਿਆਨ 1950 ਤੋਂ 1953 ਤਕ ਤਿੰਨ ਸਾਲ ਭਿਅੰਕਰ ਜੰਗ ਚੱਲੀ ਜਿਸ ਵਿਚ ਲਗਭਗ 25 ਲੱਖ ਮੌਤਾਂ ਹੋਈਆਂ; ਅੱਜ ਵੀ 'ਸੀਜ਼ ਫਾਇਰ' ਹੀ ਹੈ, ਸ਼ਾਂਤੀ ਸਮਝੌਤਾ ਕੋਈ ਨਹੀਂ ਹੋਇਆ। ਮੁਲਕ ਦੋ ਹਿੱਸਿਆਂ (ਉਤਰੀ ਕੋਰੀਆ, ਦੱਖਣੀ ਕੋਰੀਆ) ਵਿਚ ਵੰਡਿਆ ਗਿਆ। ਕਿਸੇ ਵੇਲੇ ਮੁੜ ਏਕੀਕਰਨ ਲਹਿਰ ਸੀ ਜੋ ਹੁਣ ਖਤਮ ਹੋ ਚੁੱਕੀ ਹੈ। ਉਤਰੀ ਕੋਰੀਆ 75 ਸਾਲਾਂ ਤੋਂ ਸਖ਼ਤ ਅਮਰੀਕੀ-ਯੂ.ਐੱਨ. ਪਾਬੰਦੀਆਂ ਦੀ ਮਾਰ ਝੱਲ ਰਿਹਾ ਹੈ, ਭਰਿਆ ਪੀਤਾ ਹੈ ਅਤੇ ਅਮਰੀਕਾ ਨੂੰ ਮੁੱਖ ਦੁਸ਼ਮਣ ਸਮਝਦਾ ਹੈ।

ਉਤਰੀ ਕੋਰੀਆ ਦਾ ਪਰਮਾਣੂ ਸ਼ਕਤੀ ਹੋਣਾ ਅਮਰੀਕਾ ਲਈ ਚਿੰਤਾ ਦਾ ਵਿਸ਼ਾ ਹੈ। ਦੱਖਣੀ ਕੋਰੀਆ ਵਿਚ ਹਜ਼ਾਰਾਂ ਅਮਰੀਕੀ ਫੌਜ ਬੈਠੀ ਹੈ, ਉਤਰੀ ਕੋਰੀਆ ਵਿਰੁੱਧ ਨਿੱਤ ਜੰਗੀ ਮਸ਼ਕਾਂ ਹੁੰਦੀਆਂ ਹਨ। ਉਤਰੀ ਕੋਰੀਆ ਨੂੰ ਚੀਨ ਤੇ ਰੂਸ ਦੀ ਹਮਾਇਤ ਹੈ। ਇਥੇ ਜਦੋਂ ਵੀ ਭੜਕੀ, ਆਮ ਜੰਗ ਨਹੀਂ, ਪਰਮਾਣੂ ਜਵਾਲਾ ਹੀ ਭੜਕਣੀ ਹੈ। ਚੰਗਾ ਹੋਵੇ ਜੇ ਇਕ ਦੂਜੇ ਦੀ ਹੋਂਦ ਨੂੰ ਬਰਾਬਰ ਮਾਨਤਾ ਦੇ ਕੇ ਅਮਨ ਸ਼ਾਂਤੀ ਦੀ ਕੋਈ ਪਹਿਲ ਕਿਸੇ ਪਾਸਿਉਂ ਹੋਵੇ।

ਭਾਰਤ-ਚੀਨ ਸਰਹੱਦੀ ਵਿਵਾਦ ਵੀ ਹੈ ਜਿਸ ਵਿਚ ਦੋਵੇਂ ਦੇਸ਼ ਗੱਲਬਾਤ ਨੂੰ ਪਹਿਲ ਦੇ ਰਹੇ ਹਨ। ਅਮਰੀਕਾ ਦੀ ਕੋਸ਼ਿਸ਼ ਹੈ ਕਿ 'ਕੁਆਡ' ਗਰੁੱਪ (ਭਾਰਤ, ਜਪਾਨ, ਆਸਟਰੇਲੀਆ ਤੇ ਅਮਰੀਕਾ) ਰਣਨੀਤਕ ਗਠਜੋੜ ਦਾ ਰੂਪ ਲੈ ਲਵੇ; ਤੇ ਕੱਲ੍ਹ ਨੂੰ ਚੀਨ ਵਿਰੁੱਧ ਜੰਗ ਵਿਚ ਭਾਰਤ ਅਮਰੀਕਾ ਦਾ ਜੰਗੀ ਭਾਈਵਾਲ/ਮਦਦਗਾਰ ਬਣੇ ਪਰ ਭਾਰਤ ਅਜੇ ਤਕ ਉਨ੍ਹਾਂ ਦੇ ਟੇਟੇ ਨਹੀਂ ਚੜ੍ਹਿਆ। ਇਹ ਕਹਿੰਦਾ ਹੈ ਕਿ ਅਸੀਂ ਤਾਂ ਵਾਤਾਵਰਨ, ਵਿਕਾਸ ਸਹਿਯੋਗ ਲਈ ਕੁਆਡ ਦੇ ਮੈਂਬਰ ਹਾਂ। ਚੰਗਾ ਹੈ ਜੇ ਬਚਿਆ ਰਹੇ ਕਿਉਂਕਿ ਅਮਰੀਕੀ ਵੀ ਅੱਗਿਓਂ ਕੱਚੀਆਂ ਗੋਲੀਆਂ ਨਹੀਂ ਖੇਡੇ। ਉਹ ਅਗਲੇ ਨੂੰ ਇਉਂ ਵਿਚ ਘੜੀਸ ਲੈਂਦੇ ਜਿਵੇਂ ਗਿੱਧਾ ਪਾਉਣ ਵਾਲੀਆਂ ਬੋਲੀ ਪਾ ਕੇ ਪਾਸੇ ਖਲੋਤੀ ਨੂੰ ਗੇੜਾ ਦੇਣ ਲਈ ਘੜੀਸ ਲੈਂਦੀਆਂ। ਰੂਸ ਨੇ ਹਮੇਸ਼ਾ ਭਾਰਤ ਚੀਨ ਤਣਾਓ ਵਧਣ ਤੋਂ ਰੋਕਣ ਵਿਚ ਭੂਮਿਕਾ ਨਿਭਾਈ ਹੈ।

ਹੁਣ ਚਿੰਤਾ ਅਤੇ ਵਿਚਾਰ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਵਿਵਾਦਾਂ (ਯੂਕਰੇਨ, ਫਲਸਤੀਨ, ਤਾਇਵਾਨ, ਕੋਰੀਆ) ਨੂੰ ਸੁਲਝਾਉਣ ਦੀ ਕੋਈ ਵੀ ਨਿੱਗਰ ਕੋਸ਼ਿਸ਼ ਨਜ਼ਰ ਨਹੀਂ ਆ ਰਹੀ; ਬੇਵਿਸ਼ਵਾਸੀ ਇੰਨੀ ਜ਼ਿਆਦਾ ਹੈ ਕਿ ਪੁੱਛੋ ਨਾ। ਸੱਚ ਇਹ ਹੈ ਰੂਸ, ਚੀਨ, ਅਮਰੀਕਾ ਦਰਮਿਆਨ ਯੁੱਧ ਛਿੜਿਆ ਤਾਂ ਅਖ਼ਿਰਕਾਰ ਪਰਮਾਣੂ ਜੰਗ ਵੱਲ ਹੀ ਜਾਏਗਾ। ਮਨੁੱਖੀ ਨਸਲ ਦਾ ਘਾਣ ਹੋਣ ਦਾ ਖ਼ਤਰਾ ਹੈ।

ਅੰਦਾਜ਼ਾ ਹੈ ਕਿ ਜੇ ਵੱਡਾ ਪਰਮਾਣੂ ਯੁੱਧ ਛਿੜਿਆ ਵੀ ਤਾਂ ਇਸ ਦਾ ਅਸਰ ਭਾਵੇਂ ਸਾਰੀ ਦੁਨੀਆ 'ਤੇ ਪਵੇਗਾ ਪਰ ਦੁਨੀਆ ਦੇ ਕੁਝ ਹਿੱਸੇ ਇਸ ਦੇ ਸੇਕ ਤੋਂ ਬਚੇ ਰਹਿਣਗੇ। ਭਾਰਤ ਤੇ ਪਾਕਿਸਤਾਨ ਕਿਸੇ ਬੰਨਿਓਂ ਲੱਤ ਗੱਡ ਕੇ ਨਹੀਂ ਕੁੱਦਣਗੇ। ਸਾਰੇ ਲਾਤੀਨੀ ਅਮਰੀਕੀ ਅਤੇ ਅਫਰੀਕੀ ਦੇਸ਼ ਵੀ ਇਸ ਤੋਂ ਤਕਰੀਬਨ ਬਚੇ ਰਹਿਣਗੇ ਕਿਉਂਕਿ ਉਹ ਕਿਸੇ ਧੜੇ ਵਿਚ ਨਹੀਂ ਤੇ ਕੁਝ ਹੋਰ ਏਸ਼ੀਅਨ ਮੁਲਕ ਵੀ ਨਹੀਂ। ਉਂਝ, ਇਸ ਵਿਨਾਸ਼ਕਾਰੀ ਜੰਗ ਦੇ ਮਾਰੂ ਅਸਿੱਧੇ ਅਸਰਾਂ ਤੋਂ ਕੋਈ ਨਹੀਂ ਬਚੇਗਾ।

ਇਨ੍ਹਾਂ ਜੰਗਾਂ ਦੇ ਕਾਰਨਾਂ ਬਾਰੇ ਸਿਆਣਿਆਂ ਦਾ ਵਿਚਾਰ ਹੈ ਕਿ ਇਕ ਤਾਂ ਜਿਨ੍ਹਾਂ ਮੁਲਕਾਂ ਦਾ ਵਪਾਰ ਕਾਰੋਬਾਰ ਹਥਿਆਰ ਬਣਾਉਣ ਵੇਚਣ ਨਾਲ ਜੁੜਿਆ ਹੋਇਆ ਹੈ, ਉਨ੍ਹਾਂ ਨੇ ਕਦੀ ਵੀ ਦੁਨੀਆ ਉਤੇ ਸ਼ਾਂਤੀ ਨਹੀਂ ਹੋਣ ਦੇਣੀ। ਜ਼ਿਆਦਾਤਰ ਜੰਗਾਂ ਵਪਾਰਕ/ਮਾਇਕ ਹਿੱਤਾਂ ਲਈ ਹੁੰਦੀਆਂ। ਜਿਨ੍ਹਾਂ ਵਪਾਰਕ ਘਰਾਣਿਆਂ ਦੇ ਹਿੱਤਾਂ ਲਈ ਜੰਗਾਂ ਹੁੰਦੀਆਂ, ਉਹ ਕਦੀ ਕਿਸੇ ਜੰਗ ਵਿਚ ਨਹੀਂ ਮਰਦੇ, ਉਹ ਹਮੇਸ਼ਾ ਕਮਾਈਆਂ ਕਰਦੇ ਤੇ ਸੁੱਖ ਲੈਂਦੇ ਹਨ। ਇਹੀ ਅਸਲੀ ਹਾਕਮ ਨੇ। ਲੀਡਰ ਇਨ੍ਹਾਂ ਦੇ ਮੋਹਰੇ ਜੋ ਰਾਜ ਕਰਨ ਦੇ ਭੁਸ-ਭਰਮ ਖ਼ਾਤਿਰ ਕਿਸੇ ਵੀ ਹੱਦ ਤਕ ਜਾ ਸਕਦੇ। ਲੀਡਰ ਤਾਂ ਚੋਣਾਂ ਜਿੱਤਣ ਲਈ ਜੰਗ ਲਾ ਦੇਣ ਦੀਆਂ ਬੜ੍ਹਕਾਂ ਵੀ ਮਾਰ ਦਿੰਦੇ।

ਸੁਮੱਤ ਦੇਣ ਵਾਲਾ ਕੋਈ ਵੀ ਦੇਸ਼ ਇਸ ਵਕਤ ਸਾਹਮਣੇ ਨਹੀਂ ਆ ਰਿਹਾ। ਯੂਰਪੀ ਮੁਲਕਾਂ ਨੇ ਸ਼ੈਤਾਨੀ ਚੁੱਪ ਧਾਰੀ ਹੋਈ ਹੈ। ਉਹ ਅਮਰੀਕਾ ਦੀ ਕਾਰੋਬਾਰੀ ਜ਼ੋਰਾਵਰੀ ਤੋਂ ਔਖੇ ਵੀ ਹਨ, ਤੇ ਜਾਪਦਾ ਜਿਵੇਂ ਅੰਦਰੋਂ ਚਾਹ ਰਹੇ ਹੋਣ ਕਿ ਅਮਰੀਕਾ ਕਿਤੇ ਸਿੰਙ ਫਸਾ ਕੇ ਜ਼ਰਾ ਕੁ ਤੁੜਾ ਲਵੇ।

ਰੂਸ, ਚੀਨ, ਉਤਰੀ ਕੋਰੀਆ, ਇਰਾਨ ਆਪੋ-ਆਪਣੇ ਸਥਾਨਕ ਵਿਵਾਦਾਂ ਵਿਚ ਹਨ, ਬਾਕੀ ਕਿਸੇ ਥਾਂ ਜਾ ਕੇ ਮੋਹਰੀ ਨਹੀਂ ਲੇਕਿਨ ਅਮਰੀਕਾ ਦਾ ਕੋਈ ਵੀ ਸਥਾਨਕ ਵਿਵਾਦ ਨਹੀਂ, ਉਹ ਦੂਰ ਪਾਰ ਜਾ ਕੇ ਦੂਜਿਆਂ ਦੇ ਝਗੜਿਆਂ ਵਿਚ ਮੋਹਰੀ ਹੈ। ਇੰਨੇ ਪਾਸੀਂ ਖਾਹਮਖਾਹ ਸਿੱਧਾ ਫਸਣਾ ਅਮਰੀਕੀਆਂ ਦੇ ਹਿੱਤ ਵਿਚ ਨਹੀਂ। ਇਹ ਆਪਣੇ ਆਮ ਨਾਗਰਿਕਾਂ ਲਈ ਦੁਨੀਆ ਭਰ ਵਿਚ ਅਸੁਰੱਖਿਤ ਮਾਹੌਲ ਪੈਦਾ ਕਰਨ ਵਾਲੀ ਗੱਲ ਹੈ।

ਯੂਐੱਨ ਜ਼ੋਰਾਵਰ ਮੁਲਕਾਂ ਸਾਹਮਣੇ ਅਸਲੋਂ ਬੇਵਸ ਹੈ। ਇਹ ਜਿਹੜਾ ਵੀ ਮਤਾ ਪਾਸ ਕਰਦੀ ਹੈ, ਤਕੜੇ ਮੁਲਕ ਮੰਨਦੇ ਨਹੀਂ। ਜ਼ਰਾ ਸਮਰੱਥ ਮੁਲਕਾਂ ਵਿਚੋਂ ਸਿਰਫ ਭਾਰਤ ਹੈ ਜੋ ਵਿਚੋਲਾ ਬਣ ਸਕਦਾ ਹੈ, ਹੋਰਨਾ ਨੂੰ ਨਾਲ ਲੈ ਸਕਦਾ ਹੈ। ਇਸ ਦਾ 1947 ਤੋਂ ਹੀ ਹੋਰ ਮੁਲਕਾਂ ਨਾਲ ਭਾਈਚਾਰਾ ਚੰਗਾ ਹੈ ਪਰ ਸਾਡੀ ਮੌਜੂਦਾ ਲੀਡਰਸ਼ਿਪ ਦੇ ਭਾਈਚਾਰਕ ਪਿਆਰ ਪੱਖੋਂ ਵਿਚਾਰ, ਤੇਵਰ, ਕਾਰਗੁਜ਼ਾਰੀ ਸਮੇਂ ਦੇ ਹਾਣ ਦੀ ਨਹੀਂ ਲਗਦੀ; ਨਹੀਂ ਤਾਂ ਭਾਰਤ ਲਈ ਵੱਕਾਰ ਬਣਾਉਣ ਦਾ ਇਹ ਸਹੀ ਮੌਕਾ ਸੀ। ਸਾਡੀਆਂ ਵਿਰੋਧੀ ਪਾਰਟੀਆਂ ਸਮਝਦੀਆਂ ਕਿ ਕੌਮਾਂਤਰੀ ਮੁੱਦਿਆਂ ਉਤੇ ਬੋਲਣਾ ਖੌਰੇ ਸਿਰਫ ਸਰਕਾਰ ਦਾ ਹੀ ਕੰਮ ਹੁੰਦਾ; ਇਹ ਤਾਂ ਦੁਨੀਆ ਦੇ ਹਰ ਬੰਦੇ ਦੀ ਜ਼ਿੰਮੇਵਾਰੀ ਅਤੇ ਹੱਕ ਹੈ। ਸੰਸਾਰ ਅਮਨ ਲਹਿਰ ਵਕਤ ਦੀ ਲੋੜ ਹੈ।

# ਵਰਣ ਤਾਨਾਸ਼ਾਹੀ ਨੂੰ ਮਜ਼ਬੂਤ ਕਰ ਰਿਹਾ ਹਿੰਦੂਤਵ-2

*(ਪਿਛਲੇ ਸਫੇ ਦੀ ਬਾਕੀ)*

ਭਾਈਚਾਰੇ ਦੇ ਨਾਇਕਾਂ ਗੁਣਗਾਣ ਕਰਨਾ ਜਾਂ ਉਨ੍ਹਾਂ ਨੂੰ ਉਭਾਰਨਾ - ਤਾਂ ਨਤੀਜੇ ਹਮਾਇਤ ਦੀ ਮਜ਼ਬੂਤੀ ਹਨ।

ਇਸ ਵਿਆਪਕ ਹਿੰਦੂਤਵ ਦੇ ਸਨਮੁੱਖ, ਵਿਰੋਧੀ ਧਿਰ ਵੱਖਰਾ ਹੀ ਕਿਰਦਾਰ ਪੇਸ਼ ਕਰਦੀ ਹੈ। ਆਪਣੀ ਲੀਡਰਸ਼ਿਪ ਦੀ ਬਣਤਰ 'ਚ ਕਾਂਗਰਸ ਕਾਫ਼ੀ ਹੱਦ ਤੱਕ ਹਿੰਦੂਤਵ ਤੋਂ ਬਿਨਾਂ ਭਾਜਪਾ ਹੈ। ਹਿੰਦੀ ਪੱਟੀ ਵਿਚ ਅਸਲ ਚੁਣੌਤੀ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਵਰਗੀਆਂ ਪਾਰਟੀਆਂ ਤੋਂ ਆਉਂਦੀ ਹੈ। ਬੀਐੱਸਪੀ ਇਸ ਘੇਰੇ ਤੋਂ ਬਾਹਰ ਹੈ ਜੋ ਹੁਣ ਉਸ ਦਾ ਪਰਛਾਵਾਂ ਮਾਤਰ ਹੈ ਜੋ ਇਹ ਕਦੇ ਹੁੰਦੀ ਸੀ।

ਅੰਬੇਡਕਰ ਤੋਂ ਬਾਅਦ ਭਾਰਤੀ ਰਾਜਨੀਤਕ ਇਤਿਹਾਸ ਵਿਚ ਸਭ ਤੋਂ ਮਹੱਤਵਪੂਰਨ ਦਲਿਤ ਸ਼ਖ਼ਸੀਅਤ ਰਹੇ ਕਾਂਸ਼ੀ ਰਾਮ ਅੱਜ ਅਕਾਦਮਿਕ ਪ੍ਰਵਚਨ ਵਿਚ ਮੁੱਖ ਤੌਰ 'ਤੇ ਗੈਰ-ਹਾਜ਼ਰ ਹਨ। ਸਮਾਜ ਵਿਗਿਆਨੀ ਸੁਰਿੰਦਰ ਸਿੰਘ ਜੋਧਕਾ ਲਿਖਦੇ ਹਨ, "ਭਾਰਤੀ ਲੋਕਤੰਤਰ ਨੂੰ ਉਸਾਰਨ ਜਾਂ ਦਲਿਤ ਪਛਾਣਾਂ ਨੂੰ ਸਰੂਪ ਦੇਣ ਵਿਚ ਯੋਗਦਾਨ ਪਾਉਣ ਵਾਲੇ ਵਿਅਕਤੀ ਦੇ ਰੂਪ 'ਚ ਉਨ੍ਹਾਂ ਦੀ ਚਰਚਾ ਸ਼ਾਇਦ ਹੀ ਕੀਤੀ ਜਾਂਦੀ ਹੈ।... ਮੁੱਖ ਧਾਰਾ ਦੇ ਰਾਜਨੀਤਕ ਵਿਸ਼ਲੇਸ਼ਕਾਂ ਨੇ ਉਸ ਦੇ ਦ੍ਰਿਸ਼ ਤੋਂ ਹਟ ਜਾਣ ਤੋਂ ਤੁਰੰਤ ਬਾਅਦ ਉਸ ਨੂੰ ਭੁੱਲਣਾ ਸ਼ੁਰੂ ਕਰ ਦਿੱਤਾ।" ਇਹ ਉਘੜਵੀਂ ਭੁੱਲ ਹੈ। ਹਿੰਦੀ ਪੱਟੀ ਦੀ ਰਾਜਨੀਤੀ ਦਾ ਅਜੋਕਾ ਰੂਪ ਸਭ ਕੁਝ ਉਸੇ ਦੀ ਬਦੌਲਤ ਹੈ। ਜੇ ਭਾਜਪਾ ਕਿਸੇ ਵਿਰਾਸਤ ਨੂੰ ਆਪਣੇ ਉਦੇਸ਼ ਅਨੁਸਾਰ ਢਾਲਣ ਤੋਂ ਬਾਅਦ ਉਸ ਦੀ ਫ਼ਸਲ ਵੱਢ ਰਹੀ ਹੈ ਤਾਂ ਉਹ ਕਾਂਸ਼ੀਰਾਮ ਦੀ ਵਿਰਾਸਤ ਹੈ। ਕਾਂਸੀ ਰਾਮ ਪੰਜਾਬੀ ਸਨ ਜਿਨ੍ਹਾਂ ਦੀ ਰਾਜਨੀਤਕ ਜਾਗਰੂਕਤਾ ਉਦੋਂ ਵਧੀ ਜਦੋਂ ਉਹ ਪੂਣੇ ਵਿਚ ਕੰਮ ਕਰਨ ਲਈ ਰਾਜ ਤੋਂ ਬਾਹਰ ਗਏ। ਉਨ੍ਹਾਂ ਨੇ ਅੰਬੇਡਕਰ ਨੂੰ ਵਿਆਪਕ ਰੂਪ ਵਿਚ ਪੜ੍ਹਿਆ ਅਤੇ ਉਨ੍ਹਾਂ ਦਾ ਕੰਮ ਉਥੋਂ ਸ਼ੁਰੂ ਹੋਇਆ ਜਿੱਥੇ ਅੰਬੇਡਕਰ ਨੇ ਛੱਡਿਆ ਸੀ। ਜੋਧਕਾ ਲਿਖਦੇ ਹਨ ਕਿ ਉਨ੍ਹਾਂ ਦੇ ਵਿਚਾਰ ਵਿਚ ਅੰਬੇਡਕਰ ਅਤੇ ਗਾਂਧੀ ਦਰਮਿਆਨ ਪੂਨਾ ਸਮਝੌਤਾ ਜਿਸ ਨੇ ਦਲਿਤਾਂ ਨੂੰ ਵੱਖਰੇ ਚੋਣ ਖੇਤਰ ਤੋਂ ਵਾਂਝੇ ਕਰ ਦਿੱਤਾ, ਦਲਿਤਾਂ ਦੇ ਰਾਜਨੀਤਿਕ ਹਾਸ਼ੀਏ 'ਤੇ ਧੱਕੇ ਜਾਣ ਲਈ ਜ਼ਿੰਮੇਵਾਰ ਸੀ।

ਪੂਰੇ ਮੁਲਕ ਵਿਚ ਉਨ੍ਹਾਂ ਦੀ ਆਬਾਦੀ ਦੀ ਵੰਡ ਨੂੰ ਦੇਖਦੇ ਹੋਏ ਕੋਈ ਵੀ ਅਨੁਸੂਚਿਤ ਜਾਤੀ ਦਾ ਉਮੀਦਵਾਰ ਉਚ ਜਾਤੀ ਦੇ ਵੋਟਰਾਂ ਦੀ ਹਮਾਇਤ ਤੋਂ ਬਿਨਾਂ ਜਿੱਤ ਨਹੀਂ ਸਕਦਾ ਸੀ। ਇਸ ਤਰ੍ਹਾਂ ਕੌਮੀ ਪਾਰਟੀਆਂ ਨੇ ਦਲਿਤ ਆਗੂਆਂ ਅਤੇ ਨੁਮਾਇੰਦਿਆਂ ਉਪਰ ਕੰਟਰੋਲ ਹਾਸਲ ਕਰ ਲਿਆ। ਕਾਂਸ਼ੀ ਰਾਮ ਨੇ ਦਲੀਲ ਦਿੱਤੀ ਕਿ ਜਿਹੜੇ ਦਲਿਤ ਕੌਮੀ ਪਾਰਟੀਆਂ ਦੇ ਮੈਂਬਰ ਵਜੋਂ ਚੁਣੇ ਜਾਣ ਵਿਚ ਕਾਮਯਾਬ ਰਹੇ, ਉਹ ਆਪਣੇ ਸਾਥੀ ਦਲਿਤਾਂ ਦੀ ਨੁਮਾਇੰਦਗੀ ਨਹੀਂ ਕਰਦੇ ਸਨ ਸਗੋਂ ਉਚ ਜਾਤੀਆਂ ਦੇ ਦਲਾਲਾਂ ਅਤੇ ਪਿੱਠੂ, ਉਨ੍ਹਾਂ ਦੇ ਚਮਚਿਆਂ ਵਜੋਂ ਕੰਮ ਕਰਦੇ ਸਨ। ਉਹ ਸਿਰਫ਼ ਰਾਖਵੀਆਂ ਸੀਟਾਂ ਤੋਂ ਚੁਣੇ ਗਏ ਨੁਮਾਇੰਦਿਆਂ ਦਾ ਹੀ ਆਲੋਚਕ ਨਹੀਂ ਸੀ ਸਗੋਂ ਉਹ ਨੌਕਰਸ਼ਾਹਾਂ ਨੂੰ ਵੀ ਇਸੇ ਸ਼੍ਰੇਣੀ ਵਿਚ ਸ਼ਾਮਲ ਕਰਦੇ ਸਨ। ਇਹ ਦੇਖਦੇ ਹੋਏ ਕਿ ਰਾਜਨੀਤਕ ਪ੍ਰਬੰਧ ਵਿਚ ਦਲਿਤਾਂ ਦੀ ਕੋਈ ਪੁੱਗਤ ਨਹੀਂ ਹੈ, ਦਲਿਤ ਮੁਲਾਜ਼ਮਾਂ ਨੂੰ ਵੀ ਭੁਗਤਣਾ ਪੈਂਦਾ ਹੈ। ਇੱਥੋਂ ਤੱਕ ਕਿ ਜਦੋਂ ਉਨ੍ਹਾਂ ਨੂੰ ਚੁਣਿਆ ਜਾਂਦਾ ਹੈ ਤਾਂ ਅਨੁਸੂਚਿਤ ਜਾਤੀਆਂ ਨੂੰ ਸ਼ਾਇਦ ਹੀ ਕਦੇ ਪ੍ਰਬੰਧ ਵਿਚ ਅਥਾਰਟੀ ਦੇ ਮਹੱਤਵਪੂਰਨ ਅਹੁਦੇ ਦਿੱਤੇ ਜਾਂਦੇ ਹਨ। ਇਸ ਲਈ ਉਹ ਵੀ ਚਮਚੇ ਬਣ ਜਾਂਦੇ ਹਨ। ਚਮਚਾ ਯੁਗ ਵਿਚ ਦਲਿਤਾਂ ਦੇ ਇਕ ਵਰਗ ਦੀ ਅਜਿਹੀ ਮੌਕਾਪ੍ਰਸਤ ਲਾਮਬੰਦੀ ਪੈਦਾ ਹੁੰਦੀ ਹੈ ਜਿਸ ਨੂੰ ਕਾਂਸੀ ਰਾਮ 'ਕੁਲੀਨ ਵਰਗ ਦਾ ਅਲੱਗ-ਥਲੱਗ ਹੋਣਾ' ਕਹਿੰਦੇ ਹਨ। ***(ਚਲਦਾ)***

# ਜ਼ਬਾਨੀ ਇਤਿਹਾਸ ਦੀਆਂ ਤੰਦਾਂ ਫੜਦਿਆਂ

**ਲਹਿੰਦੇ ਪੰਜਾਬ ਦਾ ਉਘਾ ਵਿਦਵਾਨ ਡਾ. ਸਅਈਦ ਭੁੱਟਾ ਆਪਣੀ ਕਿਤਾਬ 'ਰਾਜ ਧਾਰਾ ਤੇ ਲੋਕ ਤੱਕਣੀ' ਵਿਚ ਜ਼ਬਾਨੀ ਤਾਰੀਖ (ਇਤਿਹਾਸ) ਦੇ ਸਿਧਾਂਤਕ ਚੌਖਟੇ ਅਤੇ ਇਤਿਹਾਸ ਨੂੰ ਸਪਸ਼ਟ ਕਰਨ ਬਾਅਦ ਪੰਜਾਬ ਵਿਚ ਮੌਖਿਕ ਇਤਿਹਾਸਕਾਰੀ ਦੀ ਪਰੰਪਰਾ ਉਪਰ ਤਬਸਰਾ ਕਰਦਾ ਹੈ।**

ਕਲਾ ਪਰਿਕਰਮਾ

ਡਾ. ਸਅਈਦ ਭੁੱਟਾ ਦੀ ਕਿਤਾਬ 'ਰਾਜ ਧਾਰਾ ਤੇ ਲੋਕ ਤੱਕਣੀ' ਦਾ ਸਬੰਧ ਉਹਨਾਂ ਮਹੱਤਵਪੂਰਨ ਮਸਲਿਆਂ ਨਾਲ ਹੈ ਜਿਹਨਾਂ ਬਾਰੇ ਭਾਰਤ ਵਾਲੇ ਪੰਜਾਬ ਵਿਚ ਹੁਣ ਤੱਕ ਨਾ-ਮਾਤਰ ਗੱਲਬਾਤ ਹੀ ਹੋਈ ਹੈ। ਪਹਿਲਾ ਮਸਲਾ ਕਿਤਾਬ ਵਿਚਲੇ ਉਹਨਾਂ ਇਤਿਹਾਸਕ ਪਾਤਰਾਂ ਨਾਲ ਸਬੰਧਿਤ ਹੈ ਜਿਹਨਾਂ ਬਾਰੇ ਅਸੀਂ ਜਾਂ ਤਾਂ ਗੱਲ ਕੀਤੀ ਹੀ ਨਹੀਂ ਤੇ ਜੇਕਰ ਕੀਤੀ ਹੈ ਤਾਂ ਸਾਡੇ ਸੋਚਣ ਦੇ ਢੰਗ ਨੇ ਉਹਨਾਂ ਪਾਤਰਾਂ ਨੂੰ ਪੰਜਾਬ ਦੇ ਸਨਮਾਨਯੋਗ ਨਸ਼ਾਭਰ ਪਾਤਰਾਂ ਵਜੋਂ ਪ੍ਰਵਾਨ ਹੀ ਨਹੀਂ ਕੀਤਾ। ਸਾਡੇ ਸੋਚਣ ਦੇ ਢੰਗ ਨੂੰ ਪ੍ਰਭਾਵਿਤ




ਕਰਨ ਵਾਲਿਆਂ ਦੇ ਲੁਕਵੇਂ ਮਨਸ਼ਿਆਂ ਤੇ ਰੱਛਾਂ ਦੇ ਅਸੀਂ ਕਿਵੇਂ ਸ਼ਿਕਾਰ ਹੋਏ ਹਾਂ, ਉਸ ਅਹਿਮ ਗੱਲ ਵੱਲ ਇਹ ਕਿਤਾਬ ਧਿਆਨ ਦਵਾਉਂਦੀ ਹੈ।

**ਪਰਮਜੀਤ ਸਿੰਘ ਮੀਸ਼ਾ**

ਦੂਜੀ ਮਹੱਤਵਪੂਰਨ ਗੱਲ ਲਿਖਤੀ ਇਤਿਹਾਸ ਦੇ ਸਮਾਨਾਂਤਰ ਜ਼ਬਾਨੀ ਤਾਰੀਖ਼ ਦੀ ਬੁਨਿਆਦੀ ਹੋਂਦ, ਉਸ ਦੀ ਮਹੱਤਤਾ ਅਤੇ ਸੰਭਾਵਿਤ ਸੱਚ ਦੇ ਵਧੇਰੇ ਨਜ਼ਦੀਕ ਹੋਣ ਵਾਲੀ ਤੱਥ-ਭਰਪੂਰ ਜਾਣਕਾਰੀ ਨਾਲ ਸਬੰਧਿਤ ਹੈ। ਪੰਜਾਬ ਦੀ ਲਿਖਤੀ ਤਾਰੀਖ਼ ਦੇ ਉਲਟ ਜ਼ਬਾਨੀ ਤਾਰੀਖ਼ ਨੂੰ ਸੰਭਾਲਣ ਵਾਲੇ ਵਿਭਿੰਨ ਲੋਕ ਅਦਬੀ ਰੂਪਾਂ ਨੇ ਪੰਜਾਬ ਦੇ ਬੱਜੀ ਇਤਿਹਾਸ ਦੇ ਉਲਟ ਇਤਿਹਾਸਕ ਵਰਤਾਰਿਆਂ ਨੂੰ ਕਿਸ ਰੂਪ ਵਿਚ ਸੰਭਾਲਿਆ ਅਤੇ ਵਡਿਆਈ ਦੇ ਹੱਕਦਾਰਾਂ ਨੂੰ ਕਿਵੇਂ ਆਪਣੀ ਸਿਆਣਪ ਨਾਲ ਹਮੇਸ਼ਾ ਲਈ ਅਮਰ ਕਰ ਦਿੱਤਾ, ਬਾਰੇ ਜਾਣਕਾਰੀ ਦਿੰਦੀ ਹੋਈ ਇਹ ਕਿਤਾਬ ਨਾਲੋ-ਨਾਲ ਅਤੀਤ ਵਿਚ ਪੰਜਾਬ ਦੇ ਅਸ਼ਰਾਫ਼ੀਆ ਵੱਲੋਂ ਨਿਭਾਏ ਰੋਲ ਅਤੇ ਸਥਾਪਤੀ ਨਾਲ ਸਬੰਧਿਤ ਧਿਰਾਂ ਦੇ ਕੰਧਾੜਿਆਂ 'ਤੇ ਚੜ੍ਹੇ ਅਖੌਤੀ ਬੁੱਧੀ ਜੀਵੀਆਂ ਦੇ ਚਲਿੱਤਰ ਤੋਂ ਵੀ ਸੁਚੇਤ ਰਹਿਣ ਦੀ ਗੱਲ ਕਰਦੀ ਹੈ।

ਇਤਿਹਾਸ ਨੂੰ ਲੋਕ ਅਦਬੀ ਰੂਪਾਂ ਵਿਚ ਸੰਭਾਲਣ ਵਾਲਿਆਂ ਨੇ, ਬਾਰ ਦੇ ਕਥੀ ਨੇ ਤੇ ਜ਼ਬਾਨੀ ਤਾਰੀਖ਼ ਨੂੰ ਅਗਲੇਰੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਵਾਲਿਆਂ ਨੇ ਤਾਂ ਆਪਣੀ ਜ਼ਿੰਮੇਵਾਰੀ ਨਿਭਾਅ ਦਿੱਤੀ ਹੈ, ਹੁਣ ਇਹ ਕਿਤਾਬ ਸਾਡੇ 'ਤੇ ਜ਼ਿੰਮੇਵਾਰੀ ਆਇਦ ਕਰਦੀ ਹੈ ਕਿ ਅਸੀਂ ਪ੍ਰਚਾਰੇ ਬੱਜੀ ਇਤਿਹਾਸ ਅਤੇ ਅਸਲ ਇਤਿਹਾਸ ਨੂੰ ਖੰਗਾਲ ਕੇ ਨਿਤਾਰਾ ਕਰੀਏ ਕਿ ਕੌਣ ਕਿਸ ਗੱਲ ਦਾ ਹੱਕਦਾਰ ਹੈ।

ਤੀਜੀ ਧਿਆਨ ਦੇਣ ਯੋਗ ਗੱਲ ਜਿਸ ਨੇ ਮੈਨੂੰ ਇਹ ਕਿਤਾਬ ਸ਼ਾਹਮੁਖੀ ਤੋਂ ਗੁਰਮੁਖੀ ਰਸਮੁਲਖ਼ਤ ਵਿਚ ਤਬਦੀਲ ਕਰਨ ਲਈ ਪ੍ਰੇਰਿਆ, ਉਹ ਇਸ ਵਿਚਲੀ 'ਬਾਰ' ਦੀ ਬੋਲਚਾਲ ਵਾਲੀ ਸ਼ਬਦਾਵਲੀ ਨਾਲ ਸਬੰਧਿਤ ਹੈ।





ਡਾ. ਸਅਈਦ ਭੁੱਟਾ ਦੀ ਕਿਤਾਬ 'ਰਾਜ ਧਾਰਾ ਤੇ ਲੋਕ ਤੱਕਣੀ'।



ਡਾ. ਸਅਈਦ ਭੁੱਟਾ

ਪਾਕਿਸਤਾਨੀ ਪੰਜਾਬੀ ਸਾਹਿਤ ਦੇ ਲਿਪੀ ਵਟਾਂਦਰੇ ਸਮੇਂ ਮੈਂ ਪਹਿਲਾਂ ਵੀ ਸੁਚੇਤ ਤੌਰ 'ਤੇ ਇਹ ਕੋਸ਼ਿਸ਼ ਕਰਦਾ ਰਿਹਾ ਹਾਂ ਤੇ ਹੁਣ ਵੀ ਮੈਂ ਪੰਜਾਬੀ ਭਾਸ਼ਾ ਦੇ 'ਬਾਰ' ਵਾਲੇ ਉਪ ਭਾਸ਼ਾਈ ਸਰੂਪ ਨੂੰ ਉਹਦੇ ਅਸਲ ਰੂਪ ਵਿਚ ਹੀ ਪੇਸ਼ ਕਰਨ ਨੂੰ ਤਰਜੀਹ ਦਿੱਤੀ ਹੈ। ਹੋ ਸਕਦਾ ਹੈ ਕਿ ਪੰਜਾਬੀ ਸ਼ਬਦ-ਜੋੜ ਦੇ ਟਕਸਾਲੀ ਸਰੂਪ ਨੂੰ ਪਿਆਰ ਕਰਨ ਵਾਲਿਆਂ ਨੂੰ ਇਹ ਸ਼ਬਦ-ਜੋੜ ਅਪ੍ਰਵਾਨ ਹੋਣ ਪਰ ਮੈਨੂੰ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਦੇ ਵਿਭਿੰਨ ਉਪ ਭਾਸ਼ਾਈ ਸਰੂਪਾਂ ਨੂੰ ਸੰਭਾਲਣ ਦੀ ਇਸ ਸਮੇਂ ਪਹਿਲਾਂ ਨਾਲੋਂ ਵਧੇਰੇ ਲੋੜ ਹੈ ਕਿਉਂਕਿ ਤੇਜ਼ੀ ਨਾਲ ਬਦਲ ਰਹੀ ਜੀਵਨ ਜਾਚ ਕਾਰਨ ਬਹੁਤ ਸਾਰੇ ਸ਼ਬਦ ਪਹਿਲਾਂ ਤੋਂ ਹੀ ਮਰਨ ਦੇ ਰਾਹ 'ਤੇ ਪੈ ਚੁੱਕੇ ਹਨ। ਜਿਵੇਂ ਡੋਗਰੀ ਪੰਜਾਬੀ ਤੋਂ ਅਸੀਂ ਲਗਭਗ ਟੁੱਟ ਚੁੱਕੇ ਹਾਂ ਤੇ ਸਰਹੱਦੋਂ ਪਾਰਲੇ ਪੰਜਾਬੀ ਦੇ ਵਿਭਿੰਨ ਉਪ ਭਾਸ਼ਾਈ ਸਰੂਪਾਂ ਤੋਂ ਅਨਜਾਣ ਰਹਿ ਕੇ ਅਸੀਂ ਕਿਵੇਂ ਪੰਜਾਬੀ ਮਾਂ ਬੋਲੀ ਦੀ ਕਦੀਮੀ ਵਿਰਾਸਤ ਨੂੰ ਸੰਭਾਲ ਸਕਾਂਗੇ। ਇਸ ਲਈ 'ਬਾਰ' ਦੀ ਸ਼ਬਦਾਵਲੀ ਦੇ ਕੁਝ ਮੌਲਿਕ ਸ਼ਬਦਾਂ ਨੂੰ ਮੈਂ ਅਰਥਾਵਲੀ 'ਚ ਜਗ੍ਹਾ ਦਿੱਤੀ ਹੈ ਅਤੇ ਉਚਾਰਣ ਪੱਖੋਂ ਥੋੜ੍ਹਾ ਵਖਰੇਵਾਂ ਰੱਖਣ ਵਾਲੇ ਮਿਠਾਸ ਭਰੇ ਸ਼ਬਦਾਂ ਨੂੰ ਸਪੱਸ਼ਟ ਕਰਨ ਲਈ ਸ਼ਬਦ ਦੀ ਪਹਿਲੀ ਵਰਤੋਂ ਦੇ ਨਾਲ ਹੀ ਬਰੈਕਟ ਵਿਚ ਉਸ ਦੇ ਅਰਥ ਜਾਂ ਟਕਸਾਲੀ ਸ਼ਬਦ-ਜੋੜ ਅੰਕਿਤ ਕਰ ਦਿੱਤੇ ਹਨ। ਡਾ. ਸਅਈਦ ਭੁੱਟਾ ਤੁਰਾਬੀਅਨ ਖੋਜ ਢੰਗ ਨੂੰ ਆਪਣੀ ਖੋਜ ਵਿਚ ਵਰਤਦੇ ਹਨ। ਮੈਂ ਵੀ ਉਹਨਾਂ ਦੇ ਢੰਗ ਨੂੰ ਹੀ ਹਵਾਲਿਆਂ ਅਤੇ ਅਰਥਾਵਲੀ ਵਿਚ ਸਗਵਾਂ ਕਾਇਮ ਰੱਖਿਆ ਹੈ।

ਇਸ ਕਿਤਾਬ ਦੇ ਰਚਨਹਾਰੇ ਡਾ. ਸਅਈਦ ਭੁੱਟਾ ਲੋਕ ਅਦਬ ਅਤੇ ਜ਼ਬਾਨੀ ਤਾਰੀਖ਼ ਦੇ ਖੇਤਰ ਵਿਚ ਲੰਬੇ ਅਰਸੇ ਤੋਂ ਸੰਜੀਦਾ ਕੰਮ ਕਰ ਰਹੇ ਹਨ। ਮਰਹੂਮ ਪੰਜਾਬੀ ਕਹਾਣੀਕਾਰ ਤਲਵਿੰਦਰ ਸਿੰਘ ਹੋਰਾਂ ਕੋਲੋਂ ਮੈਨੂੰ ਹਾਸਲ ਹੋਈ ਡਾ. ਭੁੱਟਾ ਦੀ ਕਿਤਾਬ 'ਕਮਾਲ ਕਹਾਣੀ' ਵਿਚਲੀ ਪੰਜਾਬੀ ਪੁਰਖਿਆਂ ਦੀ ਸਿਆਣਪ ਨੇ ਉਦੋਂ ਮੈਨੂੰ ਏਨਾ ਪ੍ਰਭਾਵਿਤ ਕੀਤਾ ਕਿ ਮੈਂ ਉਸ ਕਿਤਾਬ ਨੂੰ ਗੁਰਮੁਖੀ ਲਿਪੀ ਵਿਚ ਉਲਥਾਉਣ ਦੀ ਪ੍ਰਵਾਨਗੀ, ਸਿੱਧੇ/ਅਸਿੱਧੇ ਰੂਪ ਵਿਚ ਭੁੱਟਾ ਸਾਹਿਬ ਤੋਂ ਲੈਣ ਲਈ ਉਪਰਾਲੇ ਕਰਨ ਲੱਗਾ ਪਰ ਸਰਹੱਦ ਦੇ ਇਧਰਲੇ ਪਾਸੇ ਉਧਰਲੇ ਪੰਜਾਬ ਦੀ ਬੋਲੀ ਦੇ ਹੋਏ ਲਿਪੀਅੰਤਰਾਂ ਤੋਂ ਅਸੰਤੁਸ਼ਟ ਹੋਣ ਕਾਰਨ ਉਹਨਾਂ ਅਸਹਿਮਤੀ ਪ੍ਰਗਟਾ ਦਿੱਤੀ। ਸਮਾਂ ਗੁਜ਼ਰਦਾ ਰਿਹਾ ਤੇ ਮੇਰਾ ਲਿਪੀ ਵਟਾਂਦਰੇ ਦਾ ਕਾਰਜ ਚੱਲਦਾ ਰਿਹਾ। ਚਮਤਕਾਰ ਉਦੋਂ ਹੋਇਆ ਜਦੋਂ ਬਹੁਤ ਹੀ ਸਤਿਕਾਰਤ ਡਾ. ਸੁਖਦੇਵ ਸਿੰਘ ਸਿਰਸਾ ਹੋਰਾਂ ਮੈਨੂੰ ਹੱਥਲੀ ਕਿਤਾਬ ਭੇਜੀ ਅਤੇ ਇਸ ਕਿਤਾਬ ਦੀ ਅਹਿਮੀਅਤ ਬਾਰੇ ਦੱਸਿਆ। ਅੰਨ੍ਹਾ ਕੀ ਭਾਲੇ, ਦੋ ਅੱਖੀਆਂ ਵਾਲੀ ਗੱਲ ਵਾਪਰੀ। ਡਾ. ਸਅਈਦ ਭੁੱਟਾ ਜੀ ਦਾ ਅਤੇ ਮੇਰਾ ਸ਼ਬਦਾਂ ਦੀ ਉਪ ਭਾਸ਼ਾਈ ਮੌਲਿਕਤਾ ਨੂੰ ਹੂਬਹੂ ਰੱਖਣ ਵਾਲਾ ਭਾਵੁਕਤਾ ਭਰਿਆ ਪਿਆਰ ਹੁਣ ਇਸ ਕਿਤਾਬ ਦੇ ਰੂਪ ਵਿਚ ਇਧਰਲੇ ਪੰਜਾਬੀ ਪਾਠਕਾਂ ਦੇ ਰੂਬਰੂ ਹੈ।

ਮੈਨੂੰ ਵਿਸ਼ਵਾਸ ਹੈ ਕਿ ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਦਿਲੋਂ ਪਿਆਰ ਕਰਨ ਵਾਲੇ ਇਸ ਕਿਤਾਬ ਵਿਚਲੀ ਜਾਣਕਾਰੀ ਨੂੰ ਅਗਲੇਰੀ ਖੋਜ ਲਈ ਜ਼ਰੂਰ ਗੰਭੀਰਤਾ ਨਾਲ ਵਰਤਣਗੇ।

## ਮੀਡੀਆ ਦੀ ਸੱਟ ਹੇਠ ਨਵੀਂ ਪੀੜ੍ਹੀ

*ਅਸਾਡੀਆਂ ਅਜੋਕੀਆਂ ਪੀੜ੍ਹੀਆਂ ਮੀਡੀਏ ਦੀ ਸੱਟ ਹੇਠ ਹੈਨ। ਟੈਕਨਾਲੋਜੀ ਦਾ ਹੜ੍ਹ ਅਸਾਡੇ ਵਸੇਬ ਨੂੰ ਨਾਲ ਰੁੜ੍ਹਾ ਕੇ ਲਈ ਵੈਂਦਾ ਹੈ। ਹਰ ਪਾਸੇ ਜਗਿਆਈ (ਗਲੋਬਲਾਈਜੇਸ਼ਨ) ਦਾ ਚਰਚਾ ਹੋ ਰਿਹਾ ਹੈ। ਯੂਰਪ ਅਤੇ ਅਮਰੀਕਾ ਦੇ ਵਸੇਬ ਅਸਾਡੀ ਹੋਂਦ ਨੂੰ ਜੜ੍ਹੋਂ ਪੈ (ਪਏ) ਪੁਟੇਂਦੇ ਹਨ। ਜੇ ਅਸੀਂ ਅੱਜ ਵੀ ਪੁਰਾਣੀਆਂ ਪੀੜ੍ਹੀਆਂ ਦੇ ਚੇਤੇ ਵਿਚੋਂ ਵਸੇਬ ਤੇ ਤਾਰੀਖ਼ ਦੇ ਨਕਸ਼ ਮਹਿਫ਼ੂਜ਼ ਕਰ ਲਈਏ ਤਾਂ ਹੋ ਸਕਦਾ ਹੈ ਕਿ ਸਾਡੇ ਵਸੇਬ ਵਿਚ ਹੋਰ ਜਾਨ ਪੈ ਜਾਵੇ ਤੇ ਅਸੀਂ ਏਸ ਹੜ੍ਹ ਨੂੰ ਠੱਲ੍ਹਣ ਜੋਗੇ ਹੋ ਵੰਜੀਏ।...*

*... ਜੰਗ ਆਜ਼ਾਦੀ 1857 ਵਾਲੀ ਤਾਰੀਖ਼ ਗੋਰੇ ਦੀ ਮਰਜ਼ੀ ਦੀ ਵੇਤਰ ਹੈ। ਓਹਨੇ ਪੰਜਾਬ ਦਾ ਓਹੋ ਮੁਹਾਂਦਰਾ ਦਿਖਾਇਆ ਹੈ ਜਿਹੜਾ ਓਹਨੂੰ ਵਾਰਾ ਖਾਂਦਾ ਹਾਂ। ਏਹਦੀ ਮੂਰਤ ਅਸਲ ਵਿਚ ਕੀਹ ਹਾ, ਏਧਰੋਂ ਓਹ ਚਤਰਾਈ ਨਾਲ ਮੂੰਹ ਮੋੜ ਲੈਂਦਾ ਹੈ। ਓਹਦੀ ਲਿਖਤ ਆਪਣੇ ਲਾਭਾਂ ਨੂੰ ਈ ਮੁੱਖ ਰੱਖਦੀ ਹੈ। ਏਹਨਾਂ ਲਾਭਾਂ ਦੀ ਤਹਿ ਵਿਚ ਦੀ ਤਾਂ ਅਸਾਡੀ ਸੰਜਾਪ ਦਾ ਸਵਾਲ ਹੈ ਜੀਹਨੂੰ ਓਸ ਬੱਜੀ ਕਰ ਦਿਖਾਇਆ ਹੈ।*

*1857 ਦੀ ਜੰਗ ਆਜ਼ਾਦੀ ਮਗਰੋਂ ਗੋਰੇ ਖੋਜੀਆਂ ਦੀ ਖੋਜ ਦਾ ਮੁਹਾੜ ਈ ਬਦਲ ਗਿਆ। ਹੁਣ ਰੱਈਅਤ ਦੀ ਧੌਣ 'ਤੇ ਗੋਡਾ ਰੱਖਣ ਦੇ ਗੁਰਾਂ ਨੂੰ ਮੁੱਖ ਰੱਖਿਆ ਗਿਆ। ਏਸ ਜ਼ਿਮਨ ਵਿਚ ਮਰਦਮਸ਼ੁਮਾਰੀ ਦੀਆਂ ਰਿਪੋਰਟਾਂ ਤੇ ਲੋਕ ਅਦਬ ਦੀ ਖੋਜ ਦੇ ਨਵੇਂ ਪੱਖ ਉਚੇਚੇ ਤੌਰ 'ਤੇ ਗਹੁ ਗੋਚਰੇ ਹਿਨ। ਮਰਦਮਸ਼ੁਮਾਰੀ ਦੀਆਂ ਰਿਪੋਰਟਾਂ ਵਿਚ ਧਰਮ ਦਾ ਖ਼ਾਨਾ ਵੀ ਸ਼ਾਮਿਲ ਕੀਤਾ ਗਿਆ। ਬਰੇ ਅਜ਼ੀਮ ਜਿਹੜਾ ਬਹੁ ਪੱਖੀ ਵਸੇਬਾਂ ਤੇ ਧਰਮਾਂ ਦਾ ਖਿੱਤਾ ਹਾ, ਏਥੇ ਆਪਸ ਵਿੱਚ ਲੜਾਵਨ ਦਾ ਬੀਜ ਬੀਜਿਆ ਗਿਆ। ਕਬਾਇਲੀ ਸੂਝ ਨੂੰ ਜਾਤਾਂ ਦਾ ਤੜਕਾ ਲਾ ਕੇ ਇਹ ਸਿੱਟਾ ਕੱਢਿਆ ਗਿਆ ਕਿ ਹਿੰਦੋਸਤਾਨੀ ਕਾਈ ਕੌਮ ਨਹੀਂ। ਏਸ ਖੋਜ ਦੇ ਟੀਚੇ ਸਿਆਸੀ ਹਾਏਨ ਕਿ ਲੋਕਾਈ ਦੇ ਅਹਿਸਾਸਾਂ ਤੀਕਰ ਪੁੱਜ ਕੇ ਉਨ੍ਹਾਂ ਨੂੰ ਡੰਡੇ ਹੇਠ ਕੀਵੇਂ ਲਿਆਵਨਾ ਹੈ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਅਗਸਤ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-652



*'ਗੋਲਡਨ ਈਗਲ' ਇੱਕ ਕੌਮੀ ਪੰਛੀ, ਉਹ ਵਿਚ ਅਮਰੀਕਾ ਕਹਾਵੇ,*
*ਉਂਝ ਤਾਂ ਨਜ਼ਰ ਇਹ ਘੱਟ ਹੀ ਆਵੇ, ਆਲ੍ਹਣਾ ਨਦੀ ਕਿਨਾਰੇ ਪਾਵੇ।*
*ਕਦੇ ਕਦੇ ਵਸੋਂ ਵਿਚ ਵੀ ਆਣ ਝਪਟੇ, ਜੇ ਸ਼ਿਕਾਰ ਕਿਤੇ ਦਿਸ ਜਾਵੇ,*
*ਅਮਰੀਕਨ ਪਾਸਪੋਰਟ ਹਰ ਸਫ਼ੇ 'ਤੇ, ਇਹ ਫ਼ੋਟੋ ਆਪਣੀ ਚਿਪਕਾਵੇ।*

### ਕੈਪਸ਼ਨ ਮੁਕਾਬਲਾ-650



ਲਗਦੈ ਸੋਕਾ ਪਿਆ ਚੁਫ਼ੇਰੇ
ਤਪਸ ਨੇ ਲਗਰਾਂ ਸਾੜਤੀਆਂ।
ਸਦਕੇ ਜਾਈਏ ਕਲਾਕਾਰ ਦੇ
ਬ੍ਰਿਖ 'ਤੇ ਬੱਕਰੀਆਂ ਚਾੜ੍ਹਤੀਆਂ।
**-ਜਗਮੀਤ ਸਿੰਘ ਪੰਧੇਰ**

---

ਚਾਰ ਕੇ ਚਰਾਂਦਾਂ, ਇੱਜੜ ਤਾਈਂ,
ਹੇਠ ਦਰੱਖਤਾਂ ਡੇਰਾ ਲਾਇਆ।
ਰੱਜੀ ਬੱਕਰੀ ਦੀ ਨੀਅਤ ਨ੍ਹੀ ਭਰਦੀ,
ਲਗਰਾਂ ਵੇਖ ਕੇ ਮਨ ਲਲਚਾਇਆ।
ਮਾਰ ਦੁੜੰਗੇ ਉੱਪਰ ਚੜ੍ਹ ਗਈਆਂ,
ਪੱਤਾ ਪੱਤਾ ਖਾ ਮੁਕਾਇਆ।
ਹੇਠਾਂ ਉਤਰਨ ਦਾ ਨਾਂਅ ਨ੍ਹੀ ਲੈਂਦੀਆਂ,
ਆਜੜੀ ਜੋਰ ਬਥੇਰਾ ਲਾਇਆ।
**-ਗੁਰਦੇਵ ਸਿੰਘ ਢਪਾਲੀ**
**ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।**
**ਫੋਨ: 94176-49275**

---

ਆਈ ਔੜ ਪਿਆ ਸੋਕਾ
ਖੁਸ਼ਕ ਧਰਤੀ ਹੋਈ
ਹੈਰਾਨੀ ਜੰਗਲ ਦੀ ਵਾਂਗ ਪੱਥਰ ਹੋਏ
ਮੱਝਾਂ, ਗਾਵਾਂ, ਹਰ ਪਸ਼ੂ ਪੰਛੀ
ਤਰਸ ਗਏ ਹਰੇ ਨੂੰ
ਲਵੇਰਾ ਸੌਖਾ ਨਹੀਂ ਮਿਲੇ ਨਾ ਜੇ ਕੁਝ ਚਾਰਾ
ਕੁੰਡ ਤਾਂ ਕੀਤੀ ਜਾ ਸਕਦੀ
ਮਿਲ ਜਾਵਣ ਖਲ ਵੜੇਵੇਂ
ਨਹੀਂ ਤਾਂ ਦੇਖਦੇ ਰਹੋ
ਕੁਦਰਤ ਵੱਲ
ਕਦ ਆਉਂਦੀ ਵਾਛੜ ਮੀਂਹ ਦੀ
ਰੱਖਾ ਸੁੱਕਾ, ਖਾ ਪੀ ਕੇ ਹੀ ਕਰ ਜੁਗਾਲੀ
ਕੁਝ ਦੁੱਧ ਹਾਸਲ ਹੁੰਦਾ।
**-ਦਰਸ਼ਨ ਪਾਲ ਦੋਸਾਂਝ**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਅਕਾਲੀ ਸਰਕਾਰ ਵੱਲੋਂ ਖ਼ੂਨ ਦਾ ਪਿਆਲਾ ਸਵੀਕਾਰ ਕਰਨ ਦੀ ਮੁਆਫੀ ਕੀ ਹੋਵੇ?

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 647-685-5997

ਅਕਾਲੀ ਦਲ ਦੇ ਮੌਜੂਦਾ ਸੰਕਟ ਦਾ ਕਾਰਨ ਇਖ਼ਲਾਕੀ ਅਤੇ ਰਾਜਨੀਤਕ ਹੈ। ਪਰ ਛਟਪਟਾਹਟ ਕੇਵਲ ਸੱਤਾ ਦੀ ਮੁੜ ਪ੍ਰਾਪਤੀ ਲਈ ਹੈ। ਜੇਕਰ ਸੱਤਾ ਦਾ ਸੋਕਾ ਨਾ ਪਿਆ ਹੁੰਦਾ ਤਾਂ ਸਭ ਕੁੱਝ ਠੀਕ-ਠਾਕ ਚੱਲੀ ਜਾਣਾ ਸੀ। ਕਿਉਂਕਿ ਅਕਾਲੀ ਰਾਜਕੁਮਾਰਾਂ ਦਾ ਕਿਸੇ ਸਿਧਾਂਤਕ ਰਾਜਨੀਤੀ ਜਾਂ ਨੈਤਿਕਤਾ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਲਈ ਰਾਜਨੀਤੀ ਵਪਾਰ ਹੈ। ਸੱਤਾ ਦਾ ਸੁਖ ਉਨ੍ਹਾਂ ਨੂੰ ਪਾਰਟੀ ਨਾਲ ਜੋੜੀ ਬੈਠਾ ਰਿਹਾ, ਹੁਣ ਸੱਤਾ ਮੁੜ ਹੱਥ ਆਉਂਦੀ ਨਜ਼ਰ ਨਾ ਆਉਣ ਕਾਰਨ ਆਲ ਪਾਤਾਲ ਦੀਆਂ ਮਾਰ ਰਹੇ ਹਨ। ਗ਼ਲਤੀਆਂ ਮੰਨਣ ਦਾ ਨਾਟਕ ਕਰ ਕੇ ਚੁਸਤੀ ਨਾਲ ਮੁੜ ਵੋਟਾਂ ਪੱਕੀਆਂ ਕਰਨ ਦੀ ਸੋਚ ਰਹੇ ਹਨ। ਲੋਕ ਸਭ ਚਲਾਕੀਆਂ ਨੂੰ ਇੱਕੋ ਸਵਾਲ ਨਾਲ ਹੀ ਨੰਗਾ ਕਰ ਦਿੰਦੇ ਹਨ ਕਿ ਜਦ ਗ਼ਲਤੀਆਂ ਵਿਚ ਤੁਸੀਂ ਭਾਈਵਾਲ ਸੀ ਤਾਂ ਉਦੋਂ ਕਿਉਂ ਨਾ ਬੋਲੇ? ਹੁਣ ਵੀ ਗ਼ਲਤੀਆਂ ਦਾ ਵੇਰਵਾ ਦੇਣ ਦੀ ਬਜਾਇ ਗੋਲ ਮੋਲ ਗੱਲਾਂ ਕਰ ਰਹੇ ਹਨ।

ਇਹ ਅਕਾਲੀ ਰਾਜਕੁਮਾਰ ਇੱਕ ਤਾਂ ਕਾਂਗਰਸ ਤੋਂ ਬਾਅਦ ਆਪਣੀ ਵਾਰੀ ਦੀ ਝਾਕ ਲਾਈ ਬੈਠੇ ਸਨ ਅਤੇ ਦੂਸਰਾ ਇਨ੍ਹਾਂ ਦੀ ਸੋਚ ਸੀ ਕਿ ਸਮਾਂ ਲੰਘ ਜਾਣ 'ਤੇ ਲੋਕ ਭੁੱਲ ਭੁਲਾ ਜਾਂਦੇ ਹਨ। ਪਰ ਇਹ ਦੋਵੇਂ ਗੱਲਾਂ ਨਹੀਂ ਵਾਪਰੀਆਂ। ਕਾਂਗਰਸ ਤੋਂ ਬਾਅਦ ਆਮ ਆਦਮੀ ਪਾਰਟੀ ਆ ਗਈ ਅਤੇ ਲੋਕਾਂ ਨੇ ਬੇਅਦਬੀ ਵਾਲੇ ਮੁੱਦੇ ਨਾਲ ਜੁੜੇ ਸਾਰੇ ਘਟਨਾਕ੍ਰਮ ਨੂੰ ਭੁਲਾਉਣ ਤੋਂ ਨਾਂਹ ਕਰ ਦਿੱਤੀ। ਅਕਾਲੀਆਂ ਦੀਆਂ ਚਲਾਕੀਆਂ ਨੇ ਉਨ੍ਹਾਂ ਨੂੰ ਦੋਸ਼ੀਆਂ ਦੇ ਕਟਹਿਰੇ 'ਚ ਲਿਆ ਖੜ੍ਹਾ ਕੀਤਾ। ਜਿਸ ਨੂੰ ਉਹ ਹੁਣ ਜਾਣੇ ਅਣਜਾਣੇ ਵਿਚ ਹੋਈਆਂ ਭੁੱਲਾਂ ਕਹਿ ਕੇ ਮਾਫੀ ਮੰਗਣ ਦੇ ਖੇਖਣ ਕਰ ਰਹੇ ਹਨ।

ਜਦ ਅਕਾਲੀ ਸੱਤਾ ਵਿਚ ਮਦਹੋਸ਼ ਸਨ ਤਾਂ ਇਨ੍ਹਾਂ ਦੀ ਹਾਲਤ, "ਰੱਜੇ ਜੱਟ ਜਾਣਦੇ ਕਿਸੇ ਤਾਈਂ, ਤੁਸੀਂ ਆਪਣੀ ਕਦਰ ਪਛਾਣਿਆ ਜੇ", ਵਰਗੀ ਸੀ। ਇਨ੍ਹਾਂ ਨੂੰ ਖ਼ੂਨ ਪੀਣੀ ਸਰਕਾਰ ਦੇ ਲੱਗਣ ਵਾਲੇ ਧੱਬੇ ਤੋਂ ਵੀ ਕੋਈ ਡਰ ਨਾ ਆਇਆ। ਹੋਇਆ ਇੰਜ ਕਿ 25 ਅਕਤੂਬਰ 2015 ਨੂੰ ਬਰਗਾੜੀ ਵਿਖੇ ਪੰਥਕ ਕਾਨਫਰੰਸ ਦੇ ਫੈਸਲੇ ਅਨੁਸਾਰ ਸਿੱਖ ਪ੍ਰਚਾਰਕਾਂ ਨੇ 30 ਅਕਤੂਬਰ ਨੂੰ ਫਤਿਹਗੜ੍ਹ ਸਾਹਿਬ ਤੋਂ ਮਾਰਚ ਕਰ ਕੇ ਚੰਡੀਗੜ੍ਹ ਜਾ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣਾ ਸੀ ਪਰ ਉਨ੍ਹਾਂ ਨੂੰ ਚੰਡੀਗੜ੍ਹ ਤੋਂ ਬਾਹਰ ਹੀ ਰੋਕ ਲਿਆ ਗਿਆ। ਯਾਦ ਰਹੇ, ਉਦੋਂ ਤੱਕ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਬੀੜ ਚੋਰੀ ਹੋ ਚੁੱਕੀ ਸੀ, ਬਰਗਾੜੀ ਦੀਆਂ ਗਲੀਆਂ ਵਿਚ ਗ੍ਰੰਥ ਸਾਹਿਬ ਦੇ ਪੱਤਰੇ ਖਿਲਾਰੇ ਜਾ ਚੁੱਕੇ ਸਨ, ਕੋਟਕਪੂਰੇ ਅਤੇ ਬਹਿਬਲ ਕਲਾਂ ਗੋਲੀ ਚੱਲ ਚੁੱਕੀ ਸੀ, ਗੋਲੀ ਕਾਂਡ ਵਿਚ ਦੋ ਆਦਮੀ ਮਾਰੇ ਜਾ ਚੁੱਕੇ ਸਨ, ਕਈ ਜ਼ਖ਼ਮੀ ਹੋ ਚੁੱਕੇ ਸਨ, ਬੇਅਦਬੀਆਂ ਦੇ ਕੇਸ ਸਿੱਖਾਂ ਸਿਰ ਮੜ੍ਹ ਦੇਣ ਦੀ ਸਾਜ਼ਿਸ਼ ਘੜੀ ਜਾ ਚੁੱਕੀ ਸੀ, ਬੇਅਦਬੀਆਂ ਖ਼ਿਲਾਫ ਰੋਸ ਪ੍ਰਗਟ ਕਰਨ ਵਾਲੇ ਸਿੱਖ ਫੜ ਕੇ ਤਸੀਹਾ ਕੇਂਦਰਾਂ ਵਿਚ ਲਿਜਾਏ ਜਾ ਚੁੱਕੇ ਸਨ ਅਤੇ ਪੁਲਿਸ ਵੱਲੋਂ ਅਕਾਲੀ ਵਕੀਲ ਦੀ ਬਾਰਾਂ ਬੋਰ ਰਾਈਫਲ ਨਾਲ ਆਪਣੀ ਜਿਪਸੀ 'ਤੇ ਆਪ ਹੀ ਫਾਇਰਿੰਗ ਕਰ ਕੇ ਪੁਲਿਸ 'ਤੇ ਹਮਲੇ ਦੀ ਝੂਠੀ ਕਹਾਣੀ ਘੜੀ ਜਾ ਚੁੱਕੀ ਸੀ।

ਸਿੱਖ ਪ੍ਰਚਾਰਕਾਂ ਨੇ ਗੋਲੀ ਚਲਾਉਣ ਵਾਲਿਆਂ ਖ਼ਿਲਾਫ ਕਾਰਵਾਈ, ਬੇਅਦਬੀ ਕਰਨ ਵਾਲਿਆਂ ਨੂੰ ਫੜਨ ਅਤੇ ਬੇਅਦਬੀ ਕੇਸ ਵਿਚ ਝੂਠੇ ਫਸਾਏ ਗਏ ਸਿੱਖਾਂ ਨੂੰ ਛੱਡੇ ਜਾਣ ਦੀਆਂ ਮੰਗਾਂ ਨੂੰ ਲੈ ਕੇ ਫਤਿਹਗੜ੍ਹ ਸਾਹਿਬ ਤੋਂ ਚੰਡੀਗੜ੍ਹ ਵੱਲ ਚਾਲੇ ਪਾਏ। ਪੁਲਿਸ ਨੇ ਚੰਡੀਗੜ੍ਹ ਦੇ ਬਾਰਡਰ 'ਤੇ ਮਾਰਚ ਨੂੰ ਰੋਕ ਲਿਆ ਅਤੇ ਪ੍ਰਚਾਰਕਾਂ ਨੇ ਸੰਗਤ ਸਮੇਤ ਉੱਥੇ ਹੀ ਧਰਨਾ ਲਾ ਦਿੱਤਾ। ਮੁੱਖ ਮੰਤਰੀ ਨੇ ਮਿਲਣੋਂ ਨਾਂਹ ਕਰ ਦਿੱਤੀ ਅਕਾਲੀ ਮੰਤਰੀਆਂ ਨੇ ਵਿਚੋਲਗੀ ਕਰਨ ਦੀ ਕੋਸ਼ਿਸ਼ ਕੀਤੀ ਪਰ ਗੱਲ ਕਿਸੇ ਤਣ ਪੱਤਣ ਨਾ ਲੱਗੀ। ਅਖੀਰ ਰਾਤ ਨੂੰ ਪੁਲਿਸ ਨੇ ਧਰਨਾ ਚੁੱਕਣ ਦੀ ਹਦਾਇਤ ਕੀਤੀ ਤਾਂ ਸਿੱਖ ਪ੍ਰਚਾਰਕਾਂ ਨੇ ਆਪਣੇ ਪਹਿਲੋਂ ਕੀਤੇ ਐਲਾਨ ਮੁਤਾਬਕ ਸਰਕਾਰ ਨੂੰ ਆਪਣੇ ਖ਼ੂਨ ਦਾ ਪਿਆਲਾ ਭੇਜਣ ਦੀ ਗੱਲ ਅਧਿਕਾਰੀਆਂ ਨੂੰ ਦੱਸੀ। ਯਾਦ ਰਹੇ, ਪ੍ਰਚਾਰਕਾਂ ਨੇ ਇਹ ਕਿਹਾ ਸੀ ਕਿ ਜੇਕਰ ਸਰਕਾਰ ਗੱਲ ਨਹੀਂ ਸੁਣਦੀ ਤਾਂ ਅਸੀਂ ਸਰਕਾਰ ਨੂੰ ਖ਼ੂਨ ਦਾ ਪਿਆਲਾ ਪੇਸ਼ ਕਰਾਂਗੇ ਤਾਂ ਜੋ ਉਹ ਸਿੱਖਾਂ ਦਾ ਖ਼ੂਨ ਪੀ ਕੇ ਆਪਣੀ ਪਿਆਸ ਬੁਝਾ ਲਵੇ। ਸਰਕਾਰ ਦੇ ਵਿਚੋਲਿਆਂ ਗੱਲਬਾਤ ਜਾਰੀ ਰੱਖੀ ਅਤੇ ਅੰਤ ਧਰਨਾ ਉਠਾਉਣ ਲਈ ਸਿੱਖ ਪ੍ਰਚਾਰਕਾਂ ਵੱਲੋਂ ਪੇਸ਼ ਕੀਤਾ ਖ਼ੂਨ ਦਾ ਪਿਆਲਾ ਪ੍ਰਵਾਨ ਕਰ ਕੇ 'ਖ਼ੂਨ ਪੀਣੀ ਸਰਕਾਰ' ਦਾ ਧੱਬਾ ਲਵਾ ਲਿਆ। ਅਧਿਕਾਰੀਆਂ ਵੱਲੋਂ ਪਰਵਾਨ ਕੀਤੇ ਖ਼ੂਨ ਦੇ ਪਿਆਲੇ ਦਾ ਸਰਕਾਰ ਨੇ ਕੀ ਕੀਤਾ; ਇਸਦਾ ਤਾਂ ਕੋਈ ਪਤਾ ਨਹੀਂ ਪਰ ਇਹ ਖ਼ੂਨ ਦਾ ਪਿਆਲਾ ਅਕਾਲੀ ਸਰਕਾਰ ਅਤੇ ਬਾਦਲਾਂ ਦੇ ਜੜ੍ਹੀਂ ਲਹਿ ਗਿਆ। ਸੱਤਾ ਦੇ ਨਸ਼ੇ ਵਿਚ ਬਾਦਲਾਂ ਨੂੰ ਇਹ ਪਤਾ ਹੀ ਨਾ ਲੱਗਾ ਕਿ ਰੋਸ ਕਰ ਰਹੀ ਜਨਤਾ ਕੋਲੋਂ ਖ਼ੂਨ ਦਾ ਪਿਆਲਾ ਪ੍ਰਵਾਨ ਕਰਨ ਦੇ ਸੰਭਿਅਕ ਅਰਥ ਕੀ ਹਨ। ਯਾਦ ਰਹੇ ਖ਼ੂਨ ਦਾ ਪਿਆਲਾ ਪ੍ਰਵਾਨ ਕਰਨ ਵੇਲੇ ਹੁਣ ਦੇ ਬਾਗੀ ਚੰਦੂਮਾਜਰਾ ਅਤੇ ਢੀਂਡਸਾ ਵੀ ਵਿਚੋਲਗੀ ਕਰ ਰਹੇ ਸਨ। ਸੋ, ਜਿੱਥੇ ਹੋਰ ਗ਼ਲਤੀਆਂ ਦੀ ਗੱਲ ਕੀਤੀ ਜਾ ਰਹੀ ਹੈ ਉਨ੍ਹਾਂ ਵਿਚ ਖ਼ੂਨ ਦਾ ਪਿਆਲਾ ਪ੍ਰਵਾਨ ਕਰਨ ਵਾਲੀ ਇਹ ਗੈਰ-ਇਖਲਾਕੀ ਨੀਚ ਹਰਕਤ ਵੀ ਸ਼ਾਮਲ ਹੈ। ਹੁਣ, ਇਹ ਖ਼ੂਨ ਇਨ੍ਹਾਂ ਦੀਆਂ ਕਈ ਪੀੜ੍ਹੀਆਂ ਨੂੰ ਖ਼ੁਆਰ ਕਰਦਾ ਰਹੇਗਾ। ਕੀ ਕੋਈ ਅਕਾਲੀ ਇਸ ਬੇਅਕਲੀ ਭਰੇ ਨੀਚ ਕਰਮ ਦੀ ਮਾਫੀ ਮੰਗੇਗਾ? ਖ਼ੂਨਪੀਣੀ ਸੱਤਾ ਦਾ ਦਾਗ ਲਵਾਈ ਬੈਠੇ ਅਕਾਲੀ ਸ਼ਾਇਦ ਸੋਚ ਰਹੇ ਹੋਣਗੇ ਕਿ ਲੋਕਾਂ ਨੂੰ ਕਿਹੜਾ ਇਸਦਾ ਚੇਤਾ ਰਹਿਣਾ। ਪਰ ਨਹੀਂ, ਲੋਕਾਂ ਨੂੰ ਚੇਤਾ ਹੈ। ਬਾਦਲਾਂ ਦੀ ਸੱਤਾ ਦੇ ਬੋਹੜ ਦੀਆਂ ਜੜ੍ਹਾਂ ਵਿਚ ਗਏ ਇਸ ਖ਼ੂਨ ਨੇ ਉਨ੍ਹਾਂ ਦੀ ਸੱਤਾ ਦਾ ਬੋਹੜ ਸੁਕਾ ਦਿੱਤਾ ਹੈ ਜਿਸ ਨੂੰ ਹੁਣ ਮੁੜ ਕਦੇ ਵੀ ਲਗਰਾਂ ਨਹੀਂ ਫੁੱਟ ਸਕਣਗੀਆਂ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 2015 ਦੇ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਫੜਨ ਵਿਚ ਅਸਫਲ ਰਹਿਣ ਲਈ ਸਿੱਖ ਕੌਮ ਤੋਂ ਮੁਆਫੀ ਮੰਗਦੇ ਹੋਏ।

ਵੈਸੇ ਖ਼ੂਨ ਦਾ ਪਿਆਲਾ ਪ੍ਰਵਾਨ ਨਾ ਕਰਨ ਦੀ ਸੋਝੀ ਕਿੱਥੋਂ ਆਉਣੀ ਸੀ, ਸੱਤਾ ਦੇ ਫ਼ਤੂਰ ਵਿਚ ਆਏ ਅਕਾਲੀ ਤਾਂ ਬੇਅਦਬੀਆਂ ਦੇ ਕੇਸਾਂ ਨੂੰ ਵੀ ਸਿੱਖਾਂ ਸਿਰ ਮੜ੍ਹਨ ਦੀ ਕਮੀਨੀ ਸਕੀਮ ਬਣਾਈ ਬੈਠੇ ਸਨ। ਸਰਕਾਰ ਦੀਆਂ ਸਾਰੀਆਂ ਏਜੰਸੀਆਂ ਨੇ ਅੱਖਾਂ ਮੀਟ ਲਈਆਂ ਅਤੇ ਕਈ ਮਹੀਨੇ ਕੰਨ ਬੰਦ ਕਰ ਰੱਖੇ, ਕਿਸੇ ਸ਼ੱਕੀ ਪ੍ਰੇਮੀ ਵੱਲ ਝਾਕਣ ਦੀ ਬਜਾਇ ਬੁਰਜ ਜਵਾਹਰ ਸਿੰਘ ਵਾਲਾ ਦੇ ਗ੍ਰੰਥੀ, ਉਸਦੀ ਪਤਨੀ, ਗੁਰਦੁਆਰੇ ਦੇ ਪ੍ਰਧਾਨ ਅਤੇ ਪੰਜਗਰਾਈਂ ਦੇ ਦੋ ਸਿੱਖ ਭਰਾਵਾਂ ਨੂੰ ਤਫਤੀਸ਼ ਦੇ ਨਾਂ 'ਤੇ ਤਸੀਹੇ ਦੇ ਕੇ ਦੋਸ਼ "ਮਨਾਉਣਾ" ਸ਼ੁਰੂ ਕਰ ਦਿੱਤਾ। ਪ੍ਰੇਮੀ ਵੋਟਰਾਂ ਨੂੰ ਆਪਣੇ ਖੀਸੇ ਵਿਚ ਪਾਉਣ ਲਈ ਅਸਲ ਨਿਸ਼ਾਨਾ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ, ਪੰਥਪ੍ਰੀਤ ਸਿੰਘ ਅਤੇ ਹਰਜਿੰਦਰ ਸਿੰਘ ਮਾਝੀ ਆਦਿ ਸਨ। ਹੈਰਾਨੀ ਦੀ ਗੱਲ ਕਿ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਵੀ ਪੰਜਾਬ ਪੁਲਿਸ ਦਾ ਤਸੀਹੇ ਦੇ ਕੇ ਤਫਤੀਸ਼ ਕਰਨ ਦਾ ਮੱਧਯੁਗੀ ਤਰੀਕਾ ਨਹੀਂ ਬਦਲਿਆ। ਸਮੇਂ ਦਾ ਮਜ਼ਾਕ ਦੇਖੋ, ਸਿੱਖਾਂ ਦਾ ਗ੍ਰੰਥ ਚੋਰੀ ਹੋਇਆ ਅਤੇ ਪਾੜਿਆ ਗਿਆ, ਸਿੱਖਾਂ ਦੀ ਅਕਾਲੀ ਸਰਕਾਰ ਦੇ ਅੰਮ੍ਰਿਤਧਾਰੀ ਸਿੱਖ ਪੁਲਿਸ ਅਫ਼ਸਰਾਂ ਨੇ ਹੀ ਸਿੱਖਾਂ ਨੂੰ ਦੋਸ਼ੀ ਬਣਾਉਣ ਲਈ ਬੁੱਚੜਪੁਣਾ ਕੀਤਾ। ਅਣਮਨੁੱਖੀ ਤਸੀਹਿਆਂ ਦੌਰਾਨ ਗ੍ਰੰਥੀ ਦੀ ਪਤਨੀ ਦੇ ਅੰਦਰੂਨੀ ਅੰਗ ਫਟ ਗਏ ਅਤੇ ਉਹ ਬਹੁਤ ਸਮਾਂ ਹਸਪਤਾਲ ਰਹੀ। ਬੇਅਦਬੀਆਂ ਦੇ ਕੇਸਾਂ ਦੇ ਰੌਲੇ ਰੱਪੇ ਵਿਚ ਨਿਰਦੋਸ਼ਾਂ 'ਤੇ ਹੋਏ ਅਣਮਨੁੱਖੀ ਤਸ਼ੱਦਦ ਵੱਲ ਕਿਸੇ ਨੇ ਭੋਰਾ ਵੀ ਗੌਰ ਨਹੀਂ ਕੀਤਾ। ਜੇ ਸਮਾਜ ਵਿਚ ਇਨਸਾਫ਼ ਦੀ ਚਿਣਗ ਹੁੰਦੀ ਤਾਂ ਪੁਲਿਸ ਜਬਰ ਦਾ ਸ਼ਿਕਾਰ ਬਣਾਏ ਗਏ ਇਨ੍ਹਾਂ ਲੋਕਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਸੀ ਅਤੇ ਤਸੀਹੇ ਦੇਣ ਵਾਲੇ ਪੁਲਿਸੀਆਂ ਦੀ ਵੀ ਜਵਾਬਦੇਹੀ ਹੋਣੀ ਚਾਹੀਦੀ ਸੀ। ਤਸੀਹੇ ਦੇਣ ਵਾਲਾ ਪੁਲਿਸ ਅਫ਼ਸਰ ਖੱਟੜਾ ਇਸ ਬੁੱਚੜਪੁਣੇ ਨੂੰ 'ਸਖ਼ਤੀ' ਨਾਲ ਕੀਤੀ ਗਈ ਪੁੱਛ-ਗਿੱਛ ਆਖ ਕੇ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੇ ਦੋਸ਼ੀ ਲੱਭਣ ਦੇ ਯਤਨ ਕਰਨ ਬਦਲੇ ਮਾਣ-ਤਾਣ ਭਾਲ ਰਿਹਾ ਹੈ। ਨਕਸਲੀਆਂ ਦੇ ਸਮੇਂ ਤੋਂ ਲੈ ਕੇ ਪੰਜਾਬ ਪੁਲਿਸ ਦੇ ਤਸ਼ੱਦਦ ਵਿਚ ਕੋਈ ਤਬਦੀਲੀ ਨਹੀਂ ਆਈ। ਹੈਰਾਨੀ ਦੀ ਗੱਲ ਹੈ ਕਿ ਪੰਜਾਬੀਆਂ ਨੇ ਪੁਲਿਸ ਦੇ ਤਸ਼ੱਦਦ ਕਰਨ ਵਾਲੇ ਤੌਰ ਤਰੀਕੇ ਵਿਚ ਸੁਧਾਰ ਕਰਨ ਲਈ ਹੁਣ ਤੱਕ ਨਾ ਕੋਈ ਯਤਨ ਕੀਤਾ ਹੈ ਅਤੇ ਨਾ ਹੀ ਇਸ ਮੁੱਦੇ ਨੂੰ ਕਦੇ ਚੋਣ ਮੁੱਦਾ ਬਣਾਇਆ ਹੈ। ਆਜ਼ਾਦ ਮੁਲਕ ਦੇ ਸ਼ਹਿਰੀਆਂ ਨੂੰ ਤਸੀਹੇ ਦੇਣ ਦੀ ਅਣਮਨੁੱਖੀ ਰਵਾਇਤ ਕਾਨੂੰਨੀ ਤੌਰ 'ਤੇ ਬੰਦ ਕਰਵਾਉਣ ਵੱਲ ਵੀ ਪੰਜਾਬੀਆਂ ਦਾ ਧਿਆਨ ਜਾਣਾ ਜ਼ਰੂਰੀ ਹੈ। ਸੋ, ਖ਼ੂਨ ਦਾ ਪਿਆਲਾ ਪ੍ਰਵਾਨ ਕਰਨ ਦੇ ਨਾਲ-ਨਾਲ ਅਕਾਲੀ ਸਰਕਾਰ ਵੱਲੋਂ ਬੇਅਦਬੀਆਂ ਦੇ ਕੇਸਾਂ ਨੂੰ ਸਿੱਖ ਪ੍ਰਚਾਰਕਾਂ 'ਤੇ ਪਾ ਦੇਣ ਦੀ ਕਮੀਨੀ ਸੋਚ ਅਤੇ ਇਸੇ ਸੋਚ ਅਧੀਨ ਦਿੱਤੇ ਗਏ ਤਸੀਹੇ ਵੀ ਅਕਾਲੀਆਂ ਦੇ ਨਿਘਾਰ ਦਾ ਕਾਰਨ ਹਨ, ਇਸ ਦੀ ਮਾਫੀ ਕੌਣ ਮੰਗੇਗਾ?

ਅਕਾਲੀ ਦਲ ਦਾ ਸੰਕਟ ਨੈਤਿਕ ਅਤੇ ਰਾਜਨੀਤਕ ਹੈ ਪਰ ਉਹ ਇਸਨੂੰ ਧਾਰਮਿਕ ਉਕਾਈਆਂ ਦਾ ਮੁੱਦਾ ਬਣਾਉਣ ਦੇ ਰਾਹ ਤੁਰਿਆ ਹੋਇਆ ਹੈ। ਲੋਕ ਇਹ ਚਤੁਰਾਈ ਸਮਝਦੇ ਹਨ। ਲੋਕਾਂ ਦੇ ਮਨਾਂ ਅੰਦਰ ਇਹ ਵਿਚਾਰ ਘਰ ਕਰ ਚੁੱਕਾ ਹੈ ਕਿ ਬਾਦਲਾਂ ਨੇ ਅਕਾਲ ਤਖ਼ਤ ਦੀ ਦੁਰਵਰਤੋਂ ਕਰਨ ਵਾਲੀ ਕੋਈ ਵੀ ਹੱਦ ਨਹੀਂ ਰਹਿਣ ਦਿੱਤੀ ਅਤੇ ਉਹ ਹੁਣ ਫਿਰ ਅਕਾਲ ਤਖ਼ਤ ਦੀ ਦੁਰਵਰਤੋਂ ਜ਼ਰੀਏ ਆਪਣੀ ਸਿਆਸੀ ਹੋਂਦ ਬਹਾਲ ਕਰਵਾਉਣੀ ਚਾਹੁੰਦੇ ਹਨ। ਲੋਕ ਮਨਾਂ ਵਿਚ ਇਹ ਗੱਲ ਵੀ ਗਹਿਰੀ ਉੱਤਰ ਚੁੱਕੀ ਹੈ ਕਿ ਅਕਾਲ ਤਖ਼ਤ ਦਾ ਜਥੇਦਾਰ ਕੋਈ ਆਜ਼ਾਦ ਫੈਸਲਾ ਲੈਣ ਦੀ ਸ਼ਕਤੀ ਨਹੀਂ ਰੱਖਦਾ। ਹੁਣ ਜਦ ਅਕਾਲੀ ਅਕਾਲ ਤਖ਼ਤ 'ਤੇ ਜਾ ਚੁੱਕੇ ਹਨ ਅਤੇ ਸਭ ਦੀਆਂ ਨਜ਼ਰਾਂ ਅਕਾਲ ਤਖ਼ਤ ਤੋਂ ਆਉਣ ਵਾਲੇ ਫੈਸਲੇ 'ਤੇ ਲੱਗੀਆਂ ਹੋਈਆਂ ਤਾਂ ਜਥੇਦਾਰ ਵੀ ਭਾਰੀ ਦਬਾਅ ਹੇਠ ਆਇਆ ਜਾਪਦਾ ਹੈ। ਇਸੇ ਕਰਕੇ ਕਾਹਲੀ ਦੀ ਬਜਾਇ ਫੈਸਲੇ ਦੀ ਤਾਰੀਕ 30 ਅਗਸਤ ਰੱਖੀ ਗਈ ਹੈ। ਲੋਕਾਂ ਦਾ ਧਿਆਨ ਹੋਰ ਪਾਸੇ ਲਾਉਣ ਲਈ ਅਤੇ ਜਥੇਦਾਰ ਦਾ ਵਿਕਾਰ ਵਧਾਉਣ ਵਜੋਂ ਝੰਡਿਆਂ ਦੇ ਰੰਗ ਬਦਲਣ ਵਾਲਾ ਧੜੱਲੇਦਾਰ ਫੈਸਲਾ ਵੀ ਕਰ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਸਿੱਖਾਂ ਨੂੰ ਵਰਚਾਉਣ ਅਤੇ ਬੀਜੇਪੀ ਨਾਲ ਮੱਠਾ ਜਿਹਾ ਰੋਸ ਦਿਖਾਉਣ ਦਾ ਹੀਲਾ ਕੀਤਾ ਗਿਆ ਹੈ। ਸਵਾਲਾਂ ਦਾ ਸਵਾਲ ਹੈ ਕਿ ਜੋ ਗੁਨਾਹ ਭਗਵੇਂ ਰੰਗ ਹੇਠ ਕੀਤੇ ਗਏ ਹਨ ਉਹ ਬਸੰਤੀ ਰੰਗ ਹੇਠ ਨਾ ਦੁਹਰਾਏ ਜਾਣ ਦੀ ਕੀ ਗਾਰੰਟੀ ਹੈ?

ਅਕਾਲ ਤਖ਼ਤ ਨੂੰ ਸਿਆਸਤ ਲਈ ਵਰਤੇ ਜਾਣ ਦੀ ਪਈ ਗ਼ਲਤ ਰਵਾਇਤ ਨੂੰ ਰੋਕਣ ਵਾਸਤੇ ਜੇ ਜਥੇਦਾਰ ਕੋਈ ਚੰਗਾ ਫੈਸਲਾ ਕਰੇ ਤਾਂ ਇਹ ਇਤਿਹਾਸਕ ਸੇਵਾ ਹੋਵੇਗੀ। ਚੰਗਾ ਇਹ ਹੋਵੇਗਾ ਕਿ ਅਕਾਲ ਤਖ਼ਤ ਕੇਵਲ ਧਾਰਮਿਕ ਉਕਾਈਆਂ ਤੱਕ ਸੀਮਿਤ ਰਹੇ। ਕਾਨੂੰਨੀ ਮਸਲੇ ਅਦਾਲਤਾਂ ਦੇ ਫੈਸਲੇ 'ਤੇ ਛੱਡੇ ਜਾਣ ਅਤੇ ਸਿਆਸੀ ਮਸਲੇ ਲੋਕਾਂ 'ਤੇ। ਪਾਰਟੀਆਂ ਦੇ ਅੰਦਰੂਨੀ ਮਸਲੇ ਪਾਰਟੀਆਂ ਨੂੰ ਆਪ ਹੱਲ ਕਰਨ ਦੇ ਰਾਹ ਪਾਇਆ ਜਾਏ। ਜੇ ਜਥੇਦਾਰ ਅਕਾਲ ਤਖ਼ਤ ਨੇ ਅਕਾਲੀ ਦਲ ਨੂੰ ਰਾਜਸੀ ਤੌਰ 'ਤੇ ਮਜ਼ਬੂਤ ਕਰਨ ਦਾ ਵੀ ਕੋਈ ਉਪਰਾਲਾ ਕਰਨਾ ਹੈ ਤਾਂ ਜਥੇਦਾਰ ਨੂੰ ਉਨ੍ਹਾਂ ਸਿੱਖਾਂ ਨਾਲ ਵੀ ਮੁਲਾਕਾਤ ਕਰ ਲੈਣੀ ਚਾਹੀਦੀ ਹੈ ਜਿਨ੍ਹਾਂ ਨੂੰ 'ਪੰਥਕ' ਸਰਕਾਰ ਦੀ ਪੁਲਿਸ ਨੇ ਬੇਅਦਬੀਆਂ ਦੇ ਕੇਸਾਂ ਵਿਚ ਉਲਝਾਉਣ ਦੀ ਚਾਲ ਵਜੋਂ ਤਸ਼ੱਦਦ ਦਾ ਸ਼ਿਕਾਰ ਬਣਾਇਆ ਸੀ। ਇਹ ਇਸ ਲਈ ਜ਼ਰੂਰੀ ਹੈ ਕਿ ਬੇਅਦਬੀਆਂ ਦੀ ਇੰਨੀ ਗੱਲ ਹੋਣ ਦੇ ਬਾਵਜੂਦ ਅਜੇ ਕਿਸੇ ਜਥੇਦਾਰ ਨੇ ਬੁਰਜ ਜਵਾਹਰ ਸਿੰਘ ਵਾਲਾ ਜਾ ਕੇ ਕਿਸੇ ਦੀ ਗੱਲ ਨਹੀਂ ਸੁਣੀ। ਇਸ ਦੇ ਨਾਲ ਹੀ ਜਥੇਦਾਰ ਨੂੰ ਕਿਸੇ ਵਿਦਵਾਨ ਨਾਲ ਇਹ ਰਾਇ ਵੀ ਕਰ ਲੈਣੀ ਚਾਹੀਦੀ ਕਿ ਇੱਕ ਸੱਭਿਅਕ ਸਮਾਜ ਵਿਚ ਲੋਕਾਂ ਦੇ ਖ਼ੂਨ ਦਾ ਪਿਆਲਾ ਪ੍ਰਵਾਨ ਕਰ ਲੈਣ ਵਾਲੀ ਸਰਕਾਰ ਨੂੰ ਇਖ਼ਲਾਕ ਦੇ ਕਿਸ ਦਰਜੇ 'ਤੇ ਰੱਖਿਆ ਜਾ ਸਕਦਾ ਹੈ ਅਤੇ ਸਰਕਾਰ ਚਲਾਉਣ ਵਾਲਿਆਂ ਕੋਲੋਂ ਜਾਣੇ-ਅਣਜਾਣੇ ਵਿਚ ਹੋਈਆਂ ਗ਼ਲਤੀਆਂ ਵਿਚ ਇਹ ਗ਼ਲਤੀ ਵੀ ਜੋੜ ਕੇ ਮਾਫੀ ਕਿਵੇਂ ਮੰਗਣੀ ਚਾਹੀਦੀ ਹੈ?

# ਬੰਦੇ ਅਤੇ ਬਾਂਦਰ ਦਾ ਨਿਰਣਾ!

ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +1-408-915-1268

ਕੁੱਝ ਮਹੀਨੇ ਆਪਣੇ ਪਿੰਡ ਰਹਿੰਦਿਆਂ ਮੈਂ ਹਰ ਰੋਜ਼ ਦਰਿਆ ਸਤਲੁਜ ਕੰਢੇ ਸਾਈਕਲ 'ਤੇ ਸੈਰ ਕਰਨ ਜਾਂਦਾ ਸਾਂ। ਇਸ ਇਲਾਕੇ 'ਚ ਅੱਗੇ ਤਾਂ ਕਦੇ ਦੇਖੇ ਸੁਣੇ ਨਹੀਂ ਸਨ ਪਰ ਐਤਕੀਂ ਮੈਂ ਦਰਿਆ ਦੇ ਬੰਨ੍ਹ ਉੱਤੇ ਦੋ-ਤਿੰਨ ਬਾਂਦਰ ਤੁਰੇ ਫਿਰਦੇ ਦੇਖੇ। ਸੱਤ-ਅੱਠ ਮੀਲ ਸਾਈਕਲ ਚਲਾਉਣ ਬਾਅਦ ਬੰਨ੍ਹ ਉੱਤੇ ਇਕ ਥਾਂ ਪਏ ਤਖ਼ਤਪੋਸ਼ ਉੱਤੇ ਸਾਡੀ ਸੈਰ ਕਰਨ ਵਾਲਿਆਂ ਦੀ ਮੰਡਲੀ ਬਹਿੰਦੀ, ਜਿੱਥੇ ਘੜੀ ਘੰਟਾ ਗੱਪ-ਗੋਸ਼ਟੀ ਚਲਦੀ ਹੁੰਦੀ ਸੀ।

ਇਕ ਦਿਨ ਸੈਰ ਤੋਂ ਵਾਪਸੀ 'ਤੇ ਮੈਂ ਮਿੱਤਰ-ਮੰਡਲੀ ਵਿਚ ਬੈਠਿਆਂ ਬਾਂਦਰਾਂ ਬਾਰੇ ਗੱਲ ਕੀਤੀ ਤਾਂ ਉਹ ਕਹਿੰਦੇ ਕਿ ਇਨ੍ਹਾਂ ਵਿਚਾਰਿਆਂ ਨੂੰ ਖਾਣ ਲਈ ਇੱਥੇ ਕੁਛ ਨੀ ਲੱਭਦਾ, ਇਹ ਭੁੱਖਣ ਭਾਣੇ ਈ ਏਧਰ ਉੱਧਰ ਫਿਰਦੇ ਰਹਿੰਦੇ ਆ।

ਇਹ ਸੋਚ ਕੇ ਕਿ ਅਮਰੀਕਾ ਵਾਪਸ ਜਾਣ ਤੋਂ ਪਹਿਲਾਂ ਜਿੰਨਾ ਚਿਰ ਮੈਂ ਇੱਥੇ ਹਾਂ ਸੈਰ ਕਰਨ ਆਇਆ ਇਨ੍ਹਾਂ ਲਈ ਕੁੱਝ ਨਾ ਕੁੱਝ ਲੈ ਆਇਆ ਕਰਾਂਗਾ। ਦੂਜੇ ਦਿਨ ਮੈਂ ਬ੍ਰੈੱਡ ਅਤੇ ਭੁੱਜੇ ਹੋਏ ਛੋਲੇ ਸਾਈਕਲ ਦੀ ਟੋਕਰੀ 'ਚ ਰੱਖ ਕੇ ਲੈ ਆਇਆ ਤੇ ਤਿੰਨਾਂ ਬਾਂਦਰਾਂ ਨੂੰ ਛਕਾ ਦਿੱਤੇ। ਇਸ ਤੋਂ ਦੂਜੇ ਦਿਨ ਮੈਂ ਬ੍ਰੈੱਡ ਤੇ ਛੋਲਿਆਂ ਦੇ ਨਾਲ ਪੰਜ-ਸੱਤ ਕੇਲੇ ਵੀ ਲੈ ਗਿਆ। ਉਹ ਵੀ ਉਨ੍ਹਾਂ ਨੇ ਤਸੱਲੀ ਨਾਲ ਖਾਧੇ।

ਫਿਰ ਦੋ ਕੁ ਦਿਨ ਮੈਨੂੰ ਵਾਂਢੇ ਜਾਣਾ ਪੈ ਗਿਆ। ਸੈਰ ਨੂੰ ਜਾਣ ਦੇ ਦੋ ਨਾਗੇ ਪੈਣ ਬਾਅਦ ਜਦ ਮੈਂ ਬਰੈੱਡ ਵਗੈਰਾ ਲੈ ਕੇ ਦਰਿਆ ਦੇ ਬੰਨ੍ਹ ਉੱਤੇ ਪਹੁੰਚਿਆ ਤਾਂ ਬਾਂਦਰ ਮੈਨੂੰ ਕਿਤੇ ਨਾ ਦਿਸੇ। ਦਰੱਖ਼ਤਾਂ ਉੱਤੇ ਜੰਗਲਾਤ ਮਹਿਕਮੇ ਵਲੋਂ ਲਾਏ ਨੰਬਰਾਂ ਅਨੁਸਾਰ ਮੈਂ ਬਾਂਦਰਾਂ ਦੇ ਟਿਕਾਣੇ ਵਾਲੀ ਦਰੱਖ਼ਤ ਨੰਬਰ 430 ਦੀ ਨਿਸ਼ਾਨੀ ਚੇਤੇ ਰੱਖੀ ਹੋਈ ਸੀ। ਉੱਥੇ ਖੜ੍ਹ ਕੇ ਮੈਂ ਰਾਹੋਂ ਵਾਲੇ ਪਾਸੇ ਦੂਰ ਤੱਕ ਨਜ਼ਰ ਮਾਰੀ, ਮੈਨੂੰ ਝੌਲ਼ਾ ਜਿਹਾ ਦਿਸਿਆ ਜਿਵੇਂ ਦੂਰ ਬਾਂਦਰ ਬੈਠੇ ਹੋਣ!

ਉੱਧਰੋਂ ਸਕੂਟਰ 'ਤੇ ਆ ਰਿਹਾ ਇਕ ਬੰਦਾ ਵੀ ਦਿਸਿਆ। ਮੈਂ ਸੋਚਿਆ ਕਿ ਉਸਨੂੰ ਬਾਂਦਰਾਂ ਬਾਰੇ ਪੁੱਛ ਕੇ ਓਧਰ ਚਲਾ ਜਾਵਾਂਗਾ। ਕੋਲ ਆਏ 'ਤੇ ਮੈਂ ਉਸ ਨੂੰ ਰੋਕ ਕੇ ਪੁੱਛਿਆ ਤਾਂ ਉਹ ਬਲਾਚੌਰ ਵੱਲ ਨੂੰ ਹੱਥ ਕਰ ਕੇ ਕਹਿੰਦਾ-'ਭਾ ਜੀ ਬਾਂਦਰ ਉੱਥੇ ਝਿੜੀ 'ਚ ਹੁੰਦੇ ਆ ਜਿੱਥੇ ਅਸੀਂ ਕੰਮ ਕਰਦੇ ਆਂ!' ਮੇਰੇ ਸਾਈਕਲ ਦੀ ਟੋਕਰੀ 'ਚ ਪਏ ਬ੍ਰੈੱਡ ਤੇ ਕੇਲੇ ਵਗੈਰਾ ਪਏ ਦੇਖ ਕੇ ਉਹ ਕਹਿੰਦਾ ਕਿ ਆਹ ਸਾਮਾਨ ਮੈਨੂੰ ਦੇ ਦਿਓ ਮੈਂ ਬਾਂਦਰਾਂ ਨੂੰ ਖ਼ਿਲਾ ਦਿਆਂਗਾ! ਮੈਥੋਂ ਸਾਮਾਨ ਲੈ ਕੇ ਉਹ ਸਕੂਟਰ 'ਤੇ ਧੂੜ ਉਡਾਉਂਦਾ ਚਲਾ ਗਿਆ।



ਲਓ ਜੀ ਮੈਂ ਉਹਦੇ ਮਗਰ ਉਸੇ ਰਸਤੇ ਮੁੜ ਕੇ ਰੋਜ਼ ਵਾਂਗ ਆਪਣੀ ਮਿੱਤਰ-ਮੰਡਲੀ ਨਾਲ ਤਖ਼ਤਪੋਸ਼ 'ਤੇ ਆ ਬੈਠਾ। ਉਨ੍ਹਾਂ ਮੈਨੂੰ ਆਉਂਦੇ ਨੂੰ ਈ ਪੁੱਛਿਆ ਅਖੇ ਰਜਾ ਆਏ ਜੀ ਬਾਂਦਰਾਂ ਨੂੰ?

ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਕਿ ਅੱਜ ਬਾਂਦਰ ਤਾਂ ਮੈਨੂੰ ਕਿਤੇ ਨੀ ਮਿਲੇ ਪਰ ਇੱਕ ਸੱਜਣ ਸਕੂਟਰ 'ਤੇ ਏਧਰ ਨੂੰ ਆਇਆ ਜੋ ਕਹਿੰਦਾ ਸੀ ਕਿ ਬਾਂਦਰ ਹੁਣ ਏਧਰ ਝਿੜੀ 'ਚ ਰਹਿੰਦੇ ਆ, ਉਹ ਸਾਮਾਨ ਮੈਥੋਂ ਲੈ ਗਿਆ ਐ!

ਮੰਡਲੀ ਦਾ ਇੱਕ ਦੋਸਤ ਤਾੜੀ ਮਾਰ ਕੇ ਹੱਸਦਿਆਂ ਕਹਿੰਦਾ-'ਓ ਭਾਅ ਜੀ, ਆਹੀ ਭਾਈ ਜਿਹੜਾ ਹੁਣੇ ਐਥੋਂ ਸਕੂਟਰ 'ਤੇ ਲੰਘਿਆ ਐ, ਉਹ ਤਾਂ 'ਮਨਰੇਗਾ ਲੇਬਰ' ਵਾਲਿਆਂ ਦਾ ਮਜ਼ਦੂਰ ਐ! ਬਾਂਦਰਾਂ ਨੂੰ ਕਿੱਥੇ ਪਾਉਣੇ ਉਹਨੇ? ਉਹ ਤਾਂ ਕੇਲੇ ਬਰੈੱਡ ਆਪ ਹੀ ਛਕੂ...!!'

ਇਹ ਗੱਲ ਕਹਿਣ ਵਾਲੇ ਨੂੰ ਟੋਕਦਿਆਂ ਹੋਇਆਂ ਉਹਦੇ ਨਾਲਦਾ ਇਕ ਜਣਾ ਬੋਲਿਆ-

"ਜੇ ਤਾਂ ਬਾਈ ਜੀ ਹੋਇਆ ਉਹ 'ਬੰਦਾ' ਫਿਰ ਤਾਂ ਜ਼ਰੂਰ ਬਾਂਦਰਾਂ ਨੂੰ ਹੀ ਖਿਲਾਊ! ਪਰ ਜੇ ਹੋਇਆ 'ਬਾਂਦਰ' ਫਿਰ ਤਾਂ ਭਾਈ ਉਹਦਾ ਹੱਕ ਬਣਦਾ ਈ ਐ 'ਆਪਣੇ ਲਈ' ਆਇਆ ਹੋਇਆ ਸਾਮਾਨ ਖਾਣ ਦਾ!!"

ਉਹਦੀ ਗੱਲ ਤੋਂ ਮੰਡਲੀ 'ਚ ਹਾਸਤ ਮਚ ਗਈ!

## ਗੋਲਡ ਕਿ ਗੋਲਡਨ ਮੈਡਲ?

ਯੂਨੀਵਰਸਿਟੀ ਆਪਣੇ ਟਾੱਪਰ ਵਿਦਿਆਰਥੀ ਨੂੰ ਜਿਹੜਾ ਤਗਮਾ ਦਿੰਦੀ ਹੈ ਉਸਨੂੰ ਗੋਲਡ ਮੈਡਲ ਕਹਿੰਦੇ ਹਨ। ਇਸ ਉਪਰ ਵਿਦਿਆਰਥੀ ਦਾ ਨਾਮ, ਕਲਾਸ ਅਤੇ ਸਾਲ ਖੁਣਿਆਂ ਹੁੰਦਾ ਹੈ। ਪ੍ਰਾਪਤ ਕਰਤਾ ਮੈਡਲ ਪਹਿਨਣ ਦਾ ਹੱਕਦਾਰ ਹੈ ਇਸ ਵਾਸਤੇ ਕਾਨਵੋਕੇਸ਼ਨ 'ਤੇ ਵੱਖਰਾ ਸਰਟੀਫਿਕੇਟ ਮਿਲਦਾ ਹੈ।

ਇਕ ਦਿਨ ਆਪਣੇ ਬੀਏ ਐਮਏ ਦੇ ਦੋਵੇਂ ਮੈਡਲ ਸੁਨਿਆਰ ਕੋਲ ਲੈ ਗਿਆ। ਪਰਖ ਕਰਵਾਈ। ਸੋਨੇ ਦੇ ਨਹੀਂ ਪਿੱਤਲ ਦੇ ਨਿਕਲੇ। ਸੋਨੇ ਦੀ ਝਾਲ ਚੜ੍ਹਾਈ ਹੋਈ ਹੈ।

ਬੀ.ਏ. ਦਾ ਮੈਡਲ 10 ਗ੍ਰਾਮ ਦਾ, ਐਮ.ਏ. ਦਾ 7.5 ਗ੍ਰਾਮ। ਐਮ.ਏ. ਵਾਲਾ ਵੱਧ ਭਾਰਾ ਹੋਣਾ ਚਾਹੀਦਾ ਸੀ ਹਲਕਾ ਕਿਉਂ ਹੋ ਗਿਆ? ਉਹੋ, ਕਾਫਕਾ ਨੇ ਦੱਸਿਆ ਤਾਂ ਸੀ, ਕਾਲ ਪੈ ਜਾਵੇ ਤਾਂ ਰੋਟੀ ਦਾ ਆਕਾਰ ਘਟ ਜਾਂਦਾ ਹੈ।

ਕੀ ਮੋਤੀਆਂ ਵਾਲੀਆਂ ਸਰਕਾਰਾਂ ਦੇ ਖ਼ਜ਼ਾਨਿਆਂ ਵਿਚੋਂ ਮੋਤੀਆਂ ਦਾ ਕਾਲ ਪੈ ਗਿਆ ਹੈ? ਨਹੀਂ। ਵੰਡਣ ਵਾਲੇ ਹੱਥ ਕੱਟੇ ਗਏ ਹਨ।

ਗਲਤ ਤਰੀਕਾ ਅਪਣਾ ਕੇ ਧੋਖਾਧੜੀ ਨਾਲ ਵਿਦਿਆਰਥੀ ਇਮਤਿਹਾਨ ਪਾਸ ਕਰਨਾ ਚਾਹੇ ਯੂਨੀਵਰਸਿਟੀ ਉਸ ਵਿਰੁੱਧ ਕੇਸ ਦਰਜ ਕਰ ਕੇ ਸਜ਼ਾ ਦਿੰਦੀ ਹੈ। ਆਪ ਗੋਲਡਨ ਨੂੰ ਗੋਲਡ ਕਹਿ ਕੇ ਵੰਡੇ ਤਾਂ ਕੀ ਇਹ ਧੋਖਾਧੜੀ ਨਹੀਂ? ਮੁਕੱਦਮਾ ਦਾਨਿਸ਼ਵਰਾਂ ਦੀ ਅਦਾਲਤ ਵਿਚ ਦਾਇਰ।

-ਹਰਪਾਲ ਸਿੰਘ ਪੰਨੂ

# ਸਿੱਖ ਕੀਮਤ ਵਿਧਾਨ ਅਤੇ ਪੰਜਾਬੀ ਸਭਿਆਚਾਰ: ਸਮਕਾਲੀ ਸੰਧਰਭ

ਸਭਿਆਚਾਰ ਨੂੰ ਜੇ ਆਸਾਨ ਲਫ਼ਜ਼ਾਂ ਵਿਚ ਸਮਝਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਮਨੁੱਖੀ ਬੌਧਿਕ ਪ੍ਰਾਪਤੀਆਂ, ਕਲਾਵਾਂ ਦਾ ਸਮੂਹਿਕ ਰੂਪ ਵਿਚ ਪਰਗਟ ਹੋਣਾ ਹੀ ਸਭਿਆਚਾਰ ਅਖਵਾਉਂਦਾ ਹੈ। ਸਭਿਆਚਾਰ ਲੋਕਾਂ ਦੇ ਕਿਸੇ ਖਾਸ ਸਮੂਹ ਦਾ ਜੀਵਨ-ਢੰਗ ਹੁੰਦਾ ਹੈ - ਉਨ੍ਹਾਂ ਦਾ ਵਰਤਾਰਾ, ਵਿਸ਼ਵਾਸ, ਕੀਮਤਾਂ ਅਤੇ ਚਿੰਨ੍ਹ ਜਿਨ੍ਹਾਂ ਨੂੰ ਉਹ ਉਨ੍ਹਾਂ ਬਾਰੇ ਸੋਚੇ ਬਿਨਾਂ ਪਰਵਾਨ ਕਰਦੇ ਹਨ। ਸਭਿਆਚਾਰ ਅਜਿਹਾ ਸ਼ਬਦ ਹੈ ਜਿਸ ਵਿਚ ਮਨੁੱਖੀ ਸਮਾਜ ਦੇ ਕਿਸੇ ਸਮੂਹ ਵਿਚ ਸਥਾਪਤ ਸਮਾਜਿਕ ਵਰਤਾਉ, ਬੋਲੀ, ਧਰਮ, ਖਾਣ-ਪਾਣ, ਰੀਤੀ-ਰਿਵਾਜ਼, ਸੰਗੀਤ, ਸੰਸਥਾਵਾਂ ਅਤੇ ਪ੍ਰਤੀਮਾਨ, ਮਨੁੱਖੀ ਗਿਆਨ ਅਤੇ ਵਿਸ਼ਵਾਸ ਸਭ ਸ਼ਾਮਲ ਹੁੰਦੇ ਹਨ। ਇਥੇ ਅਸੀਂ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਸੰਦਰਭ ਵਿਚ ਸਿੱਖ ਕੀਮਤ-ਵਿਧਾਨ ਅਤੇ ਇਸ ਦੇ ਸਮਾਜਿਕ-ਸਭਿਆਚਾਰਕ ਅਸਰ ਨੂੰ ਦੇਖਣ ਦੀ ਕੋਸ਼ਿਸ਼ ਕਰਾਂਗੇ; ਪ੍ਰੰਤੂ ਇਸ ਦੇ ਨਾਲ ਹੀ ਇੱਥੇ ਇਹ ਕਹਿਣ ਵਿਚ ਵੀ ਕੋਈ ਝਿਜਕ ਜਾਂ ਹਿਚਕਚਾਹਟ ਨਹੀਂ ਹੋਣੀ ਚਾਹੀਦੀ ਕਿ ਸਿੱਖ ਫ਼ਲਸਫ਼ਾ ਅਤੇ ਕੀਮਤ ਵਿਧਾਨ ਸਰਵਵਿਆਪਕ ਮਹੱਤਵ ਰੱਖਦਾ ਹੈ ਕਿਉਂਕਿ ਇਸ ਨੂੰ



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਕਿਸੇ ਵੀ ਸਥਾਨ, ਧਰਮ ਅਤੇ ਸਮਾਜ ਵਿਚ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਜਿਸ ਸੰਕਟ ਵਿਚੋਂ ਅੱਜ ਕੁੱਲ ਆਲਮ ਗੁਜ਼ਰ ਰਿਹਾ ਹੈ ਉਸ ਦੇ ਮੱਦੇਨਜ਼ਰ ਸਰਬੱਤ ਦੇ ਭਲੇ ਨੂੰ ਧਿਆਨ ਵਿਚ ਰੱਖਦਿਆਂ ਇਸ ਪਾਸੇ ਯਤਨ ਹੋਣੇ ਵੀ ਚਾਹੀਦੇ ਹਨ। ਸਿੱਖ ਧਰਮ ਸੰਸਾਰ ਧਰਮਾਂ ਦੇ ਇਤਿਹਾਸ ਵਿਚ ਬਹੁਤ ਨਵਾਂ ਹੈ ਪ੍ਰੰਤੂ ਇਸ ਦਾ ਸ਼ੁਮਾਰ ਸੰਸਾਰ ਦੇ ਛੇ ਮੁੱਖ ਧਰਮਾਂ ਹਿੰਦੂ, ਬੁੱਧ, ਜੈਨ, ਯਹੂਦੀ, ਇਸਾਈ ਅਤੇ ਇਸਲਾਮ ਵਿਚ ਹੁੰਦਾ ਹੈ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਸੰਨ 1499 ਵਿਚ 'ਵੇਈਂ ਨਦੀ' ਪ੍ਰਵੇਸ਼ ਤੋਂ ਰੱਖੀ ਗਈ ਮੰਨੀ ਜਾਂਦੀ ਹੈ ਜਦੋਂ ਵੇਈਂ ਵਿਚੋਂ ਬਾਹਰ ਆਉਣ 'ਤੇ ਉਨ੍ਹਾਂ ਨੇ ਆਪਣਾ ਪਹਿਲਾ ਐਲਾਨਨਾਮਾ 'ਨਾ ਕੋ ਹਿੰਦੂ ਨਾ ਮੁਸਲਮਾਨ' ਕੀਤਾ ਜਿਸ ਵਿਚਲੀ ਵਿਚਾਰਧਾਰਾ ਨੇ ਮਨੁੱਖ ਨੂੰ ਧਰਮ ਦੇ ਨਾਂ 'ਤੇ ਵੰਡੇ ਜਾਣ ਦਾ ਰੇਤਕਾ ਹੀ ਖਤਮ ਕਰ ਦਿੱਤਾ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਮੱਕੇ ਦੀ ਯਾਤਰਾ ਸਮੇਂ ਕਾਜ਼ੀਆਂ-ਮੁੱਲਾਂ ਨਾਲ ਵਾਰਤਾਲਾਪ ਦਾ ਜ਼ਿਕਰ ਕਰਦਿਆਂ ਇਸੇ ਪਾਸੇ ਇਸ਼ਾਰਾ ਕੀਤਾ ਹੈ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

ਗੁਰੂ ਨਾਨਕ ਸਾਹਿਬ ਨੇ ਸੰਸਾਰ ਸਾਹਮਣੇ ਧਰਮ ਦੀ ਮਾਨਵਤਾਵਾਦੀ ਪਹੁੰਚ ਸਾਹਮਣੇ ਰੱਖੀ। ਕਈ ਵਾਰ ਅਸੀਂ ਮਾਨਵਵਾਦ ਅਤੇ ਮਾਨਵਤਾਵਾਦ ਨੂੰ ਰਲਗੱਡ ਕਰਦਿਆਂ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਮਾਨਵਵਾਦ ਕਹਿ ਦਿੰਦੇ ਹਾਂ। ਅਸਲ ਵਿਚ ਦਾਰਸ਼ਨਿਕ ਨਜ਼ਰੀਏ ਤੋਂ ਦੋਵਾਂ ਵਿਚ ਬੁਨਿਆਦੀ ਫਰਕ ਇਹ ਹੈ ਕਿ ਮਾਨਵਵਾਦ ਇੱਕ ਅਜਿਹਾ ਨਜ਼ਰੀਆ ਜਾਂ ਸਿਧਾਂਤ ਹੈ ਜਿਸ ਵਿਚ ਮੁੱਖ ਮਹੱਤਵ ਮਨੁੱਖ ਨੂੰ ਦਿੱਤਾ ਜਾਂਦਾ ਹੈ, ਜਿਸ ਦੇ ਕੇਂਦਰ ਵਿਚ ਮਨੁੱਖ ਹੈ, ਕਿਸੇ ਪਰਮ-ਹਸਤੀ ਜਾਂ ਪਰਮਸਤਿ ਦੀ ਕੋਈ ਹੋਂਦ ਨਹੀਂ ਸਵੀਕਾਰੀ ਜਾਂਦੀ। ਮਨੁੱਖ ਦੀਆਂ ਲੋੜਾਂ ਜਾਂ ਸਮੱਸਿਆਵਾਂ ਦੇ ਹੱਲ ਲਈ ਤਰਕਵਾਦੀ ਸੁਝਾਅ ਦਿੱਤੇ ਜਾਂਦੇ ਹਨ। ਮਾਨਵਤਾਵਾਦੀ ਪਹੁੰਚ ਅਜਿਹੀ ਹੈ ਜਿਸ ਅਨੁਸਾਰ ਮਨੁੱਖ ਦੇ ਦੁੱਖਾਂ, ਦਰਦਾਂ, ਮੁਸੀਬਤਾਂ ਨੂੰ ਦੂਰ ਕਰਨ ਲਈ ਵਿਅਕਤੀ ਅਮਲੀ ਰੂਪ ਵਿਚ ਸਰਗਰਮ ਹੁੰਦਾ ਹੈ ਅਤੇ ਮਨੁੱਖੀ ਭਲਾਈ ਅਤੇ ਸਮਾਜ ਦਾ ਸੁਧਾਰ ਮਨੁੱਖ ਦੇ ਹਮਦਰਦ ਵਜੋਂ ਅਤੇ ਮਨੁੱਖੀ ਪ੍ਰੇਮ ਵਿਚੋਂ ਕਰਦਾ ਹੈ ਅਤੇ ਨੈਤਿਕ ਅਤੇ ਅਧਿਆਤਮਕ ਮਾਨਵਤਾਵਾਦ ਦਾ ਦਾਅਵਾ ਕਰਦਾ ਹੈ। ਗੁਰੂ ਨਾਨਕ ਨੇ ਦੁਨੀਆ ਦੇ ਸਾਹਮਣੇ ਸਪੱਸ਼ਟ ਕਰ ਦਿੱਤਾ ਕਿ ਮਨੁੱਖਤਾ ਨੂੰ ਧਰਮ ਦੇ ਨਾਮ 'ਤੇ ਵੰਡਿਆ ਨਹੀਂ ਜਾ ਸਕਦਾ ਕਿਉਂਕਿ ਧਰਮ ਦਾ ਆਧਾਰ ਨੈਤਿਕਤਾ ਹੈ। ਮਨੁੱਖ ਦੇ ਧਾਰਮਿਕ ਜਾਂ ਅਧਾਰਮਿਕ ਹੋਣ ਦਾ ਨਿਬੇੜਾ ਉਸ ਦੇ ਅਮਲਾਂ, ਉਸ ਦੇ ਕੀਤੇ ਨੇਕ ਕੰਮਾਂ, ਉਸ ਦੇ ਨੈਤਿਕ ਗੁਣਾਂ 'ਤੇ ਹੋਣਾ ਹੈ; ਇਸ ਤੱਥ ਤੋਂ ਨਹੀਂ ਹੋਣਾ ਕਿ ਉਹ ਕਿਸ ਧਰਮ ਨਾਲ ਸਬੰਧਤ ਹੈ ਜਾਂ ਕਿੰਨੀਆਂ ਧਾਰਮਿਕ ਰਸਮਾਂ ਨਿਭਾਉਂਦਾ ਤੇ ਪੂਜਾ-ਪਾਠ ਕਰਦਾ ਹੈ।

ਸਿੱਖ ਧਰਮ ਅਤੇ ਇਸ ਦੇ ਕੀਮਤ-ਵਿਧਾਨ ਨੇ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਕੀ ਜਾਗਰਤੀ ਲਿਆਂਦੀ, ਇਸ 'ਤੇ ਕਿਵੇਂ ਅਸਰ-ਅੰਦਾਜ਼ ਹੋਇਆ ਅਤੇ ਸਮਕਾਲ ਵਿਚ ਇਹ ਕੀ ਰੋਲ ਨਿਭਾਅ ਸਕਦਾ ਹੈ, ਨੂੰ ਸਮਝਣ ਲਈ ਸਿੱਖ ਧਰਮ ਦੀ ਸੰਖੇਪ ਚਰਚਾ ਕਰ ਲੈਣੀ ਸਹਾਇਕ ਸਿੱਧ ਹੋਵੇਗੀ। ਸਿੱਖ ਧਰਮ ਇੱਕ ਇਲਹਾਮੀ ਧਰਮ ਹੈ ਜਿਸ ਦਾ ਪ੍ਰਕਾਸ਼ਨ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ ਮੰਨਿਆ ਜਾਂਦਾ ਹੈ ਅਤੇ ਇਹ ਗੁਰੂ ਨਾਨਕ ਦੇਵ, ਇਸ ਦੇ ਬਾਨੀ ਗੁਰੂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦਸਮ ਅਤੇ ਆਖਰੀ ਸਰੀਰਕ ਗੁਰੂ ਤੱਕ, ਇੱਕ ਲਗਾਤਾਰ ਅਮਲ ਹੈ। ਗੁਰੂ ਸਾਹਿਬਾਨ ਨੂੰ ਆਪਣੇ ਰਹੱਸਾਤਮਕ ਅਨੁਭਵ ਵਿਚ ਸਤਿ ਦਾ ਜੋ ਅਨੁਭਵ ਹੋਇਆ ਉਸ ਨੂੰ ਉਨ੍ਹਾਂ ਨੇ ਬਾਣੀ ਜਾਂ ਸ਼ਬਦ ਦੇ ਰੂਪ ਵਿਚ ਪਰਗਟ ਕੀਤਾ ਜਿਸ ਦਾ ਹਵਾਲਾ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਬਹੁਤ ਥਾਵਾਂ 'ਤੇ ਮਿਲ ਜਾਂਦਾ ਹੈ। ਉਦਾਹਰਣ ਵਜੋਂ ਜਿਵੇਂ ਗੁਰੂ ਨਾਨਕ ਦੇਵ ਭਾਈ ਲਾਲੋ ਨੂੰ ਸੰਬੋਧਨ ਕਰਦੇ ਹਨ "ਜੈਸੀ ਮੈ ਆਵਹਿ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" (ਪੰ.722) ਅਤੇ ਇੱਕ ਥਾਂ ਹੋਰ ਕਹਿੰਦੇ ਹਨ "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥" (ਪੰ.763)। ਗੁਰੂ ਅਰਜਨ ਦੇਵ ਬਾਣੀ ਰੂਪੀ ਅੰਮ੍ਰਿਤ ਦੇ ਵਰਸਣ ਦੀ ਗੱਲ ਕਰਦਿਆਂ ਕਹਿੰਦੇ ਹਨ, "ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥" (ਪੰ.74)। ਗੁਰੂ ਅਰਜਨ ਦੇਵ ਬਾਣੀ ਨੂੰ ਧੁਰੋਂ ਆਈ ਮੰਨਦਿਆਂ ਇਸ ਨੂੰ ਕਰਤਾ ਪੁਰਖ ਦੀ ਮਿਹਰ ਪਰਵਾਨ ਕਰਦੇ ਹਨ ਜਿਸ ਸਦਕਾ ਉਨ੍ਹਾਂ ਨੂੰ ਸੱਚ ਦਾ ਗਿਆਨ ਹੋਇਆ ਹੈ ਜਿਸ ਦਾ ਉਹ ਬਿਆਨ ਕਰ ਸਕੇ ਹਨ:

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥ (ਪੰ.628)

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਾਰਮਿਕ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਹੀ ਸ਼ਾਮਲ ਨਹੀਂ ਹੈ ਬਲਕਿ ਉਨ੍ਹਾਂ ਭਗਤਾਂ, ਸੂਫ਼ੀ ਸੰਤਾਂ ਦੀ ਬਾਣੀ ਵੀ ਸ਼ਾਮਲ ਹੈ ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਇਹ ਬਾਣੀ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਵੇਲੇ ਇਕੱਤਰ ਕੀਤੀ ਅਤੇ ਕੁੱਝ ਬਾਣੀ ਗੁਰੂ ਅਰਜਨ ਦੇਵ ਪਾਤਿਸ਼ਾਹ ਦੇ ਸਮਕਾਲੀਆਂ ਵੱਲੋਂ ਰਚੀ ਹੋਈ ਹੈ ਜਿਵੇਂ ਸਤਾ ਅਤੇ ਬਲਵੰਡ, ਭੱਟਾਂ ਦੇ ਸਵੱਈਏ ਆਦਿ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਨੈਤਿਕਤਾ, ਕੀਮਤ ਵਿਧਾਨ ਅਤੇ ਸਿੱਖ ਫ਼ਲਸਫ਼ੇ ਦਾ ਸੋਮਾ ਹੈ ਜਿਸ ਵਿਚ ਹਿੰਦੁਸਤਾਨ ਦੇ ਮੱਧਕਾਲ ਦੇ ਅਧਿਆਤਮਕ ਅਨੁਭਵ ਨੂੰ ਵੀ ਸਾਂਭਿਆ ਹੋਇਆ ਹੈ। ਮੱਧਕਾਲ ਨੂੰ ਪੱਛਮੀ ਦੁਨੀਆ ਦੇ ਦਾਰਸ਼ਨਿਕ ਇਤਿਹਾਸ ਵਿਚ ਅੰਧੇਰਾ ਜੁਗ ਕਰਕੇ ਮੰਨਿਆ ਜਾਂਦਾ ਹੈ, ਗੁਰਬਾਣੀ ਅਨੁਸਾਰ ਇਸ ਦਾ ਅਰਥ ਅਗਿਆਨਤਾ ਵੀ ਬਣਦਾ ਹੈ, ਜਦਕਿ ਇਸੇ ਸਮੇਂ ਹਿੰਦੁਸਤਾਨ ਦੀ ਧਰਤੀ 'ਤੇ ਗੁਰੂ ਨਾਨਕ ਦੀ ਆਮਦ ਨਾਲ ਰੌਸ਼ਨ ਜੁਗ ਭਾਵ ਗਿਆਨ ਦਾ ਉਦੈ ਸ਼ੁਰੂ ਹੋ ਚੁੱਕਾ ਸੀ, ਜਿਸ ਨੂੰ ਪੰਜਾਬ ਦੇ ਮਹਾਨ ਚਿੰਤਕ ਸਰ ਮੁਹੰਮਦ ਇਕਬਾਲ ਨੇ ਹਿੰਦ ਦਾ ਇਕ ਸੁਪਨੇ ਵਿਚੋਂ ਜਾਗਣਾ ਕਿਹਾ ਹੈ:

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।

ਸਿੱਖ ਧਰਮ-ਚਿੰਤਨ ਨੇ ਜੋ ਕੀਮਤ ਵਿਧਾਨ ਦੁਨੀਆ ਦੇ ਸਾਹਮਣੇ ਰੱਖਿਆ ਉਸ ਵਿਚ ਮਨੁੱਖੀ ਨੈਤਿਕਤਾ, ਮਾਨਵਤਾਵਾਦ, ਮਨੁੱਖੀ ਬਰਾਬਰੀ, ਮਨੁੱਖੀ ਸਵੈਮਾਨ, ਸਰਬ-ਸਾਂਝੀਵਾਲਤਾ, ਸਮਾਜਿਕ ਨਿਆਉਂ, ਜਮਹੂਰੀਅਤ, ਕਾਦਰ ਅਤੇ ਉਸ ਦੀ ਕੁਦਰਤਿ ਨਾਲ ਪ੍ਰੇਮ, ਜਿਸ ਵਿਚ ਮਨੁੱਖ ਅਤੇ ਸਾਰੀ ਕਾਇਨਾਤ ਸ਼ਾਮਲ ਹੈ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਨ ਤੋਂ ਪਹਿਲਾਂ ਵਰਣ-ਵੰਡ, ਧਾਰਮਿਕ ਵਖਰੇਵਿਆਂ, ਰਾਜਨੀਤਕ ਕਾਰਨਾਂ ਕਰਕੇ ਜਿਸ ਤਰ੍ਹਾਂ ਭਾਰਤੀ ਸਮਾਜ ਵੰਡਿਆ ਹੋਇਆ ਸੀ ਅਤੇ ਇਸ ਵਿਚ ਜੋ ਗਿਰਾਵਟ ਆ ਚੁੱਕੀ ਸੀ ਗੁਰੂ ਨਾਨਕ ਨੇ ਉਸ ਦੀ ਤੁਲਨਾ ਮੱਸਿਆ ਦੀ ਕਾਲੀ ਰਾਤ ਨਾਲ ਕੀਤੀ ਹੈ ਜਿਸ ਵਿਚ ਚਾਰ-ਚੁਫੇਰੇ ਝੂਠ ਦਾ ਬੋਲ-ਬਾਲਾ ਹੋਣ ਕਰਕੇ ਸੱਚ ਰੂਪੀ ਚੰਦਰਮਾ ਅਲੋਪ ਹੋ ਗਿਆ ਸੀ। ਇਸ ਸਮੇਂ ਨੂੰ ਛੁਰੀ ਵਰਗਾ ਕਲਿਜੁਗ ਦਾ ਸਮਾਂ ਕਿਹਾ ਹੈ ਜਿਸ ਵਿਚ ਰਾਜੇ ਕਸਾਈਆਂ ਵਾਂਗ ਲੋਕਾਂ ਨੂੰ ਕੋਹ ਰਹੇ ਸੀ, ਧਰਮ ਅਰਥਾਤ ਇਨਸਾਫ ਖੰਭ ਲਾ ਕੇ ਉੱਡ ਗਿਆ ਸੀ, ਹਰ ਤਰ੍ਹਾਂ ਦੀਆਂ ਨੈਤਿਕ ਕੀਮਤਾਂ ਗੁਆਚ ਗਈਆਂ ਸਨ, ਲੋਕਾਈ ਦੁੱਖਾਂ-ਤਕਲੀਫਾਂ ਨਾਲ ਤੜਪ ਰਹੀ ਸੀ ਜਿਸ ਵਿਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਸੀ ਆਉਂਦਾ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥(ਪੰ.145)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਸਿੱਖ ਧਰਮ ਦਾ ਮੂਲ ਸਿਧਾਂਤ '੧ਓ ਤੋਂ ਗੁਰਪ੍ਰਸਾਦਿ' ਤੱਕ ਦਰਜ ਹੈ ਜਿਸ ਵਿਚ ਪਰਮਸਤਿ ਦੇ ਗੁਣ ਦੱਸਦਿਆਂ ਉਸ ਨੂੰ ਬ੍ਰਹਿਮੰਡ ਦਾ ਕਰਤਾ ਪੁਰਖ ਕਿਹਾ ਹੈ ਅਤੇ ਇਹ ਸਾਰਾ ਬ੍ਰਹਿਮੰਡ, ਉਸ ਦੀ ਰਚਨਾ ਉਸ ਦਾ ਪਰਗਟ ਸਰੂਪ ਹੈ। ਇਹ ਬੁਨਿਆਦ ਹੈ ਕਰਤਾ ਪੁਰਖ ਦੀ ਆਪਣੀ ਸਾਜੀ ਕੁਦਰਤਿ ਨਾਲ ਰਿਸ਼ਤੇ ਦੀ, ਮਨੁੱਖ ਦੀ ਕੁਦਰਤਿ ਨਾਲ ਰਿਸ਼ਤੇ ਅਤੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਦੀ। ਗੁਰੂ ਨਾਨਕ ਨੇ ਮਨੁੱਖ ਦੇ ਸਾਹਮਣੇ ਆਦਰਸ਼ 'ਸਚਿਆਰਾ' ਹੋਣ ਦਾ ਗੁਣ ਰੱਖਿਆ ਹੈ ਅਤੇ 'ਸਚਿਆਰਾ' ਹੋਣ ਦਾ ਅਰਥ ਸਵੈ-ਅਨੁਭਵ ਵੀ ਹੈ। ਸਵੈ-ਅਨੁਭਵ ਦੇ ਇਸ ਰਸਤੇ ਦੇ ਪਾਂਧੀ ਨੂੰ ਇਨ੍ਹਾਂ ਕੀਮਤਾਂ ਨੂੰ ਆਪ ਲੱਭਣਾ ਪੈਣਾ ਹੈ, ਇਨ੍ਹਾਂ ਦੀ ਨਿਸ਼ਾਨ-ਦੇਹੀ ਕਰਕੇ ਹੀ ਇਨ੍ਹਾਂ ਨੂੰ ਅਮਲ ਵਿਚ ਲਿਆਉਣਾ ਪੈਣਾ ਹੈ ਤਦ ਹੀ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਸਕਦਾ ਹੈ। ਪ੍ਰੰਤੂ ਸਿੱਖ ਧਰਮ ਚਿੰਤਨ ਅਨੁਸਾਰ ਇਹ ਖੋਜ ਅਤੇ ਇਸ ਦਾ ਪੰਧ ਵਿਅਕਤੀਗਤ ਨਹੀਂ ਬਲਕਿ ਸਮੂਹਕ (ਚੋਲਲੲਚਟਵਿੲ), ਸੰਗਤੀ ਹੈ। ਇਸੇ ਲਈ ਇਨ੍ਹਾਂ ਕੀਮਤਾਂ ਦੇ ਅਮਲੀ ਪ੍ਰਕਾਸ਼ਨ ਲਈ ਗੁਰੂ ਨਾਨਕ ਸਾਹਿਬ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਤ੍ਰੈ-ਪ੍ਰਤੀ ਰਸਤਾ ਦੱਸਿਆ। ਕਿਰਤ ਨੂੰ ਨਾਮ ਜਪਣ ਅਤੇ ਵੰਡ ਛਕਣ ਨਾਲ ਜੋੜਦਿਆਂ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਧਾਰਮਿਕ ਕਹਾਉਣ ਵਾਲੇ ਮਨੁੱਖਾਂ ਜਿਵੇਂ ਮੁੱਲਾਂ ਜਾਂ ਜੋਗੀ ਆਦਿ ਨੂੰ ਵੀ ਕਿਰਤ ਕਮਾਈ ਕਰਨ ਦਾ ਉਪਦੇਸ਼ ਕੀਤਾ ਹੈ। ਗੁਰੂ ਨਾਨਕ ਅਨੁਸਾਰ ਵਿਰਲੇ ਰਹਿਣ ਵਾਲੇ ਧਾਰਮਿਕ ਕਹਾਉਂਦੇ ਬੰਦੇ, ਜਿਵੇਂ ਕਾਜ਼ੀ, ਪੰਡਤਿ ਅਤੇ ਜੋਗੀ ਆਦਿ, ਸਮਾਜ ਲਈ ਕੋਈ ਸਾਰਥਕ ਯੋਗਦਾਨ ਪਾਉਣ ਦੀ ਥਾਂ ਸਮਾਜ ਦੇ ਉਜਾੜੇ ਦਾ ਕਾਰਨ ਬਣਦੇ ਹਨ। ਕਾਜ਼ੀ ਦਾ ਕੰਮ ਲੋਕਾਂ ਨੂੰ ਇਨਸਾਫ ਦੇਣਾ ਹੁੰਦਾ ਹੈ ਪ੍ਰੰਤੂ ਉਹ ਰਿਸ਼ਵਤ ਲੈ ਕੇ ਝੂਠ ਬੋਲਦਾ ਹੈ ਅਤੇ ਹਰਾਮ ਦੀ ਕਮਾਈ ਖਾਂਦਾ ਹੈ; ਬ੍ਰਾਹਮਣ ਕਰੋੜਾਂ ਸ਼ੂਦਰ ਕਹੇ ਜਾਣ ਵਾਲੇ ਬੰਦਿਆਂ ਨੂੰ ਦੁਖੀ ਕਰਕੇ ਤੀਰਥ ਇਸ਼ਨਾਨ ਕਰਦਾ ਹੈ; ਜੋਗੀ ਭੀ ਅੰਨ੍ਹਾ ਹੈ ਅਤੇ ਜੀਵਨ-ਜਾਚ ਨਹੀਂ ਜਾਣਦਾ। ਇਸ ਤਰ੍ਹਾਂ ਇਹ ਤਿੰਨੇ ਅੰਦਰੋਂ ਖਾਲੀ ਹਨ ਅਤੇ ਸਮਾਜਿਕ ਉਜਾੜੇ ਦਾ ਕਾਰਨ ਬਣਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ (ਪੰ.662)

ਉਨ੍ਹਾਂ ਦਾ ਮੰਨਣਾ ਹੈ ਕਿ ਰੋਜ਼ੀ-ਰੋਟੀ ਦੀ ਖਾਤਰ ਮੁੱਲਾਂ ਆਪਣੇ ਘਰ ਨੂੰ ਹੀ ਮਸੀਤ ਵਿਚ ਤਬਦੀਲ ਕਰ ਲੈਂਦਾ ਹੈ ਅਤੇ ਜੋਗੀ ਕੰਨ ਪੜਵਾ ਕੇ ਮੁੰਦਰਾਂ ਪਾ ਲੈਂਦਾ ਹੈ ਪਰ ਲੋਕਾਂ ਦੇ ਘਰਾਂ ਵਿਚੋਂ ਮੰਗ ਕੇ ਖਾਂਦਾ ਹੈ। ਫਿਰ ਵੀ ਆਪਣੇ ਆਪ ਨੂੰ ਇਹ ਸਾਰੇ ਧਾਰਮਿਕ ਆਗੂ ਕਹਾਉਂਦੇ ਹਨ ਪ੍ਰੰਤੂ ਅਜਿਹੇ ਲੋਕਾਂ ਨੂੰ ਬਿਲਕੁਲ ਵੀ ਧਾਰਮਿਕ ਆਗੂ ਨਹੀਂ ਮੰਨਣਾ ਚਾਹੀਦਾ। ਅਸਲੀ ਰਸਤੇ ਦੀ ਪਛਾਣ ਉਸ ਨੂੰ ਹੁੰਦੀ ਹੈ ਜੋ ਕਿਰਤ ਕਮਾਈ ਕਰਕੇ ਦੂਜਿਆਂ ਨਾਲ ਵੰਡ ਕੇ ਛਕਦਾ ਹੈ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥"(ਪੰ 1245) ਗੁਰੂ ਨਾਨਕ ਨੇ ਸਿਧਾਂਤ ਦੇ ਇਸ ਅਮਲੀ ਪ੍ਰਕਾਸ਼ਨ ਨੂੰ ਪ੍ਰਪੱਕ ਕਰਨ ਲਈ ਜਿੱਥੇ ਜਿੱਥੇ ਵੀ ਗਏ ਸੰਗਤਾਂ ਸਥਾਪਤ ਕੀਤੀਆਂ ਅਤੇ ਗੁਰਤਾ ਦੀ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਆਪਣੇ ਜੀਵਨ ਸਮੇਂ ਵਿਚ ਹੀ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇ ਕੇ ਆਪਣਾ ਜਾਨਸ਼ੀਨ ਥਾਪਿਆ। ਇਸ ਤਰ੍ਹਾਂ ਇਹ ਲੜੀ ਦਸਮ ਗੁਰੂ ਤੱਕ ਚੱਲ ਕੇ ਸ਼ਬਦ-ਗੁਰੂ ਵਿਚ ਤਬਦੀਲ ਹੋਈ ਅਤੇ ਸੰਗਤਿ ਨੇ ਖਾਲਸੇ ਦਾ ਰੂਪ ਗ੍ਰਹਿਣ ਕੀਤਾ।

ਮਨੁੱਖੀ ਬਰਾਬਰੀ ਅਤੇ ਏਕਤਾ ਦੇ ਸਿਧਾਂਤ ਦਾ ਅਧਾਰ ਮਨੁੱਖ ਅੰਦਰ ਵਿਆਪਕ ਰੱਬੀ ਜੋਤਿ ਨੂੰ ਮੰਨਿਆ ਹੈ ਕਿਉਂਕਿ ਸਾਰੇ ਮਨੁੱਖ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ"(ਪੰ.13) ਅਨੁਸਾਰ ਉਸੇ ਇਕ ਕਰਤਾ ਪੁਰਖ ਦੀ ਸਿਰਜਣਾ ਹਨ ਅਤੇ ਉਸੇ ਤੋਂ ਪੈਦਾ ਹੋਏ ਹਨ। ਇਸੇ ਲਈ ਗੁਰੂ ਅਰਜਨ ਦੇਵ ਨੇ ਉਸ ਕਰਤਾ ਪੁਰਖ ਨੂੰ "ਤੂੰ ਸਾਝਾ ਸਾਹਿਬੁ ਬਾਪੁ ਹਮਾਰਾ" (ਪੰ.97) ਕਿਹਾ ਹੈ ਜਿਸ ਦੇ ਖਜ਼ਾਨੇ ਸਭ ਲਈ ਭਰੇ ਹਨ ਅਤੇ ਜੋ ਮਾਤਾ ਵੀ ਹੈ ਅਤੇ ਪਿਤਾ ਵੀ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" (ਪੰ.1144)। ਭਗਤ ਕਬੀਰ ਨੇ ਇਸ ਨੂੰ "ਏਕੁ ਨੂਰੁ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ" (ਪੰ.1349) ਕਿਹਾ ਹੈ। ਮਨੁੱਖ ਦਾ ਬਰਾਬਰ ਹੋਣਾ ਹੀ ਸਮਾਜਿਕ ਨਿਆਉਂ ਦਾ ਆਧਾਰ ਹੈ ਜਿਸ ਵਿਚ ਕਿਸੇ ਮਨੁੱਖ ਨੂੰ ਉੱਚਾ ਜਾਂ ਨੀਵਾਂ ਨਹੀਂ ਸਮਝਿਆ ਜਾ ਸਕਦਾ, ਸਾਰੇ ਮਨੁੱਖ ਸਮਾਜਿਕ ਬਰਾਬਰੀ ਦੇ ਇੱਕੋ ਜਿਹੇ ਅਧਿਕਾਰੀ ਹਨ, ਕੋਈ ਛੋਟਾ ਜਾਂ ਵੱਡਾ ਨਹੀਂ। ਇਸ ਦੇ ਅਧਾਰ 'ਤੇ ਹੀ ਗੁਰੂ ਨਾਨਕ ਸਮਾਜਿਕ ਤੌਰ 'ਤੇ ਨੀਵੇਂ ਜਾਂ ਛੋਟੇ ਕਹੇ ਜਾਣ ਵਾਲੇ ਵਰਗ ਨਾਲ ਖੜ੍ਹਦੇ ਹੋਏ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" (ਪੰ.15) ਅਤੇ "ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ" (ਪੰ.468) ਦਾ ਐਲਾਨ ਕਰਦੇ ਹਨ। ਗੁਰੂ ਨਾਨਕ ਅਨੁਸਾਰ ਹਰ ਇਕ ਜਾਤ ਵਿਚ ਉਸ ਕਰਤਾ ਪੁਰਖ ਦਾ ਨੂਰ ਹੈ ਅਤੇ ਉਸ ਦੇ ਨੂਰ ਵਿਚ ਹਰ ਇਕ ਜਾਤ ਹੈ, "ਜਾਤਿ ਮਹਿ ਜੋਤਿ ਜਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ" (ਪੰ.469) ਅਤੇ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥"(ਪੰ.13) ਦਾ ਸਿਧਾਂਤ ਦਿੰਦੇ ਹਨ। ਜਿੱਥੇ ਵਰਣ ਵੰਡ ਅਨੁਸਾਰ ਸੇਵਾ ਕਰਨ ਦੇ ਕੰਮ ਨੂੰ ਨਖਿਧ ਮੰਨਦਿਆਂ ਇਸ ਨੂੰ ਸਭ ਤੋਂ ਹੇਠਲੇ ਦਰਜੇ 'ਤੇ ਮੰਨੇ ਗਏ ਵਰਣ ਨੂੰ ਸੌਂਪਿਆ ਗਿਆ ਉਥੇ ਹੀ ਸਿੱਖ ਧਰਮ ਚਿੰਤਨ ਵਿਚ ਸੇਵਾ ਅਤੇ ਪਰਉਪਕਾਰ ਨੂੰ ਅਧਿਆਤਮਕ ਪ੍ਰਾਪਤੀ ਦੇ ਰਸਤੇ ਦਾ ਜ਼ਰੂਰੀ ਕਰਮ ਦੱਸਿਆ ਗਿਆ, "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥" (ਪੰ.26) ਅਤੇ ਗੁਰੂ ਅਰਜਨ ਦੇਵ ਅਨੁਸਾਰ ਇਹ ਸੇਵਾ ਕਰਕੇ ਕੋਈ ਹੰਕਾਰ ਨਹੀਂ ਕਰਨਾ ਅਤੇ ਕਿਸੇ ਨੂੰ ਜਤਾਉਣਾ ਨਹੀਂ "ਸੇਵਾ ਕਰਤ ਹੋਇ ਨਿਹਕਾਮੀ॥ ਤਿਸੁ ਕਉ ਹੋਤ ਪਰਾਪਤਿ ਸੁਆਮੀ॥" (ਪੰ.286) ਅਤੇ ਪਰਮਸਤਿ ਦਾ ਗਿਆਨ ਪ੍ਰਾਪਤ ਕਰਨ ਵਾਲੇ ਮਨੁੱਖ ਨੂੰ ਦੂਸਰਿਆਂ ਦਾ ਭਲਾ ਕਰਕੇ ਖੁਸ਼ੀ ਪ੍ਰਾਪਤ ਹੁੰਦੀ ਹੈ "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥" (ਪੰ.273)

ਕਿਸੇ ਦਾ ਹਕੁ ਖੋਹਣਾ ਵੀ ਸਮਾਜਿਕ ਅਨਿਆਂ ਹੈ ਜਿਸ ਨੂੰ ਗੁਰੂ ਨਾਨਕ ਨੇ ਸਿਰਫ ਅਨੈਤਿਕ ਹੀ ਨਹੀਂ ਮੰਨਿਆ ਬਲਕਿ ਧਾਰਮਿਕ ਕਸਮ ਤੋੜਨ ਦੇ ਬਰਾਬਰ ਮੰਨਦਿਆਂ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ" (ਪੰ.141) ਕਿਹਾ ਹੈ। ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤੀਆਂ ਦੀ ਤਰ੍ਹਾਂ ਹੀ ਇਸਤ੍ਰੀ ਵੀ ਸਮਾਜਿਕ ਅਨਿਆਂ ਝੇਲਦੀ ਰਹੀ ਹੈ। ਸਿੱਖ ਧਰਮ ਦੇ ਉਦੈ ਵੇਲੇ ਭਾਰਤੀ ਸਮਾਜ ਵਿਚ ਇਸਤ੍ਰੀ ਦੀ ਹਾਲਤ ਬਹੁਤ ਬੁਰੀ ਸੀ ਅਤੇ ਉਸ ਨੂੰ ਅਧਿਆਤਮਕ ਪ੍ਰਾਪਤੀਆਂ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸਤ੍ਰੀ ਦੇ ਹੱਕ ਵਿਚ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" (ਪੰ.473) ਰਾਹੀਂ ਸਿਰਫ਼ ਅਵਾਜ਼ ਹੀ ਨਹੀਂ ਬੁਲੰਦ ਕੀਤੀ ਬਲਕਿ ਅਹਿਸਾਸ ਕਰਾਇਆ ਕਿ ਇਸਤ੍ਰੀ ਤੋਂ ਬਿਨਾ ਸਮਾਜਿਕ ਤਾਣਾ-ਬਾਣਾ ਸੰਭਵ ਹੀ ਨਹੀਂ ਹੈ ਕਿਉਂਕਿ ਸਾਰੇ ਸਮਾਜਿਕ ਰਿਸ਼ਤਿਆਂ ਦਾ ਆਧਾਰ ਇਸਤ੍ਰੀ ਹੈ। ਇਸਤ੍ਰੀ ਰਾਹੀਂ ਹੀ ਸਮਾਜਿਕ ਪੀੜ੍ਹੀਆਂ ਅੱਗੇ ਚੱਲਦੀਆਂ ਹਨ ਅਤੇ ਰਿਸ਼ਤੇ ਬਣਦੇ ਹਨ। ਗੁਰੂ ਨਾਨਕ ਨੇ ਅਧਿਆਤਮਕ ਪ੍ਰਾਪਤੀਆਂ ਲਈ ਸੰਨਿਆਸੀ ਹੋਣ ਨਾਲੋਂ ਗ੍ਰਹਿਸਤੀ ਹੋਣ ਨੂੰ ਪ੍ਰਮੁੱਖਤਾ ਦਿੱਤੀ ਕਿਉਂਕਿ ਗ੍ਰਹਿਸਥ ਵਿਚ ਹੀ ਸਹਿਜ ਕਾਇਮ ਰੱਖਿਆ ਜਾ ਸਕਦਾ ਹੈ। ਇਸੇ ਨੂੰ ਸਹਿਜ ਮਾਰਗ ਕਿਹਾ ਹੈ। ਉਹ ਕਰਤਾ ਪੁਰਖ "ਆਪੇ ਹੀ ਪੁਰਖੁ ਆਪੇ ਹੀ ਨਾਰੀ" (ਪੰ.1020) ਹੈ। ਇਸੇ ਤਰ੍ਹਾਂ ਇਸਤ੍ਰੀ ਦੇ ਪ੍ਰਸੂਤ ਦੀ ਅਵਸਥਾ ਵਿਚ ਹੋਣ ਨੂੰ ਸੂਤਕ ਜਾਂ ਅਪਵਿੱਤ੍ਰ ਮੰਨਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਪ੍ਰਸੂਤ ਅਪਵਿੱਤ੍ਰ ਨਹੀਂ ਹੈ, ਇਹ ਕੁਦਰਤੀ ਅਮਲ ਹੈ ਬਲਕਿ ਸੂਤਕ ਜਾਂ ਅਪਵਿੱਤ੍ਰ ਤਾਂ ਝੂਠ ਬੋਲਣਾ, ਲੋਭ ਕਰਨਾ, ਮੰਦਾ ਸੁਣਨਾ ਅਤੇ ਪਰਾਈ ਇਸਤ੍ਰੀ ਅਤੇ ਪਰਾਏ ਧਨ ਨੂੰ ਬੁਰੀ ਨਿਗਾਹ ਨਾਲ ਦੇਖਣਾ ਆਦਿ ਹੈ:

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥ (ਪੰਨਾ 472)"

ਗੁਰੂ ਅਮਰਦਾਸ ਨੇ ਇਸਤ੍ਰੀ ਦੇ ਸਤੀ ਹੋਣ ਵਿਰੁੱਧ ਆਵਾਜ਼ ਉਠਾਈ ਅਤੇ ਤਰਕ ਰਾਹੀਂ ਦੱਸਿਆ ਕਿ ਸਤੀਆਂ ਉਹ ਨਹੀਂ ਹੁੰਦੀਆਂ ਜੋ ਪਤੀ ਦੀ ਚਿਖਾ ਨਾਲ ਸੜ ਕੇ ਮਰਦੀਆਂ ਹਨ ਬਲਕਿ ਸਤੀਆਂ ਉਹ ਹੁੰਦੀਆਂ ਹਨ ਜੋ "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥ ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥" (ਪੰ.787)। ਪਰਦਾ ਕਰਨਾ ਔਰਤ ਦੀ ਗੁਲਾਮੀ ਦੀ ਨਿਸ਼ਾਨੀ ਹੈ ਅਤੇ ਗੁਰੂ ਅਮਰਦਾਸ ਨੇ ਬੀਬੀਆਂ ਨੂੰ ਪਰਦਾ ਕਰਨ ਦੀ ਮਨਾਹੀ ਕੀਤੀ। ਇਸੇ ਸਬੰਧੀ ਭਗਤ ਕਬੀਰ ਨੇ ਬਚਨ ਕੀਤਾ ਹੈ ਕਿ ਪਰਦਾ ਕਰਨ ਨਾਲ ਵੱਧ ਤੋਂ ਵੱਧ ਇਹੀ ਹੈ ਕਿ ਲੋਕ ਕਹਿਣਗੇ ਬਹੂ ਭਲੀ ਆਈ ਹੈ ਪਰ ਇਹ ਕੋਈ ਅਧਿਆਤਮਕ ਪ੍ਰਾਪਤੀ ਨਹੀਂ ਹੈ "ਘੂੰਘਟ ਕਾਢੇ ਕੀ ਇਹੈ ਬਡਾਈ॥ ਦਿਨ ਦਸ ਪਾਂਚ ਬਹੂ ਭਲੀ ਆਈ॥(ਪੰ.484)। ਇਸੇ ਤਰ੍ਹਾਂ ਕੁੜੀਆਂ ਨੂੰ ਬੋਝ ਸਮਝ ਕੇ ਮਾਰ ਦੇਣ ਦਾ ਰਿਵਾਜ ਸੀ ਪ੍ਰੰਤੂ ਸਮਾਜ ਵਿਚ ਬ੍ਰਾਹਮਣ ਅਤੇ ਗਊ ਦੀ ਹੱਤਿਆ ਨੂੰ ਬੁਰਾ ਮੰਨਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਕੰਨਿਆ ਦੀ ਹੱਤਿਆ ਨੂੰ ਬ੍ਰਾਹਮਣ ਅਤੇ ਗਊ ਦੀ ਹੱਤਿਆ ਕਰਨ ਦੇ ਬਰਾਬਰ ਕਿਹਾ ਹੈ ਅਤੇ ਇਸ ਨੂੰ ਬੁਰੇ ਬੰਦਿਆਂ ਦੀ ਭੇਟ ਸਵੀਕਾਰ ਕਰ ਲੈਣ ਵਾਂਗ ਪਾਪ ਮੰਨਿਆ ਹੈ, "ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕ ਕੋੜੁ ਬਦੀਆ ਸਦਾ ਸਦਾ ਅਭਿਮਾਨ" (ਪੰ.1413)। ਗੁਰੂ ਨਾਨਕ ਨੇ ਗਰੀਬਾਂ 'ਤੇ ਜ਼ੁਲਮ ਕਰਨ ਵਾਲੇ ਰਾਜਿਆਂ ਅਤੇ ਅਧਿਕਾਰੀਆਂ ਨੂੰ ਵੀ ਫਿਟਕਾਰਿਆ ਅਤੇ ਉਨ੍ਹਾਂ ਨੂੰ ਰੱਤ ਚੱਟਣ ਵਾਲੇ ਕੁੱਤੇ ਤੱਕ ਕਿਹਾ। ਦੱਸਿਆ ਕਿ ਜੋ ਮਨੁੱਖ ਦੂਸਰਿਆ ਦਾ ਹੱਕ ਖੋਂਹਦੇ ਹਨ ਉਹ ਦੂਸਰਿਆਂ ਦਾ ਖੂਨ ਪੀਣ ਦੇ ਬਰਾਬਰ ਹੈ। ਜੇ ਕੱਪੜੇ ਨੂੰ ਰੱਤ ਲੱਗ ਜਾਵੇ ਤਾਂ ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਅਤੇ ਜੋ ਫਿਰ ਮਨੁੱਖਾਂ ਦਾ ਖੂਨ ਚੂਸਦੇ ਹਨ, ਉਨ੍ਹਾਂ ਨਾਲ ਧੱਕਾ ਕਰਦੇ ਹਨ ਉਨ੍ਹਾਂ ਦੇ ਮਨ ਕਿਵੇਂ ਨਿਰਮਲ ਹੋ ਸਕਦੇ ਹਨ, "ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥" (ਪੰ.140)।

ਗੁਰੂ ਨਾਨਕ ਨੇ ਕੁਦਰਤਿ ਨੂੰ ਕਰਤਾ ਪੁਰਖ ਦਾ ਪਰਗਟ ਰੂਪ ਮੰਨਦਿਆਂ ਮਨੁੱਖ ਨੂੰ ਕੁਦਰਤਿ ਨਾਲ ਜੋੜਿਆ ਹੈ ਅਤੇ ਕੁਦਰਤਿ ਦਾ ਸਤਿਕਾਰ ਕਰਨਾ ਸਿਖਾਇਆ। ਕਾਦਰ ਆਪਣੀ ਕੁਦਰਤਿ ਵਿਚ ਆਪ ਵਸਦਾ ਹੈ, ਉਹ ਅਤੇ ਉਸ ਦੀ ਕੁਦਰਤਿ ਏਨੀ ਅਸੀਮ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥" (ਪੰ.469) ਕਿਹਾ ਹੈ। ਦੱਸਿਆ ਹੈ ਕਿ ਕਰਤਾ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਬਣਾਇਆ ਅਤੇ ਉਸ ਨੇ ਕੁਦਰਤਿ ਦੀ ਰਚਨਾ ਵੀ ਆਪਣੇ ਆਪ ਤੋਂ ਕੀਤੀ ਜਿਸ ਵਿਚ ਬੈਠ ਕੇ ਉਹ ਇਸ ਨੂੰ ਦੇਖ ਰਿਹਾ ਹੈ ਅਤੇ ਖੁਸ਼ ਹੋ ਰਿਹਾ ਹੈ। ਗੁਰੂ ਨਾਨਕ ਪਾਤਿਸ਼ਾਹ ਨੇ ਕੁਦਰਤਿ ਦਾ ਸੰਕਲਪ ਦਿੱਤਾ ਹੈ ਜਿਸ ਵਿਚ ਸਭ ਕੁੱਝ ਆ ਜਾਂਦਾ ਹੈ ਫ਼ਲਸਫ਼ਾ, ਧਾਰਮਿਕ ਗ੍ਰੰਥ, ਖਾਣਾ-ਪੀਣਾ, ਪਹਿਨਣਾ, ਮਨੁੱਖ ਦਾ ਚੰਗਾ-ਮੰਦਾ ਵਤੀਰਾ, ਸੁਭਾਅ ਆਦਿ। ਇਹ ਸਾਰਾ ਬ੍ਰਹਿਮੰਡ ਅਤੇ ਇਸ ਦਾ ਪ੍ਰਬੰਧ ਕੁਦਰਤਿ ਦੇ ਬਝਵੇਂ ਨੇਮ ਵਿਚ ਚੱਲ ਰਿਹਾ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥....(ਪੰ.464)

ਉਸ ਦੀ ਕੁਦਰਤਿ ਨੂੰ ਸਤਿਕਾਰ ਦਿੰਦਿਆਂ ਹੀ "ਪਵਣੁ


*(ਬਾਕੀ ਅਗਲੇ ਸਫੇ 'ਤੇ)*

# ਸਮਰੱਥ ਕੌਣ? ਗੁਰੂ, ਗੁਰੂ ਗ੍ਰੰਥ, ਗ੍ਰੰਥੀ ਜਾਂ ...ਇਹ ਸਿੱਖ?

## ਵਿਚਾਰ-ਚਰਚਾ

ਇੱਕ ਸੰਗਠਨ ਤਾਂ ਆਪਣੇ ਆਗੂਆਂ ਨੂੰ ਸਿੱਖ ਪੰਥ ਵਿਚ ਵੱਡਾ ਧਾਰਮਿਕ ਰੁਤਬਾ ਅਤੇ ਸਮੁੱਚੇ ਸਿੱਖ ਪੰਥ ਦਾ ਵਾਲੀ ਸਾਬਤ ਕਰਨ ਲਈ ਸਿਰ ਤੋੜ ਯਤਨ ਕਰ ਰਹੀਆਂ ਹਨ। ਇਸ ਵਕਤ ਲੱਗ ਰਿਹਾ ਏ ਜਿਵੇਂ ਸਿੱਖ ਪੰਥ ਲਾਵਾਰਿਸ ਹੋ ਗਿਆ ਏ ਅਤੇ ਇਸ ਉੱਪਰ ਕਬਜ਼ੇ ਦੀਆਂ ਲੜਾਈਆਂ ਚੱਲ ਰਹੀਆਂ ਹਨ। ਅਕਸਰ ਪੰਜਾਬੀ ਇਲੈਕਟ੍ਰੋਨਿਕ ਮੀਡੀਆ ਵਿਚ ਹੁੰਦੀਆਂ ਚੁੰਝ ਲੜਾਈ ਵਰਗੀਆਂ ਚਰਚਾਵਾਂ ਵਿਚ ਹਰ ਇੱਕ ਸਿੱਖ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਮਾਰਗ 'ਤੇ ਚੱਲਣ ਦਾ ਦਮ ਭਰਦੇ ਹਨ। ਜ਼ਿਆਦਾਤਰ ਧਿਰਾਂ ਨੂੰ ਤਾਂ ਗੁਰੂ ਨਾਨਕ ਦੀ ਸਮੁੱਚੀ ਮਨੁੱਖਤਾ ਦੇ ਭਲੇ ਵਾਲੀ ਅਲੋਕਾਰ ਸਿੱਖੀ ਦਾ ਮੁਢਲਾ ਗਿਆਨ ਹੀ ਨਹੀਂ। ਉਨ੍ਹਾਂ ਲਈ ਸਿੱਖੀ ਸਿਰਫ ਉਨ੍ਹਾਂ ਤੱਕ ਅਤੇ ਉਨ੍ਹਾਂ ਦੇ ਨਿੱਜੀ ਗਿਆਨ ਤੱਕ ਹੀ ਸੀਮਤ ਏ। ਉਨ੍ਹਾਂ ਨੂੰ ਗੁਰੂ ਨਾਨਕ ਦਾ ਆਪਣੇ ਸਿੱਖ ਲਈ ਸਹਿਜ ਢੰਗ ਨਾਲ ਸਿੱਖੀ ਕਮਾਉਣ ਦਾ ਸਹਿਜ ਮਾਰਗ ਪਸੰਦ ਨਹੀਂ ਏ। ਉਨ੍ਹਾਂ ਨੇ ਸਹਿਜ ਨਾਲ ਭਰਪੂਰ ਸਿੱਖੀ ਨੂੰ ਖੰਡਿਉਂ ਤਿੱਖੀ ਬਣਾ ਦਿੱਤਾ ਏ ਅਤੇ ਚਾਹੁੰਦੇ ਹਨ ਕਿ ਸਾਰੇ ਸਿੱਖ ਖੰਡੇ ਦੀ ਧਾਰ 'ਤੇ ਤੁਰਨ। ਜਿਨ੍ਹਾਂ ਨੂੰ ਖੰਡੇ ਦੀ ਧਾਰ 'ਤੇ ਚਲਣਾ ਪਸੰਦ ਨਹੀਂ, ਉਹ ਹੌਲੀ-ਹੌਲੀ ਕਿਰਦੇ ਯਾਨੀ ਸਿੱਖ ਧਰਮ ਵਿਚੋਂ ਮਨਫੀ ਹੋਈ ਜਾਂਦੇ ਹਨ। ਇਹ ਸਾਰੀਆਂ ਧਿਰਾਂ ਤਰਕ ਵੇਲੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਲ-ਨਾਲ ਹਿੰਦੂ ਦੇਵੀਆਂ ਅਤੇ ਦੇਵਤਿਆਂ ਦਾ ਜ਼ਿਕਰ ਜ਼ਰੂਰ ਕਰਦੇ ਹਨ, ਜਿਵੇਂ ਕਿ ਉਹ ਬਹੁਤ ਵੱਡੇ ਗਿਆਨੀ ਹਨ ਅਤੇ ਉਹ ਇਸ ਤੁਲਨਾ ਨਾਲ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨੂੰ ਹਿੰਦੂ ਦੇਵੀਆਂ ਅਤੇ ਦੇਵਤਿਆਂ ਦੇ ਬਰਾਬਰ ਖੜ੍ਹਾ ਕਰ ਕੇ ਸਿੱਖ ਗੁਰੂਆਂ ਅਤੇ ਸਿੱਖ ਧਰਮ ਦਾ ਬਹੁਤ ਵੱਡਾ ਕੰਮ ਕਰ ਰਹੇ ਹਨ। ਹਕੀਕਤ ਵਿਚ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦਾ ਹਿੰਦੂ ਦੇਵਤੇ ਹੋਣ ਜਾਂ ਦੇਵੀਆਂ ਨਾਲ ਕੋਈ ਮੁਕਾਬਲਾ ਹੀ ਨਹੀਂ। ਗੁਰੂ ਨਾਨਕ ਸੱਚ ਏ ਅਤੇ ਇਤਿਹਾਸ ਏ, ਜਦੋਂ ਕਿ ਹਿੰਦੂ ਦੇਵਤੇ ਅਤੇ ਦੇਵੀਆਂ ਮਿਥਿਹਾਸ ਹਨ। ਸਿੱਖ ਆਪਣੇ ਸਮੇਂ ਦੇ ਸਭ ਤੋਂ ਸਮਰੱਥ ਬਲੀ, ਸੂਰਮੇ ਅਤੇ ਮਹਾਂ ਗਿਆਨੀ ਗੁਰੂ ਗੋਬਿੰਦ ਸਿੰਘ ਨੂੰ ਚੰਡੀ ਦਾ ਉਪਾਸਕ ਬਣਾ ਕੇ ਗੁਰੂ ਸਾਹਿਬ ਨਾਲ ਅਤੇ ਸਿੱਖ ਧਰਮ ਨਾਲ ਵੱਡਾ ਧ੍ਰੋਹ ਕਮਾ ਰਹੇ ਹਨ। ਇਹੋ ਜਿਹੇ ਸਿੱਖਾਂ ਦੇ ਕਰਤਬ ਵੇਖ ਕੇ ਇਹ ਅੰਦਾਜ਼ਾ ਲਗਾਉਣਾ ਬਹੁਤ ਹੀ ਮੁਸ਼ਕਲ ਕੰਮ ਏ ਕਿ ਗੁਰੂ ਨਾਨਕ ਦਾ ਸਿੱਖ ਧਰਮ ਹਕੀਕਤ ਵਿਚ ਹੈ ਕੀ ਏ? ਸਿੱਖ ਧਰਮ ਗੁਰੂ ਨਾਨਕ ਅਤੇ ਹੋਰਨਾਂ ਗੁਰੂਆਂ ਵੱਲੋਂ ਚਲਾਇਆ ਧਰਮ ਏ ਜਾਂ ਫਿਰ "ਜਿਸ ਕੀ ਲਾਠੀ, ਉਸ ਕੀ ਭੈਂਸ ਏ"? ਸਮਝ ਨਹੀਂ ਆਉਂਦਾ, ਸਭ ਤੋਂ ਸਮਰੱਥ ਕੌਣ ਏ? ਸਿੱਖ ਗੁਰੂ, ਗੁਰੂ ਗ੍ਰੰਥ, ਗ੍ਰੰਥੀ ਜਾਂ ਫਿਰ ਇਹ ਤੱਤੇ ਸਿੱਖ?

ਪਿਛਲੇ ਕਾਫੀ ਸਾਲਾਂ ਤੋਂ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਬਣੇ ਗੁਰਦੁਆਰਿਆਂ ਵਿਚ ਸਿੱਖਾਂ ਦੇ ਸਮਰੱਥ ਗੁਰੂ ਸ੍ਰੀ ਗ੍ਰੰਥ ਸਾਹਿਬ ਦੀਆਂ ਵੱਖ-ਵੱਖ ਢੰਗਾਂ ਨਾਲ ਬੇਅਦਬੀਆਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕਿਤੇ ਅੰਗ ਭੰਗ ਕੀਤੇ ਗਏ ਅਤੇ ਕਿਤੇ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਅਗਨ ਭੇਟ ਕਰ ਦਿੱਤਾ ਗਿਆ। ਹੋਰਨਾਂ ਕਈ ਥਾਵਾਂ 'ਤੇ ਤਕਨੀਕੀ ਜਾਂ ਮਨੁੱਖੀ ਅਣਗਹਿਲੀ ਕਰਕੇ ਗੁਰੂ ਗ੍ਰੰਥ ਸਾਹਿਬ ਅਗਨ ਭੇਟ ਹੋ ਗਏ। ਅਜਿਹੀਆਂ ਘਟਨਾਵਾਂ ਆਮ ਹੋ ਗਈਆਂ ਹਨ। ਬਚਪਨ ਵਿਚ ਯਾਦ ਨਹੀਂ ਕਦੇ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਸੁਣਿਆ ਹੋਵੇ। ਸਿੱਖ ਮੁੱਢ ਕਦੀਮ ਤੋਂ ਆਪਣੀ ਸਿੱਖੀ ਵਿਚ ਪਰਪੱਕ ਰਿਹਾ ਏ। ਤਕਰੀਬਨ ਸੌ ਸਾਲ ਪਹਿਲਾਂ ਦਾ ਸਿੱਖਾਂ ਦਾ ਇਤਿਹਾਸ ਇਸ ਦਾ ਗਵਾਹ ਏ। ਉਸ ਦੌਰ ਵਿਚ ਨਾ ਹੀ ਸਿੱਖ ਮਾਨਸਿਕਤਾ ਵਿਚ ਸੌੜਾਪਣ ਸੀ, ਨਾ ਹੀ ਸਿੱਖਾਂ ਵਿਚ ਧਾਰਮਿਕ ਕੱਟੜਤਾ ਸੀ। ਉਸ ਸਮੇਂ ਸਿੱਖ ਬੜਾ ਦਰਿਆ ਦਿਲ



ਅਮਰਜੀਤ ਸਿੰਘ ਮੁਲਤਾਨੀ

ਸੀ ਅਤੇ ਆਪਣੇ ਇਸ਼ਟ ਗੁਰੂ ਨਾਨਕ ਦੀ ਸਿੱਖੀ ਨੂੰ ਬੁਲੰਦ ਕਰਨ ਦਾ ਹਰਿਆਵਲ ਦਸਤਾ ਹੁੰਦਾ ਸੀ। ਲੱਗਦਾ ਏ ਸ਼ਾਇਦ ਉਨ੍ਹਾਂ ਦਿਨਾਂ ਦੇ ਸਿੱਖਾਂ ਦੀ ਅਤੇ ਪੰਜਾਬ ਦੀ ਇਸ ਵਿਸ਼ੇਸ਼ਤਾ ਨੂੰ ਇਤਿਹਾਸ ਵਿਚ ਦਰਜ ਕਰਾਉਣ ਦੇ ਖਿਆਲ ਨਾਲ ਹੀ ਪੰਜਾਬੀ ਦੇ ਮਹਾਨ ਲੇਖਕ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ ਹੋਵੇ "ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ"। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਮੰਦਰਾਂ ਦੀ ਭਰਮਾਰ ਨਹੀਂ ਸੀ। ਜ਼ਿਆਦਾਤਰ ਮੰਦਰ ਜਾਂ ਸ਼ਿਵਾਲੇ ਕਾਫੀ ਪੁਰਾਤਨ ਸਨ। ਪਿੰਡਾਂ ਵਿਚ ਜਿੱਥੇ ਮੰਦਰ ਨਹੀਂ ਹੁੰਦੇ ਸਨ, ਉੱਥੇ ਖੱਤਰੀ ਅਤੇ ਗੈਰ ਸਿੱਖ ਗੁਰਦੁਆਰਿਆਂ ਵਿਚ ਮੱਥਾ ਟੇਕਿਆ ਕਰਦੇ ਸਨ। ਸਿੱਖ ਗੁਰੂਆਂ ਦਾ ਹਿੰਦੂ ਧਰਮ ਨਾਲ ਸੰਬੰਧ ਵੀ ਗੈਰ ਸਿੱਖ ਹਿੰਦੂਆਂ ਦਾ ਗੁਰਦੁਆਰਿਆਂ ਵਿਚ ਮੱਥਾ ਟੇਕਣ ਦਾ ਕਾਰਨ ਸੀ। ਉਨ੍ਹਾਂ ਪੁਰਾਣੇ ਦਿਨਾਂ ਵਿਚ ਦਰਬਾਰ ਸਾਹਿਬ ਵਿਚ ਵੱਡੀ ਗਿਣਤੀ ਹਿੰਦੂ ਭਾਈਚਾਰਾ ਨਜ਼ਰ ਆਉਂਦਾ ਸੀ। ਅੱਜ ਪੰਜਾਬ ਦਿਆਂ ਵੱਡਿਆਂ ਸ਼ਹਿਰਾਂ ਅਤੇ ਇੱਥੋਂ ਤੱਕ ਕਿ ਕਸਬਿਆਂ ਵਿਚ ਮੰਦਰਾਂ ਦੀ ਭਰਮਾਰ ਏ। ਮੰਦਰਾਂ ਤੋਂ ਇਲਾਵਾ ਮਜ਼ਾਰਾਂ 'ਤੇ ਵੀ ਹਰ ਵੀਰਵਾਰ ਰੌਣਕਾਂ ਹੁੰਦੀਆਂ ਨੇ। ਸ਼ਨਿਚਰਵਾਰ ਨੂੰ ਸ਼ਨੀ ਦੇਵਤਾ ਦੇ ਮੰਦਰਾਂ ਵਿਚ ਭੀੜ ਹੁੰਦੀ ਏ। ਮਜ਼ਾਰ ਹੋਵੇ ਜਾਂ ਸ਼ਨੀ ਦਾ ਮੰਦਰ ਹਰ ਥਾਂ ਸਿੱਖ ਵੱਡੀ ਗਿਣਤੀ ਵਿਚ ਹਾਜ਼ਰ ਹੁੰਦੇ ਹਨ। ਕੀ ਇਹ ਸਭ ਕੁਝ ਸਿੱਖਾਂ ਦੀ ਆਪਣੇ ਧਰਮ ਪ੍ਰਤੀ ਆਸਥਾ ਵਿਚ ਕਮਜ਼ੋਰੀ ਦੇ ਲੱਛਣ ਨਹੀਂ?

ਪਿਛਲੇ ਕੁਝ ਦਹਾਕਿਆਂ ਤੋਂ ਅਚਾਨਕ ਸਿੱਖਾਂ ਦੇ ਇੱਕ ਵਰਗ ਵਿਚ ਧਾਰਮਿਕਤਾ ਦਾ ਅੰਨ੍ਹਾ ਹੜ੍ਹ ਆ ਗਿਆ। ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਧਾਰਮਿਕ ਸਥਾਨਾਂ 'ਤੇ ਜਿੱਥੇ ਕਈ ਦਹਾਕਿਆਂ ਤੋਂ ਲਗਾਤਾਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ, ਨੂੰ ਅਚਾਨਕ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਮੰਨ ਕੇ ਉੱਥੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰੋਕ ਦਿੱਤਾ ਜਾਂਦਾ ਏ। ਉਨ੍ਹਾਂ ਭਲੇ ਸਮਿਆਂ ਵਿਚ ਬਹੁਤ ਸਾਰੇ ਗੁਰੂ ਰੰਗ ਵਿਚ ਰੱਤੇ ਸਿੱਖਾਂ ਨੇ ਆਪਣੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੁੰਦਾ ਸੀ। ਇਹ ਸਿੱਖ ਗੁਰੂ ਗ੍ਰੰਥ ਸਾਹਿਬ ਦਾ ਆਪਣੀ ਜਾਨ ਨਾਲੋਂ ਵੱਧ ਸਤਿਕਾਰ ਕਰਦੇ ਹੋਣਗੇ। ਪਰ ਉਨ੍ਹਾਂ ਨੂੰ, ਉਨ੍ਹਾਂ ਦੇ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਤਿਕਾਰ ਨੂੰ ਸੱਟ ਮਾਰ ਕੇ ਮਜਬੂਰ ਕੀਤਾ ਜਾਂਦਾ ਏ ਕਿ ਉਹ ਆਪਣੇ ਘਰ ਵਿਚ ਆਪਣੇ ਗੁਰੂ ਨਾਲ ਨਹੀਂ ਰਹਿ ਸਕਦੇ। ਇਹ ਵੀ ਕਦੇ ਨਹੀਂ ਸੁਣਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਨੇ ਖੁਦ ਕਿਸੇ ਸਿੱਖ ਦੇ ਸੁਪਨੇ ਵਿਚ ਆ ਕੇ ਕਿਸੇ ਥਾਂ 'ਤੇ ਆਪਣੇ ਪ੍ਰਤੀ ਹੁੰਦੇ ਅਪਮਾਨ ਦੀ ਸ਼ਿਕਾਇਤ ਕੀਤੀ ਹੋਏ? ਪਰ ਫਿਰ ਵੀ ਅਜਿਹੇ ਗੁਰਸਿੱਖਾਂ ਦੇ ਘਰਾਂ ਵਿਚੋਂ ਵੀ ਗੁਰੂ ਗ੍ਰੰਥ ਨੂੰ ਚੁੱਕ ਲਿਆ ਜਾਂਦਾ ਏ। ਪਰ ਇਹ ਇੱਕ ਬੁਝਾਰਤ ਏ ਕਿ ਇਸ ਅਖੌਤੀ ਸਿੱਖ ਸਮੂਹ ਨੂੰ ਕਿਸ ਗੁਰੂ ਸਾਹਿਬ ਨੇ ਆਪਣੇ ਮਾਣ ਅਤੇ ਅਪਮਾਨ ਦਾ ਫੈਸਲਾ ਕਰਨ ਅਤੇ ਸਜ਼ਾ ਦੇਣ ਦਾ ਅਧਿਕਾਰ ਦਿੱਤਾ ਏ? ਇਸ ਬਾਰੇ ਕੋਈ ਨਹੀਂ ਜਾਣਦਾ? ਕਾਫੀ ਦਹਾਕੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੈਂਚੀਆਂ ਵਿਚ ਵੀ ਉਪਲੱਬਧ ਸਨ। ਉਨ੍ਹਾਂ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਉਨ੍ਹਾਂ ਦਿਨਾਂ ਵਿਚ ਲੱਗਦਾ ਸੀ ਕਿ ਇਹ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਨਾਮ 'ਤੇ ਸਿੱਖ ਧਰਮ ਅਤੇ ਸਿੱਖੀ 'ਤੇ ਕਬਜ਼ੇ ਦਾ ਦੌਰ ਚੱਲ ਰਿਹਾ ਏ। ਇਸੇ ਦੌਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ 'ਤੇ ਐਸ.ਜੀ.ਪੀ.ਸੀ. ਨੇ ਪੂਰਨ ਤੌਰ 'ਤੇ ਕਬਜ਼ਾ ਕਰ ਲਿਆ। ਉਸ ਦੌਰ ਵਿਚ ਇਹ ਪੱਕਾ ਕੀਤਾ ਗਿਆ ਕਿ ਕੋਈ ਵੀ ਸਿੱਖ ਸਿੱਧਾ ਗੁਰੂ ਗ੍ਰੰਥ ਸਾਹਿਬ ਨਾਲ ਸੰਪਰਕ ਨਹੀਂ ਕਰ ਸਕੇਗਾ। ਹੁਣ ਹਰ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਕਰਨ ਜਾਂ ਸਿੱਧਿਆਂ ਬਾਣੀ ਸਰਵਣ ਕਰਨ ਲਈ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ ਹੀ ਜਾਣਾ ਪਵੇਗਾ। ਉਥੇ ਹਰ ਕਦਮ 'ਤੇ ਗ੍ਰੰਥੀ ਜਾਂ ਗ੍ਰੰਥੀਆਂ ਦੀਆਂ ਸੇਵਾਵਾਂ ਲੈਣੀਆਂ ਪੈਣਗੀਆਂ ਅਰਥਾਤ ਪੈਸਾ ਖਰਚਣਾ ਪਵੇਗਾ। ਅੱਜ ਦਾ ਗੁਰਦੁਆਰਾ ਨਿਜ਼ਾਮ ਪੈਸੇ ਅਤੇ ਚੌਧਰਾਂ ਦਾ ਵੱਡਾ ਕੇਂਦਰ ਬਣ ਗਿਆ ਏ। ਇਸ ਵਰਗ ਨੇ ਪਹਿਲਾਂ ਸਿੱਖ ਦੀ ਧਾਰਮਿਕ ਵਿਸ਼ਾਲਤਾ ਅਤੇ ਦਰਿਆ ਦਿਲੀ ਨੂੰ ਸੌੜਾ ਕਰਨ ਲਈ ਸਿੱਖ ਧਰਮ ਅਤੇ ਸਿੱਖੀ ਦੇ ਨਾਮ 'ਤੇ ਹਰ ਕਿਸਮ ਦੇ ਅੱਧ ਕੱਚ ਪ੍ਰਚਾਰ ਕੀਤੇ। ਇਸੇ ਸਮੇਂ ਦੌਰਾਨ ਪੰਜਾਬ ਵਿਚ ਅਖੌਤੀ ਸਿੱਖ ਧਰਮ ਦੇ ਰੱਖਿਅਕਾਂ ਨੇ ਵੱਡੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਗੈਰ ਸਿੱਖਾਂ, ਜਿਨ੍ਹਾਂ ਵਿਚ ਸਿੰਧੀ ਵੀ ਸ਼ਾਮਲ ਹਨ, ਨੂੰ ਸਿੱਖ ਧਰਮ ਵਿਚੋਂ ਛੇਕ ਕੇ, ਹਿੰਦੂ ਧਰਮ ਵੱਲ ਧੱਕ ਦਿੱਤਾ। ਇਸ ਮੁਹਿੰਮ ਦੀ ਵੱਡੀ ਪ੍ਰਾਪਤੀ ਇਹ ਵੀ ਏ ਕਿ ਇਨ੍ਹਾਂ ਤੱਤੇ ਸਿੱਖਾਂ ਦੀ ਤਰਜ਼ 'ਤੇ ਹਿੰਦੂਆਂ ਵਿਚਲੇ ਤੱਤਿਆਂ ਨੇ ਵੀ ਆਪਣੇ ਸੰਗਠਨ ਬਣਾਏ, ਜੋ ਕਿ ਕਈ ਵਾਰ ਪੰਜਾਬ ਦੇ ਕਈ ਸ਼ਹਿਰਾਂ ਵਿਚ ਸਿੱਖ ਬਨਾਮ ਹਿੰਦੂ ਦੁਸ਼ਣ ਪ੍ਰਚਾਰ ਅਤੇ ਆਪਸੀ ਝੜਪਾਂ ਦਾ ਕਾਰਨ ਵੀ ਬਣਦੇ ਹਨ।

ਗੁਰੂ ਗ੍ਰੰਥ ਸਾਹਿਬ ਸਮਰੱਥ ਹਨ, ਪਰ ਜੇਕਰ ਤੁਸੀਂ ਦਿਲਾਂ ਦੀਆਂ ਡੂੰਘਾਈਆਂ ਤੋਂ ਹਲੀਮੀ ਦੇ ਭਾਵ ਨਾਲ ਗੁਰੂ ਨੂੰ ਸਮਰਪਿਤ ਹੋ ਅਤੇ ਇਹ ਸਿੱਖ ਦਾ ਆਪਣੇ ਗੁਰੂ ਨਾਲ ਨਿੱਜ ਦਾ ਰਿਸ਼ਤਾ ਹੋਣਾ ਚਾਹੀਦਾ ਏ, ਨਾ ਕਿ ਲੋਕ ਦਿਖਾਵੇ ਦਾ। ਅੱਜ ਕੱਲ੍ਹ ਤਾਂ ਕਿਸੇ ਹੋਰ ਮਨੋਰਥ ਲਈ ਗੁਰੂ ਗ੍ਰੰਥ ਸਾਹਿਬ ਨੂੰ ਸਮਰੱਥ ਕਰ ਕੇ ਪ੍ਰਚਾਰਿਆ ਜਾਂਦਾ ਏ। ਪਰ ਜੋ ਅਸੀਂ ਵੇਖਦੇ ਅਤੇ ਸੁਣਦੇ ਹਾਂ, ਉਸ ਵਿਚ ਤਾਂ ਗੁਰੂ ਗ੍ਰੰਥ ਸਾਹਿਬ ਕਿਤੇ ਵੀ ਪ੍ਰਤੱਖ ਤੌਰ 'ਤੇ ਸਮਰੱਥ ਨਜ਼ਰ ਨਹੀਂ ਆਉਂਦੇ। ਤੁਸੀਂ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਇੱਕ ਦਿਨ ਦੇ ਘਟਨਾਕ੍ਰਮ 'ਤੇ ਝਾਤ ਮਾਰੋ। ਅੰਮ੍ਰਿਤ ਵੇਲੇ ਗ੍ਰੰਥੀ ਹੀ ਆ ਕੇ ਗੁਰੂ ਗ੍ਰੰਥ ਸਾਹਿਬ ਨੂੰ ਰੁੱਤ ਦੇ ਹਿਸਾਬ ਨਾਲ ਕੰਬਲ ਜਾਂ ਏ ਸੀ ਵਾਲੇ ਕਮਰੇ, ਜਿਸ ਨੂੰ ਸੱਚਖੰਡ ਵੀ ਕਿਹਾ ਜਾਂਦਾ ਏ, ਵਿਚੋਂ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਗੁਰਦੁਆਰਾ ਸਾਹਿਬ ਦੇ ਮੁੱਖ ਸਥਾਨ 'ਤੇ ਪ੍ਰਕਾਸ਼ ਕਰਦਾ ਏ। ਫਿਰ ਗ੍ਰੰਥੀ ਹੀ ਆਪਣੀ ਇੱਛਾ ਅਨੁਸਾਰ ਮੁੱਖ ਵਾਕ ਲੈਂਦਾ ਏ। ਸਵੇਰ ਦਾ ਨਿੱਤਨੇਮ ਕਰਦਾ ਏ ਅਤੇ ਉਸ ਤੋਂ ਬਾਅਦ ਇੱਕ ਜਾਂ ਕਈ ਗ੍ਰੰਥੀ ਸਾਰਾ ਦਿਨ ਆਪਣੇ ਜਾਂ ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮ ਅਨੁਸਾਰ ਹੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ, ਮੁੱਖ ਵਾਕ ਅਤੇ ਹੋਰ ਵਿਚਾਰਾਂ ਕਰਦੇ ਹਨ। ਦਿਨ ਵਿਚ ਕਈ ਵਾਰ ਗ੍ਰੰਥੀ ਗੁਰਦੁਆਰਾ ਸਾਹਿਬ ਆਏ ਸਿੱਖਾਂ ਵੱਲੋਂ ਮਾਇਆ ਦੀ ਭੇਟਾ ਲੈ ਕੇ ਅਰਦਾਸ ਕਰਦਾ ਏ, ਅਤੇ ਉਸ ਭੇਟਾ ਦੇ ਬਦਲੇ ਅਰਦਾਸ ਕਰਵਾਉਣ ਵਾਲੇ ਸਿੱਖ ਦੇ ਅਨੇਕਾਂ ਕਾਰਜ ਰਾਸ ਯਾਨੀ ਪੂਰੇ ਕਰਨ ਲਈ ਗੁਰੂ ਗ੍ਰੰਥ ਸਾਹਿਬ ਅੱਗੇ ਲੰਮੀ ਅਰਦਾਸ ਕਰਦਾ ਏ। ਕੀ ਗੁਰੂ ਹਰਦਮ ਆਪਣੇ ਸਿੱਖ ਨਾਲ ਨਹੀਂ ਹੁੰਦਾ? ਸ਼ਾਮ ਪੈਣ 'ਤੇ ਗ੍ਰੰਥੀ ਹੀ ਸ਼ਾਮ ਦੀਆਂ ਬਾਣੀਆਂ ਦਾ ਪਾਠ ਕਰਦਾ ਏ ਅਤੇ ਨਿਸ਼ਚਿਤ ਪ੍ਰਕਿਰਿਆ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਨੂੰ ਲਿਆ ਕੇ ਸਵੇਰ ਵਾਲੇ ਅਸਥਾਨ 'ਤੇ ਸੁੱਖ ਆਸਣ ਕਰ ਕੇ ਰਾਤ ਨੂੰ ਅਰਦਾਸ ਕਰ ਕੇ ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਰਾਮ ਕਰਨ ਲਈ ਕਹਿੰਦਾ ਏ। ਥੋੜ੍ਹੇ ਬਹੁਤ ਫਰਕ ਦੇ ਨਾਲ, ਇਹੋ ਪ੍ਰਕਿਰਿਆ ਹਰ ਦਿਨ ਦੀ ਹੁੰਦੀ ਏ। ਕਿਸੇ ਦਿਨ ਗੁਰੂ ਗ੍ਰੰਥ ਸਾਹਿਬ ਵਿਆਹ ਲਈ ਅਨੰਦ ਕਾਰਜ ਕਰਵਾ ਰਹੇ ਹੁੰਦੇ ਹਨ, ਕਿਸੇ ਦਿਨ ਮ੍ਰਿਤਕ ਸਿੱਖ ਦੀ ਅੰਤਮ ਅਰਦਾਸ ਕਰਵਾ ਰਹੇ ਹੁੰਦੇ ਹਨ। ਠੀਕ ਇਸ ਨਾਲ ਮਿਲਦੀ-ਜੁਲਦੀ ਧਾਰਮਿਕ ਦਿਨ ਪ੍ਰਤੀਕਿਰਿਆ ਮੰਦਰਾਂ ਵਿਚ ਵੀ ਹੁੰਦੀ ਏ। ਉੱਥੇ ਵੀ ਪੁਜਾਰੀ ਹੀ ਮੂਰਤੀਆਂ ਤੋਂ ਭਗਤਾਂ ਦੇ ਕਾਰਜ ਸਫਲ ਕਰਨ ਦੀ ਅਰਦਾਸ ਕਰਦਾ ਏ ਅਤੇ ਉਸਦੇ ਬਦਲੇ ਸ਼ਰਧਾਲੂ ਮਾਇਆ ਭੇਟ ਕਰਦੇ ਹਨ। ਰਾਤ ਨੂੰ ਪੁਜਾਰੀ ਹੀ ਮੂਰਤੀਆਂ ਸਾਹਮਣੇ ਪਰਦਾ ਕਰਕੇ ਉਨ੍ਹਾਂ ਨੂੰ ਵਿਸ਼ਰਾਮ ਕਰਵਾਉਂਦਾ ਏ ਅਤੇ ਸਵੇਰੇ ਪਰਦਾ ਹਟਾ ਕੇ ਉਸ ਦਿਨ ਦੀ ਪੂਜਾ ਆਰੰਭ ਕਰਦਾ ਏ। ਸਿੱਖਾਂ ਦੀ ਤਰਜ਼ 'ਤੇ ਹਿੰਦੂ ਭਾਈਚਾਰਾ ਵੀ ਪੁਜਾਰੀਆਂ ਤੋਂ ਅਰਦਾਸਾਂ ਅਤੇ ਹੋਰ ਕਈ ਤਰ੍ਹਾਂ ਦੀਆਂ ਵਿਧੀਆਂ ਕਰਦਾ ਏ।

ਜਦੋਂ ਸਿੱਖ ਅਰਦਾਸ ਕਰਦਾ ਏ ਤਾਂ ਸਾਰੇ ਗੁਰੂਆਂ ਅਤੇ ਹੋਰ ਪੂਜਨੀਕਾਂ ਨੂੰ ਪੂਰੇ ਪੰਥ ਦੇ ਸਹਾਈ ਹੋਣ ਅਤੇ ਹਰ ਸਿੱਖ ਦੇ ਘਰ ਪਰਿਵਾਰ ਵਿਚ ਸੁੱਖ ਸ਼ਾਂਤੀ ਲਈ ਬੇਨਤੀਆਂ ਕਰਦਾ ਏ, ਹਕੀਕਤ ਵੀ ਇਹੀ ਏ ਕਿ ਗੁਰੂ ਹਰ ਪਲ ਹਰ ਸਿੱਖ ਦੇ ਅੰਗ ਸੰਗ ਹੁੰਦਾ ਏ। (ਸ਼ਰਤ ਇਹ ਏ ਕਿ ਤੁਸੀਂ ਵੀ ਆਪਣੇ ਗੁਰੂ ਪ੍ਰਤੀ ਦਿਲੋਂ ਸਮਰਪਿਤ ਹੋਵੋ।) ਇਸ ਦੇ ਬਾਵਜੂਦ ਕਿਉਂ ਕੁਝ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਆ ਕੇ ਗ੍ਰੰਥੀ ਤੋਂ ਮੁੜ ਵੱਖਰੀ ਅਰਦਾਸ ਕਰਵਾਉਣੀ ਪੈਂਦੀ ਏ? ਕੀ ਗੁਰੂ ਉਨ੍ਹਾਂ ਦੇ ਅੰਗ-ਸੰਗ ਨਹੀਂ ਸੀ। ਇਹ ਗੱਲ ਸਮਝ ਤੋਂ ਬਾਹਰ ਏ ਕਿ ਜਦੋਂ ਗੁਰੂ ਹਰ ਪਲ ਹਰ ਸਿੱਖ ਦੇ ਅੰਗ ਸੰਗ ਏ ਤਾਂ ਫਿਰ ਵੱਖਰੀਆਂ ਅਰਦਾਸਾਂ ਕੀ ਗੁਰੂ ਸਾਹਿਬ ਦੀ ਸਮਰੱਥਾ 'ਤੇ ਪ੍ਰਸ਼ਨ ਚਿੰਨ੍ਹ ਤਾਂ ਨਹੀਂ? ਸਾਰੇ ਸਿੱਖ ਮੰਨਦੇ ਹਨ ਅਤੇ ਹਰ ਵੇਲੇ ਗੁਰੂ ਅੱਗੇ ਪੰਥ ਦੇ ਸਹਾਈ ਹੋਣ ਦੀ ਰੋਜ਼ਾਨਾ ਅਰਦਾਸ ਕਰਦੇ ਹਨ। ਪਰ ਜਦੋਂ ਕੋਈ ਗੁਰੂ ਵਿਰੋਧੀ ਘਟਨਾ ਵਾਪਰਦੀ ਏ ਤਾਂ ਸਿੱਖ ਉਸ ਘਟਨਾ ਬਾਰੇ ਨਿਆਂ ਕਰਨ ਦਾ ਕੰਮ ਆਪਣੇ ਸਮਰੱਥ ਗੁਰੂ 'ਤੇ ਕਿਉਂ ਨਹੀਂ ਛੱਡਦੇ? ਉਹ ਖੁਦ ਗੁਰੂ ਨੂੰ ਨਿਆਂ ਦਿਵਾਉਣ ਦਾ ਦਮ ਕਿਸ ਹੈਸੀਅਤ ਵਿਚ ਭਰਦੇ ਹਨ? ਕੀ ਉਹ ਸਿੱਖ ਆਪਣੇ ਸਮਰੱਥ ਗੁਰੂ ਤੋਂ ਵੀ ਵੱਧ ਸਮਰੱਥ ਹੋ ਜਾਂਦੇ ਹਨ? ਇਸ ਤੋਂ ਪਹਿਲਾਂ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਜਿਸ ਬਾਰੇ ਵੱਡੀ ਗਿਣਤੀ ਵਿਚ ਅਖੌਤੀ ਸਿੱਖ ਧਾਰਮਿਕ ਆਗੂਆਂ ਮੋਰਚੇ ਲਾਏ, ਅਖੰਡ ਪਾਠਾਂ ਦੀਆਂ ਲੜੀਆਂ ਚਲਾਈਆਂ, ਪੰਥ ਤੋਂ ਅਰਦਾਸਾਂ ਕਰਵਾਈਆਂ ਪਰ "ਬਾਦਲਾਂ" ਦਾ ਵਾਲ ਵੀ ਵਿੰਗਾ ਨਹੀਂ ਕਰ ਸਕੇ? ਜਦੋਂ ਸਮਰੱਥ ਗੁਰੂ ਨੇ ਆਪ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਈ ਦਹਾਕਿਆਂ ਤੋਂ ਸਿੱਖ ਪੰਥ ਦੇ ਆਪ ਬਣੇ ਬਾਪ 'ਬਾਦਲਾਂ' ਦਾ ਅੰਤ ਕੀਤਾ ਤਾਂ ਉਨ੍ਹਾਂ ਗੁਰੂ ਨੂੰ ਨਿਆਂ ਦਿਵਾਉਣ ਵਾਲੀਆਂ ਸਿੱਖ ਧਿਰਾਂ ਨੇ ਗੁਰੂ ਦੇ ਇਸ ਕਾਰੇ ਦਾ ਉਤਸਵ ਕਿਉਂ ਨਹੀਂ ਮਨਾਇਆ?

ਇਸ ਵੇਲੇ ਵੀ ਗੁਰੂਆਂ ਦੇ ਨਾਮ 'ਤੇ ਗੁਰੂ ਦੇ ਪੰਥ ਨੂੰ ਬਹੁਤ ਕੁਝ ਦਿਵਾਉਣ ਦੇ ਨਾਮ 'ਤੇ ਅਨੇਕਾਂ ਅਖੌਤੀ ਵੱਖ-ਵੱਖ ਧਿਰਾਂ, ਟਕਸਾਲਾਂ, ਫੈਡਰੇਸ਼ਨਾਂ ਅਤੇ ਸੰਗਠਨ, ਸਮਾਜਿਕ ਅਤੇ ਆਰਥਿਕ ਪੱਖੋਂ ਦਿਵਾਲੀਏ ਪੰਜਾਬ ਅਤੇ ਵਿਦੇਸ਼ੀ ਧਰਤ 'ਤੇ ਜਿੱਥੇ ਕਿਤੇ ਵੀ ਸਿੱਖ ਵੱਸਦੇ ਹਨ, ਵਿਖੇ ਸਰਗਰਮ ਹਨ। ਉਹ ਸਾਰੀਆਂ ਹੀ ਧਿਰਾਂ ਇਹ ਭੁੱਲੀਆਂ ਬੈਠੀਆਂ ਹਨ ਕਿ ਗੁਰੂ ਹੀ ਸਿੱਖ ਪੰਥ ਦੇ ਅਸਲ ਵਾਲੀ ਹਨ। ਇਹ ਸਾਰੀਆਂ ਧਿਰਾਂ, ਸਿੱਖ ਗੁਰੂ ਕਾਲ ਵੇਲੇ ਸਿੱਖ ਗੁਰੂਆਂ ਵਿਰੁੱਧ ਵਿਚਰਦੀਆਂ ਰਹੀਆਂ ਆਰਜ਼ੀ ਮੰਜੀਆਂ ਦੀ ਯਾਦ ਤਾਜ਼ਾ ਕਰਵਾਉਂਦੀਆਂ ਹਨ। ਹਰ ਕੋਈ ਦਾਅਵਾ ਕਰ ਰਿਹਾ ਏ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਸੰਗਠਨ ਕਰਕੇ ਹੀ ਸਿੱਖ ਪੰਥ ਬਚਿਆ ਹੋਇਆ ਏ। ਕੁਝ

---

*(ਪਿਛਲੇ ਸਫੇ ਦੀ ਬਾਕੀ)*

ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥" (ਪੰ.8) ਕਿਹਾ ਹੈ। ਗੁਰੂ ਨਾਨਕ ਕੁਦਰਤਿ ਨੂੰ ਬਹੁਤ ਪਿਆਰ ਕਰਦੇ ਸੀ। ਆਪਣੇ ਜੀਵਨ ਦਰਸ਼ਨ ਨੂੰ ਸਮਝਾਉਣ ਲਈ ਉਨ੍ਹਾਂ ਨੇ ਕਾਦਰ ਦੀ ਰਚੀ ਕੁਦਰਤਿ ਦੀ ਹਰ ਵੰਨਗੀ ਦਾ ਜ਼ਿਕਰ ਕੀਤਾ ਹੈ; ਰੁੱਤਾਂ, ਬਿਰਖਾਂ-ਬੂਟਿਆਂ, ਜੰਗਲਾਂ-ਬੇਲਿਆਂ, ਦਰਿਆਵਾਂ-ਸਾਗਰਾਂ, ਪਸ਼ੂਆਂ, ਪੰਛੀਆਂ ਅਤੇ ਹੋਰ ਅਨੇਕ ਜੀਵਾਂ ਦੀ ਗੱਲ ਕੀਤੀ ਹੈ। ਦਰਿਆਵਾਂ ਨਾਲ ਦੋਸਤੀ ਦੀਆਂ ਬਾਤਾਂ ਪਾਈਆਂ ਹਨ।

ਪੰਜਾਬੀ ਸਭਿਆਚਾਰ ਨੂੰ ਸਿੱਖ ਧਰਮ ਦੀ ਬਹੁਤ ਵੱਡੀ ਦੇਣ ਹੈ। ਬਾਣੀ ਆਮ ਲੋਕਾਂ ਵਾਸਤੇ ਆਮ ਲੋਕਾਂ ਦੀ ਬੋਲੀ ਜਾਣ ਵਾਲੀ ਬੋਲੀ ਵਿਚ ਰਚੀ ਗਈ। ਪ੍ਰਚੱਲਤ ਲੋਕ ਵੰਨਗੀਆਂ ਜਿਵੇਂ ਘੋੜੀਆਂ, ਅਲਾਹੁਣੀਆਂ, ਸਦ, ਵਾਰਾਂ ਦੀ ਵਰਤੋਂ ਕੀਤੀ ਅਤੇ ਵਾਰਾਂ ਨੂੰ ਲੋਕ ਧੁਨੀਆਂ 'ਤੇ ਗਾਉਣ ਦਾ ਅਦੇਸ਼ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕੱਤੀ ਰਾਗਾਂ ਵਿਚ ਹੈ ਜਿਸ ਨੂੰ ਨਿਰਧਾਰਤ ਰਾਗਾਂ ਵਿਚ ਹੀ ਗਾਉਣ ਦਾ ਅਦੇਸ਼ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਨੇ ਪੰਜਾਬ ਦੇ ਸਭਿਆਚਾਰ ਨੂੰ ਅਮੀਰ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿਚ ਪੰਜਾਬ ਤੋਂ ਬਾਹਰਲੇ ਅਧਿਆਤਮਕ ਵਿਰਸੇ ਨੂੰ ਸਾਂਭਿਆ ਜਿਸ ਵਿਚ ਜਾਤ-ਪਾਤਿ, ਧਾਰਮਿਕ ਜਾਂ ਇਲਾਕਈ ਵੱਖਰੇਵੇਂ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਮਨੁੱਖ ਨੂੰ ਦੱਸਿਆ ਕਿ ਗੋਸ਼ਟਿ ਅਰਥਾਤ ਵਿਚਾਰ-ਚਰਚਾ ਰਾਹੀਂ, ਸਹੀ ਤਰਕ ਨਾਲ ਮਸਲਿਆਂ ਨੂੰ ਸੁਲਝਾਇਆ ਜਾ ਸਕਦਾ ਹੈ "ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥" (ਪੰ.938)। ਇਸ ਦੀ ਖਾਸ ਉਦਾਹਰਣ ਗੁਰੂ ਨਾਨਕ ਦੀ ਰਚੀ ਬਾਣੀ 'ਸਿਧ ਗੋਸਟਿ' ਅਤੇ 'ਦੱਖਣੀ ਓਅੰਕਾਰੁ' ਹਨ। ਗੁਰੂ ਅਰਜਨ ਦੇਵ ਜੀ ਨੇ ਭਰਮ-ਭੁਲੇਖਿਆਂ ਨੂੰ ਦੂਰ ਕਰਨ ਅਤੇ ਸਮੱਸਿਆਵਾਂ ਨੂੰ ਸੁਲਝਾਉਣ ਲਈ ਮਿਲ ਬੈਠਣ ਦਾ ਉਪਦੇਸ਼ ਕੀਤਾ ਹੈ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ॥ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥" (ਪੰ.1195)। ਇਹੀ ਜਮਹੂਰੀਅਤ ਦਾ ਆਧਾਰ ਹੈ। ਗੁਰੂ ਨਾਨਕ ਆਪਣੀ ਗੱਲ ਕਹਿਣ ਅਤੇ ਦੂਸਰਿਆਂ ਨੂੰ ਸੁਣਨ ਦੀ ਗੱਲ ਕਰਦੇ ਹਨ "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥" (ਪੰ.661)। ਇਸ ਸਾਰੇ ਕੀਮਤ ਵਿਧਾਨ ਦਾ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸ ਗੁਰੂ ਸਾਹਿਬਾਨ ਦੇ ਸਮੇਂ ਵਿਚ ਅਮਲੀ ਪ੍ਰਕਾਸ਼ਨ ਹੋਇਆ ਜਿਸ ਲਈ ਸਮੇਂ ਸਮੇਂ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ। ਗੁਰੂ ਨਾਨਕ ਵਿਚ ਰੱਬੀ ਜੋਤਿ ਨੂੰ ਪਛਾਣਨ ਵਾਲਾ ਸਭ ਤੋਂ ਪਹਿਲਾ ਰਾਇ ਬੁਲਾਰ ਭੱਟੀ ਅਤੇ ਉਨ੍ਹਾਂ ਦੀ ਪਹਿਲੀ ਸਿੱਖ ਬੀਬੀ ਨਾਨਕੀ ਹੋਈ। ਮਰਦਾਨਾ ਜੋ ਜਾਤ ਅਤੇ ਧਰਮ ਦੋਵਾਂ ਕਰਕੇ ਹੀ ਵੱਖਰਾ ਸੀ ਸਾਰੀ ਜ਼ਿੰਦਗੀ ਗੁਰੂ ਨਾਨਕ ਦਾ ਸਾਥੀ ਰਿਹਾ ਅਤੇ ਜਦੋਂ ਬਾਣੀ ਆਉਂਦੀ ਤਾਂ ਗੁਰੂ ਨਾਨਕ ਮਰਦਾਨੇ ਨੂੰ ਰਬਾਬ ਦੀਆ ਧੁਨਾਂ ਛੇੜਨ ਲਈ ਕਹਿੰਦੇ। ਗੁਰੂ ਨਾਨਕ ਨੇ ਹਿੰਦੂ ਨੂੰ ਸਮਝਾਇਆ ਕਿ ਜੇ ਮਨ ਵਿਚ ਖੋਟ ਹੋਵੇ ਤਾਂ ਪਾਣੀ ਦੀਆਂ ਚੁਲੀਆਂ ਭਰਨ ਨਾਲ ਮੂੰਹ ਸੁੱਚਾ ਨਹੀਂ ਹੋ ਜਾਂਦਾ ਅਤੇ ਮਨ ਪਵਿੱਤਰ ਨਹੀਂ ਹੁੰਦਾ। ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਮਿਹਰ ਨੂੰ ਮਸੀਤ, ਸਿਦਕ ਨੂੰ ਮੁਸੱਲਾ, ਹੱਕ-ਹਲਾਲ ਦੀ ਕਮਾਈ ਨੂੰ ਪਵਿੱਤਰ ਕੁਰਾਨ, ਵਿਕਾਰਾਂ ਤੋਂ ਦੂਰ ਰਹਿਣ ਨੂੰ ਸੁੰਨਤ ਬਣਾਉਣ ਲਈ ਕਿਹਾ। ਇਸੇ ਤਰ੍ਹਾਂ ਕਾਬਾ, ਨਮਾਜ਼, ਰੋਜ਼ੇ, ਪੀਰ ਅਤੇ ਤਸਬੀ ਆਦਿ ਨੂੰ ਆਪਣੇ ਅੰਦਰ ਨੈਤਿਕ ਗੁਣ ਪੈਦਾ ਕਰਨ ਨਾਲ ਜੋੜਿਆ। ਹਿੰਦੂਆਂ, ਜੋਗੀਆਂ, ਬੋਧੀਆਂ, ਜੈਨੀਆਂ, ਮੁਸਲਮਾਨਾਂ ਸਭ ਦੇ ਤੀਰਥ ਸਥਾਨਾਂ 'ਤੇ ਗਏ ਅਤੇ ਉਨ੍ਹਾਂ ਨਾਲ ਸੰਵਾਦ ਰਚਾਇਆ। ਮਨੁੱਖ ਦਾ ਆਪਣੇ ਅੰਦਰ ਵਸਦੀ ਜੋਤਿ ਨੂੰ ਅਨੁਭਵ ਕਰਨਾ ਉਸ ਦੇ ਸਵੈਮਾਨ ਦਾ ਆਧਾਰ ਹੈ, ਜਿਸ ਲਈ ਗੁਰੂ ਅਮਰਦਾਸ ਨੇ ਮਨੁੱਖ ਨੂੰ ਆਪਣੇ ਅੰਦਰਲੀ ਰੱਬੀ ਜੋਤਿ ਦਾ ਅਨੁਭਵ ਕਰਨ ਦੀ ਗੱਲ ਕੀਤੀ, "ਮਨੁ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥" ਦੀ ਪ੍ਰੇਰਨਾ ਕੀਤੀ ਅਤੇ ਦੱਸਿਆ ਕਿ ਸਵੈਮਾਨ ਨੂੰ ਕਾਇਮ ਰੱਖ ਕੇ ਜਿਉਣਾ ਹੀ ਅਸਲ ਜੀਵਨ ਹੈ "ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ॥"(ਪੰ.142)।

ਗੁਰੂ ਨਾਨਕ ਨੇ ਨਵੇਂ ਧਰਮ ਲਈ ਨਵੀਂ ਪਿਰਤ ਪਾਈ ਅਤੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਨਵਾਂ ਨਗਰ ਵਸਾਇਆ ਅਤੇ ਪਰਿਵਾਰ ਸਮੇਤ ਇਥੇ ਵੱਸ ਗਏ। ਖੇਤੀਬਾੜੀ ਦੀ ਕਿਰਤ ਸ਼ੁਰੂ ਕੀਤੀ, ਜਿੱਥੇ ਸਵੇਰ-ਸ਼ਾਮ ਸੰਗਤਾਂ ਨਾਮ-ਬਾਣੀ ਦਾ ਜਾਪ ਕਰਦੀਆਂ ਅਤੇ ਕੀਰਤਨ ਦਾ ਅਨੰਦ ਮਾਣਦੀਆਂ, ਸਾਂਝਾ ਲੰਗਰ ਤਿਆਰ ਹੁੰਦਾ ਜਿਸ ਨੂੰ ਸਾਂਝੇ ਤੌਰ 'ਤੇ ਛਕਿਆ ਜਾਂਦਾ। ਸਿੱਖ ਧਰਮ ਨੇ ਲੋਕਾਂ ਨੂੰ ਸੇਵਾ ਕਰਨ ਅਤੇ ਸਾਂਝੇ ਤੌਰ 'ਤੇ ਮੁਸੀਬਤਾਂ ਨਾਲ ਨਜਿੱਠਣਾ ਸਿਖਾਇਆ। ਮੌਜੂਦਾ ਦੌਰ ਵਿਚ ਇਸ ਦਾ ਪ੍ਰਤੱਖ ਦਰਸ਼ਨ ਸਾਰੇ ਹਿੰਦੁਸਤਾਨ ਨੂੰ ਦਿੱਲੀ ਵਿਚ ਸਾਲ ਭਰ ਤੋਂ ਵੱਧ ਚੱਲੇ ਕਿਸਾਨ ਮੋਰਚੇ ਵਿਚ ਦੇਖਣ ਨੂੰ ਮਿਲਿਆ। ਭਾਵੇਂ ਹਿੰਦੁਸਤਾਨ ਦੇ ਜਾਂ ਦੁਨੀਆ ਦੇ ਕਿਸੇ ਕੋਨੇ ਵਿਚ ਕੁਦਰਤੀ ਆਫਤਾਂ ਦੀ ਮਾਰ ਹੋਵੇ, ਸੀਰੀਆ ਦੀ ਘਰੇਲੂ ਜੰਗ ਜਾਂ ਰੂਸ-ਯੂਕਰੇਨ ਦੀ ਜੰਗ ਹੈ, ਮਹਾਂਮਾਰੀ ਦੀ ਮਾਰ ਹੋਵੇ ਸਿੱਖ ਹਰ ਮੁਸੀਬਤ ਸਮੇਂ ਦੁਖੀਆਂ ਦੀ ਮਦਦ ਕਰਨ ਲਈ, ਪੀੜਤਾਂ ਦੀ ਸੇਵਾ ਲਈ ਪਹੁੰਚ ਜਾਂਦਾ ਹੈ। ਵਰਤਮਾਨ ਸਮੇਂ ਵਿਚ ਮਨੁੱਖ ਦੀ ਉਪਭੋਗਤਾ ਬਿਰਤੀ ਨੇ ਕੁਦਰਤਿ ਨਾਲ ਬਹੁਤ ਛੇੜ-ਛਾੜ ਕੀਤੀ ਹੈ ਜਿਸ ਦਾ ਨਤੀਜਾ ਹੈ ਕਿ ਬੇਤਹਾਸ਼ਾ ਫੈਕਟਰੀਆਂ ਦੇ ਧੂੰਏਂ ਅਤੇ ਗੰਦੇ ਪਾਣੀ ਨੇ ਮਿੱਟੀ, ਹਵਾ, ਪਾਣੀ ਸਭ ਕੁੱਝ ਪਲੀਤ ਕਰ ਦਿੱਤਾ ਹੈ। ਕੁਦਰਤਿ ਨਾਲ ਇਸ ਅਣਮਿਣਤ ਛੇੜ-ਛਾੜ ਨੇ ਸਮੁੱਚੀ ਮਨੁੱਖਤਾ ਨੂੰ ਕੁਦਰਤੀ ਆਫਤਾਂ ਅਤੇ ਭਿਆਨਕ ਮਹਾਂਮਾਰੀਆਂ ਦੇ ਸਨਮੁਖ ਕਰ ਦਿੱਤਾ ਹੈ। ਅੱਜ ਵੀ ਔਰਤ ਦਾ ਸਵੈਮਾਨ, ਉਸ ਦੀ ਇੱਜ਼ਤ ਅਤੇ ਜਾਨ ਖਤਰੇ ਵਿਚ ਹੈ। ਧੀਆਂ ਨੂੰ ਜਨਮ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਜਾਂਦਾ ਹੈ। ਸਿੱਖ ਕੀਮਤ ਵਿਧਾਨ ਨੂੰ ਅਪਣਾਉਣ ਦੀ ਮਨੁੱਖ ਨੂੰ ਅੱਜ ਸਭ ਤੋਂ ਵੱਧ ਲੋੜ ਹੈ ਤਾਂ ਕਿ ਮਨੁੱਖਤਾ ਨੂੰ ਬਚਾਇਆ ਜਾ ਸਕੇ। ਕੁਦਰਤਿ ਦੀ ਅੰਨ੍ਹੀ ਲੁੱਟ ਨੂੰ ਠੱਲ੍ਹ ਪਾ ਕੇ ਧਰਤੀ ਨੂੰ ਰਹਿਣ ਯੋਗ ਬਣਾਇਆ ਜਾ ਸਕੇ। ਮਨੁੱਖ ਕੋਲੋਂ ਕਿਰਤ ਖੁਸਦੀ ਜਾ ਰਹੀ ਹੈ ਜਿਸ ਨੇ ਬੇਰੁਜ਼ਗਾਰੀ ਵਧਾ ਦਿੱਤੀ ਹੈ। ਗੁਰੂ ਨਾਨਕ ਸਾਹਿਬ ਦਾ ਦਿੱਤਾ ਕੀਮਤ-ਵਿਧਾਨ ਅਤੇ ਮਾਨਵਤਾਵਾਦ ਦਾ ਸੰਕਲਪ ਦੁਨੀਆ ਦੇ ਦੁੱਖਾਂ ਦਰਦਾਂ ਨੂੰ ਦੂਰ ਕਰਨ ਲਈ ਰਾਹ-ਦਰਸਾਵਾ ਹੋ ਸਕਦਾ ਹੈ ਅਤੇ ਕੁਦਰਤਿ ਨਾਲ ਪਿਆਰ ਕਰਨ ਵਾਲੇ ਨਵੇਂ ਸਭਿਆਚਾਰ ਦਾ ਜਨਮ-ਦਾਤਾ ਹੋ ਸਕਦਾ ਹੈ ਜਿਸ ਦਾ ਮੁਖ ਮੰਤਵ "ਸਰਬੱਤ ਦਾ ਭਲਾ" ਹੈ।

# ਅਸੀਂ ਇੰਟਰਨੈੱਟ ਵਰਤ ਰਹੇ ਹਾਂ ਜਾਂ ਇੰਟਰਨੈੱਟ ਸਾਨੂੰ ਵਰਤ ਰਿਹੈ!

ਜਦੋਂ ਕਿਸੇ ਨੂੰ ਕਿਸੇ ਪਾਸਿਉਂ ਤੋੜਨਾ ਹੋਵੇ ਤਾਂ ਉਸ ਨੂੰ ਦੂਜੇ ਪਾਸੇ ਜੋੜਨ ਦਾ ਪ੍ਰਬੰਧ ਵੀ ਕਰਨਾ ਪੈਂਦਾ ਹੈ, ਜਿਵੇਂ ਕਿ ਕਿਸੇ ਦੇ ਹੱਥ ਵਿਚੋਂ ਪਹਿਲੀ ਵਸਤੂ ਛੁਡਾਉਣ ਲਈ ਉਸ ਦੇ ਹੱਥ ਵਿਚ ਦੂਜੀ ਨਵੀਂ ਵਸਤੂ ਦੇਣੀ ਪੈਂਦੀ ਹੈ, ਇਸੇ ਤਰ੍ਹਾਂ ਸਾਡੇ ਸਾਨੂੰ ਵੀ ਅਸਲੀ ਧਰਤੀ, ਕਿਰਤ ਅਤੇ ਸਾਡੇ ਸੱਭਿਆਚਾਰ ਤੋਂ ਦੂਰ ਕਰਨ ਲਈ ਸਾਨੂੰ ਇੰਟਰਨੈੱਟ ਦੀ ਨਕਲੀ ਧਰਤੀ, ਨਕਲੀ ਕਿਰਤ ਅਤੇ ਬਿਗਾਨੇ ਸੱਭਿਆਚਾਰ ਨਾਲ ਜੋੜਿਆ ਜਾ ਰਿਹਾ ਹੈ।

ਬੇਸ਼ੱਕ ਵੱਡੀਆਂ ਕੰਪਨੀਆਂ ਦੇ ਮਾਲਕ ਹੁਣ ਵੀ ਆਪਣੀਆਂ ਵਸਤੂਆਂ ਦੇ ਭਾਅ ਆਪਣੀ ਮਨਮਰਜ਼ੀ ਅਨੁਸਾਰ ਤੈਅ ਕਰ ਕੇ ਅੰਨ੍ਹੀ ਲੁੱਟ ਕਰਦੇ ਹੋਏ ਸਮੇਂ ਦੀਆਂ ਸਰਕਾਰਾਂ ਨੂੰ ਖਰੀਦ ਕੇ ਦੇਸ਼ ਦੇ ਸਮੁੱਚੇ ਪ੍ਰਬੰਧ ਉੱਤੇ ਕਾਬਜ਼



**ਹਰਲਾਜ ਸਿੰਘ ਬਹਾਦਰਪੁਰ**
**ਫੋਨ: +91-94170-23911**

ਹੋ ਚੁੱਕੇ ਹਨ ਪਰ ਹਾਲੇ ਵੀ ਅਜਿਹੀਆਂ ਨੀਤੀਆਂ ਵਾਲਿਆਂ ਦੀ ਭੁੱਖ ਨਹੀਂ ਮਿਟਦੀ, ਤੇ ਹੁਣ ਉਹ ਦੇਸ਼ ਦੀ ਸਮੁੱਚੀ ਧਰਤੀ ਦੇ ਮਾਲਕ ਬਣਨਾ ਵੀ ਲੋਚਦੇ ਹਨ, ਕਿਉਂਕਿ ਧਰਤੀ ਹੀ ਸੱਭ ਤੋਂ ਵੱਡਾ ਕੁਦਰਤੀ ਕਾਰਖਾਨਾ ਹੈ ਜਿਸ ਵਿਚ ਅਨੇਕਾਂ ਪ੍ਰਕਾਰ ਦੇ ਅਨਾਜ ਅਤੇ ਜੜ੍ਹੀ ਬੂਟੀਆਂ ਦੀ ਪੈਦਾਵਾਰ ਹੁੰਦੀ ਹੈ, ਧਰਤੀ ਵਾਲੀ ਅਜਿਹੀ ਉਪਜ ਹੋਰ ਕਿਸੇ ਵੀ ਤਰ੍ਹਾਂ ਦੇ ਕਾਰਖਾਨੇ ਵਿਚ ਪੈਦਾ ਨਹੀਂ ਕੀਤੀ ਜਾ ਸਕਦੀ, ਕੋਈ ਵੀ ਕਾਰਖਾਨਾ ਧਰਤੀ ਦੀ ਉਪਜ ਤੋਂ ਬਗੈਰ ਚੱਲ ਨਹੀਂ ਸਕਦਾ, ਕਾਰਖਾਨਿਆਂ ਨੂੰ ਪੈਦਾਵਾਰ ਕਰਨ ਲਈ ਧਰਤੀ ਦੀ ਲੋੜ ਹੈ ਪਰ ਧਰਤੀ ਨੂੰ ਪੈਦਾਵਾਰ ਕਰਨ ਲਈ ਕਾਰਖਾਨਿਆਂ ਦੀ ਜ਼ਰੂਰਤ ਨਹੀਂ ਪੈਂਦੀ।

ਬੇਸ਼ੱਕ ਕਾਰਖਾਨੇ ਵੀ ਅੱਜ ਸਾਡੀ ਮੁੱਢਲੀ ਲੋੜ ਬਣ ਚੁੱਕੇ ਹਨ ਪਰ ਧਰਤੀ ਦੀ ਕੁਦਰਤੀ ਉਪਜ (ਪੈਦਾਵਾਰ) ਉਹ ਨਿਆਮਤ ਹੈ ਜੋ ਆਦਿ ਮਾਨਵ ਤੋਂ ਲੈ ਕੇ ਅੱਜ ਤੱਕ ਦੇ ਆਧੁਨਿਕ ਮਨੁੱਖ ਸਮੇਤ ਹਰ ਤਰ੍ਹਾਂ ਦੇ ਜੀਵ ਜੰਤੂਆਂ, ਬਨਸਪਤੀ ਅਦਿ ਦਾ ਪਾਲਣ ਪੋਸ਼ਣ ਕਰ ਰਹੀ ਹੈ, ਸਮੁੱਚੀ ਧਰਤੀ ਦੇ ਜੀਵ-ਜੰਤੂਆਂ ਨੂੰ ਜੀਵਤ ਰਹਿਣ ਲਈ ਧਰਤੀ ਦੀ ਲੋੜ ਹੈ ਨਾ ਕਿ ਕਾਰਖਾਨਿਆਂ ਦੀ। ਕਾਰਖਾਨਿਆਂ ਨੇ ਸਾਨੂੰ ਸੁੱਖ ਸਹੂਲਤਾਂ ਤਾਂ ਬਹੁਤ ਦਿੱਤੀਆਂ ਹਨ ਪਰ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਕਾਰਨ ਜਿੱਥੇ ਮਨੁੱਖਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਹੀ ਬਹੁਤ ਸਾਰੇ ਕੁਦਰਤੀ ਜੀਵ-ਜੰਤੂਆਂ ਦੀਆਂ ਨਸਲਾਂ ਵੀ ਸਦਾ ਲਈ ਖਤਮ ਹੋ ਗਈਆਂ ਹਨ। ਜਿਸ ਤਰ੍ਹਾਂ ਮਨੁੱਖ ਨੇ ਆਪਣੀ ਚਲਾਕ ਬੁੱਧੀ ਰਾਹੀਂ ਸਮੁੱਚੇ ਜੀਵ ਜੰਤੂਆਂ ਦੀ ਸਾਂਝੀ ਧਰਤੀ ਨੂੰ ਆਪਣੇ ਲਈ ਰਾਖਵੀਂ ਕਰਦਿਆਂ ਬਹੁਤੇ ਜੀਵ ਜੰਤੂਆਂ ਦੀਆਂ ਨਸਲਾਂ ਨੂੰ ਤਬਾਹ ਅਤੇ ਬਹੁਤਿਆਂ ਨੂੰ ਆਪਣੀਆਂ ਲੋੜਾਂ ਲਈ ਵਰਤਣਾ ਸ਼ੁਰੂ (ਗੁਲਾਮ) ਕਰ ਲਿਆ ਹੈ ਉਸੇ ਤਰ੍ਹਾਂ ਹੁਣ ਮਨੁੱਖਾਂ ਵਿਚੋਂ ਚਲਾਕ ਬੁੱਧੀ ਵਾਲੇ ਗਿਣਤੀ ਦੇ ਕੁਝ ਮਨੁੱਖ ਧਰਤੀ ਨੂੰ ਆਪਣੀ ਨਿੱਜੀ ਜਾਇਦਾਦ ਅਤੇ ਸਮੁੱਚੀ ਮਨੁੱਖਾ ਜਾਤੀ ਨੂੰ ਆਪਣੀ ਗੁਲਾਮ ਬਣਾਉਣਾ ਚਾਹੁੰਦੇ ਹਨ।

ਸਾਡੇ ਦੇਸ਼ ਦੀ ਧਰਤੀ ਕਿਸੇ ਨਾ ਕਿਸੇ ਰੂਪ ਵਿਚ ਸਾਰੇ ਦੇਸ਼ ਵਾਸੀਆਂ ਦੀ ਸਾਂਝੀ ਹੈ, ਕਿਸੇ ਕੋਲ ਘੱਟ ਜ਼ਮੀਨ ਹੈ ਤੇ ਕਿਸੇ ਕੋਲ ਵੱਧ। ਆਪੋ ਆਪਣੀਆਂ ਲੋੜਾਂ ਅਨੁਸਾਰ ਵੱਖੋ ਵੱਖਰੀ ਪੈਦਾਵਾਰ ਹੋ ਰਹੀ ਹੈ, ਕੋਈ ਖੇਤੀ ਕਰ ਰਿਹਾ ਹੈ ਤੇ ਕੋਈ ਮਜ਼ਦੂਰੀ, ਭਾਵ ਸਭ ਨੂੰ ਰੁਜ਼ਗਾਰ ਮਿਲ ਰਿਹਾ ਹੈ। ਜੇ ਇਸ ਧਰਤੀ ਦਾ ਸਿਰਫ ਇੱਕ ਹੀ ਮਾਲਕ ਹੋ ਜਾਵੇ ਤਾਂ ਅਸੀਂ ਸਾਰੇ ਗੁਲਾਮ ਮਜ਼ਦੂਰ ਹੋਵਾਂਗੇ, ਮਾਲਕ ਆਪਣੀ ਮਰਜ਼ੀ ਦੀ ਫਸਲ ਪੈਦਾ ਕਰੇਗਾ, ਆਪਣੀ ਮਨਮਰਜ਼ੀ ਨਾਲ ਫਸਲ ਅਤੇ ਮਜ਼ਦੂਰੀ ਦਾ ਭਾਅ ਤੈਅ ਕਰੇਗਾ। ਭੋਜਨ ਵੀ ਉਨੇ ਕੁ ਲੋਕਾਂ ਨੂੰ ਹੀ ਦੇਵੇਗਾ ਜਿੰਨੇ ਮਜ਼ਦੂਰਾਂ ਦੀ ਉਸ ਨੂੰ ਲੋੜ ਹੋਵੇਗੀ ਬਾਕੀਆਂ ਨੂੰ ਮਰਨ ਲਈ ਛੱਡ ਦੇਵੇਗਾ, ਸਾਡੇ ਕੋਲ ਕੋਈ ਹੱਕ ਵੀ ਨਹੀਂ ਹੋਣਗੇ, ਇਹ ਹੋਵੇਗੀ ਅਸਲੀ ਗੁਲਾਮੀ। ਗੁਲਾਮਾਂ ਦੀ ਨਾ ਕੋਈ ਆਪਣੀ ਧਰਤੀ ਹੁੰਦੀ ਹੈ, ਨਾ ਕਿਰਤ ਅਤੇ ਨਾ ਆਪਣਾ ਸੱਭਿਆਚਾਰ। ਸਾਡੇ ਲਈ ਅਜਿਹੀ ਗੁਲਾਮੀ ਦਾ ਤਾਣਾ-ਬਾਣਾ ਇੰਟਰਨੈੱਟ ਰਾਹੀਂ ਬੁਣਿਆ ਜਾ ਰਿਹਾ ਹੈ, ਇਸ ਰਾਹੀਂ ਜਿੱਥੇ ਸਾਨੂੰ ਆਪਣੀ ਧਰਤੀ, ਕਿਰਤ ਅਤੇ ਸੱਭਿਆਚਾਰ ਨਾਲ਼ੋਂ ਤੋੜਿਆ ਜਾ ਰਿਹਾ ਹੈ ਉੱਥੇ ਹੀ ਸਾਡੇ ਸਮੇਂ, ਸ਼ਰਮ ਅਤੇ ਮਿਲ ਵਰਤਣ ਵਾਲ਼ੇ ਸੰਸਕਾਰਾਂ ਨੂੰ ਵੀ ਖਤਮ ਕੀਤਾ ਜਾ ਰਿਹਾ ਹੈ, ਅਫਸੋਸ ਕਿ ਅਸੀਂ ਬਿਨਾ ਸੋਚੇ ਸਮਝੇ ਨੈੱਟ ਦੀ ਇਸ ਚਾਲ ਵਿਚ ਬੁਰੀ ਤਰ੍ਹਾਂ ਫਸਦੇ ਜਾ ਰਹੇ ਹਾਂ। ਅਸੀਂ ਲੋੜੀਂਦੀ ਖੇਤੀ ਜਾਂ ਲੋੜੀਂਦੇ ਕਾਰਖਾਨਿਆਂ ਵਿਚ ਸਰੀਰਕ ਮਿਹਨਤ ਵਾਲਾ ਕੰਮ ਕਰ ਕੇ ਕਮਾਈ ਕਰਨ ਦੀ ਥਾਂ ਨੈੱਟ 'ਤੇ ਬਣੇ ਵੱਖੋ-ਵੱਖਰੇ ਬੇਲੋੜੇ ਸਾਧਨਾਂ (ਫੇਸਬੁੱਕ, ਇੰਸਟਾਗ੍ਰਾਮ ਅਦਿ) ਰਾਹੀਂ ਚੰਗੀ, ਮੰਦੀ ਅਤੇ ਬੇਲੋੜੀ ਸਮੱਗਰੀ ਸਾਂਝੀ ਕਰ ਕੇ ਕਮਾਈ ਕਰਨ ਵੱਲ ਦੌੜ ਰਹੇ ਹਾਂ। ਯਾਦ ਰੱਖਿਓ ਇਸ ਨੈੱਟ 'ਤੇ ਪੈਸੇ ਕਮਾਏ ਜਾ ਸਕਦੇ ਹਨ ਪਰ ਭੋਜਨ ਪੈਦਾ ਨਹੀਂ ਕੀਤਾ ਜਾ ਸਕਦਾ, ਸਾਨੂੰ ਨੈੱਟ ਤੋਂ ਕਮਾਏ ਪੈਸਿਆਂ ਨਾਲ ਭੋਜਨ ਵੀ ਤਾਂ ਹੀ ਮਿਲ ਰਿਹਾ ਹੈ ਕਿਉਂਕਿ ਹਾਲੇ ਬਹੁਤ ਸਾਰੇ ਲੋਕ ਅੰਨ ਪੈਦਾ ਕਰ ਰਹੇ ਹਨ, ਸਾਡੀਆਂ ਮੁਢਲੀਆਂ ਲੋੜਾਂ ਲਈ ਸਾਜ਼ੋ ਸਾਮਾਨ ਵੀ ਸਰੀਰਕ ਮਿਹਨਤ ਰਾਹੀਂ ਹੀ ਤਿਆਰ ਹੁੰਦਾ ਹੈ ਨਾ ਕਿ ਇੰਟਰਨੈੱਟ ਰਾਹੀਂ।

ਇੰਟਰਨੈੱਟ ਵਧੀਆ ਸੰਚਾਰ ਸਾਧਨ ਤਾਂ ਹੈ ਜਿਸ ਰਾਹੀਂ ਤੁਸੀਂ ਆਡੀਓ, ਵੀਡੀਓ ਜਾਂ ਲਿਖਤੀ ਸਮੱਗਰੀ ਇੱਕ ਦੂਜੇ ਕੋਲ ਭੇਜ ਸਕਦੇ ਹੋ, ਪਰ ਮਨੁੱਖ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਲਈ ਸਮੱਗਰੀ ਨਾ ਤਾਂ ਨੈੱਟ ਦੀ ਧਰਤੀ 'ਤੇ ਪੈਦਾ ਹੁੰਦੀ ਹੈ ਨਾ ਇਹ ਨੈੱਟ ਰਾਹੀਂ ਇੱਕ ਥਾਂ ਤੋਂ ਦੂਜੀ ਥਾਂ 'ਤੇ ਭੇਜੀ ਜਾ ਸਕਦੀ ਹੈ। ਜਿਸ ਹਿਸਾਬ ਨਾਲ ਅਸੀਂ ਇੰਟਰਨੈੱਟ ਦੀ ਖੇਤੀ ਵੱਲ ਦੌੜ ਰਹੇ ਹਾਂ ਅਤੇ ਸਾਨੂੰ ਇਸ ਤੋਂ ਕਮਾਈ ਹੋ ਰਹੀ ਹੈ, ਉਸ ਹਿਸਾਬ ਨਾਲ ਖੇਤੀ ਜਾਂ ਕਾਰਖਾਨਿਆਂ ਦੇ ਸਰੀਰਕ ਮਿਹਨਤ ਵਾਲੇ ਕੰਮ ਤਾਂ ਕਿਸੇ ਨੇ ਵੀ ਨਹੀਂ ਕਰਨੇ, ਸਰੀਰਕ ਮਿਹਨਤ ਵਾਲੇ ਕੰਮ ਕਰ ਕੇ ਅਸੀਂ ਰਾਜ਼ੀ ਨਹੀਂ ਹਾਂ, ਜ਼ਮੀਨਾਂ ਨਾਲ ਸਾਡਾ ਪਿਆਰ ਨਹੀਂ ਰਿਹਾ। ਜ਼ਮੀਨਾਂ ਨਾਲ ਪਿਆਰ ਵੀ ਉਨ੍ਹਾਂ ਨੂੰ ਹੀ ਹੁੰਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਜ਼ਮੀਨਾਂ ਨਾਲ ਜੁੜੇ ਹੋਏ ਹੋਣ,



ਜ਼ਮੀਨਾਂ ਵੇਚ ਕੇ ਅਸੀਂ ਇੰਟਰਨੈੱਟ ਦੇ ਸਾਧਨ ਮੋਬਾਈਲ ਬਗੈਰਾ ਖਰੀਦਣ ਨੂੰ ਆਪਣੀ ਸ਼ਾਨ ਸਮਝਦੇ ਹਾਂ। ਕਾਰਪੋਰੇਟ ਘਰਾਣਿਆਂ ਤੋਂ ਜ਼ਮੀਨਾਂ ਨੂੰ ਬਚਾਉਣ ਲਈ ਸਾਡੇ ਵਡੇਰੇ ਜੋ ਮਿੱਟੀ ਨਾਲ ਜੁੜੇ ਹੋਏ ਹਨ, ਉਹ ਧਰਨੇ-ਮੁਜ਼ਾਹਰੇ ਕਰ ਰਹੇ ਹਨ। ਦੂਜੇ ਪਾਸੇ ਨਵੀਂ ਪੀੜ੍ਹੀ ਕੁੱਝ ਕੁ ਤਾਂ ਦੇਸ਼ ਵਿਚ ਹੀ ਰਹਿਣਾ ਪਸੰਦ ਨਹੀਂ ਕਰਦੀ ਜੋ ਦੇਸ਼ ਵਿਚ ਰਹੇਗੀ ਉਹ ਆਪਣੀ ਅਸਲੀ ਧਰਤੀ ਉੱਤੇ ਰਹਿਣ ਦੀ ਥਾਂ ਇੰਟਰਨੈੱਟ ਦੀ ਉਸਾਰੀ ਨਕਲੀ ਧਰਤੀ 'ਤੇ ਸਵਾਰ ਹੋ ਚੁੱਕੀ ਹੈ, ਤਾਂ ਫਿਰ ਬਜ਼ੁਰਗ ਕਿੰਨਾ ਕੁ ਚਿਰ ਲੜਨਗੇ? ਜਿਸ ਤਰ੍ਹਾਂ ਅਸੀਂ ਇੰਟਰਨੈੱਟ ਦੇ ਜਾਲ ਵਿਚ ਫਸ ਰਹੇ ਹਾਂ, ਇਸ ਨੂੰ ਵੇਖ ਕੇ ਤਾਂ ਮੈਨੂੰ ਇਹ ਚਿੱਟੇ (ਨਸ਼ਿਆਂ) ਨਾਲੋਂ ਵੀ ਵੱਧ ਖਤਰਨਾਕ ਲੱਗ ਰਿਹਾ ਹੈ। ਕਿਤੇ ਇਹ ਨਾ ਹੋਵੇ ਕਿ ਸਾਨੂੰ ਇਸ ਇੰਟਰਨੈੱਟ ਦੀ ਨਕਲੀ ਧਰਤੀ ਅਤੇ ਕਮਾਈ ਨਾਲ ਜੋੜ ਕੇ ਕਾਰਪੋਰੇਟ ਸਾਡੇ ਕੋਲੋਂ ਸਾਡੀ ਅਸਲੀ ਧਰਤੀ ਤੇ ਕਮਾਈ ਹੀ ਖੋਹ ਲੈਣ।

ਅਸੀਂ ਕਾਰਪੋਰੇਟਾਂ ਦੀਆਂ ਚਾਲਾਂ ਨੂੰ ਨਾ ਸਮਝਦੇ ਹੋਏ ਸਾਡੇ ਜਿਉਂਦੇ ਰਹਿਣ ਲਈ ਲੋੜੀਂਦੇ ਖੇਤੀ ਅਤੇ ਕਾਰਖਾਨਿਆਂ ਦੇ ਕੰਮ ਦੀ ਕਿਰਤ ਨੂੰ ਛੱਡ ਕੇ ਇੰਟਰਨੈੱਟ 'ਤੇ ਪਾਉਣ ਲਈ ਬੇਲੋੜੀ ਸਮੱਗਰੀ ਤਿਆਰ ਕਰਨ ਵਾਲੀ ਬੇਲੋੜੀ ਕਿਰਤ ਕਰਨ ਨੂੰ ਪਹਿਲ ਦੇ ਕੇ ਅਮੀਰ ਬਣਨ ਦੀ ਦੌੜ ਵਿਚ ਅੰਨ੍ਹੇਵਾਹ ਦੌੜ ਰਹੇ ਹਾਂ, ਨੈੱਟ ਸਮੱਗਰੀ ਨੂੰ ਮੈਂ ਬੇਲੋੜੀ ਇਸ ਲਈ ਕਹਿ ਰਿਹਾ ਹਾਂ ਕਿ ਸਾਨੂੰ ਜਿਉਂਦੇ ਰਹਿਣ ਲਈ ਇਸ ਦੀ ਲੋੜ ਨਹੀਂ ਹੈ, ਖੇਤੀ ਅਤੇ ਕਾਰਖਾਨਿਆਂ ਦਾ ਕੰਮ ਸਾਡੀ ਜ਼ਿੰਦਗੀ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਜਿਉਂਦੇ ਰਹਿਣ ਲਈ ਇੰਟਰਨੈੱਟ ਦੀ ਲੋੜ ਹੀ ਨਹੀਂ ਹੈ, ਦੂਜੀ ਗੱਲ ਕਿ ਇਸ ਹਵਾ ਵਿਚ ਚੱਲ ਰਹੇ ਨੈੱਟ ਕਾਰਖਾਨੇ ਦਾ ਮਾਲਕ ਇੱਕ ਹੈ ਤੇ ਉਹ ਕਦੇ ਵੀ ਇਸ ਨੂੰ ਬੰਦ ਕਰ ਸਕਦਾ ਹੈ ਜਾਂ ਕਹਿ ਸਕਦਾ ਹੈ ਕਿ ਤੁਸੀਂ ਨੈੱਟ 'ਤੇ ਸਮੱਗਰੀ ਪਾਓ ਜਾਂ ਨਾ ਪਾਓ ਪਰ ਇਸ ਦਾ ਤੁਹਾਨੂੰ ਪੈਸਾ ਕੋਈ ਨਹੀਂ ਮਿਲੇਗਾ, ਫਿਰ ਤੁਹਾਡੇ ਕੋਲ ਇਸ ਦਾ ਕੀ ਬਦਲ ਹੋਵੇਗਾ, ਕੀ ਇਹ ਬਿਗਾਨੀ ਛਾਹ ਤੇ ਮੁੱਛਾਂ ਮੁੰਨਵਾਉਣ ਵਾਲੀ ਗੱਲ ਨਹੀਂ ਹੈ? ਸਾਨੂੰ ਸਾਡੀ ਧਰਤੀ ਨਾਲੋਂ ਤੋੜਨ ਲਈ ਖੇਤੀ ਅਤੇ ਇਸ ਦੇ ਸਹਾਇਕ ਧੰਦਿਆਂ ਨੂੰ ਘਾਟੇ ਦੇ ਸੌਦੇ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ, ਹੱਥੀਂ ਕੰਮ ਕਰਨ ਨੂੰ ਬੇਇੱਜ਼ਤੀ ਸਮਝਿਆ ਜਾ ਰਿਹਾ ਹੈ, ਸਾਡੇ ਦੇਸ਼ ਦੀ ਧਰਤੀ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਕਿ ਇਹ ਤਾਂ ਰੇਹਾਂ ਸਪ੍ਰੇਹਾਂ ਨਾਲ ਪ੍ਰਦੂਸ਼ਤ ਹੋ ਚੁੱਕੀ ਹੈ, ਸਾਡੇ ਦੇਸ਼ ਦੇ ਨੌਜੁਆਨ ਆਪਣੇ ਘਰ ਰਹਿ ਕੇ ਸੌਖੀ ਕਿਰਤ ਕਰਨ ਦੀ ਥਾਂ ਆਪਣੀਆਂ ਕੀਮਤੀ ਜ਼ਮੀਨਾਂ ਵੇਚ ਕੇ ਜਾਂ ਕੋਈ ਹੋਰ ਹੀਲਾ-ਵਸੀਲਾ ਵਰਤ ਕੇ ਆਪਣੀ ਬਹੁਮੁੱਲੀ ਛੇ ਰੁੱਤਾਂ ਦੇ ਵਾਤਾਵਰਣ ਵਾਲੀ ਧਰਤੀ ਨੂੰ ਛੱਡ ਕੇ ਠੰਢੇ ਜਾਂ ਤੱਤੇ ਵਾਤਾਵਰਣਾਂ ਵਾਲ਼ੇ ਵਿਦੇਸ਼ਾਂ ਵਿਚ ਜਾ ਕੇ ਔਖੀ ਤੋਂ ਔਖੀ ਮਜ਼ਦੂਰੀ ਕਰਨ ਨੂੰ ਪਹਿਲ ਦੇ ਰਹੇ ਹਨ। ਸਾਨੂੰ ਆਪਣੀ ਧਰਤੀ ਅਤੇ ਕਿਰਤ ਨਾਲ਼ੋਂ ਤੋੜਨ ਲਈ ਇੰਟਰਨੈੱਟ ਰਾਹੀਂ ਚੱਲੀ ਜਾ ਰਹੀ ਇਸ ਚਾਲ ਵਿਚੋਂ ਨਿਕਲ ਕੇ ਨੈੱਟ ਲਈ ਬੇਲੋੜੀ ਸਮੱਗਰੀ ਤਿਆਰ ਕਰਨ ਦੀ ਥਾਂ ਖੇਤੀ, ਖੇਤੀ ਦੇ ਸਹਾਇਕ ਧੰਦਿਆਂ ਅਤੇ ਕਾਰਖਾਨਿਆਂ ਵਿਚ ਲੋੜੀਂਦੀ ਹੱਥੀਂ ਮਿਹਨਤ ਕਰਨੀ ਚਾਹੀਦੀ ਹੈ ਤਾਂ ਕਿ ਇਸ ਸੱਚੀ ਕਿਰਤ ਰਾਹੀਂ ਅਸੀਂ ਆਪਣੇ ਆਪ ਨੂੰ ਅਤੇ ਆਪਣੇ ਦੇਸ਼ ਨੂੰ ਖੁਸ਼ਹਾਲ ਬਣਾ ਸਕੀਏ।

ਅਸੀਂ ਹਰ ਉਮਰ ਦੇ ਲੋਕ ਦਿਨ-ਰਾਤ ਚੰਗੀ, ਮੰਦੀ ਅਤੇ ਬੇਲੋੜੀ ਸਮੱਗਰੀ ਨੈੱਟ ਉੱਤੇ ਚਾੜ੍ਹਦੇ ਰਹਿੰਦੇ ਹਾਂ, ਫਿਰ ਉਨ੍ਹਾਂ 'ਤੇ ਬੇਲੋੜੀਆਂ ਪਸੰਦਾਂ, ਬੇਪਸੰਦਾਂ, ਟਿੱਪਣੀਆਂ, ਫਾਲਤੂ ਦੀਆਂ ਬਹਿਸਾਂ ਕਰਨ ਅਤੇ ਉਨ੍ਹਾਂ ਨੂੰ ਸਾਂਝੀਆਂ ਕਰਨ 'ਤੇ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਰਹਿੰਦੇ ਹਾਂ, ਜਦੋਂ ਅਸੀਂ ਨੈੱਟ ਚਲਾ ਕੇ ਬੈਠ ਜਾਂਦੇ ਹਾਂ ਤਾਂ ਉਸੇ ਸਮੇਂ ਅਸੀਂ ਵਰਤੇ ਜਾਣੇ ਸ਼ੁਰੂ ਹੋ ਜਾਂਦੇ ਹਾਂ, ਅਸੀਂ ਬਿਨਾ ਮਜ਼ਦੂਰੀ ਤੋਂ ਕਿਸੇ ਲਈ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਾਂ, ਸਾਡਾ ਸਮਾਂ ਸਭ ਤੋਂ ਵੱਧ ਕੀਮਤੀ ਹੁੰਦਾ ਹੈ, ਨੈੱਟ ਵਾਲ਼ੇ ਵੀ ਉਸੇ ਸਮੱਗਰੀ (ਪੋਸਟ) ਦੇ ਵੱਧ ਪੈਸੇ ਦਿੰਦੇ ਹਨ ਜਿਸ 'ਤੇ ਵੱਧ ਗਿਣਤੀ ਲੋਕਾਂ ਦਾ ਜ਼ਿਆਦਾ ਸਮਾਂ ਖਰਾਬ ਹੋਇਆ ਹੁੰਦਾ ਹੈ ਭਾਵ ਜੋ ਸਮੱਗਰੀ ਲੋਕਾਂ ਨੂੰ ਵੱਧ ਤੋਂ ਵੱਧ ਸਮਾਂ ਨੈੱਟ ਨਾਲ ਜੋੜ ਕੇ ਰੱਖਦੀ ਹੈ। ਇਸ ਲਈ ਆਪਣੀ ਕਿਰਤ ਨੂੰ ਛੱਡ ਕੇ ਇੰਟਰਨੈੱਟ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਾ ਬਣਾਓ, ਜੇ ਤੁਸੀਂ ਇੰਟਰਨੈੱਟ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਰਹੇ ਹੋ ਤਾਂ ਇਹ ਤੁਹਾਡੇ ਜੀਵਨ ਦੇ ਹਿੱਸੇ ਨੂੰ ਖਾ ਜਾਵੇਗਾ, ਨਾ ਹੀ ਇਸ ਨੂੰ ਆਪਣੀ ਕਮਾਈ ਦਾ ਸਾਧਨ ਬਣਾਓ, ਜੇ ਤੁਸੀਂ ਇਸ ਤੋਂ ਕਮਾਈ ਕਰ ਰਹੇ ਹੋ ਤਾਂ ਤੁਸੀਂ ਆਪਣੇ ਚਾਹੁਣ ਵਾਲਿਆਂ ਦੇ ਸਮੇਂ ਨੂੰ ਬਰਬਾਦ ਕਰਨ ਦਾ ਕਮਿਸ਼ਨ (ਦਲਾਲੀ) ਖਾ ਰਹੇ ਹੋ ਅਤੇ ਨੈੱਟ ਮਾਲਕਾਂ ਦੀ ਕਮਾਈ ਦਾ ਸੰਦ ਬਣ ਰਹੇ ਹੋ। ਇਹ ਇੰਟਰਨੈੱਟ ਤੁਹਾਨੂੰ ਤੁਹਾਡੀ ਧਰਤੀ, ਕਿਰਤ ਅਤੇ ਤੁਹਾਡੇ ਸੱਭਿਆਚਾਰ ਨਾਲੋਂ ਤੋੜਨ ਦੀ ਵੱਧ ਕੀਮਤ ਵੀ ਦੇ ਦੇਵੇਗਾ ਤਾਂ ਕਿ ਤੁਸੀਂ ਜਲਦੀ ਇਸ ਉੱਤੇ ਨਿਰਭਰ ਹੋ ਜਾਵੋ, ਪਰ ਜਦੋਂ ਇਸ ਨੇ ਤੁਹਾਡੀ ਧਰਤੀ ਅਤੇ ਕਿਰਤ ਕਰਨ ਦੀ ਸ਼ਕਤੀ ਖੋਹ ਲਈ ਫਿਰ ਤੁਸੀਂ ਆਪਣੀ ਇਸ ਧਰਤੀ 'ਤੇ ਕਿਰਤ ਕਰਨ ਅਤੇ ਖੁੱਲ੍ਹ ਕੇ ਤੁਰਨ ਨੂੰ ਵੀ ਤਰਸੋਂਗੇ। ਨੈੱਟ ਚਲਾਉਣਾ ਤਾਂ ਦੂਰ ਦੀ ਗੱਲ ਹੈ, ਤੁਹਾਨੂੰ ਆਪਣਾ ਪੇਟ ਪਾਲਣਾ ਵੀ ਔਖਾ ਹੋ ਜਾਵੇਗਾ, ਹੁਣ ਵੀ ਕਿੰਨੀਆਂ ਕੁ ਕੰਪਨੀਆਂ ਹਨ ਜੋ ਆਪਣੇ ਮਜ਼ਦੂਰਾਂ ਨੂੰ ਫੋਨ ਅੰਦਰ ਲੈ ਕੇ ਜਾਣ ਦੀ ਇਜਾਜ਼ਤ ਦਿੰਦੀਆਂ ਹਨ?

ਜਦੋਂ ਖੇਤੀ ਸਮੇਤ ਸਮੁੱਚੇ ਕਾਰਖਾਨਿਆਂ ਦਾ ਮਾਲਕ ਇੱਕ ਹੋਇਆ ਫਿਰ ਫੋਨ ਅਤੇ ਇੰਟਰਨੈੱਟ ਨਹੀਂ ਚੱਲਣੇ ਨਾ ਹੀ ਧਰਨੇ ਮੁਜ਼ਾਹਰੇ ਹੋਣੇ ਹਨ ਫਿਰ ਤਾਂ ਮਜ਼ਦੂਰੀ ਮੰਗਣ ਲਈ ਵੀ ਬੇਨਤੀਆਂ ਹੀ ਕਰਨੀਆਂ ਪੈਣਗੀਆਂ, ਫਿਰ ਪਤਾ ਲੱਗੇਗਾ ਕਿ ਅਸਲੀ ਗੁਲਾਮੀ ਕੀ ਹੁੰਦੀ ਹੈ। ਪਹਿਲਾਂ ਤਾਂ ਅੰਗ੍ਰੇਜ਼ਾਂ ਨੇ ਸਾਡੇ 'ਤੇ ਧੱਕੇ ਨਾਲ ਕਬਜ਼ਾ ਕੀਤਾ ਸੀ ਜੋ ਲੋਕਾਂ ਨੇ ਛੁਡਾ ਵੀ ਲਿਆ ਸੀ, ਹੁਣ ਅਗਲਿਆਂ ਨੇ ਕਬਜ਼ਾ ਨਹੀਂ ਕਰਨਾ ਹੁਣ ਤਾਂ ਤੁਹਾਡੀ ਜ਼ਮੀਨ ਤੁਹਾਡੇ ਕੋਲੋਂ ਮੁੱਲ ਖਰੀਦਣੀ ਹੈ, ਵੇਚੀ ਹੋਈ ਵਸਤੂ 'ਤੇ ਵੇਚਣ ਵਾਲੇ ਦਾ ਹੱਕ ਸਦਾ ਲਈ ਖਤਮ ਹੋ ਜਾਂਦਾ ਹੈ। ਮੇਰਾ ਇਸ ਤਰ੍ਹਾਂ ਕਹਿਣ ਤੋਂ ਭਾਵ ਇਹ ਨਹੀਂ ਹੈ ਕਿ ਆਪਾਂ ਇੰਟਰਨੈੱਟ ਨੂੰ ਤਿਆਗ ਹੀ ਦੇਈਏ, ਨਹੀਂ ਤਿਆਗਣਾ ਨਹੀਂ ਹੈ ਪਰ ਇਸ ਦੀ ਵਰਤੋਂ ਆਪਣੀ ਜ਼ਰੂਰੀ ਲੋੜ ਲਈ ਹੀ ਕਰੀਏ, ਕਿਤੇ ਇਹ ਨਾ ਹੋਵੇ ਕਿ ਅਸੀਂ ਨੈੱਟ ਨੂੰ ਬੇਲੋੜਾ ਵਰਤਦੇ ਰਹੀਏ ਤੇ ਇਹ ਸਾਨੂੰ ਹੀ ਵਰਤ ਜਾਵੇ। ਅੱਜ ਦੇਸ਼ ਦੀ ਵਾਗਡੋਰ ਉਨ੍ਹਾਂ ਮਾੜੇ ਲੀਡਰਾਂ ਦੇ ਹੱਥ ਵਿਚ ਆ ਚੁੱਕੀ ਹੈ ਜੋ ਕਾਰਪੋਰੇਟਾਂ ਦੀਆਂ ਕਠਪੁਤਲੀਆਂ ਬਣ ਕੇ ਦੇਸ਼ ਦੀ ਜਨਤਾ ਦੇ ਭਲੇ, ਨੌਜੁਆਨੀ ਨੂੰ ਆਪਣੇ ਦੇਸ਼ ਨਾਲ ਜੋੜਨ ਅਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦੀ ਥਾਂ ਸਾਨੂੰ ਜਾਤਾਂ, ਧਰਮਾਂ, ਸੂਬਿਆਂ ਦੇ ਝਗੜਿਆਂ ਅਤੇ ਇੱਕ ਦੂਜੇ ਦੇ ਵਿਰੁੱਧ ਲੜਵਾ ਕੇ ਖੁਦ ਦੇਸ਼ ਨੂੰ ਵੇਚਣ 'ਤੇ ਲੱਗੇ ਹੋਏ ਹਨ। ਇਸ ਲਈ ਸਾਨੂੰ ਜਾਤਾਂ, ਧਰਮਾਂ, ਸੂਬਿਆਂ ਦੇ ਝਗੜਿਆਂ ਅਤੇ ਇੱਕ ਦੂਜੇ ਦੇ ਵਿਰੋਧਾਂ ਨੂੰ ਛੱਡ ਕੇ ਦੇਸ਼ ਦੀ ਸਮੁੱਚੀ ਮਨੁੱਖਤਾ ਦੇ ਭਲੇ ਲਈ ਇੱਕ ਹੋ ਕੇ ਸੋਚਣਾ ਪਵੇਗਾ ਕਿ ਅਸੀਂ ਆਪਣੀ ਧਰਤੀ, ਹੋਂਦ, ਕਿਰਤ ਅਤੇ ਸੱਭਿਆਚਾਰ ਨੂੰ ਕਿਵੇਂ ਬਚਾਉਣਾ ਹੈ।

# ਭੈ ਤੇਰੈ ਡਰੁ ਅਗਲਾ

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ॥
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ (ਪੰਨਾ 16)

ਬਾਬਾ ਏਹੁ ਲੇਖਾ ਲਿਖਿ ਜਾਣੁ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥ ਰਹਾਉ॥

"ਭੈ" ਦੇ ਅਰਥ ਖੌਫ, ਹੈਬਤ ਤੇ ਹੈਰਾਨਗੀ, ਅਚੰਭਾ ਨੇ। "ਤੇਰੈ" ਵਿਚਾਰਨ ਜੋਗ ਏ। ਤੇਰੈ ਕੌਣ ਏ? ਇਹ ਵੱਡਾ ਸਵਾਲ ਏ। ਕਿਸ ਦਾ ਡਰ ਏ? ਯਾ ਕਿਸ ਬਾਰੇ ਅਚੰਭਾ ਏ? ਇਹ ਕੁੱਲ ਕੁਦਰਤ ਏ ਜਿਸਦਾ



**ਡਾ. ਆਸਮਾ ਕਾਦਰੀ**

ਭੈਅ ਏ। ਕਿਵੇਂ ਇਹ ਦੁਨੀਆ ਚੱਲਦੀ ਏ ਪਈ? ਕੌਣ ਚਲਾਉਂਦਾ ਏ ਪਿਆ? ਕਿਵੇਂ ਧਰਤ ਅੰਬਰ ਫਿਰਦੇ ਨੇਂ ਪਏ? ਕਿਵੇਂ ਵਾਅ ਝੁੱਲਦੀ ਏ? ਕਿਵੇਂ ਸੂਰਜ ਚਮਕਦਾ ਤੇ ਚੰਨ ਜਗਦਾ ਏ? ਵੰਨੋ ਵੰਨੀ ਜੀਆ ਜੂਨ ਕਿਸ ਬਣਾਈ ਏ? ਇਹ ਪੂਰਾ ਜਹਾਨ ਅਚੰਭਾ ਏ। ਏਸ ਸਾਰੇ ਅਚੰਭੇ ਵਿਚ ਸਭ ਤੋਂ ਅਚਰਜ ਏ ਮਨੁੱਖ। ਮਨੁੱਖ ਨੂੰ ਸੂਰਤ ਸਾਰ ਦਿੱਤੀ ਏ ਕੁਦਰਤ ਨੇ। ਮਨੁੱਖ ਸੋਚਦਾ ਏ, ਪਰਖ ਪੜਚੋਲ ਕਰਦਾ ਏ। ਏਸ ਸ਼ਬਦ ਵਿਚ ਜੋ ਗੱਲ ਪਈ ਹੁੰਦੀ ਏ ਉਹ ਮਨੁੱਖ ਦੀ ਸੂਰਤ ਸਾਰ ਕਰਦੀ ਏ ਪਈ। ਕੁੱਲ ਜਹਾਨ ਇੱਕ ਅਚਰਜ ਅਚੰਭਾ ਏ ਤੇ ਏਸ ਕੁੱਲ ਵੱਡੀ ਸੱਤਿਆ ਦਾ ਡਰ ਵਾਧੂ ਏ। "ਅਗਲਾ" ਦੀ ਵਰਤੋਂ ਬਾਬਾ ਫ਼ਰੀਦ ਦੇ ਦੋਹੜੇ ਵਿਚ ਆਈ ਏ:

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥ 44॥ ਪੰਨਾ 1380॥

ਇੱਕ ਉਹ ਹਨ ਜਿਨ੍ਹਾਂ ਕੋਲ ਆਟਾ ਅਗਲਾ ਏ ਮਤਲਬ ਲੋੜੋਂ ਵੱਧ ਏ। ਇੱਕ ਉਹ ਹਨ ਜਿਨ੍ਹਾਂ ਕੋਲ ਲੂਣ ਵੀ ਹੈ ਨਹੀਂ। ਰੋਟੀ ਨਾਲ ਲਾ ਕੇ ਖਾਵਣ ਵਾਲੀ ਸ਼ੈਅ ਲੋਨ ਅਖਵੇਂਦੀ ਏ। ਵੇਲੇ ਵੇਲੇ ਦੀ ਗੱਲ ਏ ਜਦੋਂ ਵੇਲਾ ਬਦਲਦਾ ਏ ਤਾਂ ਪਤਾ ਲਗਦਾ ਏ ਜੋ ਵਾਧੂ ਖਾਵਣ ਵਾਲਿਆਂ ਕੀ ਕੁੱਝ ਭੁਗਤਿਆ। ਆਪਣੇ ਈ ਅੰਗ ਸਾਕਾਂ ਨੇ ਜਮ੍ਹਾਂ ਜੱਥਾ ਖੋਹਣ ਲਈ ਗਾਟਾ ਲਾਹ ਸੁੱਟਿਆ, ਖਾਣੇ ਵਿਚ ਜ਼ਹਿਰ ਦੇ ਦਿੱਤਾ। ਵਾਧੂ ਜੁੜਦਾ ਈ ਉਦੋਂ ਏ ਜਦੋਂ ਅਸੀਂ ਕਿਸੇ ਦੂਜੇ ਦਾ ਹੱਕ ਖਾਨੇ ਹਾਂ। ਆਪਣੀ ਮਿਹਨਤ ਨਾਲ ਤੇ ਮਸਾਂ ਦੋ ਵੇਲੇ ਦੀ ਰੋਟੀ ਪੂਰੀ ਪੈਂਦੀ ਏ। ਚਲੋ ਫਰੀਦ ਜੀ ਦੇ ਦੋਹੜੇ ਤੇ ਗੱਲ ਫੇਰ ਕਰਸਾਂ ਇੱਥੇ ਸ਼ਬਦ ਵਿਚ ਡਰ ਅਗਲਾ ਏ, ਬਹੁਤ ਡਰ ਏ। ਏਸ ਵੱਡੇ ਡਰ ਪਾਰੋਂ ਦੇਹ ਛਿੱਜਦੀ ਏ ਪਲੋ ਪਲ। ਹਰ ਵੇਲੇ ਅੰਦਰ ਚਿੰਤਾ ਬਣਦੀ ਏ ਤੇ ਚਿੰਤਾ ਪਾਰੋਂ ਹਸਤੀ ਦੁੱਖ ਝਾਗਦੀ ਏ। ਡਰ ਅਗਲਾ ਏਸ ਪਾਰੋਂ ਵੀ ਏ ਜੋ ਏਨੀ ਘਾਲ ਕਰ ਕੇ, ਘੋਲ ਘੁਲ ਕੇ, ਜੋ ਜਮ੍ਹਾਂ ਜੱਥਾ ਬਣਾਈ ਏ, ਉਸ ਨਾਲ ਨਹੀਂ ਜਾਣਾ। ਜਦੋਂ ਜਮ੍ਹਾਂ ਜੱਥਾ ਬਣ ਰਹੀ ਸੀ ਉਦੋਂ ਜਾਵਣ ਚੇਤੇ ਈ ਨਹੀਂ ਆਇਆ। ਡਰ ਅਗਲਾ ਏਸ ਪਾਰੋਂ ਵੀ ਏ, ਜੋ ਏਸ ਜਮ੍ਹਾਂ ਜੱਥਾ ਨੂੰ ਬਣਾਉਣ ਵਿਚ ਜਿਨ੍ਹਾਂ ਨਾਲ ਧ੍ਰੋਹ ਕੀਤਾ, ਜਿਨ੍ਹਾਂ ਦੀ ਕੀਤੀ 'ਤੇ ਮੱਲ ਮਾਰੀ ਉਹੀ ਮਾੜੇ ਨਿਮਾਣੇ ਹੁਣ ਡਰ ਅਗਲਾ ਬਣ ਕੇ ਅੰਦਰੋਂ ਅਸਲ ਵਿਖਾਉਂਦੇ ਨੇਂ ਪਏ। ਵੱਡੇ ਵੱਡੇ ਨਾਵਾਂ ਵਾਲੇ ਸੁਲਤਾਨ ਤੇ ਖਾਨ ਮਿੱਟੀ ਵਿਚ ਮਿੱਟੀ ਹੋ ਗਏ। ਨਾਨਕ ਜੀ ਨੂੰ ਇਹ ਸਾਰੀ ਸੁਰਤ ਸਾਰ ਏ। ਆਪਣੇ ਆਲ ਦਿਵਾਲ ਦਾ ਪੂਰਾ ਗਿਆਨ ਏ, ਹਯਾਤੀ ਦੇ ਮੁੱਕਣ ਦਾ ਪੱਕ ਏ। ਏਸ ਜੀਵਨ ਵਿਚ ਸਾਰੇ ਨੇਂਹ ਕੂੜ ਨੇਂ, ਤੇ ਕੂੜ ਨੇ ਅਖੀਰ ਮੁੱਕਣਾ ਈ ਮੁੱਕਣਾ ਏ, ਜੋ ਹਮੇਸ਼ ਜੀਵਣਾ ਏ ਉਹ ਸੱਚਾ ਨੇਂਹ ਹੈ। ਸੁੱਚਾ ਨੇਂਹ ਇਨਕਾਰ ਏ ਏਸ ਸਾਰੇ ਕੂੜ ਵਿਹਾਰ ਦਾ ਜਿਸ ਸੁਲਤਾਨ ਤੇ ਖਾਨ ਬਣਾਏ ਨੇਂ। ਜਿਸ ਵੱਡੇ ਵੱਡੇ ਦਰਵਾਰ ਬਣਾਏ ਨੇਂ, ਏਹੀ ਸੈਂਤਰ ਫ਼ਰੀਦ ਜੀ ਦੇ ਦੋਹੜੇ ਵਿਚ ਮਿਲਦੀ ਏ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥6॥


ਏਹਾ ਚੇਤੇ ਨਹੀਂ ਕਰਵੇਂਦਾ ਪਿਆ ਫਰੀਦ ਦਾ ਦੋਹੜਾ ਜੇ ਅਕਲ ਹੈ ਤੇਰੇ ਕੋਲ ਤਾਂ ਨੀਝ ਨਾਲ ਵਿਚਾਰ, ਕਾਲੇ ਲੇਖ ਨਾ ਲਿਖ। ਆਪਣੀ ਕਰਨੀ ਦੀ ਸਾਰ ਲੈ। ਕਾਲੇ ਲੇਖ ਕਾਲੇ ਅੱਖਰ ਵੀ ਹਨ। ਕਾਲੇ ਅੱਖਰਾਂ ਨਾਲ ਈ ਜੁੜੀਆਂ ਹਨ ਸੁਲਤਾਨ ਸਾਲਾਰ ਦੀ ਸਿਫਤ ਸਾਲਾਹ ਦੀਆਂ ਕਿਤਾਬਾਂ। ਕਾਲੇ ਅੱਖਰ ਈ ਹੁਣ ਸੁਲਤਾਨਾਂ ਸਾਲਾਰਾਂ ਦੇ ਫੁਰਮਾਨ, ਨਿਮਾਣਿਆਂ ਨੂੰ ਮਾਰਨ ਦਬੱਲਣ ਲਈ। ਫਰੀਦ ਕੋਲ ਲੇਖ ਅੱਖਰ ਨਹੀਂ ਕਰਨੀ ਬਣ ਕੇ ਵਰਤੀਜੇ ਹਨ। ਆਪਣੇ ਕਰਮ ਦੀ ਸਾਰ ਲੈ ਤੇ ਸਿਆਣ ਆਪਣੀ ਕਰਨੀ। ਤੇਰੀ ਕਰਨੀ ਹੀ ਤੇਰੇ ਲੇਖ ਨੇਂ। ਕਾਲੇ ਲੇਖ ਨਾ ਲਿਖ, ਆਪਣੇ ਮਨ ਅੰਦਰ ਝਾਤ ਮਾਰ ਜੋ ਆਪਣੀਆਂ ਘਾਟਾਂ ਦਿਸਣ ਤੇ ਦੂਜਿਆਂ ਦੇ ਘਾਟੇ ਮਾਫ ਕਰਨਾ ਸਿੱਖ।

# ਕੀ ਅੱਗ ਨਾਲ ਖੇਡਣ ਲਈ ਸ਼ੇਖ਼ ਹਸੀਨਾ ਮੁੜ ਬੰਗਲਾ ਦੇਸ਼ ਪਰਤੇਗੀ?

## ਕੀ ਲੋਕ ਉਸ ਨੂੰ ਮੁੜ ਅਪਨਾਉਣ ਲਈ ਰਾਜ਼ੀ ਹੋਣਗੇ?



ਬੰਗਲਾਦੇਸ਼ ਦੀ ਗੱਦੀਓਂ ਲੱਥੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਬਾਰੇ ਸੋਚ ਕੇ ਮੈਨੂੰ ਬੜਾ ਪ੍ਰਚੱਲਤ ਸ਼ੇਅਰ ਯਾਦ ਆ ਰਿਹਾ ਹੈ, "ਆਦਮੀ ਕੋ ਚਾਹੀਏ ਕਿ ਵਕਤ ਸੇ ਡਰ ਕਰ ਰਹੇ, ਕਿਆ ਮਾਲੂਮ ਕਬ ਬਦਲੇ ਵਕਤ ਕਾ ਮਿਜ਼ਾਜ਼...।" ਦੁਨੀਆ ਭਰ ਵਿਚ ਸਭ ਤੋਂ ਲੰਮਾ ਸਮਾਂ ਪ੍ਰਧਾਨ ਮੰਤਰੀ ਦੇ ਪਦ ਦਾ ਸੁੱਖ ਮਾਨਣ ਵਾਲੀ ਸ਼ੇਖ ਹਸੀਨਾ ਹੁਣ ਇੱਕ ਤਰ੍ਹਾਂ ਨਾਲ 'ਟੱਪਰੀਵਾਸ' ਬਣ ਕੇ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ। ਇੰਗਲੈਂਡ ਵਰਗੇ ਮੁਲਕ ਨੇ ਉਸ ਨੂੰ ਰੱਖਣ ਲਈ



**ਸ਼ਿਵਚਰਨ ਜੱਗੀ ਕੁੱਸਾ**
E-mail: jaggikussa@yahoo. de

ਕੋਰਾ ਚਿੱਟਾ ਜਵਾਬ ਦੇ ਦਿੱਤਾ ਹੈ। ਹੁਣ ਉਹ ਨਰਿੰਦਰ ਮੋਦੀ ਦੀ ਸ਼ਰਨ ਵਿਚ ਜਾ ਕੇ ਭਾਰਤ ਵਿਚ 'ਦਿਨ-ਕਟੀ' ਕਰ ਰਹੀ ਹੈ। ਪਰ ਹੁਣ ਇੱਕ ਅਜੀਬ ਹੀ ਗੱਲ ਸਾਡੇ ਸੁਣਨ ਵਿਚ ਆਈ ਹੈ। ਸਾਬਕਾ ਪ੍ਰਧਾਨ ਮੰਤਰੀ ਦੇ ਬੇਟੇ ਸਜੀਬ ਵਾਜੇਦ ਜੋਏ ਨੇ 'ਟਾਈਮਜ਼ ਆਫ਼ ਇੰਡੀਆ' ਨਾਲ ਇੱਕ ਇੰਟਰਵਿਊ ਵਿਚ ਕਿਹਾ ''ਜਿਵੇਂ ਹੀ ਅੰਤਰਿਮ ਸਰਕਾਰ ਚੋਣਾਂ ਕਰਵਾਉਣ ਦਾ ਫੈਸਲਾ ਕਰੇਗੀ, ਸ਼ੇਖ ਹਸੀਨਾ ਬੰਗਲਾਦੇਸ਼ ਵਾਪਸ ਆ ਜਾਵੇਗੀ। ਫਿਲਹਾਲ ਉਹ ਭਾਰਤ ਵਿਚ ਹੈ। ਅੰਤਰਿਮ ਸਰਕਾਰ ਵੱਲੋਂ ਚੋਣ ਕਰਵਾਉਣ ਦਾ ਫੈਸਲਾ ਕੀਤੇ ਜਾਣ 'ਤੇ ਉਹ ਬੰਗਲਾਦੇਸ਼ ਵਾਪਸ ਚਲੀ ਜਾਵੇਗੀ। ਇੰਨੇ ਥੋੜ੍ਹੇ ਸਮੇਂ ਵਿਚ ਮੇਰੀ ਮਾਂ ਦੀ ਜਾਨ ਬਚਾਉਣ ਲਈ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦੀ ਹਾਂ...।'' ਯਾਦ ਰਹੇ ਕਿ ਜਦੋਂ ਵਿਦਿਆਰਥੀਆਂ ਦੀ ਅਗਵਾਈ ਵਾਲੇ 'ਜਨਰਲ ਜ਼ੈਡ' ਪ੍ਰਦਰਸ਼ਨ ਨੇ ਉਸਦੀ ਅਵਾਮੀ ਲੀਗ ਸਰਕਾਰ ਦੇ ਖ਼ਿਲਾਫ ਜਨ-ਵਿਦਰੋਹ ਦਾ ਫ਼ੌਲਾਦੀ ਫ਼ੈਸਲਾ ਲਿਆ, ਤਾਂ ਉਸ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ 5 ਅਗਸਤ ਨੂੰ ਬੰਗਲਾਦੇਸ਼ ਤੋਂ ਭਾਰਤ ਦੌੜ ਗਈ।

ਖ਼ਬਰਾਂ ਅਨੁਸਾਰ ਬੰਗਲਾਦੇਸ਼ ਵਿਚ ਪਿਛਲੇ ਤਿੰਨ ਹਫ਼ਤਿਆਂ ਵਿਚ 400 ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਅਵਾਮੀ ਲੀਗ ਦੇ ਕਾਰਕੁਨਾਂ ਦੁਆਰਾ, ਪੁਲਿਸ ਗੋਲੀਬਾਰੀ ਅਤੇ ਝੜਪਾਂ ਵਿਚ ਮਾਰੇ ਗਏ ਸਨ। ਹਸੀਨਾ ਦੇ ਬੇਟੇ ਦੇ ਕਹਿਣ ਮੁਤਾਬਿਕ ਬੰਗਲਾਦੇਸ਼ ਵਿਚ ਅਵਾਮੀ ਲੀਗ ਦੇ ਨੇਤਾ ਅਜੇ ਵੀ ਕਥਿਤ ਤੌਰ 'ਤੇ ਹਮਲੇ ਦੇ ਘੇਰੇ ਵਿਚ ਹਨ। ਜੋਏ ਨੇ ਅੱਗੇ ਜਾ ਕੇ ਕਿਹਾ, 'ਮੈਂ ਪਾਰਟੀ ਅਤੇ ਇਸਦੇ ਵਰਕਰਾਂ ਨੂੰ ਬਚਾਉਣ ਲਈ ਜੋ ਵੀ ਕਰਨਾ ਪਏਗਾ, ਉਹ ਕਰਾਂਗਾ। ਜੇਕਰ ਮੈਨੂੰ ਰਾਜਨੀਤੀ ਵਿਚ ਆਉਣ ਦੀ ਜ਼ਰੂਰਤ ਪਈ, ਤਾਂ ਮੈਂ ਇਸ ਤੋਂ ਵੀ ਗੁਰੇਜ਼ ਨਹੀਂ ਕਰਾਂਗਾ। ਮੇਰੀ ਮਾਂ ਨੇ ਮੌਜੂਦਾ ਕਾਰਜਕਾਲ ਤੋਂ ਬਾਅਦ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਹੋਵੇਗਾ, ਮੇਰੀ ਕਦੇ ਵੀ ਕੋਈ ਸਿਆਸੀ ਲਾਲਸਾ ਨਹੀਂ ਸੀ ਅਤੇ ਇਸੇ ਲਈ ਮੈਂ ਅਮਰੀਕਾ ਵਿਚ ਆ ਵਸਿਆ ਸੀ। ਪਰ ਪਿਛਲੇ ਕੁਝ ਦਿਨਾਂ ਵਿਚ ਬੰਗਲਾਦੇਸ਼ ਵਿਚ ਵਾਪਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਉਥੇ ਲੀਡਰਸ਼ਿਪ ਦਾ 'ਖਲਾਅ' ਹੈ। ਮੈਨੂੰ ਪਾਰਟੀ ਦੀ ਖ਼ਾਤਰ ਸਰਗਰਮ ਹੋਣਾ ਪਿਆ ਅਤੇ ਮੈਂ ਹੁਣ ਸਭ ਤੋਂ ਅੱਗੇ, ਮੁਢਲੀ ਕਤਾਰ ਵਿਚ ਹਾਂ...।' ਹਸੀਨਾ ਦੇ ਭੱਜਣ ਤੋਂ ਬਾਅਦ 5 ਅਗਸਤ ਨੂੰ ਭੀੜ ਦੀ ਹਿੰਸਾ ਅਤੇ ਦੰਗਿਆਂ ਵਿਚ 140 ਤੋਂ ਵੱਧ ਲੋਕ ਮਾਰੇ ਗਏ ਸਨ। ਪਰ ਉਸ ਹਿੰਸਾ ਤੋਂ ਬਾਅਦ ਵਾਰਦਾਤਾਂ ਵਿਚ ਕਾਫ਼ੀ ਕਮੀ ਆਈ ਹੈ, ਕਿਉਂਕਿ ਕਾਨੂੰਨ ਲਾਗੂ ਕਰਨ ਦੀ ਅਣਹੋਂਦ ਵਿਚ ਵਿਦਿਆਰਥੀ ਸੜਕਾਂ 'ਤੇ ਹਨ। ਰਾਤ ਨੂੰ ਲੁੱਟ-ਖੋਹ ਦੀਆਂ ਖਬਰਾਂ ਨਸ਼ਰ ਹੋਣ ਬਾਅਦ ਸੁਰੱਖਿਆ ਬਲ ਵੀ ਸਰਗਰਮ ਹੋ ਗਏ ਹਨ।

ਤਾਜ਼ੀਆਂ ਖ਼ਬਰਾਂ ਮੁਤਾਬਿਕ ਹਿੰਦੂ ਭਾਈਚਾਰੇ ਦੇ ਮੈਂਬਰਾਂ 'ਤੇ ਵੀ ਘਾਤਕ ਹਮਲੇ ਹੋਏ ਹਨ। ਖ਼ਾਸ ਕਰਕੇ ਢਾਕਾ ਤੋਂ ਬਾਹਰ ਹਿੰਦੂ ਭਾਈਚਾਰੇ ਲਈ ਕਾਫ਼ੀ ਖ਼ਤਰਾ ਦੱਸਿਆ ਜਾ ਰਿਹਾ ਸੀ। ਜੋਏ ਦੇ ਇਹ ਬਿਆਨ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਕਾਰਜਕਾਰੀ ਚੇਅਰਮੈਨ ਖਾਲਿਦਾ ਜ਼ਿਆ ਦੇ ਪੁੱਤਰ ਤਾਰਿਕ ਰਹਿਮਾਨ ਦੇ ਬੰਗਲਾਦੇਸ਼ ਤੋਂ ਜਲਾਵਤਨੀ ਤੋਂ ਬਾਅਦ ਢਾਕਾ ਪਰਤਣ ਤੋਂ ਬਾਅਦ ਆਏ ਹਨ। ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਨਵੀਂ ਅੰਤਰਿਮ ਸਰਕਾਰ ਵੱਲੋਂ ਬੰਗਲਾਦੇਸ਼ ਦਾ ਕਾਰਜ ਸੰਭਾਲਣ ਤੋਂ ਤੁਰੰਤ ਬਾਅਦ ਜੋਏ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਅਵਾਮੀ ਲੀਗ ਚੋਣਾਂ ਵਿਚ ਹਿੱਸਾ ਲਵੇਗੀ ਅਤੇ ਅਸੀਂ ਜਿੱਤ ਵੀ ਸਕਦੇ ਹਾਂ। ਬੰਗਲਾਦੇਸ਼ ਵਿਚ ਸਾਡੇ ਕੋਲ ਸਭ ਤੋਂ ਵੱਡਾ ਸਮਰਥਕ ਆਧਾਰ ਹੈ।" ਉਸਨੇ ਇਹ ਵੀ ਦਾਅਵਾ ਕੀਤਾ ਕਿ ਉਸਦੀ ਮਾਂ (ਸ਼ੇਖ ਹਸੀਨਾ) ਦੀ ਕਿਸੇ ਵੀ ਦੇਸ਼ ਵਿਚ ਸ਼ਰਨ ਲੈਣ ਦੀ ਕੋਈ ਯੋਜਨਾ ਨਹੀਂ ਹੈ। ਜੋਏ ਨੇ ਜ਼ੋਰ ਦਿੱਤਾ ਕਿ ਮੈਂ ਮੰਨਦਾ ਹਾਂ ਕਿ "ਆਤਮ-ਨਿਰੀਖਣ" ਦੀ ਲੋੜ ਸੀ, ਯਕੀਨਨ ਕਈ 'ਗਲਤੀਆਂ' ਵੀ ਹੋਈਆਂ ਸਨ। ਜਦੋਂ ਤੁਸੀਂ ਕੋਈ ਦੇਸ਼ ਚਲਾਉਂਦੇ ਹੋ, ਤਾਂ ਹਰ ਰੋਜ਼ ਬਹੁਤ ਸਾਰੇ ਫ਼ੈਸਲੇ ਲਏ ਜਾਂਦੇ ਹਨ। ਅਵਾਮੀ ਲੀਗ ਆਤਮ-ਨਿਰੀਖਣ ਵਿਚ ਵਿਸ਼ਵਾਸ ਕਰਦੀ ਹੈ, ਅਤੇ ਅਸੀਂ ਇਸ ਆਤਮ-ਨਿਰੀਖਣ ਲਈ ਤਿਆਰ ਸੀ। ਪਰ ਸਾਨੂੰ ਇਸ ਵਾਰ ਅਜਿਹਾ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਸਾਨੂੰ ਕਦੇ ਵੀ ਅਹਿਸਾਸ ਨਹੀਂ ਹੋਇਆ, ਕਿ ਰਾਜ ਦੀ ਸਥਿਤੀ ਇੰਨੀ ਤੇਜ਼ੀ ਨਾਲ ਵਿਗੜ ਜਾਵੇਗੀ। ਉਸ ਨੇ ਇਹ ਵੀ ਕਿਹਾ ਕਿ ਬੀ.ਐੱਨ.ਪੀ. ਅਤੇ ਜਮਾਤ-ਏ-ਇਸਲਾਮੀ ਦਾ ਗੱਠਜੋੜ ਘੱਟ ਗਿਣਤੀਆਂ ਨੂੰ ਨਹੀਂ ਬਚਾ ਸਕੇਗਾ। ਉਸ ਮੁਤਾਬਿਕ, ਜੇ ਅਵਾਮੀ ਲੀਗ ਸੱਤਾ ਵਿਚ ਨਹੀਂ ਹੈ, ਤਾਂ ਭਾਰਤ ਦੀ ਪੂਰਬੀ ਸਰਹੱਦ ਸੁਰੱਖਿਅਤ ਨਹੀਂ ਹੋਵੇਗੀ। ਜੇਕਰ ਬੀ.ਐੱਨ.ਪੀ. ਅਤੇ 'ਜਮਾਤ' ਦਾ ਗੱਠਜੋੜ ਹੁੰਦਾ ਹੈ, ਤਾਂ ਇਹ ਭਾਰਤ ਲਈ ਚੰਗਾ ਨਹੀਂ ਹੋ ਸਕਦਾ, ਕਿਉਂਕਿ ਜਮਾਤ ਅਤਿਵਾਦ ਤੋਂ ਪ੍ਰਹੇਜ਼ ਨਹੀਂ ਕਰੇਗੀ। ਜੋਏ ਨੇ ਬੇਨਤੀ ਭਰੇ ਲਹਿਜ਼ੇ ਵਿਚ ਕਿਹਾ, "ਮੈਂ ਆਸਵੰਦ ਹਾਂ ਕਿ ਭਾਰਤ ਬੰਗਲਾਦੇਸ਼ 'ਤੇ ਜਲਦੀ ਚੋਣਾਂ ਕਰਵਾਉਣ ਲਈ ਦਬਾਅ ਬਣਾਏਗਾ।

ਅਵਾਮੀ ਲੀਗ ਸਰਕਾਰ ਆਪਣੀ 15 ਸਾਲਾਂ ਦੀ ਸੱਤਾ ਦੌਰਾਨ, ਅਤੇ ਹਸੀਨਾ ਖੁਦ ਘਰੇਲੂ ਨੀਤੀਆਂ ਵਿਚ ਵਿਦੇਸ਼ੀ ਦਬਾਅ ਦੀ ਮੰਗ ਕਰਨ ਵਾਲੇ ਕਿਸੇ ਵੀ ਰਾਜਨੀਤਿਕ ਵਿਰੋਧੀ, ਜਾਂ ਸਿਵਲ ਸੁਸਾਇਟੀ ਦੇ ਮੈਂਬਰ ਦੀ ਤਿੱਖੀ ਆਲੋਚਨਾ ਕਰਦੀ ਸੀ।" ਜੋਏ ਦੀਆਂ ਟਿੱਪਣੀਆਂ ਉਦੋਂ ਆਈਆਂ ਹਨ, ਜਦੋਂ ਉਸਨੇ ਹਫ਼ਤੇ ਦੇ ਸ਼ੁਰੂ ਵਿਚ ਕਿਹਾ ਸੀ ਕਿ ਉਸਦੇ ਪਰਿਵਾਰ ਦਾ ਸਿਆਸੀ ਜੀਵਨ ਖ਼ਤਮ ਹੋ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਦਾ ਇੱਕ ਚੰਗਾ ਪੱਖ ਵੀ ਵਿਚਾਰਯੋਗ ਹੈ ਕਿ ਹਸੀਨਾ ਨੇ ਜੂਨ 1996 ਤੋਂ ਜੁਲਾਈ 2001 ਤੱਕ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਵਜੋਂ ਆਪਣਾ ਪਹਿਲਾ ਕਾਰਜਕਾਲ ਪੂਰਾ ਕੀਤਾ। ਉਸ ਨੇ ਗੰਗਾ 'ਤੇ ਸ਼ਾਸਨ ਕਰਨ ਵਾਲੇ ਭਾਰਤ ਨਾਲ ਤੀਹ ਸਾਲ ਦੀ 'ਪਾਣੀ-ਵੰਡ' ਸੰਧੀ 'ਤੇ ਦਸਤਖ਼ਤ ਕੀਤੇ। ਉਸ ਦੇ ਪ੍ਰਸ਼ਾਸਨ ਨੇ 'ਮੁਆਵਜ਼ਾ ਐਕਟ' ਨੂੰ ਰੱਦ ਕਰ ਦਿੱਤਾ, ਜਿਸ ਨੇ ਸ਼ੇਖ ਮੁਜੀਬ ਦੇ ਕਾਤਲਾਂ ਨੂੰ ਮੁਕੱਦਮਾ ਚਲਾਉਣ ਤੋਂ 'ਛੋਟ' ਦਿੱਤੀ ਸੀ।

ਸ਼ੇਖ ਹਸੀਨਾ ਦੇ ਪਰਿਵਾਰ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਉਸ ਦਾ ਪ੍ਰਧਾਨ ਮੰਤਰੀ ਦਾ ਅਹੁਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਤੇਜ਼ੀ ਨਾਲ ਖਰਾਬ ਹੋਇਆ, ਜੋ ਹੌਲੀ-ਹੌਲੀ 'ਤਾਨਾਸ਼ਾਹੀ' ਵੱਲ ਖਿਸਕ ਰਿਹਾ ਸੀ। ਗ਼ੈਰ-ਕਾਨੂੰਨੀ ਕਤਲਾਂ, ਪੱਤਰਕਾਰਾਂ ਅਤੇ ਵਿਰੋਧੀ ਧਿਰ ਦੀਆਂ ਸ਼ਖ਼ਸੀਅਤਾਂ ਨੂੰ ਕੈਦ, ਕੁਝ ਕੁ ਨੂੰ ਲਾਪਤਾ ਕਰਨ ਅਤੇ ਉਸ ਦੀ ਸਰਕਾਰ ਅਤੇ ਸਹਿਯੋਗੀਆਂ ਦੁਆਰਾ ਭ੍ਰਿਸ਼ਟਾਚਾਰ ਅਤੇ ਸਰਕਾਰੀ ਦੌਲਤ ਦੀ ਦੁਰਵਰਤੋਂ ਦੀਆਂ ਰਿਪੋਰਟਾਂ ਦੀ ਵੀ ਭਰਮਾਰ ਰਹੀ। ਹੁਣ ਵਿਦਿਆਰਥੀਆਂ ਨੇ ਸਰਕਾਰੀ ਨੌਕਰੀਆਂ ਤੱਕ 'ਨਿਰਪੱਖ ਪਹੁੰਚ' ਲਈ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ, ਜਿਸ ਵਿਚ ਤਕਰੀਬਨ 300 ਲੋਕਾਂ ਦੀ ਹੱਤਿਆ ਵੀ ਸ਼ਾਮਲ ਸੀ। ਨਤੀਜੇ ਵਜੋਂ ਨਿਆਂ ਲਈ 'ਵਿਆਪਕ ਅੰਦੋਲਨ' ਸ਼ੁਰੂ ਹੋ ਗਿਆ। ਜਿਸ ਨੇ ਹਸੀਨਾ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ।

ਚਾਹੇ 76 ਸਾਲਾ ਸ਼ੇਖ ਹਸੀਨਾ ਦੇ ਬੇਟੇ ਨੇ 'ਵਾਪਸ ਆਉਣ' ਜਿਹੇ ਦਾਅਵੇ ਕੀਤੇ ਹਨ। ਪਰ ਹੁਣ ਵੱਡਾ ਸੁਆਲ ਤਾਂ ਇਹ ਉਠਦਾ ਹੈ ਕਿ ਕੀ ਇਤਨਾ ਕੁਝ ਵਾਪਰਨ ਦੇ ਬਾਵਜੂਦ ਬੰਗਲਾਦੇਸ਼ ਦੇ ਲੋਕ ਉਸ ਨੂੰ ਮੁੜ ਅਪਨਾਉਣਗੇ...? ਜਾਂ ਕੀ ਉਹ ਮੁੜ ਅੱਗ ਨਾਲ ਖੇਡਣ ਲਈ ਵਾਪਸ ਪਰਤੇਗੀ..? ਜੰਗ ਅਤੇ ਮੁਹੱਬਤ ਵਿਚ ਸਭ ਕੁਝ 'ਜਾਇਜ਼' ਮੰਨਿਆ ਜਾਂਦਾ ਹੈ। ਪਰ ਜੇ ਸ਼ੇਖ ਹਸੀਨਾ ਵਾਪਸ ਪਰਤਦੀ ਹੈ, ਤਾਂ ਅੱਗੇ ਤੋਂ ਲੋਕ ਜੰਗ, ਮੁਹੱਬਤ ਅਤੇ ਸਿਆਸਤ ਵਿਚ ਵੀ ਸਭ ਕੁਝ 'ਜਾਇਜ਼' ਹੀ ਮੰਨਿਆ ਕਰਨਗੇ। ਪਰ ਮੇਰੀ ਨਜ਼ਰ ਵਿਚ ਸ਼ੇਖ ਹਸੀਨਾ ਲਈ ਅੰਗੂਰ 'ਖੱਟੇ' ਹੋਣ ਦੇ ਆਸਾਰ ਹੀ ਨਜ਼ਰ ਆ ਰਹੇ ਹਨ। ਫ਼ਿਲਹਾਲ 84 ਸਾਲਾ ਨੋਬੇਲ ਪੁਰਸਕਾਰ ਜੇਤੂ ਬੈਂਕਰ ਮੁਹੰਮਦ ਯੂਨਸ ਨੇ ਅੰਤਰਿਮ ਨੇਤਾ ਦਾ ਅਹੁਦਾ ਸੰਭਾਲ ਲਿਆ ਹੈ, ਆਸ ਕਰਦੇ ਹਾਂ ਕਿ ਉਹ ਦੇਸ਼ ਦੀ ਜਨਤਾ ਦੇ ਹਿੱਤਾਂ ਲਈ ਕੁਝ ਚੰਗਾ ਕਰਨਗੇ।

# ਭਾਰਤ ਦਾ ਦਰਵੇਸ਼ ਸਿਆਸਤਦਾਨ ਬੁੱਧਦੇਬ ਭੱਟਾਚਾਰਜੀ

ਭਾਰਤੀ ਰਾਜਨੀਤੀ ਦੇ ਦਰਵੇਸ਼ ਸਿਆਸਤਦਾਨ ਅਤੇ ਬੰਗਾਲੀ ਭੱਦਰ ਲੋਕ ਦੇ ਆਮ ਆਦਮੀ ਬੁੱਧਦੇਬ ਭੱਟਾਚਾਰਜੀ ਹੁਣ ਸਾਡੇ ਵਿਚਕਾਰ ਨਹੀਂ ਰਹੇ। ਉਹ ਖੱਬੇ ਪੱਖੀ ਰਾਜਨੀਤੀ ਦਾ ਐਸਾ ਚਿਹਰਾ ਸੀ ਜਿਸ 'ਤੇ ਲੋਕਾਂ ਨੂੰ ਫ਼ਖ਼ਰ ਹੋਣਾ ਚਾਹੀਦਾ ਹੈ। ਉਹ ਅਜਿਹੇ ਕੱਦਾਵਰ ਸਿਆਸਤਦਾਨ ਸਨ ਜੋ ਪੰਜ ਦਹਾਕੇ ਸਰਗਰਮ ਰਾਜਨੀਤੀ ਵਿਚ ਰਹਿਣ ਦੇ ਬਾਵਜੂਦ ਆਪਣੇ ਦੋ ਕਮਰਿਆਂ ਦੇ ਫਲੈਟ ਵਿਚ ਬਿਨਾਂ ਕਿਸੇ ਦਿਖਾਵੇ ਦੇ ਰਹਿੰਦੇ ਰਹੇ, ਮੁੱਖ ਮੰਤਰੀ ਹੋਣ ਦੇ ਬਾਵਜੂਦ।

**ਡਾ. ਕ੍ਰਿਸ਼ਨ ਕੁਮਾਰ ਰੱਤੂ**
**ਫੋਨ: 94878-30156**

80 ਵਰ੍ਹਿਆਂ ਦੇ ਬੁੱਧਦੇਬ ਭੱਟਾਚਾਰਜੀ ਪਿਛਲੇ ਕਈ ਦਿਨਾਂ ਤੋਂ ਬਿਮਾਰ ਸਨ। ਬੰਗਾਲ ਦੇ ਮੁੱਖ ਮੰਤਰੀ ਦੀ ਕੁਰਸੀ ਉਨ੍ਹਾਂ ਨੂੰ ਵਿਰਾਸਤ ਵਿਚ ਕਾਮਰੇਡ ਜਯੋਤੀ ਬਾਸੂ ਤੋਂ ਬਾਅਦ ਮਿਲੀ ਸੀ। ਉਨ੍ਹਾਂ ਦਾ ਸਬੰਧ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀਪੀਆਈ-ਐੱਮ) ਨਾਲ ਸੀ ਜਿਸ ਨੇ ਬੰਗਾਲ ਦੀ ਰਾਜਨੀਤੀ ਨੂੰ ਬਹੁਤ ਪ੍ਰਭਾਵਿਤ ਕੀਤਾ। ਉਨ੍ਹਾਂ ਦੀ ਕਹਾਣੀ ਬੇਹੱਦ ਦਿਲਚਸਪ ਹੈ। ਬੰਗਾਲੀ ਜਨ ਮਾਨਸ ਵਿਚ ਭੱਦਰ ਪੁਰਸ਼ ਵਜੋਂ ਜਾਣੇ ਜਾਂਦੇ ਬੁੱਧਦੇਬ ਭੱਟਾਚਾਰਜੀ ਨੇ ਕਲਕੱਤਾ ਵਿਚ ਪੜ੍ਹਾਈ ਕੀਤੀ। ਸ਼ੁਰੂ ਵਿਚ ਉਹ ਸਰਕਾਰੀ ਅਧਿਆਪਕ ਵੀ ਬਣੇ।

ਉਹ ਪਹਿਲੀ ਮਾਰਚ 1944 ਨੂੰ ਕਲਕੱਤਾ ਵਿਚ ਪੈਦਾ ਹੋਏ। ਪ੍ਰੈਜ਼ੀਡੈਂਸੀ ਕਾਲਜ ਤੋਂ ਉਨ੍ਹਾਂ ਬੰਗਾਲੀ ਸਾਹਿਤ ਵਿਚ ਗ੍ਰੈਜੂਏਸ਼ਨ ਕੀਤੀ। ਪਰਿਵਾਰ ਦੇ ਸਾਹਿਤਕ ਪਿਛੋਕੜ ਕਾਰਨ ਉਹ ਸਿਆਸਤ ਦੇ ਨਾਲ-ਨਾਲ ਸਾਹਿਤ, ਫਿਲਮਾਂ, ਨਾਟਕ ਅਤੇ ਅਨੁਵਾਦ ਦੇ ਖੇਤਰ ਵਿਚ ਵੀ ਸਰਗਰਮ ਰਹੇ। ਉਹ ਕਲਕੱਤੇ ਤੋਂ 'ਪੁਜਾਰੀ ਦਰਪਣ' ਨਾਮਕ ਪਰਚਾ ਕੱਢਦੇ ਰਹੇ। ਉਨ੍ਹਾਂ ਆਪਣੇ ਕਰੀਅਰ ਦੀ ਸ਼ੁਰੂਆਤ ਵਿਦਿਆਰਥੀ ਰਾਜਨੀਤੀ ਤੋਂ ਕੀਤੀ। 1968 ਵਿਚ ਉਹ ਸੀਪੀਆਈ-ਐੱਮ ਦੇ ਵਿਦਿਆਰਥੀ ਸੰਗਠਨ ਡੈਮੋਕਰੇਟਿਕ ਯੂਥ ਫੈਡਰੇਸ਼ਨ ਦੇ ਸੈਕਟਰੀ ਬਣ ਗਏ। 1977 ਵਿਚ ਉਨ੍ਹਾਂ ਨੇ ਕਲਕੱਤਾ ਦੀ ਕਾਸ਼ੀਪੁਰ ਬੇਲਛੀਆ ਵਿਧਾਨ ਸਭਾ ਸੀਟ ਤੋਂ ਪਹਿਲੀ ਵਾਰ ਜਿੱਤ ਹਾਸਿਲ ਕੀਤੀ, ਫਿਰ 1987 ਵਿਚ ਯਾਦਵਪੁਰ ਤੋਂ ਐੱਮਐੱਲਏ ਅਤੇ 2011 ਤੱਕ ਰਹੇ। ਕਾਮਰੇਡ ਜੋਤੀ ਬਾਸੂ ਦੀ ਸਰਕਾਰ ਵੇਲੇ 1987 ਵਿਚ ਉਨ੍ਹਾਂ ਨੂੰ ਸੂਚਨਾ ਤੇ ਸੱਭਿਆਚਾਰ ਮਹਿਕਮੇ ਦੇ ਮੰਤਰੀ ਦਾ ਜ਼ਿੰਮਾ ਮਿਲਿਆ। ਕਾਮਰੇਡ ਜਯੋਤੀ ਬਾਸੂ ਤੋਂ ਬਾਅਦ ਉਹ 6 ਨਵੰਬਰ 2000 ਤੋਂ 13 ਮਈ 2011 ਤੱਕ ਮੁੱਖ ਮੰਤਰੀ ਰਹੇ। 2015 ਵਿਚ ਉਨ੍ਹਾਂ ਰਾਜਨੀਤੀ ਛੱਡ ਦਿੱਤੀ ਸੀ ਪਰ ਉਹ ਹਮੇਸ਼ਾ ਚਰਚਾ ਵਿਚ ਰਹੇ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉਨ੍ਹਾਂ ਨੂੰ ਦੇਸ਼ ਦਾ ਸਭ ਤੋਂ ਵਧੀਆ ਮੁੱਖ ਮੰਤਰੀ ਕਿਹਾ ਸੀ। ਅੱਜ ਸਵੇਰੇ ਜਦੋਂ ਉਨ੍ਹਾਂ ਇਸ ਦੁਨੀਆ ਨੂੰ ਅਲਵਿਦਾ ਆਖੀ ਤਾਂ ਉਹ ਆਪਣੇ ਪਾਮ ਐਵਨਿਊ ਵਾਲੇ ਦੋ ਕਮਰਿਆਂ ਵਾਲੇ ਫਲੈਟ ਵਿਚ ਸਨ।

ਮੈਨੂੰ ਉਨ੍ਹਾਂ ਨੂੰ ਦੋ ਵਾਰ ਮਿਲਣ ਦਾ ਮੌਕਾ ਮਿਲਿਆ ਜਦੋਂ ਉਹ ਮੁੱਖ ਮੰਤਰੀ ਸਨ। ਮੇਰੇ ਮਨ ਵਿਚ ਉਨ੍ਹਾਂ ਦੀ ਬਤੌਰ ਲੇਖਕ ਅਤੇ ਫਿਲਮ ਸਮੀਖਿਅਕ ਦੇ ਨਾਲ-ਨਾਲ ਅਨੁਵਾਦਕ ਦਾ ਅਕਸ ਬਣਿਆ ਹੋਇਆ ਸੀ। ਉਹ ਅਸਲ ਵਿਚ ਦਿਖਾਵੇ ਤੋਂ ਦੂਰ ਸਾਧਾਰਨ ਮਨੁੱਖ ਸਨ ਜਿਨ੍ਹਾਂ ਨੇ ਰਾਜਨੀਤੀ ਵਿਚ ਹੁੰਦਿਆਂ ਵੀ ਸਾਹਿਤ, ਕਲਾ, ਸੱਭਿਆਚਾਰ ਅਤੇ ਫਿਲਮਾਂ ਲਈ ਆਪਣਾ ਜਨੂੰਨ ਜ਼ਿੰਦਾ ਰੱਖਿਆ। ਉਨ੍ਹਾਂ ਦੇ ਲਿਬਾਸ ਕਾਰਨ ਉਨ੍ਹਾਂ ਨੂੰ ਸਤਿਕਾਰ ਨਾਲ ਦੇਖਿਆ ਜਾਂਦਾ ਸੀ। ਆਪਣੇ ਅੰਤਾਂ ਦੇ ਰੁਝੇਵਿਆਂ ਵਾਲੇ ਸਮੇਂ ਵਿਚੋਂ ਸਮਾਂ ਕੱਢ ਕੇ ਉਹ ਬੰਗਾਲੀ ਫਿਲਮਾਂ ਦੇ ਨਾਲ-ਨਾਲ ਵਿਦੇਸ਼ੀ ਫਿਲਮਾਂ ਦੇ ਸਮੀਖਿਆਕਾਰ ਦੇ ਤੌਰ 'ਤੇ ਖ਼ੁਦ ਨੂੰ



ਬੁੱਧਦੇਬ ਭੱਟਾਚਾਰਜੀ

ਅਪਡੇਟ ਰੱਖਦੇ ਸਨ। ਬੰਗਾਲੀ ਸਾਹਿਤ, ਥੀਏਟਰ, ਸਿਨੇਮਾ ਤੇ ਸੰਗੀਤ ਬਾਰੇ ਉਨ੍ਹਾਂ ਦੀ ਗਹਿਰੀ ਸਮਝ ਸੀ। ਉਹ ਤੁਹਾਨੂੰ ਬੰਗਾਲੀ ਅਤੇ ਅੰਗਰੇਜ਼ੀ ਵਿਚ ਰਬਿੰਦਰ ਨਾਥ ਟੈਗੋਰ ਦੀਆਂ ਕਈ ਕਵਿਤਾਵਾਂ ਜ਼ਬਾਨੀ ਸੁਣਾ ਸਕਦੇ ਸਨ। ਉਹ ਆਪਣੀਆਂ ਮੁਲਾਕਾਤਾਂ ਵਿਚ ਸਦਾ ਪਾਬਲੋ ਨਰੂਦਾ ਦੀਆਂ ਕਵਿਤਾਵਾਂ ਦਾ ਜ਼ਿਕਰ ਕਰਦੇ ਸਨ। ਉਹ ਘੰਟਿਆਂ ਬੱਧੀ ਸਤਿਆਜੀਤ ਰੇਅ, ਰਿਤਵਿਕ ਘਟਕ, ਬੁੱਧਦੇਬ ਦਾਸਗੁਪਤਾ, ਗੌਤਮ ਘੋਸ਼ ਵਰਗੇ ਫਿਲਮਸਾਜ਼ਾਂ ਤੇ ਨਾਟਕਕਾਰਾਂ ਦੀਆਂ ਰਚਨਾਵਾਂ ਬਾਰੇ ਗੱਲ ਕਰ ਸਕਦੇ ਸਨ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੇ ਕੋਲੰਬੀਆ ਦੇ ਮਸ਼ਹੂਰ ਲੇਖਕ ਗੈਬਰੀਅਲ ਗਾਰਸ਼ੀਆ ਮਾਰਖੇਜ਼ ਦੀ ਰਚਨਾ 'ਕਲਾਟਿਸ' ਦਾ ਅਨੁਵਾਦ 1953 ਵਿਚ ਕੀਤਾ ਸੀ। ਉਨ੍ਹਾਂ 1993 ਵਿਚ ਉਨ੍ਹਾਂ 'ਦਿ ਬੈਡ ਟਾਈਮਜ਼' ਨਾਟਕ ਲਿਖਿਆ। ਉਨ੍ਹਾਂ ਰੂਸੀ ਕਵੀ ਮਾਇਕੋਵਸਕੀ ਦੀਆਂ ਕਵਿਤਾਵਾਂ ਵੀ ਅਨੁਵਾਦ ਕੀਤੀਆਂ। ਬਾਅਦ ਵਿਚ ਇਨ੍ਹਾਂ ਕਵਿਤਾਵਾਂ ਦਾ ਮੰਚਨ ਵੀ ਹੋਇਆ। ਉਨ੍ਹਾਂ 'ਦਿ ਰਾਈਜ਼ ਐਂਡ ਫਾਲ ਆਫ ਨਾਜ਼ੀ ਜਰਮਨੀ' ਕਿਤਾਬ ਲਿਖੀ।

ਖੱਬੇ ਪੱਖੀ ਅਤੇ ਬੰਗਾਲ ਦੇ ਉੱਘੇ ਕਵੀ ਸੁਕਾਂਤਤੋਂ ਭੱਟਾਚਾਰੀਆ ਦੇ ਉਹ ਭਤੀਜੇ ਸਨ। ਉਨ੍ਹਾਂ ਮੰਤਰੀ ਹੁੰਦਿਆਂ ਵੀ ਕੁਝ ਨਾਟਕ ਲਿਖੇ ਜਿਨ੍ਹਾਂ ਦਾ ਕਲਕੱਤਾ ਦੇ ਬੰਗ ਭਵਨ ਅਤੇ ਨੰਦਨ ਵਿਚ ਮੰਚਨ ਵੀ ਹੋਇਆ। 'ਖਰਾਬ ਸਮਯ' ਨਾਮ ਦਾ ਨਾਟਕ ਉਨ੍ਹਾਂ ਦੀ ਵਿਚਾਰਧਾਰਾ ਨੂੰ ਪ੍ਰਗਟ ਕਰਦਾ ਸੀ। ਫਿਰ ਇੱਕ ਮੌਕਾ ਅਜਿਹਾ ਆਇਆ ਜਦੋਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਦੇਣ ਦਾ ਐਲਾਨ ਕੀਤਾ ਪਰ ਉਨ੍ਹਾਂ ਪਾਰਟੀ ਲਾਈਨ 'ਤੇ ਚਲਦੇ ਹੋਏ ਇਨਕਾਰ ਕਰ ਦਿੱਤਾ।

ਬੰਗਾਲ ਦੇ ਬੌਧਿਕ ਜਗਤ ਵਿਚ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਉਨ੍ਹਾਂ ਰਾਜਨੀਤੀ ਦੇ ਨਾਲ-ਨਾਲ ਚਿੰਤਕ ਵਾਲਾ ਰੋਲ ਵੀ ਨਿਭਾਇਆ। ਉਨ੍ਹਾਂ ਦੀ ਮੌਤ ਨਾਲ ਇਹ ਸਭ ਕੁਝ ਅਚਾਨਕ ਰੁਕ ਗਿਆ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਬਿਨਾਂ ਸਰਮਾਏ ਦੇ ਕੁਝ ਨਹੀਂ ਹੋ ਸਕਦਾ ਅਤੇ ਆਉਣ ਵਾਲੇ ਦਿਨਾਂ ਵਿਚ ਇਸ ਨੂੰ ਅਪਣਾਉਣਾ ਹੀ ਪਏਗਾ। ਇਸ ਲਈ ਉਨ੍ਹਾਂ ਨੇ ਨੰਦੀਗ੍ਰਾਮ ਅਤੇ ਸਿੰਗੂਰ ਦੀ ਜ਼ਮੀਨ 'ਤੇ ਸਨਅਤ ਵਾਸਤੇ ਆਗਿਆ ਦਿੱਤੀ ਸੀ। ਇਹ ਵੀ ਸੰਯੋਗ ਹੀ ਹੈ ਕਿ ਨਿਰਮਾਤਾ ਨਿਰਦੇਸ਼ਕ ਅਰਪਨਾ ਸੇਨ ਨੇ ਇਨ੍ਹੀਂ ਥਾਈਂ ਹੋਈ ਕਾਰਵਾਈ ਬਾਰੇ ਕਿਹਾ ਸੀ ਕਿ ਉਸ ਨੂੰ ਯਕੀਨ ਨਹੀਂ ਆ ਰਿਹਾ ਕਿ ਪੁਲੀਸ ਗਰੀਬ ਖੇਤ ਮਜ਼ਦੂਰਾਂ 'ਤੇ ਗੋਲੀਆਂ ਚਲਾ ਸਕਦੀ ਹੈ!

ਬੁੱਧਦੇਬ ਭੱਟਾਚਾਰਜੀ ਸਰਕਾਰੀ ਖਰਚੇ ਤੋਂ ਹਮੇਸ਼ਾ ਕਤਰਾਉਂਦੇ ਰਹੇ। ਇਹ ਵੀ ਦਿਲਚਸਪ ਹੈ ਕਿ ਉਹ ਆਪਣੀ ਤਨਖਾਹ ਦਾ ਵੱਡਾ ਹਿੱਸਾ ਪਾਰਟੀ ਫੰਡ ਵਿਚ ਜਮ੍ਹਾਂ ਕਰਵਾ ਦਿੰਦੇ ਸਨ। ਉਂਝ, ਉਹ ਬੜੀ ਲੰਮੀ ਫਿਲਟਰ ਵਾਲੀ ਮਹਿੰਗੀ ਸਿਗਰਟ ਪੀਂਦੇ ਸਨ; ਬਾਅਦ ਵਿਚ ਉਨ੍ਹਾਂ ਦੀ ਇਸ ਆਦਤ ਕਾਰਨ ਕਈ ਬਿਮਾਰੀਆਂ ਨੇ ਉਨ੍ਹਾਂ ਨੂੰ ਜਕੜ ਲਿਆ।

ਉਹ ਚੀਨੀ ਸਮਾਜ ਦੇ ਨਾਲ-ਨਾਲ ਚੀਨ ਦੇ ਰਾਜਨੀਤੀਵਾਨਾਂ ਤੋਂ ਪ੍ਰਭਾਵਿਤ ਰਹੇ। ਉਹ ਚੀਨ ਦੇ ਕਈ ਰਾਜਨੀਤਕ ਪੈਂਤੜਿਆਂ ਦੇ ਆਲੋਚਕ ਵੀ ਰਹੇ। ਆਪਣੀ ਮਾਰਕਸਵਾਦੀ ਪਾਰਟੀ ਅਤੇ ਕਮਿਊਨਿਜ਼ਮ ਬਾਰੇ ਉਨ੍ਹਾਂ ਦਾ ਮਹੱਤਵਪੂਰਨ ਕਥਨ ਇਹ ਸੀ ਕਿ ਮਾਰਕਸਵਾਦ ਵਿਚਾਰਾਂ ਦੀ ਸੰਰਚਨਾ ਹੈ ਜਿਸ ਦਾ ਰਚਨਾਤਮਕ ਇਸਤੇਮਾਲ ਕਿਸੇ ਨੂੰ ਵੀ ਆਪਣੇ ਹਾਲਾਤ ਮੁਤਾਬਕ ਕਰਨਾ ਚਾਹੀਦਾ ਹੈ।

ਬੁੱਧਦੇਬ ਭੱਟਾਚਾਰਜੀ ਨੇ ਮੀਰਾ ਭੱਟਾਚਾਰਜੀ ਨਾਲ ਸ਼ਾਦੀ ਕੀਤੀ। ਸੰਚੇਤਨ ਭੱਟਾਚਾਰੀਆ ਉਨ੍ਹਾਂ ਦੀ ਔਲਾਦ ਹੈ। ਬੁੱਧਦੇਬ ਭੱਟਾਚਾਰਜੀ ਦੇ ਜਾਣ ਨਾਲ ਭਾਰਤੀ ਰਾਜਨੀਤੀ ਦਰਵੇਸ਼ ਸਿਆਸਤਦਾਨ ਤੋਂ ਵਾਂਝੀ ਹੋ ਗਈ ਹੈ। ਉਹ ਸਹੀ ਮਾਇਨਿਆਂ ਵਿਚ ਸਟੇਟਸਮੈਨ ਸਨ। ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਸਮਝਦੇ ਸਨ ਅਤੇ ਆਮ ਲੋਕਾਂ ਨਾਲ ਲਗਾਤਾਰ ਸੰਵਾਦ ਰੱਖਦੇ ਸਨ। ਉਹ ਖੱਬੇ ਪੱਖੀ ਸਿਆਸਤ ਦਾ ਅਜਿਹਾ ਸਿਤਾਰਾ ਸਨ ਜਿਨ੍ਹਾਂ ਨੂੰ ਯਾਦ ਰੱਖਿਆ ਜਾਏਗਾ। ਇਸ ਦਰਵੇਸ਼ ਸਿਆਸਤਦਾਨ ਨੂੰ ਲਾਲ ਸਲਾਮ!

# ਪਾਕਿਸਤਾਨ: ਨਿਆਂਪੂਰਨ ਫ਼ੈਸਲਾ, ਅਨਿਆਂਪੂਰਨ ਫ਼ਤਵਾ

***ਸਮੁੱਚੇ ਘਟਨਾਕ੍ਰਮ ਦਾ ਅਫ਼ਸੋਸਨਾਕ ਪੱਖ ਇਹ ਹੈ ਕਿ ਕੱਟੜਪੰਥੀਆਂ ਤੋਂ ਇਲਾਵਾ ਬਹੁਤੇ ਟੀ.ਵੀ. ਨਿਊਜ਼ ਤੇ ਵੈੱਬ ਚੈਨਲਾਂ ਵੱਲੋਂ ਉਪਰੋਕਤ ਫ਼ੈਸਲੇ ਨੂੰ ਗ਼ਲਤ ਰੰਗਤ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਦਰਸਾਇਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਨੇ ਕਾਦਿਆਨੀਆਂ ਨੂੰ ਕੁਰਆਨ-ਸ਼ਰੀਫ਼ ਨਾਲ ਛੇੜਛਾੜ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹੇ ਜ਼ਹਿਰੀਲੇ ਪ੍ਰਚਾਰ ਦੇ ਕੀ ਨਤੀਜੇ ਨਿਕਲਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।***



**ਸੁਰਿੰਦਰ ਸਿੰਘ ਤੇਜ**
ਫੋਨ: +91-98555-1488

ਪਾਕਿਸਤਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਕਾਜ਼ੀ ਫ਼ੈਜ਼ ਈਸਾ ਦੇ ਖਿਲਾਫ਼ 'ਗ਼ੈਰ-ਮੁਸਲਿਮ' ਹੋਣ ਦਾ ਫ਼ਤਵਾ ਜਾਰੀ ਕੀਤਾ ਗਿਆ ਹੈ। ਫ਼ਤਵਾ ਜਾਰੀ ਕਰਨ ਵਾਲਿਆਂ ਨੇ ਉਨ੍ਹਾਂ ਉਪਰ ਇਸਲਾਮ ਤੇ ਕੁਰਆਨ ਦੀ ਤੌਹੀਨ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਦੇ ਇਲਜ਼ਾਮ ਲਾਏ ਹਨ। ਇਹ ਧਮਕੀ ਵੀ ਦਿੱਤੀ ਗਈ ਹੈ ਕਿ ਉਨ੍ਹਾਂ ਦਾ ਹਸ਼ਰ ਵੀ ਸੂਬਾ ਪੰਜਾਬ ਦੇ ਸਾਬਕਾ ਗਵਰਨਰ ਸਲਮਾਨ ਤਾਸੀਰ ਵਾਲਾ ਹੋਵੇਗਾ। ਜ਼ਿਕਰਯੋਗ ਹੈ ਕਿ ਸਲਮਾਨ ਤਾਸੀਰ ਦੀ ਹੱਤਿਆ ਉਨ੍ਹਾਂ ਦੇ ਅੰਗ-ਰੱਖਿਅਕ ਮੁਮਤਾਜ਼ ਕਾਦਰੀ ਨੇ ਇਸ ਕਰ ਕੇ ਕੀਤੀ ਸੀ ਕਿ ਉਹ ਕੁਫ਼ਰ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਆਏ ਸਨ। ਹੁਣ ਜਸਟਿਸ ਈਸਾ ਖ਼ਿਲਾਫ਼ ਮੁਹਿੰਮ ਇਸ ਕਰ ਕੇ ਖੜ੍ਹੀ ਕੀਤੀ ਗਈ ਹੈ ਕਿ ਉਨ੍ਹਾਂ ਨੇ ਮੁਬਾਰਿਕ ਸਾਨੀ ਕੇਸ ਵਿਚ ਪੰਜਾਬ ਸਰਕਾਰ ਦੀ ਨਜ਼ਰਸਾਨੀ ਪਟੀਸ਼ਨ ਖਾਰਜ ਕਰਦਿਆਂ ਮੁਲਜ਼ਮ ਦੀ ਜ਼ਮਾਨਤ ਬਰਕਰਾਰ ਰੱਖੀ ਅਤੇ ਮਜ਼ਹਬੀ ਵਲਵਲਿਆਂ ਅੱਗੇ ਝੁਕਣ ਦੀ ਥਾਂ ਕਾਨੂੰਨੀ ਧਾਰਾਵਾਂ ਉਪਰ ਪਹਿਰਾ ਦੇਣਾ ਮੁਨਾਸਿਬ ਸਮਝਿਆ।

25 ਜੁਲਾਈ ਨੂੰ ਸੁਣਾਏ ਇਸ ਫ਼ੈਸਲੇ ਤੋਂ ਬਾਅਦ ਜਿੱਥੇ ਪਾਕਿਸਤਾਨੀ ਸੋਸ਼ਲ ਮੀਡੀਆ ਉੱਤੇ ਜਸਟਿਸ ਈਸਾ ਪ੍ਰਤੀ ਗਾਲੀ-ਗਲੋਚ ਦਾ ਹੜ੍ਹ ਆਇਆ ਹੋਇਆ ਹੈ, ਉੱਥੇ ਰਾਜਸੀ ਧਿਰਾਂ ਨੇ ਇਸ ਕੂੜ-ਪ੍ਰਚਾਰ ਪ੍ਰਤੀ ਖ਼ਾਮੋਸ਼ੀ ਧਾਰੀ ਹੋਈ ਹੈ। ਨਜ਼ਰਬੰਦ ਸਾਬਕਾ ਵਜ਼ੀਰੇ-ਆਜ਼ਮ ਇਮਰਾਨ ਖ਼ਾਨ ਦੀ ਪਾਰਟੀ ਪੀ.ਟੀ.ਆਈ. ਨੇ ਤਾਂ ਇਸ ਸਥਿਤੀ ਦਾ ਲਾਭ ਲੈਂਦਿਆਂ ਸੁਪਰੀਮ ਕੋਰਟ ਵਿਚ ਦਰਖ਼ਾਸਤ ਦੇ ਕੇ ਜਸਟਿਸ ਈਸਾ ਨੂੰ 'ਗੁਜ਼ਾਰਿਸ਼' ਕੀਤੀ ਹੈ ਕਿ ਉਹ ਪੀ.ਟੀ.ਆਈ. ਨਾਲ ਜੁੜੇ ਕੇਸਾਂ ਦੀ ਸੁਣਵਾਈ ਤੋਂ ਪ੍ਰਹੇਜ਼ ਕਰਨ ਕਿਉਂਕਿ ਪਾਰਟੀ ਨੂੰ ਉਨ੍ਹਾਂ ਦੀ ਨਿਰਪੱਖਤਾ ਉਤੇ ਯਕੀਨ ਨਹੀਂ।

ਰਾਜਸੀ ਧਿਰਾਂ ਵੱਲੋਂ ਕੱਟੜਪੰਥੀਆਂ ਦਾ ਵਿਰੋਧ ਨਾ ਕੀਤੇ ਜਾਣ ਦੇ ਬਾਵਜੂਦ ਪਾਕਿਸਤਾਨ ਸਰਕਾਰ ਨੇ 'ਫ਼ਰਜ਼ਸ਼ੱਨਾਸੀ' ਦਾ ਮੁਜ਼ਾਹਰਾ ਜ਼ਰੂਰ ਕੀਤਾ ਹੈ। ਇਸ ਵੱਲੋਂ ਹੁੱਝ ਮਾਰੇ ਜਾਣ ਮਗਰੋਂ ਸੂਬਾ ਪੰਜਾਬ ਦੀ ਸਰਕਾਰ ਹਰਕਤ ਵਿਚ ਆਈ ਅਤੇ ਲਾਹੌਰ ਦੇ ਥਾਣਾ ਕਿਲ੍ਹਾ ਗੁੱਜਰ ਸਿੰਘ ਵਿਚ ਤਹਰੀਕ-ਇ-ਲਬਾਇਕ ਪਾਕਿਸਤਾਨ (ਟੀ.ਐੱਲ.ਪੀ.) ਦੇ ਅਮੀਰ, ਸਾਦ ਰਿਜ਼ਵੀ ਤੇ ਨਾਇਬ ਅਮੀਰ ਜ਼ਹੀਰੁਲ ਹਸਨ ਸ਼ਾਹ ਸਮੇਤ ਟੀ.ਐੱਲ.ਪੀ., ਜਮਾਇਤ-ਉਲ-ਇਸਲਾਮ (ਸਾਮੀ), ਮਿਲੀ ਯਕਜਹਿਤੀ ਕੌਂਸਲ ਤੇ ਵਫ਼ਾਕੁਲ ਮਦਰਿਸ-ਉਲ-ਅਰਬੀਆ ਆਦਿ ਕੱਟੜਪੰਥੀ ਧਿਰਾਂ ਦੇ 1500 ਕਾਰਕੁਨਾਂ ਖ਼ਿਲਾਫ਼ ਦਹਿਸ਼ਤਵਾਦ-ਵਿਰੋਧੀ ਕਾਨੂੰਨ ਤੇ ਫ਼ਿਰਕੂ ਨਫ਼ਰਤ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਇਨ੍ਹਾਂ ਧਿਰਾਂ ਨੇ 27 ਜੁਲਾਈ ਨੂੰ ਲਾਹੌਰ ਪ੍ਰੈਸ ਕਲੱਬ ਦੇ ਬਾਹਰ ਰੈਲੀ ਕਰ ਕੇ ਚੀਫ਼ ਜਸਟਿਸ ਵਿਰੁੱਧ ਜ਼ਹਿਰ ਉਗਲਿਆ ਸੀ। ਕੇਸ ਵਾਲੀ ਕਾਰਵਾਈ ਤੋਂ ਬਾਅਦ ਸੋਮਵਾਰ (29 ਜੁਲਾਈ) ਨੂੰ ਦੋ ਟੀ.ਐੱਲ.ਪੀ. ਆਗੂਆਂ ਸਾਕਿਬ ਇਬਰਾਹੀਮ ਤੇ ਤੌਕੀਰ ਨਸੀਰ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਉਸੇ ਦਿਨ ਟੀ.ਐੱਲ.ਪੀ. ਦੇ ਨਾਇਬ ਅਮੀਰ ਜ਼ਹੀਰੁਲ ਹਸਨ ਸ਼ਾਹ ਨੂੰ ਓਕਾੜਾ ਵਿਚੋਂ ਗ੍ਰਿਫ਼ਤਾਰ ਕੀਤੇ ਜਾਣ ਦੀ ਵੀ ਖ਼ਬਰ ਸੀ ਪਰ ਸਰਕਾਰ ਵੀ ਇਸ ਬਾਰੇ ਖ਼ਾਮੋਸ਼ ਹੈ ਅਤੇ ਟੀ.ਐੱਲ.ਪੀ. ਵੀ ਇਹ ਦਾਅਵਾ ਕਰ ਰਹੀ ਹੈ ਕਿ ਸ਼ਾਹ, ਪੁਲਿਸ ਦੇ ਹੱਥ ਨਹੀਂ ਆਇਆ।



ਉਪਰੋਕਤ ਕਦਮਾਂ ਤੋਂ ਇਲਾਵਾ ਸਰਕਾਰ ਦੀ ਤਰਫ਼ੋਂ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਤੇ ਯੋਜਨਾ ਮੰਤਰੀ ਅਹਿਸਨ ਇਕਬਾਲ ਨੇ 29 ਜੁਲਾਈ ਨੂੰ ਹੀ ਇਸਲਾਮਾਬਾਦ ਵਿਚ ਮੀਡੀਆ ਕਾਨਫ਼ਰੰਸ ਕਰ ਕੇ ਦਾਅਵਾ ਕੀਤਾ ਕਿ ਚੀਫ਼ ਜਸਟਿਸ ਖ਼ਿਲਾਫ਼ ਕੂੜ-ਪ੍ਰਚਾਰ ਨੂੰ ਸਰਕਾਰ ਬਰਦਾਸ਼ਤ ਨਹੀਂ ਕਰੇਗੀ ਅਤੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਵੀ ਦਹਿਸ਼ਤ-ਵਿਰੋਧੀ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਜਾਵੇਗਾ। ਉਨ੍ਹਾਂ ਨੇ ਪੀ.ਟੀ.ਆਈ. ਉੱਪਰ ਕੌਮੀ ਰਾਜਨੀਤੀ ਤੋਂ ਇਲਾਵਾ ਨਿਆਂਪਾਲਿਕਾ ਵਿਚ ਵੀ ਅਰਾਜਕਤਾ ਫੈਲਾਉਣ ਦੇ ਦੋਸ਼ ਲਾਏ ਅਤੇ ਕਿਹਾ ਕਿ ਸਰਕਾਰ ਚੀਫ਼ ਜਸਟਿਸ ਈਸਾ ਸਮੇਤ ਸਾਰੇ ਉਚੇਰੇ ਜੱਜਾਂ ਦੀ ਹਿਫ਼ਾਜ਼ਤ ਦੇ ਪ੍ਰਬੰਧ ਹੋਰ ਸਖ਼ਤ ਬਣਾਏਗੀ।

ਚੀਫ਼ ਜਸਟਿਸ ਈਸਾ ਨੇ ਅਜਿਹੇ ਭਰੋਸਿਆਂ ਲਈ ਸਰਕਾਰ ਦਾ ਧੰਨਵਾਦ ਕਰਨ ਤੋਂ ਬਾਅਦ ਹੋਰ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਨੇ ਸਿਰਫ਼ ਏਨਾ ਕਿਹਾ ਹੈ ਕਿ ਉਹ ਆਪਣਾ ਕੰਮ ਤਨਦੇਹੀ ਨਾਲ ਕਰਨ ਵਿਚ ਯਕੀਨ ਰੱਖਦੇ ਹਨ, ਇਸ ਦੇ ਸਿੱਟਿਆਂ ਬਾਰੇ ਨਹੀਂ ਸੋਚਦੇ। ਬਲੋਚ ਹਨ ਉਹ। ਉਸ ਪਰਿਵਾਰ ਵਿਚ ਪੈਦਾ ਹੋਏ ਜੋ ਕੌਮਪ੍ਰਸਤੀ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਪਿਤਾ ਕਾਜ਼ੀ ਮੁਹੰਮਦ ਈਸਾ ਸਿਆਸੀ ਆਗੂ ਸਨ ਜੋ 'ਬਾਬਾ-ਇ-ਕੌਮ' ਮੁਹੰਮਦ ਅਲੀ ਜਿਨਾਹ ਦੇ ਕਰੀਬੀ ਰਹੇ। ਮੁਹੰਮਦ ਈਸਾ ਬਲੋਚਿਸਤਾਨ ਵਿਚ ਪਾਕਿਸਤਾਨ ਮੁਸਲਿਮ ਲੀਗ ਦੇ ਸੰਸਥਾਪਕਾਂ ਵਿਚੋਂ ਇੱਕ ਸਨ। ਜਸਟਿਸ ਈਸਾ 2014 ਤੋਂ ਸੁਪਰੀਮ ਕੋਰਟ ਦੇ ਜੱਜ ਹਨ। ਪਹਿਲਾਂ ਉਹ ਬਲੋਚਿਸਤਾਨ ਹਾਈ ਕੋਰਟ ਦੇ ਚੀਫ਼ ਜਸਟਿਸ ਰਹੇ। ਉਹ 17 ਸਤੰਬਰ 2023 ਨੂੰ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣੇ ਅਤੇ ਉਨ੍ਹਾਂ ਦਾ ਕਾਰਜਕਾਲ ਇਸ ਸਾਲ 25 ਅਕਤੂਬਰ ਨੂੰ ਸਮਾਪਤ ਹੋਣਾ ਹੈ।

ਅਦਾਲਤੀ ਪ੍ਰਬੰਧ ਦੀ ਮਰਿਆਦਾ ਦੀ ਪਾਬੰਦਗੀ ਵਾਲੇ ਸੁਭਾਅ ਕਾਰਨ ਉਹ ਆਪਣੀਆਂ ਲੜਾਈਆਂ ਖ਼ਾਮੋਸ਼ੀ ਨਾਲ ਲੜਨ ਦੇ ਆਦੀ ਹਨ। ਬਲੋਚਿਸਤਾਨ ਹਾਈ ਕੋਰਟ ਵਿਚ ਵੀ ਉਨ੍ਹਾਂ ਨੂੰ ਜ਼ਿੱਚ ਕਰਨ ਦੀਆਂ ਦੋ ਮੁਹਿੰਮਾਂ ਨਾਕਾਮ ਰਹੀਆਂ ਅਤੇ ਫਿਰ ਸੁਪਰੀਮ ਕੋਰਟ ਵਿਚ ਵੀ। 2019 ਵਿਚ ਇਮਰਾਨ ਖ਼ਾਨ ਸਰਕਾਰ ਨੇ ਰਾਸ਼ਟਰਪਤੀ ਆਰਿਫ਼ ਅਲਵੀ ਰਾਹੀਂ ਸੁਪਰੀਮ ਕੋਰਟ ਜੁਡੀਸ਼ਲ ਕੌਂਸਲ (ਐੱਸ.ਜੇ.ਸੀ.) ਕੋਲ ਉਨ੍ਹਾਂ ਖ਼ਿਲਾਫ਼ ਸ਼ਿਕਾਇਤ ਭੇਜੀ ਸੀ ਕਿ ਉਨ੍ਹਾਂ ਦੀ ਪਤਨੀ ਸਰੀਨਾ ਈਸਾ ਨੇ ਵਿਦੇਸ਼ ਵਿਚ ਜੋ ਜਾਇਦਾਦ ਬਣਾਈ ਹੈ, ਉਸ ਦੇ ਅਸਲ ਮਾਲਕ ਜਸਟਿਸ ਈਸਾ ਹਨ। ਇਸ ਸ਼ਿਕਾਇਤ ਦੇ ਆਧਾਰ 'ਤੇ ਉਨ੍ਹਾਂ ਖ਼ਿਲਾਫ਼ ਸੁਣਵਾਈ ਚੱਲੀ ਜਿਸ ਦੌਰਾਨ ਸਰੀਨਾ ਈਸਾ ਨੇ ਸਾਬਤ ਕੀਤਾ ਕਿ ਉਹ ਪੇਸ਼ੇਵਾਰਾਨਾ ਤੌਰ 'ਤੇ ਆਪਣੇ ਸ਼ੌਹਰ ਨਾਲੋਂ ਅੱਡਰੀ ਹਸਤੀ ਹੈ। ਆਪਣਾ ਆਮਦਨ ਟੈਕਸ ਭਰਦੀ ਹੈ। ਉਸ ਨੇ ਜਾਇਦਾਦ ਆਪਣੀ ਕਮਾਈ ਨਾਲ ਬਣਾਈ ਹੈ। ਇਹ ਮਾਮਲਾ ਖਾਰਜ ਹੋਣ ਤੱਕ ਦਾ ਅਮਲ 19 ਮਹੀਨੇ ਚੱਲਿਆ ਜਿਸ ਦੌਰਾਨ ਜਸਟਿਸ ਈਸਾ ਨੂੰ ਜੱਜ ਵਾਲੇ ਕੰਮ ਤੋਂ ਮਹਿਰੂਮ ਰੱਖਿਆ ਗਿਆ ਅਤੇ ਉਸ ਤੋਂ ਬਾਅਦ ਵੀ ਅਹਿਮ ਕੇਸਾਂ ਵਾਲੇ ਬੈਂਚਾਂ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਉਹ ਵੀ ਇਸ ਹਕੀਕਤ ਦੇ ਬਾਵਜੂਦ ਕਿ ਤਤਕਾਲੀ ਚੀਫ਼ ਜਸਟਿਸ ਉਮਰ ਅਤਾ ਬੰਦਿਆਲ ਤੋਂ ਬਾਅਦ ਉਹ ਦੂਜੇ ਸਭ ਤੋਂ ਸੀਨੀਅਰ ਜੱਜ ਸਨ।

ਮੁਬਾਰਿਕ ਸਾਨੀ ਕੇਸ ਤੋਂ ਪਹਿਲਾਂ ਸਲਾਮਤ ਮਸੀਹ ਕੇਸ ਵਿਚ ਵੀ ਜਸਟਿਸ ਈਸਾ ਨੇ 2019 ਵਿਚ ਮੁਲਜ਼ਮ ਸਲਾਮਤ ਮਸੀਹ ਦੇ ਖ਼ਿਲਾਫ਼ ਆਏ ਹੇਠਲੀਆਂ ਅਦਾਲਤਾਂ ਦੇ ਫ਼ੈਸਲੇ ਰੱਦ ਕੀਤੇ ਸਨ ਅਤੇ ਲਿਖਿਆ ਸੀ ਕਿ ਜੇਕਰ ਇੱਕ ਇਸਾਈ (ਸਲਾਮਤ ਮਸੀਹ) ਪਾਸੋਂ ਕੁਰਆਨ ਸ਼ਰੀਫ਼ ਦੇ ਪੰਨੇ ਮਿਲੇ ਹਨ ਤਾਂ ਇਸ ਤੋਂ ਇਸ ਸਿੱਟੇ 'ਤੇ ਨਹੀਂ ਪਹੁੰਚਿਆ ਜਾ ਸਕਦਾ ਕਿ ਉਸ ਨੇ ਕੁਰਆਨ ਮਜੀਦ ਦੀ ਬੇਅਦਬੀ ਕੀਤੀ। ਮੁਬਾਰਿਕ ਸਾਨੀ ਕੇਸ ਵੀ ਲਾਹੌਰ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਅਪੀਲ ਦੇ ਰੂਪ ਵਿਚ ਪਿਛਲੇ ਸਾਲ ਸੁਪਰੀਮ ਕੋਰਟ ਵਿਚ ਆਇਆ। ਸਾਨੀ ਅਹਿਮਦੀ ਭਾਈਚਾਰੇ ਨਾਲ ਸਬੰਧਿਤ ਲੇਖਕ ਤੇ ਪ੍ਰਕਾਸ਼ਕ ਹੈ। ਉਸ ਖ਼ਿਲਾਫ਼ ਚਨਿਓਟ ਜ਼ਿਲ੍ਹੇ ਦੇ ਚਨਾਬ ਨਗਰ ਥਾਣੇ ਵਿਚ ਇਸਲਾਮ-ਵਿਰੋਧੀ ਹੋਣ ਅਤੇ ਕੁਫ਼ਰ ਤੋਲਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ। ਇਸ ਕੇਸ ਵਿਚ ਉਸ ਨੂੰ ਤਿੰਨ ਵਰ੍ਹਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਜੋ ਕਿ ਪਹਿਲਾਂ ਚਨਿਓਟ ਜ਼ਿਲ੍ਹਾ ਅਦਾਲਤ ਤੇ ਫਿਰ ਲਾਹੌਰ ਹਾਈ ਕੋਰਟ ਨੇ ਬਰਕਰਾਰ ਰੱਖੀ। ਸਾਨੀ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ। ਇੱਥੇ ਜ਼ਿਕਰਯੋਗ ਹੈ ਕਿ ਚਨਿਓਟ ਜ਼ਿਲ੍ਹੇ ਵਿਚ ਪਾਕਿਸਤਾਨੀ ਅਹਿਮਦੀ ਭਾਈਚਾਰੇ (ਜਿਸ ਨੂੰ ਪਾਕਿਸਤਾਨ ਵਿਚ ਕਾਦਿਆਨੀ ਕਿਹਾ ਜਾਂਦਾ ਹੈ) ਦਾ ਹੈੱਡਕੁਆਰਟਰ ਹੈ। ਇਸ ਭਾਈਚਾਰੇ ਨੂੰ ਪਾਕਿਸਤਾਨ ਨੇ ਗ਼ੈਰ-ਮੁਸਲਿਮ ਕਰਾਰ ਦਿੱਤਾ ਹੋਇਆ ਹੈ। ਚਨਿਓਟ ਵਿਚ ਇਸ ਭਾਈਚਾਰੇ ਦੀਆਂ ਕਈ ਇਬਾਦਤਗਾਹਾਂ ਤੇ ਵਿਦਿਅਕ ਅਦਾਰੇ ਹਨ। ਅਜਿਹੇ ਇੱਕ ਅਦਾਰੇ ਨੂਰ ਜਹਾਂ ਕਾਲਜ ਵਿਚ ਮੁਬਾਰਿਕ ਸਾਨੀ ਨੇ ਅਹਿਮਦੀ ਸਾਹਿਤ ਵੰਡਿਆ ਸੀ ਜਿਸ ਵਿਚ ਪਾਬੰਦੀਸ਼ੁਦਾ ਕਿਤਾਬ 'ਤਫ਼ਸੀਰ ਸ਼ਗੀਰ' ਸ਼ਾਮਿਲ ਸੀ। ਕੱਟੜਪੰਥੀ ਇਹ ਦਾਅਵਾ ਕਰਦੇ ਹਨ ਕਿ ਇਹ ਕਿਤਾਬ ਕੁਰਆਨ-ਸ਼ਰੀਫ਼ ਦੀ ਬੇਅਦਬੀ ਕਰਦੀ ਹੈ।

ਸਾਨੀ ਦੀ ਅਪੀਲ ਦੀ ਸੁਣਵਾਈ ਚੀਫ਼ ਜਸਟਿਸ ਈਸਾ ਤੇ ਜਸਟਿਸ ਮੁਜ਼ੱਫਰ ਜ਼ਫਰ ਹਿਲਾਲੀ ਦੇ ਬੈਂਚ ਨੇ ਕੀਤੀ। ਬੈਂਚ ਨੇ ਇਸ ਸਾਲ 6 ਫਰਵਰੀ ਨੂੰ ਦਿੱਤੇ ਫ਼ੈਸਲੇ ਤੋਂ ਰਾਹੀਂ ਸਾਨੀ ਨੂੰ ਜ਼ਮਾਨਤ 'ਤੇ ਰਿਹਾਅ ਕੀਤੇ ਜਾਣ ਦਾ ਹੁਕਮ ਦਿੱਤਾ। ਇਸ ਨੇ ਇਹ ਵੀ ਕਿਹਾ ਕਿ ਜਿਸ ਕੁਫ਼ਰ ਵਿਰੋਧੀ ਤਰਮੀਮੀ ਕਾਨੂੰਨ ਦੇ ਤਹਿਤ ਸਾਨੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਉਹ ਤਾਂ 2019 ਵਿਚ ਵਜੂਦ 'ਚ ਹੀ ਨਹੀਂ ਸੀ ਆਇਆ। ਉਂਜ ਵੀ, ਇਹ ਕਾਨੂੰਨ ਮੁਸਲਮਾਨਾਂ ਉੱਪਰ ਲਾਗੂ ਹੁੰਦਾ ਹੈ, ਗ਼ੈਰ-ਮੁਸਲਿਮ ਲੋਕਾਂ ਉੱਤੇ ਨਹੀਂ। ਇਸ ਫ਼ੈਸਲੇ ਦਾ ਮੁਲਾਣਿਆਂ ਵੱਲੋਂ ਵਿਰੋਧ ਹੋਣਾ ਸੁਭਾਵਿਕ ਹੀ ਸੀ। ਕੱਟੜਪੰਥੀਆਂ ਦੇ ਦਬਾਅ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਖ਼ਲ ਕਰ ਦਿੱਤੀ। ਇਸ ਪਟੀਸ਼ਨ ਉੱਤੇ ਸੁਣਵਾਈ ਚੀਫ਼ ਜਸਟਿਸ ਤੋਂ ਇਲਾਵਾ ਜਸਟਿਸ ਇਰਫ਼ਾਨ ਸਾਦਾਦ ਖ਼ਾਨ ਤੇ ਜਸਟਿਸ ਨਈਮ ਅਖ਼ਤਰ ਅਫ਼ਗਾਨ ਦੇ ਬੈਂਚ ਨੇ ਕੀਤੀ। ਬੈਂਚ ਨੇ ਇਹ ਸੁਣਵਾਈ 29 ਮਈ ਨੂੰ ਮੁਕੰਮਲ ਕੀਤੀ ਅਤੇ ਫ਼ੈਸਲਾ ਰਾਖਵਾਂ ਰੱਖ ਲਿਆ। ਫ਼ੈਸਲਾ 25 ਜੁਲਾਈ ਨੂੰ ਸੁਣਾਇਆ ਗਿਆ। ਚੀਫ ਜਸਟਿਸ ਵੱਲੋਂ ਲਿਖਿਆ ਫ਼ੈਸਲਾ ਜਸਟਿਸ ਨਈਮ ਨੇ ਪੜ੍ਹ ਕੇ ਸੁਣਾਇਆ। ਇਸ ਦੇ ਤਿੰਨ ਮੁੱਖ ਨੁਕਤੇ ਹਨ: 1. ਮੁਸਲਮਾਨਾਂ ਲਈ ਹਜ਼ਰਤ ਮੁਹੰਮਦ ਸਾਹਿਬ ਆਖ਼ਰੀ ਪੈਗੰਬਰ ਹਨ। ਕਾਦਿਆਨੀ ਅਜਿਹਾ ਨਹੀਂ ਮੰਨਦੇ। ਇਸ ਲਈ ਇਸਲਾਮੀ ਸ਼ਰ੍ਹਾ ਉਨ੍ਹਾਂ ਉੱਪਰ ਲਾਗੂ ਨਹੀਂ ਹੁੰਦੀ। 2. ਕਿਉਂਕਿ ਕਾਦਿਆਨੀ ਵੱਖਰਾ ਫ਼ਿਰਕਾ ਹਨ ਅਤੇ ਪਾਕਿਸਤਾਨ ਆਈਨ ਵਿਚ ਹਰ ਮਜ਼ਹਬੀ ਫ਼ਿਰਕੇ ਨੂੰ ਆਪਣੇ ਅਕੀਦਿਆਂ ਦਾ ਪਾਲਣ ਕਰਨ ਦੀ ਖੁੱਲ੍ਹ ਹੈ ਬਸ਼ਰਤੇ ਇਹ ਕਿਸੇ ਹੋਰ ਮਜ਼ਹਬ ਜਾਂ ਕੌਮੀ ਸੰਵਿਧਾਨ ਆਦਿ ਦੀ ਅਵੱਗਿਆ ਨਾ ਕਰਦੇ ਹੋਣ, ਇਸ ਲਈ ਨੂਰ ਜਹਾਂ ਕਾਲਜ ਵਿਚ ਜੋ ਕੁਝ ਵਾਪਰਿਆ, ਉਹ ਕਾਨੂੰਨ ਦੀ ਉਲੰਘਣਾ ਨਹੀਂ ਸੀ। 3. ਜਿਹੜਾ ਕਾਨੂੰਨ, ਕਥਿਤ ਜੁਰਮ ਵਾਪਰਨ ਸਮੇਂ ਹੋਂਦ ਵਿਚ ਹੀ ਨਹੀਂ ਸੀ ਆਇਆ, ਉਸ ਨੂੰ ਦੋਸ਼ੀ ਕਰਾਰ ਦੇਣ ਜਾਂ ਸਜ਼ਾ ਦੇਣ ਲਈ ਕਿਵੇਂ ਵਰਤਿਆ ਜਾ ਸਕਦਾ ਹੈ? ਉਂਜ ਵੀ ਮੁਲਜ਼ਮ 13 ਮਹੀਨੇ ਜੇਲ੍ਹ ਵਿਚ ਬਿਤਾ ਚੁੱਕਾ ਹੈ। ਉਸ ਖ਼ਿਲਾਫ਼ ਜੇਕਰ ਕੋਈ ਨਵਾਂ ਜੁਰਮ ਬਣਦਾ ਵੀ ਹੈ ਤਾਂ ਵੀ ਉਹ ਸਜ਼ਾ ਹੋਣ ਤੱਕ ਜੇਲ੍ਹ ਨਹੀਂ ਭੇਜਿਆ ਜਾ ਸਕਦਾ। ਲਿਹਾਜ਼ਾ, ਨਜ਼ਰਸਾਨੀ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।

ਸਮੁੱਚੇ ਘਟਨਾਕ੍ਰਮ ਦਾ ਅਫ਼ਸੋਸਨਾਕ ਪੱਖ ਇਹ ਹੈ ਕਿ ਕੱਟੜਪੰਥੀਆਂ ਤੋਂ ਇਲਾਵਾ ਬਹੁਤੇ ਟੀ.ਵੀ. ਨਿਊਜ਼ ਤੇ ਵੈੱਬ ਚੈਨਲਾਂ ਵੱਲੋਂ ਉਪਰੋਕਤ ਫ਼ੈਸਲੇ ਨੂੰ ਗ਼ਲਤ ਰੰਗਤ ਦੇ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਦਰਸਾਇਆ ਜਾ ਰਿਹਾ ਹੈ ਕਿ ਸੁਪਰੀਮ ਕੋਰਟ ਨੇ ਕਾਦਿਆਨੀਆਂ ਨੂੰ ਕੁਰਆਨ-ਸ਼ਰੀਫ਼ ਨਾਲ ਛੇੜਛਾੜ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹੇ ਜ਼ਹਿਰੀਲੇ ਪ੍ਰਚਾਰ ਦੇ ਕੀ ਨਤੀਜੇ ਨਿਕਲਦੇ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

---

# ਅੜਿੱਕਿਆਂ ਦੀ ਦਾਸਤਾਨ

**ਗੁਰਦੀਪ ਢੁੱਡੀ**
ਫੋਨ: +91-95010-20731

ਜਿਵੇਂ ਹੀ ਜ਼ਿਲ੍ਹੇ ਦੇ ਮੋਹਰੀ ਸ਼ਹਿਰੀ ਸਕੂਲ ਵਿਚ ਤਾਇਨਾਤੀ ਦਾ ਪਤਾ ਲੱਗਿਆ, ਮੇਰੇ ਅੰਦਰਲਾ ਅਧਿਆਪਕ ਚੌਕਸ ਹੋ ਗਿਆ। ਅਸਲ ਵਿਚ ਇਸ ਤੋਂ ਪਹਿਲਾਂ ਦੋ ਸ਼ਹਿਰੀ ਸਕੂਲਾਂ ਵਿਚ ਤਾਇਨਾਤ ਰਿਹਾ ਸਾਂ ਤੇ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ਼ ਸਾਂ ਕਿ ਇਨ੍ਹਾਂ ਸਕੂਲਾਂ ਵਿੱਚ ਪ੍ਰਾਪਤ ਸਹੂਲਤਾਂ ਇੰਨੀਆਂ ਹੁੰਦੀਆਂ ਹਨ ਕਿ ਤੁਸੀਂ ਜੋ ਚਾਹੋ, ਉਹ ਪ੍ਰਾਪਤ ਕਰ ਸਕਦੇ ਹੋ। ਅਧਿਆਪਕ ਲੋੜ ਨਾਲੋਂ ਕਿਤੇ ਜ਼ਿਆਦਾ ਹੁੰਦੇ ਤੇ ਆਰਥਿਕ ਵਸੀਲਿਆਂ ਦੀ ਵੀ ਕੋਈ ਘਾਟ ਨਹੀਂ ਹੁੰਦੀ।

ਇਉਂ ਸਕੂਲ ਵਿਚ ਹਾਜ਼ਰ ਹੁੰਦਿਆਂ ਹੀ ਸਿੱਖਿਆ ਲਈ ਲਏ ਸੁਫਨਿਆਂ ਦੀ ਪੂਰਤੀ ਲਈ ਅਹੁਲਣਾ ਸ਼ੁਰੂ ਕਰ ਦਿੱਤਾ। ਉਂਝ, ਛੇਤੀ ਹੀ ਅਹਿਸਾਸ ਹੋ ਗਿਆ ਕਿ ਜਿਸ ਤਰ੍ਹਾਂ ਮੈਂ ਸੋਚਦਾ ਹਾਂ, ਇੱਥੇ ਉਸੇ ਤਰ੍ਹਾਂ ਕਰਨਾ ਓਨਾ ਆਸਾਨ ਨਹੀਂ। ਇੱਥੇ ਤਾਇਨਾਤ ਬਹੁਗਿਣਤੀ ਅਧਿਆਪਕ ਸਮਾਜ ਵਿਚ 'ਵਾਹਵਾ ਚੰਗੀ ਹੈਸੀਅਤ' ਰੱਖਣ ਵਾਲੇ ਸਨ ਅਤੇ ਕੰਮ ਕਰਨਾ ਜਾਂ ਨਾ ਕਰਨਾ ਕੇਵਲ ਸਕੂਲ ਮੁਖੀ ਅਨੁਸਾਰ ਹੀ ਨਹੀਂ ਹੋ ਸਕਣਾ, ਫਿਰ ਵੀ ਮੈਂ ਤਾਂ ਧੁਨ 'ਤੇ ਸਵਾਰ ਹੋ ਚੁੱਕਿਆ ਸਾਂ...।

ਜ਼ਿਲ੍ਹੇ ਦਾ ਮੋਹਰੀ ਸ਼ਹਿਰੀ ਸਕੂਲ ਹੋਣ ਕਰ ਕੇ ਜ਼ਿਲ੍ਹੇ ਦੇ ਪ੍ਰਬੰਧਕੀ ਮਸ਼ੀਨਰੀ ਦੇ ਕੰਮਾਂ ਦਾ ਬੋਝ ਵੀ ਅਕਸਰ ਸਕੂਲ 'ਤੇ ਪਿਆ ਰਹਿੰਦਾ ਸੀ। ਆਜ਼ਾਦੀ ਅਤੇ ਗਣਤੰਤਰ ਦਿਵਸ ਜ਼ਿਲ੍ਹਾ ਪੱਧਰ 'ਤੇ ਨਹਿਰੂ ਸਟੇਡੀਅਮ ਵਿਚ ਮਨਾਏ ਜਾਂਦੇ ਹਨ ਜਿੱਥੇ ਆਮ ਤੌਰ 'ਤੇ ਮੰਤਰੀ ਝੰਡਾ ਲਹਿਰਾਉਂਦੇ ਅਤੇ ਜਨਤਾ ਨੂੰ ਸੰਬੋਧਨ ਕਰਦੇ ਹਨ। ਇਸ ਸਮੇਂ ਹੋਰ ਕਾਰਜਾਂ ਦੇ ਇਲਾਵਾ ਵਿਦਿਆਰਥੀਆਂ ਦਾ ਪੀਟੀ ਸ਼ੋਅ ਅਤੇ ਸਭਿਆਚਾਰਕ ਪ੍ਰੋਗਰਾਮ ਕੀਤਾ ਜਾਂਦਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚ ਸਾਡੇ ਸਕੂਲ ਦੀਆਂ ਵਿਦਿਆਰਥਣਾਂ ਭਾਗ ਲੈਂਦੀਆਂ ਹਨ। 15 ਅਗਸਤ ਅਤੇ 26 ਜਨਵਰੀ ਵਾਲੇ ਦਿਨ ਸਾਰੇ ਅਧਿਆਪਕਾਂ ਨੇ ਸਟੇਡੀਅਮ ਵਿਚ ਇਨ੍ਹਾਂ ਤਿਉਹਾਰਾਂ ਦੀ ਰੌਣਕ ਵਿਚ ਵਾਧਾ ਕਰਨਾ ਹੁੰਦਾ ਹੈ। ਪ੍ਰੋਗਰਾਮ ਵਾਲੇ ਦਿਨ ਵਿਦਿਆਰਥੀ ਕੇਵਲ ਪੀਟੀ ਸ਼ੋਅ ਅਤੇ ਸਭਿਆਚਾਰਕ ਪ੍ਰੋਗਰਾਮ ਵਾਲੇ ਹੀ ਇੱਥੇ ਸੱਦੇ ਜਾਂਦੇ ਹਨ। ਵੈਸੇ ਵੀ ਇੱਥੇ ਇਨ੍ਹਾਂ ਦਿਨਾਂ ਦੇ ਇਤਿਹਾਸ ਮਨਾਏ ਜਾਣ ਦੇ ਕਾਰਨਾਂ ਅਤੇ ਹੋਰ ਅਜਿਹੇ ਵਿਸ਼ਿਆਂ ਨੂੰ ਅਛੂਤਾ ਛੱਡਿਆ ਜਾਂਦਾ ਹੈ ਜਿਨ੍ਹਾਂ ਦਾ ਵਿਦਿਆਰਥੀਆਂ ਨੂੰ ਗਿਆਨ ਦੇਣਾ ਚਾਹੀਦਾ ਹੈ। ਦਿਮਾਗ ਵਿਚ ਆਜ਼ਾਦੀ ਦਿਵਸ ਤੋਂ ਪਹਿਲਾਂ ਹੱਦਾਂ-ਸਰਹੱਦਾਂ ਦੀ ਪਰਵਾਹ ਨਾ ਕਰਦਿਆਂ ਕੁਲਦੀਪ ਨਈਅਰ ਵਰਗੇ ਵਿਦਵਾਨਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੁਆਰਾ ਇੱਥੇ ਸ਼ਾਂਤੀ ਦਾ ਸੰਦੇਸ਼ ਦਿੰਦੀਆਂ ਮੋਮਬੱਤੀਆਂ ਦੀ ਰੋਸ਼ਨੀ ਕੀਤੀ ਜਾਂਦੀ ਹੈ।

ਕੁਝ ਅਜਿਹੇ ਕਾਰਨਾਂ ਕਰ ਕੇ ਮਨ ਵਿਚ ਆਇਆ ਕਿ ਇਨ੍ਹਾਂ ਕੌਮੀ ਤਿਉਹਾਰਾਂ ਦੇ ਪਿਛੋਕੜ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਉਣ ਬਾਰੇ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ। ਮੈਂ 26 ਜਨਵਰੀ ਅਤੇ 15 ਅਗਸਤ ਤੋਂ ਪਹਿਲੇ ਕੰਮ ਵਾਲੇ ਦਿਨਾਂ ਵਿਚ ਇਸ ਬਾਰੇ ਪ੍ਰੋਗਰਾਮ ਕਰਨ ਦਾ ਮਨ ਬਣਾ ਲਿਆ। ਇਨ੍ਹਾਂ ਦਿਨਾਂ ਵਿਚ ਵਿਸ਼ੇਸ਼ ਮਹਿਮਾਨਾਂ ਨੂੰ ਬੁਲਾ ਕੇ ਵਿਦਿਆਰਥੀਆਂ ਦੇ ਰੂ-ਬ-ਰੂ ਕਰਨ ਦਾ ਪ੍ਰਬੰਧ ਕੀਤਾ ਗਿਆ। 15 ਅਗਸਤ 'ਤੇ ਪ੍ਰਸਿੱਧ ਨਾਵਲਕਾਰ ਪ੍ਰੋ. ਗੁਰਦਿਆਲ ਸਿੰਘ, ਸੁਤੰਤਰਤਾ ਸੰਗਰਾਮੀ ਅਮਰ ਸਿੰਘ ਸੁਖੀਜਾ ਅਤੇ ਹੋਰ ਵਿਦਵਾਨਾਂ ਨੂੰ ਬੁਲਾਇਆ। ਵਿਦਿਆਰਥੀਆਂ ਦੇ ਪ੍ਰੋਗਰਾਮਾਂ ਤੋਂ ਇਲਾਵਾ ਵਿਦਵਾਨਾਂ ਨੇ ਬਹੁ-ਮੁੱਲੇ ਵਿਚਾਰ ਵਿਦਿਆਰਥੀਆਂ ਸਾਹਮਣੇ ਰੱਖੇ। ਗਣਤੰਤਰ ਦਿਵਸ 'ਤੇ ਵੀ ਕੁਝ ਇਸੇ ਤਰ੍ਹਾਂ ਕੀਤਾ।

ਦੋ ਵਾਰੀਆਂ ਸੁੱਖ-ਸਾਂਦੀ ਲੰਘ ਗਈਆਂ। ਅਗਲੀ ਵਾਰੀ ਵਿਦਵਾਨ ਲੇਖਕ ਤੇ ਆਜ਼ਾਦੀ ਤੋਂ ਪਹਿਲਾਂ ਜਵਾਨੀ ਦੇਖਣ ਵਾਲੇ ਹਰਜਿੰਦਰ ਸਿੰਘ ਤਾਂਘੜੀ ਉਰਫ਼ ਚਾਚਾ ਜੀ ਨੂੰ ਬੁਲਾਇਆ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੇ ਆਜ਼ਾਦੀ ਮਿਲਣ ਸਮੇਂ ਦੇਸ਼ ਦੀ ਵੰਡ ਵੇਲੇ ਦੇ ਹਾਲਾਤ ਨੂੰ ਦੇਖਿਆ ਅਤੇ ਹੰਢਾਇਆ ਹੈ, ਉਹ ਵਿਦਿਆਰਥੀਆਂ ਨੂੰ ਦੱਸਣ। ਵਡੇਰੀ ਉਮਰ ਕਾਰਨ ਉਨ੍ਹਾਂ ਦੀ ਸਿਹਤ ਬਹੁਤੀ ਮੁਸ਼ੱਕਤ ਦੀ ਆਗਿਆ ਨਹੀਂ ਦਿੰਦੀ ਸੀ, ਫਿਰ ਵੀ ਉਨ੍ਹਾਂ ਬੇਨਤੀ ਸਵੀਕਾਰ ਕਰ ਲਈ ਤੇ ਚੌਦਾਂ ਅਗਸਤ ਨੂੰ ਸਕੂਲ ਆ ਗਏ। ਪ੍ਰੋਗਰਾਮ ਵਧੀਆ ਦਿਸ਼ਾ ਵੱਲ ਜਾ ਰਿਹਾ ਸੀ, ਵਿਦਿਆਰਥੀ ਆਜ਼ਾਦੀ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕਰ ਰਹੇ ਸਨ, ਚਾਚਾ ਜੀ ਨੇ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਭਾਸ਼ਣ ਚੱਲ ਹੀ ਰਿਹਾ ਸੀ ਕਿ ਮੈਨੂੰ ਜ਼ਿਲ੍ਹਾ ਸਿੱਖਿਆ ਅਫਸਰ ਦਾ ਫ਼ੋਨ ਆਉਂਦਾ ਹੈ, "ਪ੍ਰਿੰਸੀਪਲ ਸਾਹਿਬ, ਸਕੂਲ 'ਚ ਕੋਈ ਪ੍ਰੋਗਰਾਮ ਚੱਲ ਰਿਹੈ?" ਮੈਂ 'ਹਾਂ' ਵਿਚ ਜਵਾਬ ਦਿੱਤਾ ਤਾਂ ਉਨ੍ਹਾਂ ਕਿਹਾ, "ਹੁਣੇ ਬੰਦ ਕਰ ਦੇਵੋ। ਡੀਸੀ ਦਫ਼ਤਰੋਂ ਫੋਨ ਆਇਐ। ਤੁਹਾਡੀ ਸ਼ਿਕਾਇਤ ਹੋਈ ਹੈ ਕਿ ਤੁਸੀਂ ਪਾਕਿਸਤਾਨ ਦਾ ਆਜ਼ਾਦੀ ਦਿਵਸ ਮਨਾ ਰਹੇ ਹੋ।" ਮਿੰਨਤ ਕਰਨ ਵਾਲਿਆਂ ਵਾਂਗ ਮੈਂ ਦੱਸਿਆ ਕਿ ਇਹ ਇਸ ਤਰ੍ਹਾਂ ਦਾ ਪ੍ਰੋਗਰਾਮ ਹੈ ਜਿਸ ਵਿਚ ਦੇਸ਼ ਦੀ ਆਜ਼ਾਦੀ ਅਤੇ ਦੇਸ਼ ਦੀ ਵੰਡ ਬਾਰੇ ਚਾਚਾ ਤਾਂਘੜੀ ਜੀ ਆਪਣੇ ਵਿਚਾਰ ਵਿਦਿਆਰਥੀਆਂ ਨੂੰ ਦੱਸ ਰਹੇ ਹਨ, ਤੁਸੀਂ ਆਪ ਆ ਕੇ ਦੇਖ ਲਵੋ ਪਰ ਉਨ੍ਹਾਂ ਆਪਣੀ ਮਜਬੂਰੀ ਦੱਸਦਿਆਂ ਮੈਨੂੰ ਪ੍ਰੋਗਰਾਮ ਬੰਦ ਕਰਨ ਲਈ ਇਕ ਕਿਸਮ ਦਾ ਹੁਕਮ ਕਰ ਦਿੱਤਾ।

12-13 ਸਾਲ ਪਹਿਲਾਂ ਵਾਪਰੀ ਇਸ ਘਟਨਾ ਕਾਰਨ ਮੈਨੂੰ ਇਹ ਗੱਲ ਮੁੜ-ਮੁੜ ਸਤਾਉਂਦੀ ਹੈ ਕਿ ਵਿਰੋਧ ਕਰਨ ਵਾਲੇ ਕੰਮ ਨਹੀਂ ਦੇਖਦੇ ਅਤੇ ਉਨ੍ਹਾਂ ਦਾ ਕੰਮ ਕੇਵਲ ਅੜਿੱਕਾ ਪਾਉਣਾ ਹੁੰਦਾ। ਇਹ ਵੱਖਰੀ ਗੱਲ ਹੈ ਕਿ ਮੈਂ ਫਿਰ ਵੀ ਆਪਣੇ ਚਾਹੁਣ ਵਾਲਿਆਂ (ਜਿਹੜੇ ਹੁਣ ਸਕੂਲਾਂ ਦੀਆਂ ਪ੍ਰਬੰਧਕੀ ਅਸਾਮੀਆਂ 'ਤੇ ਕੰਮ ਕਰ ਰਹੇ ਹਨ) ਨੂੰ ਸੁਫ਼ਨੇ ਲੈਣ ਅਤੇ ਉਨ੍ਹਾਂ ਵੱਲ ਅੱਗੇ ਵਧਣ ਲਈ ਹੱਲਾਸ਼ੇਰੀ ਦਿੰਦਾ ਰਹਿੰਦਾ ਹਾਂ।

# ਬੰਗਲਾਦੇਸ਼ ਵਿਚ ਉਥਲ-ਪੁਥਲ ਅਤੇ ਭਾਰਤ

ਜਦ 1974 ਵਿਚ ਰੋਨੇਨ ਸੇਨ ਦੀ ਢਾਕਾ (ਬੰਗਲਾਦੇਸ਼) ਵਿਚ ਨਿਯੁਕਤੀ ਹੋਈ, ਉਦੋਂ ਉਹ ਨੌਜਵਾਨ ਡਿਪਲੋਮੈਟ ਸਨ। ਬੰਗਲਾਦੇਸ਼ ਵੀ 1971 ਦੀ 'ਲਿਬਰੇਸ਼ਨ ਵਾਰ' ਤੋਂ ਬਾਅਦ ਨਵਾਂ-ਨਵਾਂ ਮੁਲਕ ਬਣਿਆ ਸੀ ਜਿਸ 'ਤੇ ਲੋਕਤੰਤਰ ਦਾ ਜੇਤੂ ਨਾਇਕ ਮੁਜੀਬੁਰ ਰਹਿਮਾਨ ਰਾਜ ਕਰ ਰਿਹਾ ਸੀ। ਇਕ ਸਾਲ ਦੇ ਅੰਦਰ ਹੀ ਮੁਜੀਬ ਦਾ ਪਰਿਵਾਰ ਸਣੇ ਜਿਸ 'ਚ ਸਭ ਤੋਂ ਛੋਟਾ ਪੁੱਤਰ ਰਸਲ (10) ਵੀ ਸ਼ਾਮਲ ਸੀ, 15 ਅਗਸਤ 1975 ਨੂੰ ਸੁਵੱਖਤੇ ਰਾਜਧਾਨੀ ਦੇ ਕੇਂਦਰ 'ਚ ਪੈਂਦੇ ਉਨ੍ਹਾਂ ਦੇ ਘਰ ਧਨਮੰਡੀ 'ਚ ਕਤਲ ਕਰ ਦਿੱਤਾ ਗਿਆ (ਮੈਂ ਉਸ ਘਰ ਦਾ ਕਈ ਵਾਰ ਦੌਰਾ ਕੀਤਾ ਹੈ ਜੋ ਬਾਅਦ

ਜਯੋਤੀ ਮਲਹੋਤਰਾ

ਵਿਚ ਯਾਦਗਾਰ ਵਜੋਂ ਸੰਭਾਲਿਆ ਗਿਆ। ਪੌੜੀਆਂ ਉਤੇ ਖ਼ੂਨ ਦੇ ਫਿੱਕੇ ਪਏ ਛਿੱਟਿਆਂ ਦੇ ਨਿਸ਼ਾਨ ਹਨ, ਜਦ ਮੁਜੀਬ ਦੇ ਪਰਿਵਾਰ ਨੇ ਜਾਨ ਬਚਾ ਕੇ ਭੱਜਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਇਹ ਬੰਗਲਾਦੇਸ਼ ਦੇ ਖ਼ੂਨੀ ਤੇ ਉਥਲ-ਪੁਥਲ ਭਰੇ ਇਤਿਹਾਸ ਦੀ ਗਵਾਹੀ ਭਰਦੇ ਹਨ)।

ਸੇਨ ਜਿਸ ਢੰਗ ਨਾਲ ਸਾਰੀ ਕਹਾਣੀ ਸੁਣਾਉਂਦੇ ਹਨ ਕਿ ਕਿਵੇਂ ਉਸ ਸਵੇਰ ਮੁਜੀਬ ਦੇ ਕਤਲ ਦੀ ਖ਼ਬਰ ਢਾਕਾ ਤੋਂ ਦਿੱਲੀ ਇੰਦਰਾ ਗਾਂਧੀ ਨੂੰ ਭੇਜੀ ਗਈ- ਜਾਪਦਾ ਹੈ ਕਿ ਹਰ ਤਰ੍ਹਾਂ ਦਾ ਸਾਧਨ ਵਰਤਿਆ ਗਿਆ, ਇਸ 'ਚ ਮੋਟਰਸਾਈਕਲ ਤੱਕ ਸ਼ਾਮਲ ਸੀ- ਤੇ ਕਿਵੇਂ ਇਹ ਜਾਣਕਾਰੀ ਉਸ (ਇੰਦਰਾ) ਤੱਕ ਪਹੁੰਚੀ, ਜਦ ਉਹ ਦੇਸ਼ ਦੇ ਨਾਂ ਸੰਬੋਧਨ ਕਰਨ ਲਈ ਲਾਲ ਕਿਲ੍ਹੇ ਦੀ ਫ਼ਸੀਲ ਬਸ ਚੜ੍ਹ ਹੀ ਰਹੀ ਸੀ। ਮੁਜੀਬ ਦੁਨੀਆ ਤੋਂ ਰੁਖ਼ਸਤ ਹੋ ਚੁੱਕਾ ਸੀ... ਜਵਾਨ ਮੁਲਕ ਦਾ ਵਾਅਦਾ ਅਧੂਰਾ ਹੀ ਰਹਿ ਗਿਆ ਸੀ।

ਸੇਨ ਮੁਤਾਬਕ ਜਦ ਵੀ ਉਹ ਉਸ ਅਜੀਬ ਸਵੇਰ ਬਾਰੇ ਸੋਚਦੇ ਹਨ ਕਿ ਉਹ ਕਿਹੜੀਆਂ ਤਾਕਤਾਂ ਸਨ ਜਿਨ੍ਹਾਂ 49 ਸਾਲ ਪਹਿਲਾਂ ਇਹ ਹੱਤਿਆਵਾਂ ਕੀਤੀਆਂ? ਤੇ ਪਿਛਲੇ ਹਫ਼ਤੇ ਬੰਗਲਾਦੇਸ਼ ਵਿਚ ਹੋਈ ਉਥਲ-ਪੁਥਲ ਲਈ ਕੌਣ ਜ਼ਿੰਮੇਵਾਰ ਸੀ ਤਾਂ ਉਹ ਅਜੀਬ ਕਲਪਨਾ ਸ਼ਕਤੀ ਨਾਲ ਭਰ ਜਾਂਦੇ ਹਨ।

ਭਾਰਤ 'ਚ ਅਸੀਂ ਹੁਣ ਜਦ ਇਕ ਹੋਰ ਸੁਤੰਤਰਤਾ ਦਿਵਸ ਮਨਾਉਣ ਜਾ ਰਹੇ ਹਾਂ ਤਾਂ ਬੰਗਲਾਦੇਸ਼ ਦੀਆਂ ਹਾਲੀਆ ਘਟਨਾਵਾਂ 1975 ਦੀਆਂ ਯਾਦਾਂ ਦੇ ਨਾਲ ਕੇਵਲ ਰੌਸ਼ਨ ਹੀ ਨਹੀਂ ਹੋ ਉਠਦੀਆਂ ਬਲਕਿ ਇਨ੍ਹਾਂ 'ਤੇ ਭਵਿੱਖ 'ਚ ਵਾਪਰਨ ਵਾਲੀਆਂ ਚੀਜ਼ਾਂ ਦਾ ਰੰਗ ਵੀ ਚੜ੍ਹ ਜਾਂਦਾ ਹੈ। ਮੁੱਖ ਸਲਾਹਕਾਰ ਮੁਹੰਮਦ ਯੂਨਸ ਅਧੀਨ ਜਦੋਂ 17 ਮੈਂਬਰੀ ਅੰਤ੍ਰਿਮ ਸਰਕਾਰ ਹਲਫ ਲੈ ਰਹੀ ਹੈ, ਰਿਪੋਰਟਾਂ ਆ ਰਹੀਆਂ ਹਨ ਕਿ ਬੀ.ਐੱਸ.ਐੱਫ. ਜ਼ਮੀਨੀ ਸਰਹੱਦਾਂ ਰਾਹੀਂ ਬੰਗਲਾਦੇਸ਼ੀਆਂ ਨੂੰ ਭਾਰਤ ਵਿਚ ਦਾਖਲ ਹੋਣ ਤੋਂ ਰੋਕ ਰਹੀ ਹੈ। ਜਾਪਦਾ ਹੈ ਕਿ ਭਾਜਪਾ ਦੁਚਿੱਤੀ 'ਚ ਹੈ- ਕਿ ਜਿਨ੍ਹਾਂ ਲੋਕਾਂ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੁਝ ਸਮਾਂ ਪਹਿਲਾਂ



'ਸਿਉਂਕ' ਦੱਸਿਆ ਸੀ, ਉਨ੍ਹਾਂ ਨੂੰ ਦਾਖਲ ਹੋਣ ਦਿੱਤਾ ਜਾਵੇ ਜਾਂ ਰੋਕਿਆ ਜਾਵੇ ਜਿਸ ਦੀ ਅਸਾਮ ਤੇ ਤ੍ਰਿਪੁਰਾ ਦੇ ਭਾਜਪਾ ਮੁੱਖ ਮੰਤਰੀਆਂ ਵੱਲੋਂ ਮੰਗ ਵੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਕੀ ਸਿਰਫ਼ ਬੰਗਲਾਦੇਸ਼ੀ ਹਿੰਦੂਆਂ ਨੂੰ ਹੀ ਆਉਣ ਦਿੱਤਾ ਜਾਵੇ- ਯਾਦ ਰਹੇ ਕਿ ਸੀਏਏ ਤਹਿਤ ਨਾਗਰਿਕਤਾ ਸਿਰਫ਼ ਦੱਖਣ ਏਸ਼ੀਆ ਦੀਆਂ 'ਘੱਟਗਿਣਤੀਆਂ' ਉਤੇ ਲਾਗੂ ਹੁੰਦੀ ਹੈ- ਜਾਂ ਭਾਰਤ ਨੂੰ ਸਾਰੇ ਬੰਗਲਾਦੇਸ਼ੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦੇਣੇ ਚਾਹੀਦੇ ਹਨ ਜਿਨ੍ਹਾਂ ਵਿਚ ਧਰਮ ਨਿਰਪੱਖ ਅਵਾਮੀ ਲੀਗ ਦੇ ਬੰਦੇ ਵੀ ਸ਼ਾਮਲ ਹਨ ਜਿਨ੍ਹਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਹਵਾਈ ਅੱਡੇ ਨੇੜੇ ਇਸ ਆਸ ਵਿਚ ਲੁਕੇ ਹੋਏ ਹਨ ਕਿ ਉਹ ਜਲਦੀ ਹੀ ਜਹਾਜ਼ ਫੜ ਕੇ ਸੁਰੱਖਿਅਤ ਨਿਕਲ ਜਾਣਗੇ।

ਰੋਨੇਨ ਸੇਨ ਦੇ 'ਦੇਜਾ ਵੂ' (ਪਹਿਲਾਂ ਤੋਂ ਦੇਖਿਆ ਹੋਇਆ) ਨੂੰ 49 ਸਾਲ ਪਿੱਛੇ ਜਾਣ ਦੀ ਲੋੜ ਨਹੀਂ। ਕਈਆਂ ਨੂੰ ਇਕ ਹੋਰ 15 ਅਗਸਤ ਯਾਦ ਹੈ ਜੋ ਤਿੰਨ ਸਾਲ ਪਹਿਲਾਂ 2021 ਨੂੰ ਆਇਆ ਸੀ ਜਦ ਅਫ਼ਗਾਨ ਰਾਸ਼ਟਰਪਤੀ ਅਸ਼ਰਫ਼ ਗਨੀ ਆਪਣੇ ਤਿੰਨ ਕਰੀਬੀ ਸਾਥੀਆਂ ਤੇ ਨਗ਼ਦੀ ਦੇ ਬੈਗ ਨਾਲ ਕਾਬੁਲ ਤੋਂ ਭੱਜੇ ਸਨ। ਗਨੀ ਦੇ ਇਹ ਸਾਥੀ ਪੱਛਮੀ ਜਗਤ ਦੇ ਵੱਖ-ਵੱਖ ਹਿੱਸਿਆਂ 'ਚ ਵਸ ਗਏ, ਗਨੀ ਖ਼ੁਦ ਅਬੂਧਾਬੀ 'ਚ ਹੈ। ਬੰਗਲਾਦੇਸ਼ ਵਾਂਗੂ ਭਾਰਤ ਨੇ ਦੇਸ਼ ਵਿਚ ਸਾਰੇ ਅਫ਼ਗਾਨ ਨਾਗਰਿਕਾਂ ਦਾ ਦਾਖਲਾ ਬੰਦ ਕਰ ਦਿੱਤਾ ਸੀ- ਉਨ੍ਹਾਂ ਨੂੰ ਹੁਣ ਵੀ ਇਜਾਜ਼ਤ ਨਹੀਂ ਹੈ।

ਹਸੀਨਾ ਨਾਲ ਇਸ ਮਾਮਲੇ ਵਿਚ ਵੱਖਰੀਆਂ ਚੀਜ਼ਾਂ ਹੋਈਆਂ ਹਨ। ਸਾਬਕਾ ਬੰਗਲਾਦੇਸ਼ੀ ਪ੍ਰਧਾਨ ਮੰਤਰੀ ਨੂੰ ਢਾਕਾ ਤੋਂ ਦੌੜਿਆਂ ਅਤੇ ਹਿੰਡਨ ਏਅਰਬੇਸ ਉਤੇ ਉਤਰਿਆਂ ਪੰਜ ਦਿਨ ਹੋ ਚੁੱਕੇ ਹਨ ਪਰ ਉਹ ਅਜੇ ਵੀ ਬਰਤਾਨੀਆ 'ਚ ਦਾਖਲ ਹੋਣ ਦੀ ਮਨਜ਼ੂਰੀ ਉਡੀਕ ਰਹੀ ਹੈ। ਵੱਡੀ ਸੰਭਾਵਨਾ ਹੈ ਕਿ ਬਰਤਾਨੀਆ, ਅਮਰੀਕਾ ਦੀ ਹਾਂ ਉਡੀਕ ਰਿਹਾ ਹੈ- ਹਸੀਨਾ ਤੇ ਅਮਰੀਕੀਆਂ ਦੀ ਦੁਸ਼ਮਣੀ ਨੂੰ ਹਰ ਕੋਈ ਜਾਣਦਾ ਹੈ, ਤੇ ਨਾਲ ਹੀ ਵਾਸ਼ਿੰਗਟਨ ਡੀਸੀ ਦੇ ਲੰਡਨ ਨਾਲ ਖ਼ਾਸ ਰਿਸ਼ਤਿਆਂ ਤੋਂ ਵੀ ਸਾਰੇ ਜਾਣੂ ਹਨ- ਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਅਮਰੀਕਾ ਹਸੀਨਾ ਨੂੰ ਉਡੀਕ ਕਰਵਾ ਕੇ ਸੁਨੇਹਾ ਦੇਣਾ ਚਾਹੁੰਦਾ ਹੈ।

ਵੱਡਾ ਵਿਅੰਗ ਹੈ ਕਿ ਜੇ ਹਸੀਨਾ ਨੂੰ ਲੰਡਨ ਆਉਣ ਦੀ ਇਜਾਜ਼ਤ ਮਿਲਦੀ ਹੈ ਤਾਂ ਉਹ ਜਲਾਵਤਨੀ ਕੱਟ ਰਹੇ ਇਕ ਹੋਰ ਬੰਗਲਾਦੇਸ਼ੀ ਦੀ ਥਾਂ ਲਏਗੀ ਜੋ ਉਥੇ 15 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਰਹਿ ਰਿਹਾ ਹੈ, ਤੇ ਸ਼ਾਇਦ ਘਰ ਪਰਤਣ ਦਾ ਰਾਹ ਬਣਾ ਰਿਹਾ ਹੈ- ਉਹ ਹੈ ਤਾਰਿਕ ਰਹਿਮਾਨ ਜੋ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਨੇਤਾ ਖਾਲਿਦਾ ਜ਼ਿਆ ਦਾ ਪੁੱਤਰ ਹੈ ਜਿਸ ਨੂੰ 'ਟੀਨੋ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਰਹਿਮਾਨ ਦੀ ਮਾਂ, ਸਾਬਕਾ ਪ੍ਰਧਾਨ ਮੰਤਰੀ ਅਤੇ ਸਾਬਕਾ ਮਾਰਸ਼ਲ ਲਾਅ ਤਾਨਾਸ਼ਾਹ ਜਨਰਲ ਜ਼ਿਆ-ਉਰ-ਰਹਿਮਾਨ ਦੀ ਪਤਨੀ ਖਾਲਿਦਾ ਬਿਮਾਰ ਹੈ। ਜਦ ਟੀਨੋ ਲੰਡਨ ਤੋਂ ਢਾਕਾ ਪਰਤੇਗਾ ਜੋ ਜਲਦੀ ਹੀ ਹੋ ਸਕਦਾ ਹੈ ਤਾਂ ਉਹ ਜਾਂ ਤਾਂ ਖੁੱਲ੍ਹੇਆਮ ਸੱਤਾ ਦਾ ਹਿੱਸਾ ਹੋਵੇਗਾ ਜਾਂ ਫਿਰ ਪਰਦੇ ਪਿੱਛਿਓਂ ਰੋਲ ਅਦਾ ਕਰੇਗਾ।

ਅਗਲੇ ਕੁਝ ਹਫ਼ਤੇ ਦਿਲਚਸਪ ਹੋਣਗੇ। ਹਰ ਕੋਈ ਦੇਖੇਗਾ ਕਿ ਮੁੱਖ ਸਲਾਹਕਾਰ ਯੂਨਸ ਤੇ ਬੰਗਲਾਦੇਸ਼ੀ ਸੈਨਾ ਦਰਮਿਆਨ ਰਿਸ਼ਤੇ ਕਿਸ ਤਰ੍ਹਾਂ ਅੱਗੇ ਵਧਦੇ ਹਨ। ਸੈਨਾ ਮੁਖੀ ਵਾਕਰ-ਉਜ਼-ਜ਼ਮਾਨ ਇਸ ਮਹੀਨੇ ਦਿੱਲੀ ਆਉਣ ਵਾਲੇ ਸਨ- ਦਿੱਲੀ ਨੂੰ ਜ਼ੋਰ ਦੇਣਾ ਚਾਹੀਦਾ ਹੈ ਕਿ ਇਹ ਦੌਰਾ ਜਲਦੀ ਤੋਂ ਜਲਦੀ ਹੋਵੇ। ਹੁਣ ਅਸੀਂ ਇਹ ਵੀ ਜਾਣ ਚੁੱਕੇ ਹਾਂ ਕਿ ਹਸੀਨਾ ਦੇ ਭੱਜਣ ਤੋਂ 48 ਘੰਟੇ ਪਹਿਲਾਂ ਉਸ ਨੂੰ ਅਮਰੀਕਾ ਰਹਿੰਦੇ ਪੁੱਤਰ ਨੇ ਅਹੁਦਾ ਛੱਡਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਸੀ- ਜਾਪਦਾ ਹੈ ਕਿ ਉਸ ਨੇ ਅਜਿਹਾ ਕਰਨ ਬਾਰੇ ਆਪਣੀ ਭੈਣ ਰਿਹਾਨਾ ਦੀ ਬੇਨਤੀ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ- ਫੌਜੀ ਅਧਿਕਾਰੀਆਂ ਨੇ ਵਿਦਿਆਰਥੀ ਪ੍ਰਦਰਸ਼ਨਕਾਰੀਆਂ ਉਤੇ ਗੋਲੀ ਨਾ ਚਲਾਉਣ ਦਾ ਅਹਿਦ ਕੀਤਾ ਹੋਇਆ ਸੀ। ਬੰਗਲਾਦੇਸ਼ੀ ਫੌਜ 'ਚ ਲੋਕਾਂ ਪ੍ਰਤੀ ਵਫ਼ਾਦਾਰੀ ਦਿਖਾਉਣ ਦੀ ਇਕ ਰਵਾਇਤ ਹੈ- ਕਿਉਂਕਿ ਇਨ੍ਹਾਂ 'ਚੋਂ ਹਜ਼ਾਰਾਂ ਨੇ ਆਜ਼ਾਦੀ ਲਈ ਲੜੀ ਜੰਗ ਵਿਚ ਆਪਣੀ ਜਾਨ ਦਿੱਤੀ ਹੈ- ਫਿਰ ਭਾਵੇਂ ਗੈਰਰਸਮੀ ਤੌਰ 'ਤੇ ਸਰਕਾਰ ਉਤੇ ਕੰਟਰੋਲ ਰੱਖਣ ਦੀ ਲਾਲਸਾ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ।

ਮੋਦੀ ਸਰਕਾਰ ਕਿਉਂਕਿ ਹੁਣ ਦੱਖਣ ਏਸ਼ੀਆ ਦੀ ਮੁੜ ਕਤਾਰਬੰਦੀ ਬਾਰੇ ਸੋਚ ਰਹੀ ਹੈ, ਇਸ ਨੂੰ ਇਹ ਸਵਾਲ ਖ਼ੁਦ ਨੂੰ ਜ਼ਰੂਰ ਕਰਨਾ ਚਾਹੀਦਾ ਹੈ ਕਿ ਇਹ ਕਿਸ ਤਰ੍ਹਾਂ ਦੀ 'ਨੇਬਰਹੁੱਡ ਫਸਟ' ਨੀਤੀ ਚਾਹੁੰਦੀ ਹੈ- ਖ਼ਾਸ ਤੌਰ 'ਤੇ ਉਦੋਂ ਜਦ ਅਜਿਹਾ ਜਾਪਦਾ ਹੈ ਕਿ ਪਾਕਿਸਤਾਨ ਦੀ ਆਈ.ਐੱਸ.ਆਈ. ਹੁਣ ਆਰਾਮ ਨਾਲ ਬੰਗਾਲ ਦੀ ਖਾੜੀ ਦੇ ਪਾਣੀਆਂ ਵਿਚ ਤਾਰੀਆਂ ਲਾ ਸਕਦੀ ਹੈ। ਸਚਾਈ ਇਹ ਹੈ ਕਿ ਭਾਰਤੀ ਉਪ ਮਹਾਦੀਪ, ਅਮਰੀਕਾ ਜਾਂ ਰੂਸ ਜਾਂ ਚੀਨ ਨਾਲ ਸਾਡੇ ਰਿਸ਼ਤਿਆਂ ਤੋਂ ਵੱਖਰਾ ਹੈ ਕਿਉਂਕਿ ਭਾਰਤ ਦੇ ਆਪਣੇ ਗੁਆਂਢੀਆਂ ਨਾਲ ਸਬੰਧ ਸਭਿਆਚਾਰ, ਧਰਮ, ਨਸਲ ਤੇ ਭਾਸ਼ਾ ਦੇ ਪੱਖ ਤੋਂ ਬਹੁਤ ਗਹਿਰੇ ਹਨ। ਇਹ ਸਾਰੇ ਇਕ-ਦੂਜੇ ਵਿਚ ਸਮੋਏ ਹੋਏ ਹਨ। ਇਸ ਲਈ ਹਰੇਕ ਨਾਲ ਲਗਾਤਾਰ ਗੱਲਬਾਤ ਬਹੁਤ ਜ਼ਰੂਰੀ ਹੈ, ਉਨ੍ਹਾਂ ਨਾਲ ਵੀ ਜੋ ਤੁਹਾਨੂੰ ਪਸੰਦ ਨਹੀਂ ਕਰਦੇ- ਇਹ ਜਾਣਨ ਲਈ ਕਿ ਅਜਿਹਾ ਕਰਨ ਪਿਛਲਾ ਕਾਰਨ ਕੀ ਹੈ।

ਸਚਾਈ ਇਹ ਵੀ ਹੈ ਕਿ ਅਮਰੀਕੀ ਆਲੋਚਨਾ ਦੇ ਬਾਵਜੂਦ ਭਾਰਤ ਨੇ ਹਸੀਨਾ ਦਾ ਦੋ ਚੋਣਾਂ ਵਿਚ ਪੱਖ ਪੂਰਿਆ ਪਰ ਹਾਲਾਤ ਵਿਗੜਨ 'ਤੇ ਸ਼ਾਇਦ ਪ੍ਰਧਾਨ ਮੰਤਰੀ ਮੋਦੀ ਜਾਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਉਸ ਨੂੰ ਫੋਨ ਕਰ ਕੇ 'ਭਰਾਵਾਂ ਵਾਂਗੂ ਮਸ਼ਵਰਾ' ਦੇ ਸਕਦੇ ਸਨ ਜਿਵੇਂ ਪ੍ਰਣਬ ਮੁਖਰਜੀ ਦਿੰਦੇ ਰਹੇ? ਦੂਜੇ ਸ਼ਬਦਾਂ 'ਚ, ਸ਼ਾਇਦ ਜੇ ਉਨ੍ਹਾਂ ਹਸੀਨਾ ਦਾ ਹੱਥ ਫੜਿਆ ਹੁੰਦਾ ਤੇ ਅਸਤੀਫ਼ਾ ਦੇਣ ਲਈ ਮਨਾ ਲਿਆ ਹੁੰਦਾ ਤਾਂ ਉਹ ਮਾੜੀ ਕਿਸਮਤ ਦੇ ਇਸ ਖੇਡ ਨੂੰ ਰੋਕ ਸਕਦੇ ਸਨ?

ਹੁਣ ਜਦ ਭਾਰਤ ਧਨਮੰਡੀ ਵਿਚ ਬੰਗਬੰਧੂ ਮੁਜੀਬੁਰ ਰਹਿਮਾਨ ਦੇ ਸੜੇ ਘਰ ਦੀਆਂ ਤਸਵੀਰਾਂ ਦੇਖ ਰਿਹਾ ਹੈ ਜਿੱਥੇ ਉਸ ਦਾ ਅਤੇ ਉਸ ਦੇ ਪਰਿਵਾਰ ਦਾ 15 ਅਗਸਤ 1975 ਨੂੰ ਕਤਲ ਕੀਤਾ ਗਿਆ ਸੀ ਤਾਂ ਇਕੋ ਵਿਚਾਰ ਜਿਹੜਾ ਦਿਮਾਗ 'ਚ ਆਉਂਦਾ ਹੈ, ਉਹ ਹੈ ਕਿ 1975 ਵਿਚ ਵੀ ਕਾਤਲਾਂ ਨੇ ਬੰਗਬੰਧੂ ਦੇ ਘਰ ਨੂੰ ਨੁਕਸਾਨ ਨਹੀਂ ਪਹੁੰਚਾਇਆ ਸੀ; ਇਹ 'ਨਵਾਂ ਬੰਗਲਾਦੇਸ਼' ਕਿਹੜਾ ਹੈ ਜਿਸ ਨੇ ਉਨ੍ਹਾਂ ਨੂੰ ਅੱਜ ਆਪਣੇ ਹੀ ਇਤਿਹਾਸ 'ਤੇ ਕਾਲਖ਼ ਪੋਚਣ ਲਾ ਦਿੱਤਾ ਹੈ।

# ਅੰਗ ਦਾਨ ਦੀ ਮਹੱਤਤਾ

ਦੁਨੀਆ ਦੇ ਸਾਰੇ ਦੇਸ਼ਾਂ ਵਿਚ ਹਰ ਸਾਲ 13 ਅਗਸਤ ਨੂੰ ਸੰਸਾਰ ਅੰਗਦਾਨ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਮਨਾਉਣ ਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਮੌਤ ਤੋਂ ਬਾਅਦ ਆਪਣੇ ਸਿਹਤਮੰਦ ਅੰਗ ਦਾਨ ਕਰਨ ਲਈ ਪ੍ਰੇਰਨਾ ਅਤੇ ਅੰਗ ਦਾਨ ਦੇ ਮਹੱਤਵ ਬਾਰੇ ਵੱਡੀ ਗਿਣਤੀ ਲੋਕਾਂ ਵਿਚ ਇਹ ਜਾਗਰੂਕਤਾ ਪੈਦਾ ਕਰਨਾ ਹੈ ਕਿ ਉਨ੍ਹਾਂ

ਸੁਮੀਤ ਸਿੰਘ
ਫੋਨ: +91-76960-30173

ਦੇ ਕੀਤੇ ਅੰਗ ਦਾਨ ਨਾਲ ਕਈ ਮਰੀਜ਼ਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ। ਇਸ ਨਾਲ ਵੇਰੀ ਵਾਹ ਚੁੱਕੇ ਮਰੀਜ਼ ਨੂੰ ਜਿਊਣ ਦੀ ਆਸ ਅਤੇ ਸਿਹਤਮੰਦ ਜ਼ਿੰਦਗੀ ਜਿਊਣ ਦਾ ਹੋਰ ਮੌਕਾ ਮਿਲਦਾ ਹੈ।

ਕਿਸੇ ਲੋੜਵੰਦ ਜੀਵਤ ਮਰੀਜ਼ ਦੀ ਜ਼ਿੰਦਗੀ ਬਚਾਉਣ ਲਈ ਕਿਸੇ ਜਿਉਂਦੇ ਜਾਂ ਦਿਮਾਗੀ ਮ੍ਰਿਤਕ ਸ਼ਖ਼ਸ ਦੇ ਆਪਣੇ ਸਰੀਰ ਦੇ ਅੰਗ ਜਾਂ ਤੰਤੂ ਦਾਨ ਕਰਨ ਨੂੰ ਅੰਗ ਦਾਨ ਕਿਹਾ ਜਾਂਦਾ ਹੈ। ਜੇ ਤੁਸੀਂ ਇਸ ਦੁਨੀਆ ਤੋਂ ਰੁਖ਼ਸਤ ਹੁੰਦੇ ਹੋਏ ਕਿਸੇ ਨੂੰ ਆਪਣਾ ਅੰਗ ਦੇ ਜਾਂਦੇ ਹੋ ਤਾਂ ਮਨੁੱਖੀ ਭਲਾਈ ਦਾ ਇਸ ਤੋਂ ਵੱਡਾ ਕਾਰਜ ਹੋਰ ਕੋਈ ਨਹੀਂ ਹੋ ਸਕਦਾ।

ਭਾਰਤ ਵਿਚ ਹਰ ਸਾਲ 2.50 ਲੱਖ ਲੋਕਾਂ ਨੂੰ ਗੁਰਦਿਆਂ, 80 ਹਜ਼ਾਰ ਨੂੰ ਜਿਗਰ, 50 ਹਜ਼ਾਰ ਨੂੰ ਦਿਲ ਅਤੇ ਇਕ ਲੱਖ ਲੋਕਾਂ ਨੂੰ ਅੱਖਾਂ ਦੇ ਕੋਰਨੀਆਂ ਦੀ ਲੋੜ ਪੈਂਦੀ ਹੈ। ਦੇਸ਼ ਵਿਚ ਲਗਭਗ 60 ਲੱਖ ਲੋਕਾਂ ਨੂੰ ਅੱਖਾਂ ਦੇ ਦਾਨ ਦੀ ਲੋੜ ਹੈ। ਪਰਿਵਾਰ ਵਿਚ ਆਮ ਮੌਤ ਹੋਣ 'ਤੇ ਸਾਨੂੰ ਲੋੜਵੰਦ ਮਰੀਜ਼ਾਂ ਲਈ ਘੱਟੋ-ਘੱਟ ਉਸ ਦੀਆਂ ਅੱਖਾਂ ਜ਼ਰੂਰ ਦਾਨ ਕਰਨੀਆਂ ਚਾਹੀਦੀਆਂ ਹਨ ਜੋ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਹਸਪਤਾਲ ਜਾਂ ਸੁਸਾਇਟੀ ਨੂੰ ਮੌਤ ਦੇ ਛੇ ਘੰਟੇ ਦੇ ਅੰਦਰ-ਅੰਦਰ ਦੇਣੀਆਂ ਹੁੰਦੀਆਂ ਹਨ। ਇਹ ਚਿੰਤਾ ਦਾ ਵਿਸ਼ਾ ਹੈ ਕਿ ਦੇਸ਼ ਵਿਚ ਜਿੰਨੀ ਸਾਲਾਨਾ ਮੰਗ ਅੰਗ ਟਰਾਂਸਪਲਾਂਟ ਦੀ ਹੈ, ਓਨੀ ਗਿਣਤੀ ਵਿਚ ਮਰੀਜ਼ਾਂ ਨੂੰ ਅੰਗ ਦਾਨੀ ਨਹੀਂ ਮਿਲਦੇ।

ਕੇਂਦਰੀ ਸਿਹਤ ਮੰਤਰਾਲਾ ਨੈਸ਼ਨਲ ਔਰਗਨ ਐਂਡ ਟਿਸ਼ੂ ਟਰਾਂਸਪਲਾਂਟ ਆਰਗੇਨਾਈਜੇਸ਼ਨ ਰਾਹੀਂ ਅੰਗ ਦਾਨ ਬਾਰੇ ਜਾਗਰੂਕਤਾ ਮੁਹਿੰਮ ਚਲਾਉਣ ਦਾ ਦਾਅਵਾ ਤਾਂ ਜ਼ਰੂਰ ਕੀਤਾ ਜਾਂਦਾ ਹੈ ਪਰ 3 ਅਗਸਤ ਨੂੰ ਭਾਰਤ ਵਿਚ ਮਨਾਏ ਕੌਮੀ ਅੰਗ ਦਾਨ ਦਿਵਸ ਬਾਰੇ ਕਿਸੇ ਪ੍ਰਿੰਟ ਅਤੇ ਬਿਜਲਈ ਮੀਡੀਆ ਵਿਚ ਕੋਈ ਚਰਚਾ ਦੇਖਣ ਸੁਣਨ ਨੂੰ ਨਹੀਂ ਮਿਲੀ ਅਤੇ ਨਾ ਹੀ ਬਾਕੀ ਸਾਰਾ ਸਾਲ ਇਸ ਬਾਰੇ ਕੋਈ ਪ੍ਰਚਾਰ ਕੀਤਾ ਜਾਂਦਾ ਹੈ। ਸੰਸਥਾ ਦੇ ਡਾਇਰੈਕਟਰ ਅਨੁਸਾਰ, ਹਰ ਸਾਲ ਸੜਕ ਹਾਦਸਿਆਂ ਦੌਰਾਨ ਡੇਢ ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ; ਜੇ ਇਨ੍ਹਾਂ ਵਿਚੋਂ 5 ਫੀਸਦੀ ਪਰਿਵਾਰਾਂ ਨੂੰ ਵੀ ਅੰਗ ਦੇਣ ਲਈ ਰਾਜ਼ੀ ਕਰ ਲਿਆ ਜਾਵੇ ਤਾਂ ਅੰਗ ਬਦਲੀ ਲਈ ਉਡੀਕ ਸੂਚੀ ਕੁਝ ਸਾਲਾਂ ਵਿਚ ਹੀ ਖ਼ਤਮ ਹੋ ਸਕਦੀ ਹੈ।

ਦੁਖਦਾਈ ਪਹਿਲੂ ਹੈ ਕਿ ਦੇਸ਼ ਵਿਚ ਹਰ ਸਾਲ ਪੰਜ ਲੱਖ ਮੌਤਾਂ ਅੰਗ ਟਰਾਂਸਪਲਾਂਟ ਨਾ ਹੋਣ ਕਾਰਨ ਹੁੰਦੀਆਂ ਹਨ। ਇਸ ਦਾ ਵੱਡਾ ਕਾਰਨ ਹੈ ਕਿ ਜ਼ਿਆਦਾਤਰ ਲੋਕਾਂ ਵਿਚ ਅੰਗ ਦਾਨ ਕਰਨ ਬਾਰੇ ਵਿਗਿਆਨਕ ਸੋਚ, ਮਹੱਤਤਾ, ਜਾਗਰੂਕਤਾ ਅਤੇ ਜਾਣਕਾਰੀ ਦੀ ਘਾਟ ਹੈ ਜਿਸ ਕਾਰਨ ਲੱਖਾਂ ਮ੍ਰਿਤਕ ਸਰੀਰਾਂ ਦੇ ਕੀਮਤੀ ਅੰਗ ਅੰਤਿਮ ਸੰਸਕਾਰ ਦੇ ਨਾਲ ਹੀ ਰੋਜ਼ਾਨਾ ਅੱਗ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ; ਉਧਰ, ਲੱਖਾਂ ਲੋੜਵੰਦ ਮਰੀਜ਼ ਅੰਗ ਦਾਨੀਆਂ ਦੀ ਇੰਤਜ਼ਾਰ ਕਰਦੇ ਮੌਤ ਦੇ ਮੂੰਹ ਚਲੇ ਜਾਂਦੇ ਹਨ। ਇਸ ਲਈ ਮੌਜੂਦਾ ਹਕੂਮਤਾਂ, ਸਿਹਤ ਵਿਭਾਗ, ਹਸਪਤਾਲਾਂ ਅਤੇ ਡਾਕਟਰਾਂ ਨੂੰ ਇਸ ਬਾਰੇ ਵੱਡੇ ਪੱਧਰ 'ਤੇ ਵਿਗਿਆਨਕ ਜਾਗਰੂਕਤਾ ਮੁਹਿੰਮ ਚਲਾਉਣ ਅਤੇ ਅੰਗ ਟਰਾਂਸਪਲਾਂਟ ਦੀ ਸਹੂਲਤ ਮੁਫ਼ਤ ਕਰਨ ਦੀ ਨੇਕ ਨੀਤੀ ਦਿਖਾਉਣੀ ਚਾਹੀਦੀ ਹੈ।

ਦੁਨੀਆ ਵਿਚ ਸਭ ਤੋਂ ਪਹਿਲਾ ਅੰਗ ਟਰਾਂਸਪਲਾਂਟ (ਗੁਰਦਾ ਬਦਲੀ) 1954 ਵਿਚ ਪੀਟਰ ਬ੍ਰਿਗਮ ਹਸਪਤਾਲ ਬੋਸਟਨ (ਅਮਰੀਕਾ) ਵਿਚ ਹੋਇਆ। ਭਾਰਤ ਵਿਚ ਅੰਗ ਟਰਾਂਸਪਲਾਂਟ ਦੀ ਸ਼ੁਰੂਆਤ ਪਹਿਲੀ ਦਸੰਬਰ 1971 ਨੂੰ ਕ੍ਰਿਸ਼ਚਨ ਮੈਡੀਕਲ ਕਾਲਜ ਵੇਲੂਰ (ਤਾਮਿਲਨਾਡੂ) ਵਿਚ ਗੁਰਦੇ ਦੇ ਅੰਗ ਬਦਲੀ ਨਾਲ ਹੋਈ।

ਭਾਰਤ ਵਿਚ ਅੰਗ ਦਾਨੀਆਂ ਦੀ ਸੰਖਿਆ ਕੁਲ ਕੌਮੀ ਵੱਸੋਂ ਦਾ 0.8 ਪ੍ਰਤੀ ਦਸ ਲੱਖ, ਸਪੇਨ ਵਿਚ 46.9, ਕਰੋਏਸ਼ੀਆ ਵਿਚ 38.6, ਅਮਰੀਕਾ ਵਿਚ 26 ਅਤੇ ਇਟਲੀ, ਫਰਾਂਸ ਤੇ ਆਸਟਰੀਆ ਵਿਚ 20% ਤੋਂ ਵੱਧ ਹੈ। ਭਾਰਤ ਵਿਚ ਅੰਗ ਦਾਨ ਬਾਰੇ ਲੋਕਾਂ ਅੰਦਰ ਕਈ ਤਰ੍ਹਾਂ ਦੀਆਂ ਰੂੜੀਵਾਦੀ ਮਨੌਤਾਂ, ਗਲਤ ਧਾਰਨਾਵਾਂ ਅਤੇ ਅਗਲੇ ਪਿਛਲੇ ਜਨਮ ਦੇ ਅੰਧ-ਵਿਸ਼ਵਾਸ ਬੈਠੇ ਹੋਏ ਹਨ ਜਿਸ ਕਰ ਕੇ ਉਹ ਆਮ ਕਰ ਕੇ ਅੰਗ ਦਾਨ ਲਈ ਤਿਆਰ ਨਹੀਂ ਹੁੰਦੇ। ਅੰਧ-ਵਿਸ਼ਵਾਸ ਵਾਲੀ ਇਸੇ ਮਾਨਸਿਕਤਾ ਕਾਰਨ ਕੁਝ ਲੋਕ ਸੋਚਦੇ ਹਨ ਕਿ ਅੱਖਾਂ ਜਾਂ ਅੰਗ ਦਾਨ ਕਰ ਕੇ ਅਗਲੇ ਜਨਮ ਵਿਚ ਉਹ ਅੰਨ੍ਹੇ ਜਾਂ ਦਾਨ ਕੀਤੇ ਅੰਗ ਤੋਂ ਬਗੈਰ ਹੀ ਪੈਦਾ ਹੋਣਗੇ ਜਦਕਿ ਇਸ ਪਿੱਛੇ ਕੋਈ ਵਿਗਿਆਨਕ ਸੱਚਾਈ ਨਹੀਂ ਹੈ।

ਮਾਹਿਰ ਡਾਕਟਰਾਂ ਅਨੁਸਾਰ ਦਿਮਾਗੀ ਮੌਤ ਦੇ ਮਰੀਜ਼ ਦੇ ਇਕੋ ਸਮੇਂ ਅੰਗ ਦਾਨ ਕਰਨ ਨਾਲ 37 ਲੋਕਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਜਾ ਸਕਦੀ ਹੈ। ਜੇ ਅਜਿਹੇ ਮਰੀਜ਼ ਦੇ ਵਾਰਿਸ ਕਿਸੇ ਦੂਜੇ ਲੋੜਵੰਦ ਮਰੀਜ਼ਾਂ ਨੂੰ ਅੰਗ ਦਾਨ ਲਈ ਸਹਿਮਤ ਹੋ ਜਾਣ ਤਾਂ ਜ਼ਿਆਦਾਤਰ ਕੇਸਾਂ ਵਿਚ ਗੁਰਦੇ, ਫੇਫੜੇ, ਦਿਲ, ਜਿਗਰ, ਅੱਖਾਂ, ਪੈਂਕਰੀਆਸ, ਚਮੜੀ ਤੇ ਹੱਡੀਆਂ ਦੇ ਤੰਤੂ, ਅੰਤੜੀਆਂ, ਨਾੜੀਆਂ, ਦਿਲ ਦਾ ਵਾਲਵ ਆਦਿ ਦੂਜੇ ਸ਼ਖ਼ਸਾਂ ਨੂੰ ਲਾਏ ਜਾ ਸਕਦੇ ਹਨ। ਅਫ਼ਸੋਸ ਹੈ ਕਿ ਪੰਜਾਬ ਵਿਚ ਪੀਜੀਆਈ ਚੰਡੀਗੜ੍ਹ ਤੋਂ ਇਲਾਵਾ ਹੋਰ ਕਿਸੇ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਅੰਗ ਟਰਾਂਸਪਲਾਂਟ ਦੀ ਸਹੂਲਤ ਨਹੀਂ।

ਜ਼ਿਕਰਯੋਗ ਹੈ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪਿਛਲੇ ਤਿੰਨ ਦਹਾਕਿਆਂ ਤੋਂ ਮਰਨ ਤੋਂ ਬਾਅਦ ਸਰੀਰ ਅਤੇ ਅੰਗ ਦਾਨ ਨੂੰ ਡਾਕਟਰੀ ਖੋਜ ਕਾਰਜਾਂ ਅਤੇ ਅੰਗ ਬਦਲੀ ਲਈ ਮੈਡੀਕਲ ਕਾਲਜਾਂ ਨੂੰ ਦੇਣ ਦੀ ਲਹਿਰ ਪ੍ਰਫੁੱਲਤ ਕੀਤੀ ਹੈ। ਇਸ ਜਾਗਰੂਕਤਾ ਲਹਿਰ ਤੋਂ ਪ੍ਰਭਾਵਿਤ ਹੋ ਕੇ ਹੁਣ ਤਕ ਸੈਂਕੜੇ ਸ਼ਖ਼ਸ ਮਰਨ ਤੋਂ ਬਾਅਦ ਸਰੀਰ ਅਤੇ ਅੰਗ ਦਾਨ ਕਰ ਚੁੱਕੇ ਹਨ। ਤਰਕਸ਼ੀਲ ਲਹਿਰ ਦੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ (ਪਿੰਡ ਬਰਗਾੜੀ ਜ਼ਿਲ੍ਹਾ ਫਰੀਦਕੋਟ) ਉਤਰੀ ਭਾਰਤ ਦੇ ਪਹਿਲੇ ਸਰੀਰ ਦਾਨੀ ਸਨ ਜਿਨ੍ਹਾਂ ਦਾ ਮ੍ਰਿਤਕ ਸਰੀਰ ਉਨ੍ਹਾਂ ਦੀ ਵਸੀਅਤ ਅਨੁਸਾਰ 2002 ਵਿਚ ਕ੍ਰਿਸ਼ਚਨ ਮੈਡੀਕਲ ਕਾਲਜ ਲੁਧਿਆਣਾ ਨੂੰ ਡਾਕਟਰੀ ਖੋਜ ਕਾਰਜਾਂ ਲਈ ਦਿੱਤਾ ਗਿਆ ਸੀ।

2017 ਵਿਚ ਪਟਿਆਲੇ ਦੀ ਲੜਕੀ ਜੈਸਲੀਨ ਜੋ ਅਮਰੀਕਾ ਵਿਚ ਉਚੇਰੀ ਪੜ੍ਹਾਈ ਕਰ ਰਹੀ ਸੀ, ਦਿਮਾਗੀ ਮੌਤ ਦਾ ਸ਼ਿਕਾਰ ਹੋ ਗਈ। ਉਸ ਦੇ ਡਾਕਟਰ ਮਾਤਾ ਪਿਤਾ ਦੀ ਸਹਿਮਤੀ ਨਾਲ ਅਮਰੀਕਾ ਵਿਚ 37 ਜਣਿਆਂ ਨੂੰ ਉਸ ਦੇ ਵੱਖ-ਵੱਖ ਅੰਗ ਲਾ ਕੇ ਨਵੀਂ ਜ਼ਿੰਦਗੀ ਦਿੱਤੀ ਗਈ। ਪ੍ਰਸਿੱਧ ਸ਼ਾਇਰ ਜਸਵੰਤ ਜ਼ਫ਼ਰ ਦਾ ਪੁੱਤਰ ਵਿਵੇਕ ਪੰਧੇਰ, ਹੌਲਦਾਰ ਕਸ਼ਮੀਰ ਸਿੰਘ (ਪਿੰਡ ਪੱਦੀ ਸੂਰਾ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ), ਕੇਰਲਾ ਦੇ ਜੋਸਫ, ਅੰਮ੍ਰਿਤਸਰ ਦੀ 39 ਦਿਨ ਦੀ ਨੰਨ੍ਹੀ ਬਾਲੜੀ ਅਬਾਬਤ ਕੌਰ (ਭਾਰਤ ਦੀ ਸਭ ਤੋਂ ਛੋਟੀ ਉਮਰ ਦੀ ਅੰਗ ਦਾਨੀ) ਉਨ੍ਹਾਂ ਲੋਕਾਂ ਵਿਚ ਸ਼ਾਮਲ ਹਨ ਜਿਨ੍ਹਾਂ ਦੇ ਅੰਗਦਾਨ ਨਾਲ ਉਹ ਨਵੇਂ ਰੂਪ ਵਿਚ ਵੱਖ-ਵੱਖ ਲੋਕਾਂ ਦੇ ਸਰੀਰਾਂ ਅੰਦਰ ਜੀਅ ਰਹੇ ਹਨ।

ਇਸ ਲਈ ਦੁਨੀਆ ਵਿਚ ਅਮਰ ਹੋਣ ਅਤੇ ਮਹਾਂ ਨੇਕੀ ਲਈ ਅੰਗ ਦਾਨ ਤੋਂ ਵਧੀਆ ਬਦਲ ਹੋਰ ਕੋਈ ਨਹੀਂ ਹੋ ਸਕਦਾ। ਇਸ ਲਈ ਸਾਨੂੰ ਸੰਸਾਰ ਅੰਗ ਦਾਨ ਦਿਵਸ ਮੌਕੇ ਉਤੇ ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਅੰਨ ਦਾਨ, ਧਨ ਦਾਨ ਤੇ ਖ਼ੂਨ ਦਾਨ ਤੋਂ ਹੋਰ ਅੱਗੇ ਵਧਦਿਆਂ ਸਰੀਰ ਦਾਨ, ਅੰਗ ਦਾਨ, ਖ਼ਾਸ ਕਰ ਕੇ ਅੱਖਾਂ ਦਾਨ ਕਰਨ ਦੀ ਸਿਹਤਮੰਦ ਅਤੇ ਮਨੁੱਖਤਾ ਪੱਖੀ ਪਿਰਤ ਪਾਉਣੀ ਚਾਹੀਦੀ ਹੈ ਤਾਂ ਕਿ ਕੋਈ ਮਰੀਜ਼ ਅੰਗ ਦਾਨ ਦੀ ਘਾਟ ਅਤੇ ਅੰਗ ਟਰਾਂਸਪਲਾਂਟ ਦੇ ਖ਼ਰਚੇ ਕਾਰਨ ਗੈਰ-ਕੁਦਰਤੀ ਮੌਤ ਨਾ ਮਰੇ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਅੰਗ ਟਰਾਂਸਪਲਾਂਟ ਮੁਫ਼ਤ ਕੀਤਾ ਜਾਵੇ।

# ਮੈਡਲਾਂ ਦਾ ਬੋਹਲ ਲਾਉਣ ਵਾਲਾ ਮਹਿੰਦਰ ਸਿੰਘ ਗਿੱਲ

## ਵਿਸ਼ਵ ਦੇ ਮਹਾਨ ਖਿਡਾਰੀ




ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਓਲੰਪੀਅਨ ਮਹਿੰਦਰ ਸਿੰਘ ਗਿੱਲ ਕਮਾਲ ਦਾ ਟ੍ਰਿਪਲ ਜੰਪਰ ਸੀ। ਮੈਂ ਉਸ ਦੇ ਸ਼ਬਦ ਚਿੱਤਰ ਦਾ ਸਿਰਲੇਖ 'ਹੀਰਾ ਹਿਰਨ' ਰੱਖਿਆ ਸੀ। ਸ਼ੌਕੀਨ ਏਨਾ ਸੀ ਕਿ ਉਸ ਨੂੰ 'ਅਲਸੀ ਦਾ ਫੁੱਲ' ਵੀ ਕਹਿਣਾ ਪੈਂਦਾ ਸੀ। ਉਸ ਨੇ ਕੌਮੀ ਤੇ ਕੌਮਾਂਤਰੀ ਮੀਟਾਂ 'ਚੋਂ 100 ਤੋਂ ਵੱਧ ਮੈਡਲ ਜਿੱਤੇ ਹਨ। ਸਮਝ ਲਓ ਟਰਾਫੀਆਂ ਤੇ ਮੈਡਲਾਂ ਦਾ ਬੋਹਲ ਲਾ ਦਿੱਤਾ ਹੈ। ਇਕ ਵਾਰ ਉਸ ਨੇ ਵਿਸ਼ਵ ਰਿਕਾਰਡ ਨਵਿਆ ਦਿੱਤਾ ਸੀ ਪਰ ਪਿਛਲੀ ਹਵਾ ਦੀ ਗਤੀ ਰਤਾ ਵੱਧ ਹੋਣ ਕਾਰਨ ਉਸ ਰਿਕਾਰਡ ਨੂੰ ਮਾਨਤਾ ਨਹੀਂ ਮਿਲ ਸਕੀ। ਉਸ ਨੇ 52 ਮੈਡਲ ਉੱਤਰੀ ਅਮਰੀਕਾ ਤੇ ਯੂਰਪ ਦੀਆਂ ਮੀਟਾਂ 'ਚੋਂ ਜਿੱਤੇ ਤੇ ਏਨੇ ਹੀ ਹੋਰਨਾਂ ਕੌਮਾਂਤਰੀ ਮੀਟਾਂ 'ਚੋਂ ਮਾਰੇ। ਟ੍ਰਿਪਲ ਜੰਪ ਲਾਉਣ ਦੇ ਸਭ ਤੋਂ ਵੱਧ ਮੈਡਲ ਜਿੱਤਣ ਦਾ ਭਾਰਤੀ ਰਿਕਾਰਡ ਕਈ ਸਾਲ ਉਹਦੇ ਨਾਂ ਰਿਹਾ। ਫਿਰ ਵੀ ਉਹਦੀ ਓਨੀ ਮਸ਼ਹੂਰੀ ਨਹੀਂ ਹੋਈ ਜਿੰਨੀ ਦਾ ਉਹ ਹੱਕਦਾਰ ਸੀ।

ਇੱਕ ਸਮਾਂ ਸੀ ਜਦੋਂ ਮਹਿੰਦਰ ਸਿੰਘ ਦੇ ਨਾਂ ਅੰਤਰਰਾਸ਼ਟਰੀ ਮੀਟਾਂ ਦੇ 19 ਰਿਕਾਰਡ ਸਨ। ਉਸ ਨੇ ਏਸ਼ਿਆਈ ਖੇਡਾਂ ਤੇ ਏਸ਼ਿਆਈ ਅਥਲੈਟਿਕਸ ਮੀਟਾਂ ਵਿਚੋਂ ਇਕ ਚਾਂਦੀ ਤੇ ਦੋ ਸੋਨੇ ਦੇ ਤਗਮੇ ਜਿੱਤੇ ਸਨ। ਕਾਮਨਵੈਲਥ ਖੇਡਾਂ ਵਿਚੋਂ ਵੀ ਇਕ ਚਾਂਦੀ ਤੇ ਇਕ ਤਾਂਬੇ ਦਾ ਤਗਮਾ ਜਿੱਤਿਆ ਸੀ। ਟੈਕਸਸ ਦੀ ਇਕ ਮੀਟ ਵਿਚ 56 ਫੁੱਟ ਸਾਢੇ 4 ਇੰਚ ਤੀਹਰੀ ਛਾਲ ਲਾਈ ਸੀ ਜਿਸ ਨਾਲ ਉਹ ਵਿਸ਼ਵ ਦਾ ਚੋਟੀ ਦਾ ਅਥਲੀਟ ਗਿਣਿਆ ਗਿਆ ਸੀ। 1971 ਦੀਆਂ ਪ੍ਰੀ-ਓਲੰਪਿਕ ਖੇਡਾਂ ਵਿਚ ਉਹ ਏਸ਼ੀਆ ਦਾ ਇੱਕੋ ਇੱਕ ਅਥਲੀਟ ਸੀ ਜੋ ਚਾਂਦੀ ਦਾ ਤਗ਼ਮਾ ਜਿੱਤ ਸਕਿਆ।

ਅਮਰੀਕਾ 'ਚ ਉਹ ਪੰਜ ਸਾਲ ਸਭ ਤੋਂ ਮੂਹਰੇ ਰਿਹਾ। ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਉਸ ਨੇ 15 ਵਾਰ ਭਾਰਤ ਦੀ ਨੁਮਾਇੰਦਗੀ ਕੀਤੀ। ਏਸ਼ੀਆ, ਅਮਰੀਕਾ ਤੇ ਯੂਰਪ ਦੀਆਂ ਮੀਟਾਂ 'ਚ 75 ਮੁਕਾਬਲਿਆਂ 'ਚ ਸ਼ਾਮਲ ਹੋਇਆ ਤੇ ਮੈਡਲ ਜਿੱਤੇ। 1972 ਵਿਚ ਮਿਊਨਖ਼ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਅਥਲੈਟਿਕ ਟੀਮ ਦਾ ਕਪਤਾਨ ਸੀ। 1965 ਤੋਂ 75 ਤੱਕ ਉਸ ਦੇ ਸੁਨਹਿਰੀ ਦਿਨ ਸਨ। ਉਹ ਵਿਸ਼ਵ ਪੱਧਰ ਦਾ ਟ੍ਰਿਪਲ ਜੰਪਰ ਸੀ। ਉਸ ਨੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦਾ ਸਿਖਿਆਰਥੀ ਹੁੰਦਿਆਂ ਅਮਰੀਕਾ ਦੀਆਂ ਨੈਸ਼ਨਲ ਮੀਟਾਂ 'ਚੋਂ ਤੀਹਰੀ ਛਾਲ ਦੀਆਂ ਪੰਜ ਚੈਂਪੀਅਨਸ਼ਿਪਾਂ ਜਿੱਤੀਆਂ ਅਤੇ ਉਹ ਵੀ ਨਵੇਂ ਰਿਕਾਰਡਾਂ ਨਾਲ। ਉਹ ਭਾਰਤ ਦਾ ਇੱਕੋ ਇੱਕ ਅਥਲੀਟ ਸੀ ਜੀਹਨੇ 1971 ਵਿਚ ਪ੍ਰੀ-ਓਲੰਪਿਕ ਖੇਡਾਂ 'ਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਕਾਮਨਵੈਲਥ ਖੇਡਾਂ 'ਚੋਂ ਵੀ ਦੋ ਮੈਡਲ ਜਿੱਤੇ। 1961 'ਚ ਜਲੰਧਰ ਵਿਖੇ ਇੰਡੋ-ਜਰਮਨ ਅਥਲੈਟਿਕਸ ਮੀਟ ਵੇਖ ਕੇ ਹੀ ਉਹ ਅਥਲੈਟਿਕਸ ਕਰਨ ਲੱਗਾ ਸੀ।

ਪਹਿਲਾਂ ਉਹ ਵਾਲੀਬਾਲ ਖੇਡਿਆ ਫਿਰ ਤੀਹਰੀਆਂ ਛਾਲਾਂ ਲਾਉਣ ਲੱਗਾ। 1961 ਤੋਂ 64 ਤਕ ਭਾਰਤੀ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਦਾ ਰਿਹਾ। ਸਕੂਲੀ ਮੁਕਾਬਲਿਆਂ 'ਚ ਉਹ ਚਾਰ ਈਵੈਂਟ ਹਾਈ ਜੰਪ, ਲੌਂਗ ਜੰਪ, ਟ੍ਰਿਪਲ ਜੰਪ ਤੇ 110 ਮੀਟਰ ਹਰਡਲਜ਼ ਦੌੜ ਵਿਚ ਵੀ ਭਾਗ ਲੈ ਲੈਂਦਾ ਸੀ। 1964 'ਚ ਉਹ ਸਪੋਰਟਸ ਸਕਾਲਰਸ਼ਿਪ ਨਾਲ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਦਾਖਲ ਹੋਇਆ ਤੇ ਯੂਨੀਵਰਸਿਟੀ ਵੱਲੋਂ 6 ਇੰਟਰਵਰਸਿਟੀ ਮੈਡਲ ਜਿੱਤੇ। 2 ਮੈਡਲ ਇੰਡੋ-ਰਸ਼ੀਅਨ ਮੀਟਾਂ 'ਚੋਂ, 1 ਮੈਡਲ ਇੰਡੋ-ਜਰਮਨ ਮੀਟ 'ਚੋਂ ਤੇ 2 ਏਸ਼ੀਅਨ ਟ੍ਰੈਕ ਚੈਂਪੀਅਨਸ਼ਿਪਾਂ 'ਚੋਂ ਜਿੱਤੇ। ਨਾਲ ਨੈਸ਼ਨਲ ਰਿਕਾਰਡ ਵੀ ਨਵਿਆਏ। 1967 ਵਿਚ ਵਰਲਡ ਸਟੂਡੈਂਟਸ ਗੇਮਜ਼ ਟੋਕੀਓ ਵਿਖੇ ਉਹ ਅਮਰੀਕੀ ਕੋਚ ਟੌਮੀ ਸਮਿੱਥ ਦੇ ਸੰਪਰਕ 'ਚ ਆਇਆ ਜਿਸ ਨੇ



ਸਪੋਰਟਸ ਸਕਾਲਰਸ਼ਿਪ ਦੁਆ ਕੇ ਉਸ ਨੂੰ ਕੈਲੀਫੋਰਨੀਆ ਦੀ ਯੂਨੀਵਰਸਿਟੀ 'ਚ ਪੁਚਾਇਆ। ਉਸ ਨੇ 8 ਮਈ 1971 ਨੂੰ ਫਰਿਜ਼ਨੋ ਵੈਸਟ ਕੋਸੇ ਰਿਲੇਅਜ਼ ਵਿਚ 55 ਫੁੱਟ ਤੋਂ ਵੱਧ ਛਾਲ ਲਾਈ ਜੋ ਅਮਰੀਕਾ ਦੀ ਧਰਤੀ 'ਤੇ ਦੂਜੀ ਸਭ ਤੋਂ ਲੰਮੀ ਤੀਹਰੀ ਛਾਲ ਸੀ। 1972 'ਚ ਉਸ ਨੇ 57 ਫੁੱਟ ਸਾਢੇ 5 ਇੰਚ ਤੀਹਰੀ ਛਾਲ ਲਾਈ ਜੋ ਫਾਊਲ ਮੰਨੀ ਗਈ। ਉਸ ਨੇ ਆਸਟਰੀਆ, ਜਰਮਨੀ, ਸਪੇਨ, ਇਟਲੀ, ਲੰਡਨ ਦੀਆਂ ਮੀਟਾਂ 'ਚ ਵੀ ਨਵੇਂ ਰਿਕਾਰਡ ਰੱਖੇ।

ਉਸ ਦਾ ਕੱਦ 6 ਫੁੱਟ ਹੈ ਤੇ ਭਾਰ 163 ਪੌਂਡ ਹੁੰਦਾ ਸੀ। ਉਹ 100 ਗਜ਼ ਦੌੜ 9.4 ਸੈਕੰਡ ਵਿਚ ਦੌੜ ਲੈਂਦਾ ਸੀ। ਵੇਟ ਟ੍ਰੇਨਿੰਗ, ਭਾਰੀ ਵਜ਼ਨ ਨਾਲ ਕਰਦਾ। 300 ਪੌਂਡ ਦੀ ਪੂਰੀ ਤੇ 600 ਪੌਂਡ ਦੀ ਅੱਧੀ ਬੈਠਕ ਮਾਰਦਾ ਸੀ। ਯੂਨੀਵਰਸਿਟੀ ਆਫ਼ ਰੈੱਡਲੈਂਡਜ਼ ਕੈਲੀਫੋਰਨੀਆਂ ਤੋਂ ਬਿਜ਼ਨੈਸ ਮੈਨੇਜਮੈਂਟ ਦੀ ਮਾਸਟਰ ਡਿਗਰੀ ਕਰਦਿਆਂ 1976 'ਚ ਉਹ ਸਰਗਰਮ ਛਾਲਾਂ ਤੋਂ ਰਿਟਾਇਰ ਹੋ ਗਿਆ ਤੇ ਮੋਹਿੰਦਰਾ ਸਪੋਰਟਿੰਗ ਗੁੱਡਜ਼ ਦਾ ਬਿਜ਼ਨੈੱਸ ਸ਼ੁਰੂ ਕਰ ਲਿਆ। ਉਹ ਹਾਕੀ ਸਟਿੱਕਾਂ, ਖੇਡ ਪੁਸ਼ਾਕਾਂ ਤੇ ਬਾਲਾਂ ਦੇ ਕੰਟੇਨਰ ਮੰਗਵਾਉਂਦਾ ਤੇ ਭਾਰਤੀ ਅਥਲੀਟਾਂ ਦੀ ਸਕਾਲਰਸ਼ਿਪ ਦੁਆਉਣ 'ਚ ਮਦਦ ਕਰਦਾ ਰਿਹਾ।

ਪਿਛੇ ਜਹੇ ਅਸੀਂ ਕੈਲੀਫੋਰਨੀਆ ਗਏ। ਪਤਾ ਲੱਗਾ ਕਿ ਮਹਿੰਦਰ ਸਿੰਘ ਗਿੱਲ ਫਰਿਜ਼ਨੋ ਨੇੜੇ ਟਰਲੱਕ ਸ਼ਹਿਰ 'ਚ ਰਹਿ ਰਿਹੈ। ਸਾਡਾ ਮੇਜ਼ਬਾਨ ਕਹਿਣ ਲੱਗਾ, "ਉਹ ਏਥੋਂ ਨੇੜੇ ਈ ਆ, ਆਖੋ ਤਾਂ ਗੱਲ ਕਰਾਵਾਂ?"

ਮਹਿੰਦਰ ਨਾਲ ਫੋਨ ਮਿਲਾ ਕੇ ਉਸ ਨੇ ਮੈਨੂੰ ਫੜਾ ਦਿੱਤਾ। ਉਹੀ ਚਾਲੀ ਸਾਲ ਪਹਿਲਾਂ ਵਰਗੀ ਆਵਾਜ਼ ਸੁਣਾਈ ਦਿੱਤੀ। ਮੈਂ ਪੁੱਛਿਆ, "ਕੀ ਹਾਲ ਐ ਹੁਣ ਅਲਸੀ ਦੇ ਫੁੱਲ ਦਾ?" ਉਹ ਪਹਿਲਾਂ ਵਾਲਾ ਹਾਸਾ ਹੱਸਿਆ ਤੇ ਆਖਣ ਲੱਗਾ, "ਅਲਸੀ ਦਾ ਫੁੱਲ ਤਾਂ ਹੁਣ ਕੁਮਲਾਇਆ ਪਿਐ। ਬਾਕੀ ਆ ਕੇ ਦੇਖ ਲਿਓ।"

ਉਥੋਂ ਅੱਧੇ ਪੌਣੇ ਘੰਟੇ ਦਾ ਰਾਹ ਸੀ। ਅਸੀਂ ਕਾਰ ਮਹਿੰਦਰ ਸਿੰਘ ਦੇ ਸ਼ਹਿਰ ਟਰਲੱਕ ਨੂੰ ਤੋਰ ਲਈ ਤੇ ਦਿਨ ਛਿਪਣ ਨਾਲ ਉਹਦੇ ਖੁੱਲ੍ਹੇ-ਡੁੱਲ੍ਹੇ ਘਰ ਜਾ ਪਹੁੰਚੇ। ਉਸ ਨੇ ਉਡੀਕ ਵਿਚ ਬਾਹਰਲਾ ਦਰ ਖੋਲ੍ਹ ਰੱਖਿਆ ਸੀ ਤੇ ਸਵਿਮਿੰਗ ਪੂਲ ਦੁਆਲੇ ਕੁਰਸੀਆਂ ਡਾਹੀ ਬੈਠਾ ਸੀ। ਤਰਕੇ ਦੀ ਮਹਿਕ ਫੁੱਲਾਂ ਦੀ ਮਹਿਕ ਉਤੋਂ ਦੀ ਹੋਈ ਪਈ ਸੀ। ਵੇਲਾਂ ਬੂਟਿਆਂ ਨੂੰ ਲੱਗੇ ਰੰਗ ਬਰੰਗੇ ਫੁੱਲ ਟਹਿਕ ਰਹੇ ਸਨ। ਪੂਲ ਦਾ ਨਿਰਮਲ ਪਾਣੀ ਹਵਾ ਤੇ ਚਾਨਣ ਨਾਲ ਝਿਲਮਿਲ-ਝਿਲਮਿਲ ਕਰ ਰਿਹਾ ਸੀ।

ਮੈਥੋਂ 7 ਸਾਲ ਛੋਟੇ ਮਹਿੰਦਰ ਨੂੰ ਮੈਂ ਨੀਝ ਨਾਲ ਵੇਖਿਆ। ਉਹੀ ਛਾਂਗਵੀਂ ਦਾੜ੍ਹੀ, ਨਿੱਕੀਆਂ ਮੁੱਛਾਂ ਤੇ ਹੱਸਦੀਆਂ ਅੱਖਾਂ। ਗੋਰਾ ਰੰਗ ਤੇ ਚਿੱਟੇ ਦੰਦ। ਮੁਸਕਰਾਹਟ ਵੀ ਪਹਿਲਾਂ ਵਰਗੀ ਲੁਭਾਉਣੀ। ਕੁਮਲਾਅ ਜਾਣ ਵਾਲੀ ਕੋਈ ਗੱਲ ਨਹੀਂ ਸੀ। ਅਸੀਂ ਸਾਲਾਂ ਬਾਅਦ ਮਿਲੇ ਸਾਂ ਇਸ ਲਈ ਗੱਲਾਂ ਅਜਿਹੀਆਂ ਤੁਰੀਆਂ ਕਿ ਡੂੰਘੀ ਰਾਤ ਤਕ ਤੁਰੀਆਂ ਹੀ ਗਈਆਂ। ਉਥੇ ਉਹ 'ਮਹਿੰਦਰ ਸਪੋਰਟਸ ਇੰਕ' ਨਾਂਅ ਦਾ ਸਪੋਰਟਸ ਸਟੋਰ ਚਲਾ ਰਿਹਾ ਸੀ।

ਉਸ ਦਾ ਜਨਮ 12 ਅਪਰੈਲ 1947 ਨੂੰ ਜਲੰਧਰ ਨੇੜੇ ਪਿੰਡ ਫੋਲੜੀਵਾਲ ਵਿਚ ਸ. ਧੰਨਾ ਸਿੰਘ ਦੇ ਘਰ ਮਾਤਾ ਨਸੀਬ ਕੌਰ ਦੀ ਕੁੱਖੋਂ ਹੋਇਆ ਸੀ। ਉਨ੍ਹਾਂ ਦਾ ਪਿਛਲਾ ਪਿੰਡ ਜਮਸ਼ੇਰ ਸੀ। ਜਮਸ਼ੇਰ ਤੋਂ ਉਸ ਨੇ ਅੱਠ ਜਮਾਤਾਂ ਪਾਸ ਕੀਤੀਆਂ ਤੇ ਵਾਲੀਬਾਲ ਦੀ ਖੇਡ ਦੇ ਸਿਰ 'ਤੇ ਨੌਵੀਂ 'ਚ ਸਪੋਰਟਸ ਸਕੂਲ ਜਲੰਧਰ ਵਿਚ ਦਾਖਲ ਹੋਇਆ। ਉਨ੍ਹੀਂ ਦਿਨੀਂ ਉਹ ਤੇ ਉਹਦੇ ਸਾਥੀ ਤੜਕੇ ਤਿੰਨ ਵਜੇ ਉੱਠ ਖੜ੍ਹਦੇ। ਕਦੇ ਨਹਿਰ ਦੀ ਪਟੜੀ ਤੇ ਕਦੇ ਰੇਤੇ ਉਤੇ ਦੌੜਨ ਲੱਗਦੇ। ਇੱਕੋ ਲੱਤ ਉਤੇ ਜੰਪ ਲੈਂਦਿਆਂ ਗਰਾਊਂਡ ਦਾ ਗੇੜਾ ਲਾਉਂਦੇ। ਉਸ ਅਭਿਆਸ ਨੇ ਮਹਿੰਦਰ ਸਿੰਘ ਦੀਆਂ ਲੱਤਾਂ 'ਚ ਲੋਹੜੇ ਦੀ ਤਾਕਤ ਭਰ ਦਿੱਤੀ। ਉਥੇ ਉਹ ਆਲ ਇੰਡੀਆ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣ ਗਿਆ।

1964 'ਚ ਉਸ ਨੇ ਹਾਇਰ ਸੈਕੰਡਰੀ ਪਾਸ ਕੀਤੀ ਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਪੋਰਟਸ ਕੋਟੇ ਵਾਲੇ ਕਾਲਜ ਵਿਚ ਦਾਖਲ ਹੋ ਗਿਆ। ਮੈਂ ਉਦੋਂ ਦਿੱਲੀ ਯੂਨੀਵਰਸਿਟੀ ਦਾ ਅਥਲੀਟ ਸਾਂ। ਐੱਮਏ ਕਰ ਕੇ ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਗਿਆ ਤਾਂ ਉਥੇ ਛੇ ਫੁੱਟਾ ਸ਼ੁਕੀਨ ਜੁਆਨ ਵੇਖਿਆ। ਉਸ ਤੋਂ ਇੱਕ ਪ੍ਰੋਫੈਸਰ ਦਾ ਥਾਂ ਟਿਕਾਣਾ ਪੁੱਛਿਆ ਤਾਂ ਉਹ ਦੱਸ ਨਾ ਸਕਿਆ ਤੇ ਚੁੱਪ ਕੀਤਾ ਅੱਗੇ ਲੰਘ ਗਿਆ। ਸ਼ਾਮ ਨੂੰ ਮੈਂ ਟਰੈਕ 'ਚ ਗਿਆ ਤਾਂ ਪਤਾ ਲੱਗਾ ਕਿ ਜਿਹੜੇ ਸ਼ੁਕੀਨ ਜੁਆਨ ਨੂੰ ਦੁਪਹਿਰੇ ਮਿਲਿਆ ਸਾਂ ਉਹ ਟ੍ਰਿਪਲ ਜੰਪਰ ਮਹਿੰਦਰ ਸਿੰਘ ਹੀ ਸੀ ਜੀਹਦੀਆਂ ਅਖ਼ਬਾਰਾਂ ਵਿਚ ਸੁਰਖ਼ੀਆਂ ਲੱਗਣ ਲੱਗ ਪਈਆਂ ਸਨ।

1966 ਦੀ ਗੱਲ ਹੈ। ਦਿੱਲੀ ਦੇ ਰੇਲਵੇ ਸਟੇਡੀਅਮ ਵਿਚ ਉਹ ਇਕ ਰੂਸੀ ਖਿਡਾਰਨ ਨਾਲ ਗੱਲਾਂ ਕਰ ਰਿਹਾ ਸੀ। ਉਹਦਾ ਨਾਂਅ ਓਲਗਾ ਸੀ ਜਾਂ ਉਲੇਨਾ, ਪੱਕਾ ਯਾਦ ਨਹੀਂ। ਉਹ ਇਕ ਖੂੰਜੇ ਖੜ੍ਹੇ ਕਾਫੀ ਦੇਰ ਘੁਸਰ-ਮੁਸਰ ਕਰਦੇ ਰਹੇ। ਪਤਾ ਨਹੀਂ ਕਿਹੜਾ ਕਿੱਸਾ ਸੀ ਜੋ ਮੁੱਕਣ ਵਿਚ ਨਹੀਂ ਸੀ ਆ ਰਿਹਾ। ਅਖ਼ੀਰ ਰੂਸੀ ਕੁੜੀ ਨੂੰ ਉਹਦੇ ਟੀਮ ਮੈਨੇਜਰ ਨੇ ਸੱਦ ਲਿਆ ਤੇ ਮਹਿੰਦਰ ਡੋਲਦਾ ਜਿਹਾ ਸਾਡੇ ਕੋਲ ਆ ਗਿਆ। 'ਕਲਹਿਰੀ ਮੋਰ' ਜਰਨੈਲ ਸਿੰਘ ਨੇ ਪੁੱਛਿਆ, "ਬਣੀ ਗੱਲ?"

ਮਹਿੰਦਰ ਗਿੱਲ ਨੇ ਕਿਹਾ, "ਕਿਹੜੀ?"

"ਓਇ ਓਹੀ।" ਜਰਨੈਲ ਸਿੰਘ ਨੇ ਮਚਲਾ ਬਣਦਿਆਂ ਕਿਹਾ।

"ਓਇ ਜਾਣ ਦਿਓ। ਉਹ ਤਾਂ ਅਸੀਂ ਈਵੈਂਟ ਦੀਆਂ ਗੱਲਾਂ ਕਰਦੇ ਸੀ। ਐਵੇਂ ਹੱਥਾਂ 'ਤੇ ਉਂਗਲਾਂ ਜੀਆਂ ਮਾਰੀ ਗਈ। ਆਪਾਂ ਨੂੰ ਕਿਹੜਾ ਰੂਸੀ ਸਮਝ ਆਉਂਦੀ ਆ? ਆਹ ਫੋਟੋ ਦੇ ਗਈ ਆ ਜਾਂਦੀ ਹੋਈ। ਪਤਾ ਨੀ ਇਹਦੇ 'ਤੇ ਕੀ ਲਿਖਿਆ?" ਗੱਲਾਂ ਕਰਦਿਆਂ ਉਹਦਾ ਮੂੰਹ ਸੰਗ ਨਾਲ ਸੂਹਾ ਹੋਈ ਜਾ ਰਿਹਾ ਸੀ। ਸਾਥੀ ਉਹਨੂੰ ਦੇਰ ਤਕ ਛੇੜਦੇ ਰਹੇ।

ਸਪੋਰਟਸ ਸਕੂਲ ਜਲੰਧਰ ਵਿਚ ਭਾਵੇਂ ਉਹ ਵਾਲੀਬਾਲ ਦੇ ਖਿਡਾਰੀ ਵਜੋਂ ਦਾਖਲ ਹੋਇਆ ਸੀ ਪਰ ਛੇਤੀ ਹੀ ਅਥਲੈਟਿਕਸ ਵੱਲ ਆ ਗਿਆ ਸੀ। ਪਹਿਲੇ ਹੀ ਦਿਨ ਉਸ ਨੇ 41 ਫੁੱਟ ਹਾਪ ਸਟੈੱਪ ਐਂਡ ਜੰਪ ਕੀਤਾ। ਸਕੂਲ 'ਚ ਪੜ੍ਹਦਿਆਂ ਉਹ 48 ਫੁੱਟ ਸਾਢੇ 4 ਇੰਚ ਤੀਹਰੀ ਛਾਲ ਲਾ ਗਿਆ ਸੀ। ਉਹਦੇ ਸਰੀਰ ਵਿਚ ਲਚਕ ਸੀ ਤੇ ਕੱਦ ਦੇ ਹਿਸਾਬ ਲੱਤਾਂ ਲੰਮੇਰੀਆਂ ਸਨ। ਉਹਦੀ ਹੋਣਹਾਰੀ ਵੇਖਦਿਆਂ ਅਖ਼ਬਾਰਾਂ 'ਚ ਉਹਦੇ ਨਾਂਅ ਦੀਆਂ ਸੁਰਖ਼ੀਆਂ ਲੱਗਣ ਲੱਗ ਪਈਆਂ ਸਨ।

ਕੁਰੂਕਸ਼ੇਤਰ ਯੂਨੀਵਰਸਿਟੀ 'ਚ ਉਸ ਨੇ ਪਹਿਲੇ ਸਾਲ ਹੀ ਭਾਰਤੀ ਯੂਨੀਵਰਸਿਟੀਆਂ ਦਾ ਰਿਕਾਰਡ ਰੱਖ ਦਿੱਤਾ ਸੀ। ਉਹ ਖੇਡਾਂ ਦੇ ਨਾਲ ਪੜ੍ਹਾਈ ਵਿਚ ਵੀ ਹੁਸ਼ਿਆਰ ਰਿਹਾ। ਇਕ ਇਮਤਿਹਾਨ ਵਿਚ ਤਾਂ ਉਹ ਯੂਨੀਵਰਸਿਟੀ 'ਚੋਂ ਦੂਜੇ ਨੰਬਰ 'ਤੇ ਆ ਗਿਆ ਸੀ। ਉਦੋਂ ਉਹ ਕਿਹਾ ਕਰਦਾ ਸੀ ਕਿ ਪੜ੍ਹਾਈ ਮੁਕਾ ਕੇ ਜਾਂ ਪ੍ਰੋਫੈਸਰ ਬਣਾਂਗਾ ਜਾਂ ਕੋਈ ਹੋਰ ਵੱਡਾ ਅਫਸਰ। ਕਦੇ ਕਦੇ ਉਹ ਕਹਿੰਦਾ ਸੀ ਕਿ ਮੈਂ ਚਾਹ ਦੇ ਬਾਗ਼ਾਂ ਦੀ ਨੌਕਰੀ ਕਰਾਂਗਾ। ਕਦੇ ਸੈਰ ਸਪਾਟੇ ਦੀਆਂ ਗੱਲਾਂ ਕਰਦਾ ਸੀ। ਉਹਦੇ ਪਿਤਾ ਦਾ ਉੜੀਸਾ ਤੇ ਬੰਗਾਲ ਵਿਚ ਟਰਾਂਸਪੋਰਟ ਦਾ ਕਾਰੋਬਾਰ ਸੀ। ਮਹਿੰਦਰ ਦੇ ਬਚਪਨ ਦਾ ਕੁਝ ਸਮਾਂ ਕਲਕੱਤੇ ਵਿਚ ਵੀ ਗੁਜ਼ਰਿਆ ਸੀ।

ਉਹ ਬੀਏ ਕਰ ਕੇ ਐੱਮਏ ਕਰਨ ਲੱਗਾ ਸੀ ਕਿ ਰੇਲਵੇ ਵਾਲਿਆਂ ਨੇ ਸਪੋਰਟਸ ਕੋਟੇ ਵਿਚ ਉਸ ਨੂੰ ਨੌਕਰੀ ਦੇ ਦਿੱਤੀ ਸੀ। ਪਰ ਉਹ ਨੌਕਰੀ ਛੇਤੀ ਹੀ ਛੱਡ ਕੇ ਉਸ ਨੇ ਜਮਸ਼ੇਦਪੁਰ ਟਿਸਕੋ ਵਾਲਿਆਂ ਦੀ ਪੇਸ਼ਕਸ਼ ਮਨਜ਼ੂਰ ਕਰ ਲਈ ਸੀ। ਉਹ 1966 ਦੀਆਂ ਏਸ਼ਿਆਈ ਖੇਡਾਂ ਲਈ ਭਾਰਤੀ ਟੀਮ ਵਿਚ ਚੁਣਿਆ ਗਿਆ ਸੀ। ਫਿਰ 1970 ਤੇ 74 ਦੀਆਂ ਏਸ਼ਿਆਈ ਤੇ ਕਾਮਨਵੈਲਥ ਖੇਡਾਂ 'ਚੋਂ ਭਾਰਤ ਲਈ ਤਮਗੇ ਜਿੱਤੇ। ਭਾਰਤ ਤੇ ਏਸ਼ੀਆ ਦਾ ਰਿਕਾਰਡ ਵੀ ਕੁਝ ਸਮਾਂ ਉਹਦੇ ਨਾਂਅ ਰਿਹਾ।

ਇਕ ਵਾਰ ਮੂੰਹ ਹਨ੍ਹੇਰੇ ਉਹ ਕਰਾਸ ਕੰਟਰੀ ਲਾ ਰਿਹਾ ਸੀ। ਲਾਗਲੇ ਪਿੰਡ ਦਾ ਬੰਦਾ ਪੁੱਛਣ ਲੱਗਾ, "ਕੀ ਗੱਲ, ਪਿੰਡ ਪੁਲਿਸ ਪੈ ਗਈ?" ਅਗਲੇ ਪਿੰਡ ਪਹੁੰਚਿਆ ਤਾਂ ਕੁੱਤੇ ਮਗਰ ਪੈ ਗਏ। ਉਸ ਨੇ ਦੱਸਿਆ, "ਹਨ੍ਹੇਰੇ ਸਵੇਰੇ ਦੌੜਦੇ ਸੀ ਤਾਂ ਦੂਜੇ ਪਿੰਡਾਂ ਵਾਲੇ ਕਹਿੰਦੇ ਬਈ ਇਹਨੂੰ ਕੀ ਬਣੀ? ਪਾਥੀਆਂ ਪੱਥਦੀਆਂ ਕੁੜੀਆਂ ਪਾਥੀਆਂ ਪੱਟਣੋਂ ਹਟ ਜਾਂਦੀਆਂ ਤੇ ਖੜ੍ਹ-ਖੜ੍ਹ ਦੇਖਦੀਆਂ। ਬੁੱਢੇ ਮੱਥਿਆਂ 'ਤੇ ਹੱਥ ਰੱਖ ਕੇ ਦੂਰ ਤਕ ਦੇਖਦੇ ਰਹਿੰਦੇ। ਉਹ ਸਮਝਦੇ ਜਾਂ ਤਾਂ ਬੰਦਾ ਡਰ ਕੇ ਦੌੜਦਾ ਜਾਂ ਕਿਸੇ ਬਹੁਤੇ ਜ਼ਰੂਰੀ ਕੰਮ ਹੌਂਕਣੀਆਂ ਚੜ੍ਹਾਉਂਦਾ। ਦੌੜਨ ਲਈ ਭਲਾ ਕੌਣ ਦੌੜਦੈ?"

ਮਹਿੰਦਰ ਸਿੰਘ ਦੌੜਦਾ ਤਾਂ ਉਹਦੀ ਗਿੱਚੀ ਉਤਲੇ ਰੇਸ਼ਮੀ ਵਾਲ ਨਿੱਕੀਆਂ ਨਿੱਕੀਆਂ ਛਾਲਾਂ ਮਾਰਦੇ। ਜਦੋਂ ਛਾਲ ਲਾਉਂਦਾ ਤਾਂ ਪੈਰ ਤੋਂ ਹੀ ਤੇਜ਼ ਭੱਜਦਾ। ਤੀਹਰੀ ਛਾਲ ਲਾਉਂਦਿਆਂ ਉਹਦਾ ਹੋਪ ਲੰਮਾ ਹੁੰਦਾ, ਸਟੈਪ ਛੋਟਾ ਤੇ ਜੰਪ ਉਸ ਤੋਂ ਵੀ ਛੋਟਾ। ਜਦੋਂ ਉਹ 53 ਫੁੱਟ ਛਾਲ ਲਾਉਣ ਲੱਗਾ ਤਾਂ ਉਸ ਨੂੰ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਵੱਲੋਂ ਪੜ੍ਹਾਈ ਤੇ ਖੇਡਾਂ ਦਾ ਸਕਾਲਰਸ਼ਿਪ ਮਿਲਿਆ। ਟਰਲੱਕ 'ਚ ਹੋਈ ਲੰਮੀ ਮੁਲਾਕਾਤ ਸਮੇਂ ਉਸ ਨੇ ਉਹ ਸਾਰੀਆਂ ਦੁਸ਼ਵਾਰੀਆਂ ਦੱਸੀਆਂ ਕਿ ਕਿਵੇਂ ਉਹ ਕੈਲੀਫੋਰਨੀਆ ਆਇਆ ਤੇ ਕਿਵੇਂ ਕੁਝ ਚਿਰ ਬੌਂਦਲਿਆ ਰਿਹਾ।

ਪਹਿਲਾਂ ਪਹਿਲ ਉਸ ਨੂੰ ਬੋਲੀ ਤੇ ਖਾਧ ਖੁਰਾਕ ਦੀਆਂ ਸਮੱਸਿਆਵਾਂ ਆਈਆਂ। ਨਾ ਉਸ ਨੂੰ ਕੋਚਾਂ ਦੀ ਭਾਸ਼ਾ ਸਮਝ ਆਉਂਦੀ ਨਾ ਅਮਰੀਕਨ ਖਾਣਾ ਸੁਆਦ ਲੱਗਦਾ। ਕੋਚਿੰਗ ਮਸ਼ੀਨੀ ਟਾਈਪ ਦੀ ਸੀ। ਕਦੇ ਕਦੇ ਉਥੋਂ ਭੱਜਣ ਨੂੰ ਦਿਲ ਕਰਦਾ। ਫਿਰ ਵੀ ਉਹ ਅਮਰੀਕਾ 'ਚ ਟ੍ਰੇਨਿੰਗ ਲੈਂਦਾ ਰਿਹਾ ਤੇ ਭਾਰਤ ਦੀ ਨੁਮਾਇੰਦਗੀ ਕਰਦਾ ਰਿਹਾ। 1972 ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ ਲਈ ਉਹ ਤੇ ਕਮਲਜੀਤ ਸੰਧੂ ਅਮਰੀਕਾ ਤੋਂ ਹੀ ਮਿਊਨਖ਼ ਗਏ ਸਨ।

ਕੈਲੀਫੋਰਨੀਆ ਦੀ ਕੋਚਿੰਗ ਨਾਲ ਉਹਦੀ ਛਾਲ ਕਾਫੀ ਵਧ ਗਈ। ਵੱਡਾ ਫਾਇਦਾ ਇਹ ਹੋਇਆ ਕਿ ਉਥੇ ਉਸ ਦਾ ਵਿਆਹ ਹੋ ਗਿਆ ਤੇ ਅਮਰੀਕਨ ਬਣ ਗਿਆ। ਉਸ ਦਾ ਵਿਆਹ ਬੀਬੀ ਨਰਿੰਦਰ ਕੌਰ ਨਾਲ ਹੋਇਆ ਜਿਸ ਦਾ ਪੇਕਾ ਪਿੰਡ ਬਾਜਤਾ ਸੀ ਤੇ ਮਾਪੇ ਇੰਗਲੈਂਡ ਰਹਿੰਦੇ ਸਨ। ਉਹ ਵੀ ਪੜ੍ਹਨ ਲਈ ਅਮਰੀਕਾ ਆਈ ਸੀ। ਉਨ੍ਹਾਂ ਦਾ ਵਿਆਹ 1974 ਵਿਚ ਹੋਇਆ। ਉਨ੍ਹਾਂ ਦੇ ਇਕ ਪੁੱਤਰ ਹੈ ਤੇ ਦੋ ਧੀਆਂ ਹਨ। ਪੁੱਤਰ ਦਾ ਨਾਂਅ ਹਰਮਨ ਸਿੰਘ ਹੈ ਤੇ ਧੀਆਂ ਗੁਰਿੰਦਰ ਕੌਰ ਤੇ ਅਮਿਤ ਕੌਰ ਹਨ। ਨਰਿੰਦਰ ਕੌਰ ਸਵਰਗ ਸਿਧਾਰ ਗਈ ਹੈ। ਮਹਿੰਦਰ ਸਿੰਘ ਹੁਣ ਰਤਵਾੜਾ ਸਾਹਿਬ ਟ੍ਰੱਸਟ ਦਾ ਮੈਂਬਰ ਹੈ ਤੇ ਚੰਡੀਗੜ੍ਹ ਲਾਗੇ ਰਤਵਾੜਾ ਸਾਹਿਬ ਆਉਂਦਾ ਜਾਂਦਾ ਰਹਿੰਦਾ ਹੈ। ਉਹਦੇ ਘਰ ਬਾਬਾ ਵਰਿਆਮ ਸਿੰਘ ਜੀ ਤੇ ਉਨ੍ਹਾਂ ਦੀ ਸੁਪਤਨੀ ਦੀਆਂ ਆਦਮ ਕੱਦ ਤਸਵੀਰਾਂ ਲੱਗੀਆਂ ਹੋਈਆਂ ਹਨ।

ਕਿਥੇ ਉਹ ਦਿਨ ਤੇ ਕਿਥੇ ਆਹ ਦਿਨ! ਮਹਿੰਦਰ ਸਿੰਘ ਗਿੱਲ 'ਅਲਸੀ ਦੇ ਫੁੱਲ' ਤੋਂ ਸਾਧ ਸੰਤ ਬਣਨ ਦੇ ਰਾਹ ਪੈ ਗਿਆ ਲੱਗਦਾ ਹੈ। ਕੋਈ ਪਤਾ ਨਹੀਂ ਜਿੱਡਾ ਵੱਡਾ ਉਹ ਅਥਲੀਟ ਸੀ ਓਡਾ ਵੱਡਾ ਹੀ ਸੰਤ ਮਹਾਂਪੁਰਸ਼ ਬਣ ਜਾਵੇ। ਦੁਨੀਆ ਉਸ ਨੂੰ ਪੂਜਣ ਤੇ ਮੱਥੇ ਟੇਕਣ ਲੱਗ ਪਵੇ। ਤੇ ਕੀ ਪਤਾ ਮੈਨੂੰ ਉਹਦੇ ਬਾਰੇ ਲਿਖੇ ਜਾਣ ਵਾਲੇ ਕਿਸੇ ਹੋਰ ਸ਼ਬਦ ਚਿੱਤਰ ਦਾ ਸਿਰਲੇਖ 'ਸੰਤ ਬਾਬਾ ਮਹਿੰਦਰ ਸਿੰਘ ਜੀ' ਰੱਖਣਾ ਪਵੇ?

# ਵਿਨੇਸ਼ ਫੋਗਟ ਦਾ ਹਰ ਹਾਲਤ ਵਿਚ ਹੋਵੇਗਾ ਲੋਕ ਸਨਮਾਨ

ਭਾਰਤੀ ਕੁਸ਼ਤੀ ਦਾ ਮਾਣ, ਖ਼ਾਸ ਕਰਕੇ ਔਰਤਾਂ ਦੀ ਆਣ, ਅਣਖ ਦੀ ਸ਼ਾਨ ਬੀਬੀ ਵਿਨੇਸ਼ ਫੋਗਟ ਦਾ ਸਨਮਾਨ ਭਾਰਤ ਦੇ ਕਰੋੜਾਂ ਲੋਕਾਂ ਵੱਲੋਂ ਹਰ ਹਾਲਤ ਵਿਚ ਕੀਤਾ ਜਾਵੇਗਾ। ਸਾਧਾਰਨ ਘਰ ਦੀ ਜਾਈ ਸਾਡੀ ਧੀ ਨੇ ਕੁਸ਼ਤੀਆਂ ਤੇ ਔਰਤਾਂ ਦੀ ਪੱਤ ਦੀ ਰਾਖੀ ਲਈ ਜੋ ਸੰਘਰਸ਼ ਲੜਿਆ ਹੈ, ਉਹ ਕਰੋੜਾਂ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਹੈ। ਅਸੀਂ ਲੇਖਕ ਲੋਕ ਕਲਮਾਂ ਨਾਲ ਉਸ ਸੰਘਰਸ਼ ਦਾ ਭਾਗ ਬਣ ਰਹੇ ਹਾਂ, ਜਿਸ ਦਾ ਰੋਹ ਭਰਿਆ ਪਹਿਲਾ ਹੋਕਰਾ ਪੰਜਾਬੀ ਦੇ 'ਵਰਿਆਮ' ਲੇਖਕ ਵਰਿਆਮ ਸਿੰਘ ਸੰਧੂ ਨੇ ਮਾਰਿਆ ਸੀ।



ਸਾਡੇ ਦੇਸ਼ ਦੀ ਇਸ ਧੀ ਨੇ ਬੜਾ ਜਫ਼ਰ ਜਾਲ ਕੇ ਰਾਸ਼ਟਰੀ, ਅੰਤਰਰਾਸ਼ਟਰੀ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿਚੋਂ ਤਾਂਬੜੇ ਮੈਡਲ ਜਿੱਤੇ ਸਨ। ਅੰਤਾਂ ਦੀ ਮਿਹਨਤ ਕਰ ਕੇ, ਸਿਦਕ ਪਾਲ ਕੇ, ਜਰਵਾਣੇ ਖੇਡ ਸਿਆਸਤਦਾਨਾਂ ਵਿਰੁੱਧ ਲੜ ਕੇ, ਦੁੱਖੜੇ ਝੱਲ ਕੇ, ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਵੀ ਪਹੁੰਚ ਗਈ ਸੀ। ਪ੍ਰੀਕੁਆਰਟਰ, ਕੁਆਰਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲੇ ਜਿੱਤ ਕੇ ਸੋਨੇ/ਚਾਂਦੀ ਦਾ ਮੈਡਲ ਗਲ ਪੁਆਉਣ ਲਈ ਵੀ ਕੁਆਲੀਫਾਈ ਕਰ ਗਈ ਸੀ ਪਰ ਅਜੇ ਤਕ ਉਸਨੂੰ ਕੋਈ ਓਲੰਪਿਕ ਮੈਡਲ ਨਹੀਂ ਮਿਲਿਆ। 50 ਕਿਲੋ ਤੋਂ ਘੱਟ ਸਰੀਰਕ ਵਜ਼ਨ ਨਾਲ ਸੈਮੀਫਾਈਨਲ ਕੁਸ਼ਤੀ ਜਿੱਤ ਕੇ ਉਹ ਘੱਟੋ-ਘੱਟ ਚਾਂਦੀ ਦਾ ਓਲੰਪਿਕ ਮੈਡਲ ਤਾਂ ਜਿੱਤ ਹੀ ਗਈ ਸੀ। ਪਰ ਕੇਸ ਅਜੇ ਕੋਰਟ ਵਿਚ ਹੈ ਜਿਸਦਾ ਫੈਸਲਾ 13 ਅਗਸਤ ਨੂੰ ਸੁਣਾਇਆ ਜਾਣਾ ਹੈ।

ਓਲੰਪਿਕ ਖੇਡਾਂ ਦਾ ਮੇਲਾ ਮੁੱਕ ਚੁੱਕੈ। ਮੈਡਲ ਵੰਡੇ ਜਾ ਚੁੱਕੇ ਨੇ। ਹੁਣ 'ਮਹਾਨ' ਦੇਸ਼ ਦੀ ਮਹਾਨ ਧੀ ਵਿਨੇਸ਼ ਫੋਗਟ ਨੂੰ, ਜੋ ਦੇਸ਼ ਦੀ ਇੱਜ਼ਤ, ਅਣਖ ਅਤੇ ਔਰਤਾਂ ਦੀ ਪੱਤ ਲਈ ਜੂਝੀ ਹੈ, ਉਸ ਨੂੰ ਦੇਸ਼ ਦੇ ਕਰੋੜਾਂ ਲੋਕ 'ਮਹਾਨ ਲੋਕ ਸਨਮਾਨ' ਨਾਲ ਸਨਮਾਨਿਤ ਕਰਨਗੇ।

ਖੇਡ ਲੇਖਣ ਤੇ ਖੇਡ ਪ੍ਰਮੋਸ਼ਨ ਨਮਿੱਤ ਮੇਰੀਆਂ ਉਮਰ ਭਰ ਦੀਆਂ ਤੁੱਛ ਸੇਵਾਵਾਂ ਲਈ ਖੇਡ ਪ੍ਰੇਮੀਆਂ ਨੇ ਮੈਨੂੰ 2023 ਦੇ 'ਪੁਰੇਵਾਲ ਖੇਡ ਮੇਲੇ' ਵਿਚ 'ਖੇਡ ਰਤਨ' ਪੁਰਸਕਾਰ ਨਾਲ ਸਨਮਾਨਿਆ ਸੀ। ਉਸ ਪੁਰਸਕਾਰ ਵਿਚ ਸ਼ੁੱਧ ਸੋਨੇ ਦਾ ਇੱਕ ਮੈਡਲ ਵੀ ਸੀ। ਦੇਸ਼ ਦੀ ਜੁਝਾਰੂ ਧੀ ਵਿਨੇਸ਼ ਦੇ ਸਿਰ 'ਤੇ ਹੱਥ ਰੱਖਦਾ, ਉਸ ਨੂੰ ਧਰਵਾਸ ਦਿੰਦਾ ਮੈਂ ਆਪਣਾ 'ਖੇਡ ਰਤਨ' ਦਾ ਮੈਡਲ ਉਸ ਦੀ ਝੋਲੀ ਪਾ ਰਿਹਾਂ। ਮੈਨੂੰ ਆਸ ਹੈ ਕਿ 'ਲੋਕ ਸਨਮਾਨ' ਦੇਣ ਵਾਲੇ ਸੱਜਣ ਅਤੇ ਸਾਡੀ ਬਹਾਦਰ ਬੀਬੀ ਵਿਨੇਸ਼ ਮੇਰੀ ਤਿੱਲ-ਫੁੱਲ ਜਹੀ ਭੇਟਾ ਪਰਵਾਨ ਕਰ ਲੈਣਗੇ।

ਕਰੋੜਾਂ ਲੋਕਾਂ ਦੀ ਮਨੋਕਾਮਨਾ ਹੈ ਕਿ 'ਚੈਂਪੀਅਨਾਂ ਦੀ ਚੈਂਪੀਅਨ' ਵਿਨੇਸ਼ ਹਾਲੇ ਕੁਸ਼ਤੀਆਂ ਲੜਨੀਆਂ ਨਾ ਛੱਡੇ ਅਤੇ ਅਗਲੀਆਂ ਓਲੰਪਿਕ ਖੇਡਾਂ ਤੱਕ ਮੈਡਲ ਜਿੱਤਣ ਲਈ ਜੂਝਦੀ ਰਹੇ।




ਹੋਣਹਾਰ ਧੀਏ! ਅਸੀਂ ਤੈਨੂੰ ਹਾਰੀ ਨਹੀਂ, ਜਿੱਤੀ ਹੀ ਮੰਨਦੇ ਹਾਂ। ਡਿਸਕੁਆਲੀਫਾਈਡ ਨਹੀਂ, ਕੁਆਲੀਫਾਈਡ ਮੰਨਦੇ ਹਾਂ।

*-ਪ੍ਰਿੰ.ਸਰਵਣ ਸਿੰਘ*

# ਪੰਜਾਬੀ ਸੂਬਾ, ਪ੍ਰਿਥਵੀ ਰਾਜ ਕਪੂਰ ਤੇ ਚਾਚਾ ਚੰਡੀਗੜ੍ਹੀਆ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਹਥਲਾ ਲੇਖ ਭੁੱਲੀਆਂ ਵਿਸਰੀਆਂ ਯਾਦਾਂ ਬਾਰੇ ਹੈ। ਪੰਜਾਬੀ ਸੂਬੇ ਲਈ ਦਿੱਤੀਆਂ ਸਿੱਖਾਂ ਦੀਆਂ ਕੁਰਬਾਨੀਆਂ ਬਦਲੇ ਪ੍ਰਾਪਤ ਹੋਏ ਨਿਕਚੂ ਜਿਹੇ ਰਾਜ ਬਾਰੇ ਜਿਸ ਨੂੰ ਪੰਜਾਬੀ ਭਾਸ਼ੀ ਸੂਬਾ ਕਿਹਾ ਜਾਂਦਾ ਹੈ। ਇਸਦਾ ਐਲਾਨ 1965 ਦੀ ਭਾਰਤ-ਪਾਕਿ ਜੰਗ ਪਿੱਛੋਂ ਹੋ ਗਿਆ ਸੀ। ਪਹਿਲੀ ਨਵੰਬਰ 1966 ਨੂੰ। ਹਥਲੀ ਘਟਨਾ 12 ਮਈ, 1967 ਦੀ ਹੈ ਜਿਸਨੂੰ ਚਾਚਾ ਚੰਡੀਗੜ੍ਹੀਆ ਵਿਅੰਗਕਾਰ ਨੇ 'ਕੌਮੀ ਏਕਤਾ' ਰਸਾਲੇ ਦੇ ਨਵੰਬਰ 1974 ਵਾਲੇ ਅੰਕ ਲਈ ਕਲਮਬੰਦ ਕੀਤਾ ਹੈ। ਏਥੇ ਉਸਦਾ ਸੰਖੇਪ ਰੂਪ ਦਿੱਤਾ ਜਾ ਰਿਹਾ ਹੈ।

ਵਿਅੰਗ ਦਾ ਆਰੰਭ ਫਿਲਮੀ ਹਸਤੀ ਪ੍ਰਿਥਵੀ ਰਾਜ ਕਪੂਰ ਦੀ ਨਵ-ਜੰਮਿਆ ਪੰਜਾਬੀ ਸੂਬਾ ਵੇਖਣ ਦੀ ਚਾਹਨਾ ਨਾਲ ਹੁੰਦਾ ਹੈ। ਉਹ ਆਪਣੇ ਜੂਨੀਅਰ ਮਿੱਤਰ ਗੁਰਨਾਮ ਸਿੰਘ ਤੀਰ ਨੂੰ ਦਿੱਲੀ ਸੱਦ ਲੈਂਦਾ ਹੈ ਤਾਂ ਕਿ ਹਵਾਈ ਜਹਾਜ਼ ਉੱਤੇ ਦਿੱਲੀ ਪਹੁੰਚਣ ਤੋਂ ਪਿਛੋਂ ਉਹ ਰੇਲ ਗੱਡੀ ਰਾਹੀਂ ਤੀਰ ਦੀ ਸੰਗਤ ਮਾਣਦਾ ਹੋਇਆ ਚੰਡੀਗੜ੍ਹ ਪਹੁੰਚ ਸਕੇ।

ਤੀਰ ਸਾਹਬ ਦੇ ਮਿਲਣ ਤੋਂ ਪਹਿਲਾਂ ਕਪੂਰ ਸਾਹਿਬ ਆਪਣੇ ਨਜ਼ਦੀਕੀ ਫ਼ਕੀਰ ਸਿੰਘ ਟੰਡਨ ਦੇ ਘਰ ਖਾਣਾ ਖਾਂਦੇ ਸਮੇਂ ਦੋ ਪੈੱਗ ਵਿਸਕੀ ਦੇ ਲਾ ਲੈਂਦੇ ਹਨ ਤੇ ਅੱਖਾਂ ਵਿਚ ਸਰੂਰ ਆਉਣ ਪਿੱਛੋਂ ਤੀਰ ਨੂੰ ਨਾਲ ਲੈ ਕੇ ਗੱਡੀ ਵਿਚ ਸੀਟਾਂ ਮੱਲ ਲੈਂਦੇ ਹਨ। ਪਹਿਲਾਂ ਸਟੇਸ਼ਨ ਸਬਜ਼ੀ ਮੰਡੀ ਦਾ ਆਉਂਦਾ ਹੈ ਤੇ ਫਿਰ ਸੋਨੀਪੱਤ ਦਾ। ਦੋਵੇਂ ਰੇਲਵੇ ਸਟੇਸ਼ਨਾਂ ਉੱਤੇ ਗੱਡੀ ਰੁਕਦੀ ਹੈ ਤਾਂ ਚੜ੍ਹਨ ਉਤਰਨ ਵਾਲੇ ਮੁਸਾਫ਼ਰਾਂ ਤੇ ਕੁਲੀਆਂ ਦੀਆਂ ਆਵਾਜ਼ਾਂ ਸੁਣ ਕੇ ਕਪੂਰ ਸਾਹਬ ਨੂੰ ਜਾਪਦਾ ਹੈ ਕਿ ਪੰਜਾਬੀ ਭਾਸ਼ਾਈ ਇਲਾਕਾ ਆ ਗਿਆ ਹੈ। ਕਪੂਰ ਸਾਹਬ ਇਸਨੂੰ ਪੰਜਾਬੀ ਸੂਬੇ ਦੀ ਆਮਦ ਸਮਝ ਕੇ ਆਪਣੇ ਜੂਨੀਅਰ ਸਾਥੀ ਤੀਰ ਤੋਂ ਇਸਦੀ ਤਸਦੀਕ ਚਾਹੁੰਦੇ ਹਨ ਤਾਂ ਤੀਰ ਇਸ ਧਾਰਨਾ ਨੂੰ ਨਕਾਰ ਕੇ ਕਪੂਰ ਸਾਹਬ ਨੂੰ ਸੌਣ ਦੀ ਸਲਾਹ ਦਿੰਦਾ ਹੈ।

ਜਦੋਂ ਪਾਣੀਪਤ ਰੇਲਵੇ ਸਟੇਸ਼ਨ ਆਉਂਦਾ ਹੈ ਉਦੋਂ ਵੀ ਦੋਨਾਂ ਦੀ ਵਾਰਤਾਲਾਪ ਇਹੀਓ ਹੁੰਦੀ ਹੈ ਤੇ ਕਰਨਾਲ ਦੇ ਰੇਲਵੇ ਸਟੇਸ਼ਨ ਉੱਤੇ ਵੀ। ਇਹ ਸੁਣ ਕੇ ਪ੍ਰਿਥਵੀ ਰਾਜ ਕਪੂਰ ਦੇ ਫ਼ਕੀਰ ਟੰਡਨ ਕੋਲੋਂ ਪੀਤੇ ਵਿਸਕੀ ਦੇ ਪੈੱਗਾਂ ਦਾ ਨਸ਼ਾ ਖ਼ਤਮ ਹੋ ਜਾਂਦਾ ਹੈ। ਉਨ੍ਹਾਂ ਦਾ ਧਿਆਨ ਬੈਗ ਵਿਚ ਪਈਆਂ ਮੋਮਬੱਤੀਆਂ ਵੱਲ ਚਲਿਆ ਜਾਂਦਾ ਹੈ ਜਿਹੜੀਆਂ ਉਨ੍ਹਾਂ ਨੇ ਪੰਜਾਬੀ ਸੂਬੇ ਵਿਚ ਪ੍ਰਵੇਸ਼ ਕਰਨ ਸਮੇਂ ਜਗਾਉਣੀਆਂ ਸਨ। ਉਨ੍ਹਾਂ ਨੂੰ ਕਰਨਾਲ ਤੋਂ ਚੜ੍ਹਨ ਉਤਰਨ ਵਾਲੇ ਮੁਸਾਫਰਾਂ ਤੇ ਕੁਲੀਆਂ ਦੀ ਬੋਲੀ ਪਿੱਛੇ ਰਹਿ ਗਏ ਸ਼ੇਖੂਪੁਰਾ ਦੀ ਬੋਲੀ ਵਰਗੀ ਲਗਦੀ ਹੈ ਪਰ ਉਨ੍ਹਾਂ ਦਾ ਮਿੱਤਰ ਗੁਰਨਾਮ ਸਿੰਘ ਤੀਰ ਹਾਲੀ ਵੀ ਇਹੀਓ ਕਹਿ ਰਿਹਾ ਹੈ ਕਿ ਪੰਜਾਬੀ ਸੂਬੇ ਦੀ ਸਰਹੱਦ ਦੂਰ ਹੈ।

ਅੰਬਾਲਾ ਪਹੁੰਚ ਕੇ ਵੀ ਇਹੀਓ ਉੱਤਰ ਮਿਲਦਾ ਹੈ ਤਾਂ ਕਪੂਰ ਸਾਹਬ ਉਦਾਸ ਹੋ ਕੇ ਆਪਣੀ ਸੀਟ ਉੱਤੇ ਸੌਂ ਜਾਂਦੇ ਹਨ। ਚੰਡੀਗੜ੍ਹ ਉਤਰਦੇ ਸਾਰ ਪ੍ਰਿਥਵੀ ਰਾਜ ਕਪੂਰ ਇਕ ਵਾਰੀ ਫੇਰ ਆਪਣੇ ਜੂਨੀਅਰ ਸਾਥੀ ਨੂੰ ਪੁਛਦੇ ਹਨ ਕਿ ਇਹ ਵਾਲਾ ਸ਼ਹਿਰ ਤਾਂ ਪੰਜਾਬ ਦਾ ਹੈ ਕਿ ਨਹੀਂ?

ਤੀਰ ਦੇ ਇਹ ਦੱਸਣ ਉੱਤੇ ਕਿ ਇਹ ਵੀ ਪੰਜਾਬ ਵਿਚ ਨਹੀਂ ਤਾਂ ਕਪੂਰ ਸਾਹਬ ਦੇ ਮੂੰਹੋਂ 'ਜੇ ਚੰਡੀਗੜ੍ਹ ਪੰਜਾਬ ਵਿਚ ਨਹੀਂ ਤਾਂ ਹੋਰ ਕੀ ਸ੍ਰੀਲੰਕਾ ਵਿਚ ਹੈ?' ਹੁਣ ਚਾਚਾ ਚੰਡੀਗੜ੍ਹੀਆ ਨਿਰੁੱਤਰ ਹੋ ਜਾਂਦਾ ਹੈ। ਉਹ ਲਿਖਦਾ ਹੈ, 'ਮੇਰੇ ਕੋਲ ਉਨ੍ਹਾਂ ਦੇ ਸਵਾਲਾਂ ਦਾ ਕੋਈ ਉੱਤਰ ਨਹੀਂ ਸੀ ਤੇ ਉਨ੍ਹਾਂ ਕੋਲ ਮੇਰੇ ਸ਼ਿਕਵਿਆਂ ਦਾ।'

ਚੰਡੀਗੜ੍ਹ ਉਤਰ ਕੇ ਜਿਹੜੀ ਟੈਕਸੀ ਵਿਚ ਬੈਠਦੇ ਹਨ ਉਸਨੂੰ ਪੁਲਿਸ ਦਾ ਸਿਪਾਹੀ ਰੋਕ ਲੈਂਦਾ ਹੈ ਤੇ ਤੇਜ਼ ਰਫ਼ਤਾਰੀ ਦਾ ਚਲਾਨ ਕੱਟਣ ਦੀ ਗੱਲ ਕਰਦਾ ਹੈ। ਤੀਰ ਦੇ ਸੀਟ ਤੋਂ ਬਾਹਰ ਆ ਕੇ ਇਹ ਕਹਿਣ ਦਾ ਵੀ ਉਹਦੇ ਉੱਤੇ ਕੋਈ ਅਸਰ ਨਹੀਂ ਹੁੰਦਾ ਕਿ ਟੈਕਸੀ ਦੀ ਅਸਲ ਸਵਾਰੀ ਮੁਗ਼ਲ-ਏ-ਆਜ਼ਮ ਵਾਲਾ ਪ੍ਰਿਥਵੀ ਰਾਜ ਕਪੂਰ ਹੈ। ਉਹ ਡਰਾਈਵਰ ਨੂੰ ਉਦੋਂ ਤੱਕ ਨਹੀਂ ਛੱਡਦਾ ਜਦੋਂ ਤੱਕ ਤੀਰ ਉਸਦੀ ਤਲੀ ਉੱਤੇ ਪੰਜ ਰੁਪਏ ਨਹੀਂ ਧਰ ਦਿੰਦਾ। ਪੰਜਾਹ ਸਾਲ ਪਹਿਲਾਂ ਵਾਲੇ ਪੰਜ ਰੁਪਏ। ਅੰਤ ਵਿਚ ਕਪੂਰ ਸਾਹਬ ਸੰਤ ਫ਼ਤਿਹ ਸਿੰਘ ਨੂੰ ਮਿਲਣਾ ਚਾਹੁੰਦੇ ਹਨ, ਇਹ ਜਾਨਣ ਲਈ ਕਿ ਜੇ ਉਨ੍ਹਾਂ ਨੂੰ ਹਿਮਾਚਲ ਤੇ ਹਰਿਆਣਾ ਤੋਂ ਬਾਹਰਾ ਇਲਾਕਾ ਹੀ ਮਿਲਣਾ ਸੀ ਤਾਂ ਉਨ੍ਹਾਂ ਨੇ ਏਨੇ ਸਾਰੇ ਪੰਜਾਬੀਆਂ ਦਾ ਘਾਣ ਕਿਉਂ ਕਰਵਾਇਆ!

### ਰਾਜਕੁਮਾਰੀ ਸੋਫ਼ੀਆ ਦਲੀਪ ਸਿੰਘ ਤੇ ਉਸਦੀ ਵਿਚਾਰਧਾਰਾ

ਰਾਜਕੁਮਾਰੀ ਸੋਫ਼ੀਆ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਤੇ ਰਾਜਕੁਮਾਰ ਦਲੀਪ ਸਿੰਘ ਦੀ ਧੀ ਸੀ। ਉਸਦਾ ਜਨਮ 8 ਅਗਸਤ 1876 ਨੂੰ ਹੋਇਆ ਤੇ ਅਕਾਲ ਚਲਾਣਾ 22 ਅਗਸਤ 1948 ਨੂੰ। ਏਸ ਮਹੀਨੇ ਉਸਨੂੰ ਚੇਤੇ ਕਰਨਾ ਬਣਦਾ ਹੈ ਭਾਵੇਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵਾਲੇ ਪਹਿਲਾਂ ਹੀ ਬਾਜ਼ੀ ਮਾਰ ਗਏ ਹਨ।

ਭਾਵੇਂ ਰਾਜਕੁਮਾਰੀ ਸੋਫ਼ੀਆ ਦੀ ਪੱਕੀ ਰਿਹਾਇਸ਼ ਯੂ.ਕੇ. ਵਿਚ ਸੀ ਪਰ ਉਹ ਆਪਣੇ ਦਾਦੇ ਦਾ ਪੰਜਾਬ ਵੇਖਣ ਦੋ ਵਾਰ ਹਿੰਦੁਸਤਾਨ ਵੀ ਆਈ। ਉਸ ਵੇਲੇ ਪੰਜਾਬ ਦਿੱਲੀ ਪਾਰਲੇ ਪਲਵਲ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਫੈਲਿਆ ਹੋਇਆ ਸੀ। ਉਸ ਵੇਲੇ ਦੇ ਪੰਜਾਬ ਵਿਚ ਹਿਮਾਚਲ ਪ੍ਰਦੇਸ਼ ਦਾ ਕਾਂਗੜਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਇੱਕ ਤਹਿਸੀਲ ਹੁੰਦਾ ਸੀ।

1907 ਦੇ ਲਾਹੌਰ ਵਿਚ ਉਸ ਸਮੇਂ ਦੇ ਸੁਤੰਤਰਤਾ ਸੰਗਰਾਮੀ ਗੋਪਾਲ ਕ੍ਰਿਸ਼ਨ ਗੋਖਲੇ ਤੇ ਲਾਲਾ ਲਾਜਪਤ ਰਾਏ ਰਹਿੰਦੇ ਸਨ। ਦਮਦਾਰ ਵਸਨੀਕ ਹੋਣ ਦੇ ਨਾਤੇ, ਸੋਫ਼ੀਆ ਉਨ੍ਹਾਂ ਦੇ 'ਆਵਾਜ਼ ਦੋ' ਨਾਅਰੇ ਤੋਂ ਬੜੀ ਪ੍ਰਭਾਵਤ ਹੋਈ। ਲਾਹੌਰ ਹੀ ਨਹੀਂ ਅੰਮ੍ਰਿਤਸਰੀਆਂ ਨੇ ਵੀ ਉਸਨੂੰ ਹੱਥੀਂ ਛਾਂਵਾਂ ਕੀਤੀਆਂ ਤੇ ਮਹਾਰਾਜਾ ਰਣਜੀਤ ਸਿੰਘ ਦੀ ਦਰਿਆ ਦਿਲ ਰਾਜਨੀਤੀ ਦੇ ਕਿੱਸੇ ਸੁਣਾ ਕੇ ਉਸਨੂੰ ਖ਼ੂਬ ਨਿਹਾਲ ਕੀਤਾ। ਏਨਾ ਕਿ ਉਹ ਖ਼ੁਦ ਵੀ ਵਾਪਸ ਲੰਡਨ ਜਾ ਕੇ ਮਹਿਲਾਵਾਂ ਲਈ ਵੋਟ ਦਾ ਅਧਿਕਾਰ ਮੰਗਣ ਵਾਲੀ ਲਹਿਰ ਵਿਚ ਕੁੱਦ ਪਈ। ਇਸ ਤੋਂ ਪਿੱਛੋਂ ਉਸਨੇ ਯੂ.ਕੇ. ਵਿਚ 'ਨੋ ਵੋਟ ਨੋ ਟੈਕਸ' ਨਾਂ ਦੀ ਵੱਖਰੀ ਮੁਹਿੰਮ ਵੀ ਚਲਾਈ।

ਫੇਰ ਉਸ ਨੇ 18 ਨਵੰਬਰ 1910 ਨੂੰ 300 ਔਰਤਾਂ ਦਾ ਜਥਾ ਲੈ ਕੇ ਪਾਰਲੀਮੈਂਟ ਭਵਨ ਤੱਕ ਮਾਰਚ ਵੀ ਕੀਤਾ ਜਿਸ ਵਿਚ ਬਹੁਤ ਸਾਰੀਆਂ ਮਹਿਲਾਵਾਂ ਪੁਲਿਸ ਲਾਠੀਚਾਰਜ ਦਾ ਸ਼ਿਕਾਰ ਹੋ ਗਈਆਂ। ਅੱਧੀਆਂ ਮਹਿਲਾਵਾਂ ਦੇ ਸੱਟਾਂ ਲੱਗੀਆਂ ਤੇ ਉਨ੍ਹਾਂ ਵਿਚੋਂ ਦੋ ਦੀ ਮੌਤ ਵੀ ਹੋ ਗਈ। ਉਨ੍ਹਾਂ ਵਿਚੋਂ 200 ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਇਹ ਕਾਰਾ ਸ਼ੁਕਰਵਾਰ ਦੇ ਦਿਨ ਵਾਪਰਿਆ ਹੋਣ ਕਾਰਨ ਯੂ.ਕੇ. ਦੇ ਇਤਿਹਾਸ ਵਿਚ ਇਸ ਦਿਨ ਨੂੰ 'ਬਲੈਕ ਫਰਾਈਡੇ' ਕਿਹਾ ਜਾਂਦਾ ਹੈ।



ਰਾਜਕੁਮਾਰੀ ਸੋਫ਼ੀਆ ਦਲੀਪ ਸਿੰਘ।

ਰਾਜਕੁਮਾਰੀ ਸੋਫ਼ੀਆ ਵੱਲੋਂ ਵਿਢੀ ਇਸ ਮੁਹਿੰਮ ਨੇ ਉਥੋਂ ਦੀਆਂ ਔਰਤਾਂ ਨੂੰ ਜਨਗਣਨਾ ਵਿਚ ਆਪਣਾ ਨਾਂ ਸ਼ਾਮਿਲ ਨਾ ਕਰਨ ਲਈ ਵੀ ਉਕਸਾਇਆ ਜਿਸਦੇ ਸਿੱਟੇ ਵਜੋਂ ਯੂ.ਕੇ. ਦੀਆਂ ਔਰਤਾਂ ਨੂੰ 1918 ਵਿਚ ਵੋਟ ਦਾ ਸੀਮਤ ਅਧਿਕਾਰ ਮਿਲ ਗਿਆ ਤੇ ਅੰਤ 30 ਸਾਲ ਦੀ ਉਮਰ ਵਾਲੀਆਂ ਜਾਇਦਾਦ ਯਾਫਤਾ ਮਹਿਲਾਵਾਂ ਨੂੰ ਸੰਸਦੀ ਚੋਣਾਂ ਵਿਚ ਵੋਟ ਪਾਉਣ ਦਾ ਪੂਰਨ ਅਧਿਕਾਰ ਦੇ ਦਿੱਤਾ ਗਿਆ। ਸੋਫ਼ੀਆ ਇਹਦੇ ਨਾਲ ਵੀ ਸੰਤੁਸ਼ਟ ਨਾ ਹੋਈ ਤਾਂ 1928 ਵਿਚ ਹਰ 21 ਸਾਲ ਦੀ ਮਹਿਲਾ ਨੂੰ ਮਰਦ ਦੇ ਬਰਾਬਰ ਦੀ ਵੋਟ ਅਧਿਕਾਰੀ ਬਣਾਉਣਾ ਪਿਆ।

ਰਾਜਕੁਮਾਰੀ ਸੋਫ਼ੀਆ ਦੇ ਮਨ ਵਿਚ ਮਹਿਲਾ ਸਬੰਧੀ ਹੱਕਾਂ ਦੀ ਇਹ ਚਿਣਗ ਜਗਾਉਣ ਵਾਲੀਆਂ ਉਸ ਦੀਆਂ ਪੰਜਾਬ ਫੇਰੀਆਂ ਸਨ ਜਿਨ੍ਹਾਂ ਨੇ ਉਸਦੇ ਦਿਲ ਤੇ ਦਿਮਾਗ਼ ਵਿਚ ਉਸਦੇ ਦਾਦੇ ਮਹਾਰਾਜਾ ਰਣਜੀਤ ਸਿੰਘ ਵਾਲੀ ਸੂਝ ਤੇ ਸਿਆਣਪ ਨੂੰ ਜਨਮ ਦਿੱਤਾ। ਉਸ ਦੇ ਨਾਰੀਵਾਦੀ ਉਪਰਾਲਿਆਂ ਨਾਲ ਉਸਦਾ ਆਪਣਾ ਨਾਮ ਹੀ ਰੌਸ਼ਨ ਨਹੀਂ ਹੋਇਆ। ਉਸਦੇ ਦਾਦੇ ਨੂੰ ਵੀ ਮੁੜ ਚੇਤੇ ਕੀਤਾ ਜਾਣ ਲੱਗਿਆ।

**ਅੰਤਿਕਾ**

ਉਹ ਨਦੀ ਕਿੱਧਰ ਗਈ/ਕਵਿੰਦਰ 'ਚਾਂਦ'॥
ਕੀ ਤੇਰੀ ਲੀਲਾ ਹੈ ਗਿਰਧਰ
ਤੇਰੀ ਹਰ ਤਸਵੀਰ ਵਿੱਚ
ਸਿਰਫ਼ ਰਾਧਾ ਦਿਸ ਰਹੀ ਹੈ
ਰੁਕਮਣੀ ਕਿੱਧਰ ਗਈ
ਸੁੱਕਿਆ ਦਰਿਆ, ਬੜਾ
ਗਮਗੀਨ ਹੋ ਕੇ ਪੁੱਛਦੈ
ਜੋ ਪਹਾੜੋਂ ਲੱਥਣੀ ਸੀ
ਉਹ ਨਦੀ ਕਿੱਧਰ ਗਈ
ਗਗਨ ਛੂੰਹਦੀ ਇੱਕ ਇਮਾਰਤ
ਨੂੰ ਗਗਨ ਨੇ ਪੁੱਛਿਆ
ਇਸ ਜਗ੍ਹਾ ਹੁੰਦੀ ਸੀ ਜਿਹੜੀ
ਝੌਂਪੜੀ ਕਿੱਧਰ ਗਈ।

## ਕਾਵਿ-ਕਿਆਰੀ

### ਰੱਖੜੀ

ਸਾਉਣ ਮਹੀਨੇ ਪੁੰਨਿਆਂ ਆਈ,
ਰੱਖੜੀ ਦਾ ਤਿਉਹਾਰ ਲਿਆਈ।
ਗੁੰਦ ਕੇ ਰੀਝ ਪਿਆਰ ਸੌਗਾਤਾਂ,
ਕਰ ਕੇ ਯਾਦ ਪੁਰਾਣੀਆਂ ਬਾਤਾਂ।

ਨਿੱਘੇ ਮਿੱਠੇ ਅਪਣੱਤ ਦੇ ਰਿਸ਼ਤੇ,
ਜਿਉਂਦੇ ਰਹਿਣ ਮਾਪੇ-ਫਰਿਸ਼ਤੇ।
ਵੀਰ ਲਏ ਜੋ ਸੌ ਮੰਨਤਾਂ ਮੰਨ ਕੇ।
ਕੱਚੇ ਧਾਗੇ ਸੱਜੇ ਗੁੱਟੀਂ ਬੰਨ੍ਹ 'ਤੇ।

ਫਿਰ ਮਿੱਠੜਾ ਮੂੰਹ ਕਰਾਉਂਦੀ,
ਬਰਫ਼ੀ,ਲੱਡੂ ਚੁੱਕ ਚੁੱਕ ਪਾਉਂਦੀ।
ਲਾਡ ਲਡਾ ਕਰ ਚਾ' ਮਲ੍ਹਾਰ,
ਵੀਰਾਂ ਤੋਂ ਜਾਵਣ ਬਲਿਹਾਰ।

ਬਦਲੇ ਵਿਚ ਨਾ ਕੁੱਝ ਚਾਹਵੇ,
ਮਤਾਂ ਜੱਗੋਂ ਲਾਲਚਣ ਕਹਾਵੇ।
ਵੀਰਾਂ ਤੋਂ ਬੱਸ ਮੰਗ ਹੈ ਵੱਖਰੀ,
ਚਾਹੇ ਖੁਦ ਨੂੰ ਰੱਖਿਆ ਛਤਰੀ।

ਕਦੇ ਕਦਾਈਂ ਜਦ ਪੇਕੇ ਆਵਾਂ,
ਹੱਸਦੇ ਵੱਸਦੇ ਵਿਹੜੇ ਚਾਹਵਾਂ!
ਜਦੋਂ ਸਿਰ 'ਤੇ ਰਹੇ ਨ ਬਾਪੂ ਮਾਂ,
ਭਾਬੀਆਂ ਕਰਨ ਫੇ' ਠੰਢੀ ਛਾਂ!

ਵੀਰ ਭੈਣਾਂ ਸਦਾ ਨੇ ਹਮਸਾਏ,
ਇੱਕੋ ਅਮੜੀ-ਬਾਪ ਦੇ ਜਾਏ।
ਧੁਰ ਤੋਂ ਰਿਸ਼ਤਾ ਪਾਕ ਪਵਿੱਤ,
ਜੱਸ ਗਾਉਂਦਾ ਫਿਰਾਂ ਮੈਂ ਨਿੱਤ।
***-ਸੇਵਾ ਸਿੰਘ"ਨੂਰਪੁਰੀ "***

---

### ਅੱਗ ਨੇ ਅੱਗ ਬੁਝਾਈ ਕਦ ਹੈ?

ਅੱਗ ਨੇ ਅੱਗ ਬੁਝਾਈ ਕਦ ਹੈ?
ਜਾਂ ਫਿਰ ਠੰਢਕ ਪਾਈ ਕਦ ਹੈ?
ਤੇਰੀ ਝੂਠ ਅਦਾਲਤ ਅੰਦਰ
ਸੱਚ ਦੀ ਦੱਸ ਸੁਣਵਾਈ ਕਦ ਹੈ?
ਲੋਕਾ ਤੰਤਰ ਨਾਂ ਦਾ ਹੀ ਬਸ
ਲੋਕਾ ਮੱਤ ਪੁਗਾਈ ਕਦ ਹੈ?
ਮੂੰਹੋਂ ਤਾਂ ਸਭ ਮੰਨਿਆ ਆਖੇਂ
ਛੱਡੀ ਪਰ ਅੜਵਾਈ ਕਦ ਹੈ?

ਰਾਜ ਤੇਰੇ ਵਿਚ ਜਨਤਾ ਰੋਵੇ
ਮੈਨੂੰ ਦੱਸ ਮੁਸਕਾਈ ਕਦ ਹੈ?
ਜੁਮਲੇ ਜਿੰਨੇ ਮਰਜ਼ੀ ਸੁਣਲੋ
ਚੱਝ ਦੀ ਬਾਤ ਸੁਣਾਈ ਕਦ ਹੈ?

ਜੋ ਧਰਮਾਂ ਦੇ ਨਾਂ 'ਤੇ ਪੁੱਟੀ
ਭਰਨੀ ਦਸ ਦੇ ਖਾਈ ਕਦ ਹੈ?
ਜਿਸਨੂੰ ਪੜ੍ਹ ਕੇ ਸਭ ਖੁਸ਼ ਲੱਗਣ
ਤੂੰ ਉਹ ਚਿੱਠੀ ਪਾਈ ਕਦ ਹੈ?
***-ਹਰਦੀਪ ਬਿਰਦੀ***

---

### ਲਗਾਅ

ਜਿਸਦੇ ਨਾਲ ਲਗਾਅ ਹੁੰਦਾ ਏ।
ਮਿਲਣ ਦਾ ਉਸਨੂੰ ਚਾਅ ਹੁੰਦਾ ਏ।
ਦੁਨੀਆਂ ਕੋਲੋਂ ਕੁੱਝ ਨ੍ਹੀਂ ਮਿਲਦਾ,
ਆਪਣਿਆਂ ਦਾ ਭਾਅ ਹੁੰਦਾ ਏ।

ਉਸ 'ਤੇ ਰੱਬ ਦੀ ਬਖਸ਼ਿਸ਼ ਹੁੰਦੀ,
ਜਿਸਦਾ ਦਿਲ ਦਰਿਆ ਹੁੰਦਾ ਏ।
ਬੱਚਿਆਂ ਦੇ ਸਿਰ ਮਾਂ ਦਾ ਚੜ੍ਹਿਆ,
ਕਿੱਥੇ ਕਰਜ਼ ਚੁਕਾਅ ਹੁੰਦਾ ਏ।

ਪੱਕੀ ਜੇ ਕੋਈ ਆਦਤ ਹੋ ਜਾਏ,
ਔਖਾ ਫਿਰ ਬਦਲਾਅ ਹੁੰਦਾ ਏ।
ਮਿੰਨਤਾਂ-ਤਰਲੇ ਹਾੜੇ ਕੱਢ-ਕੱਢ,
ਰੁੱਸਿਆ ਯਾਰ ਮਨਾਅ ਹੁੰਦਾ ਏ।

ਦੋ ਨੰਬਰ ਦਾ ਆਇਆ ਪੈਸਾ,
ਐਬਾਂ ਵਿਚ ਉਡਾ ਹੁੰਦਾ ਏ।
ਘਰ ਛੱਡ ਜੋ ਪ੍ਰਦੇਸੀਂ ਤੁਰ ਗਏ,
ਉਗਿਆ ਉੱਥੇ ਘਾਹ ਹੁੰਦਾ ਏ।

ਸਫਲਤਾ ਵੱਲ ਨੂੰ ਜੋ ਵੀ ਜਾਂਦਾ,
ਮੁਸ਼ਕਿਲ ਭਰਿਆ ਰਾਹ ਹੁੰਦਾ ਏ।
***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***
***ਫੋਨ- +13604481989***

---

### ਸਤਾਰਾਂ ਸੈਕਟਰ

**ਸਤਾਰਾਂ ਸੈਕਟਰ, ਚੰਡੀਗੜ੍ਹ ਜਾਵਾਂ,**
**ਖਿੱਚ ਮੈਨੂੰ ਇਹ ਰਹਿੰਦੀ,**
**ਸ਼ੁਰੂ ਜਵਾਨੀ ਹੋਈ ਜਿੱਥੇ, ਿ**
**ਫਰ ਵੇਖਣ ਦੀ ਭੁੱਖ ਰਹਿੰਦੀ।**
**ਮੁੱਦਤਾਂ ਬਾਅਦ ਵੀ ਗੇੜਾ ਲੱਗੇ,**
**ਹੁੰਦੀ ਉਥੇ ਉਹੋ ਜਵਾਨੀ,**
**ਉਹੋ ਅਮੀਰੀ, ਉਹੋ ਖਾਹਿਸ਼ਾਂ,**
**ਉਹੋ ਲੋਕਾਂ ਦੀ ਭੀੜ ਦੀਵਾਨੀ।**

**ਉਸੇ ਝੁੰਡ ਵਿਚ ਹੋਰ ਵੀ ਕੁੱਝ ਨੇ,**
**ਦੂਜੇ ਵੇਖ ਕਰਨ ਅਣਵੇਖੇ,**
**ਲੇਲੜੀਆਂ ਕੱਢਦੇ, ਝਿੜਕਾਂ ਖਾਂਦੇ,**
**ਕੀਹਦੇ ਉਨ੍ਹਾਂ ਦੇਣੇ ਲੇਖੇ।**
**ਖੂੰਜੇ ਬੈਠਾ ਨਜ਼ਰ ਪਿਆ,**
**ਇਸ ਵਾਰ ਇੱਕ ਬੁੱਢਾ ਮੰਗਤਾ,**
**ਨਿੱਕਾ, ਨੰਗਾ ਬਾਲ ਸੀ ਗੋਦੀ,**
**ਰੂਹ ਮੇਰੀ ਉਸ ਡੰਗਤਾ।**

**ਅੱਖਾਂ ਉਹਦੀਆਂ ਤੱਕਣ ਪਾਸੀਂ,**
**ਜਿਉਂ ਵੇਖਣ ਜਗਤ ਤਮਾਸ਼ਾ,**
**ਮੁੱਠੀ ਘੁੱਟੇ ਖੁਆਬ ਓਸਨੇ,**
**ਡੁੱਲ੍ਹ ਜਾਵਣ ਨਾ ਕਿਤੇ ਮਾਸਾ।**
**ਕਦੋਂ ਭਲਾਂ ਇਹ ਬਾਲੜ,**
**ਸਾਡਾ ਦੋਹਰਾਪਣ ਪਛਾਣੇਗਾ,**
**ਪਿੱਛੇ ਬੁਰਕੀ ਬੁਰਕੀ ਭੱਜੇਗਾ,**
**ਨਿਰਮੋਹੀ ਸਾਡੀ ਜਾਣੇਗਾ।**

**ਵਿੱਚ ਬਜ਼ਾਰੀਂ ਰੁਲਦੇ ਵੇਖੇ,**
**ਬਾਲ ਬੜੇ ਸਨ ਪਹਿਲਾਂ ਵੀ ਮੈਂ,**
**ਕਦੀ ਨਹੀਂ ਸੀ ਸੋਚਿਆ ਬਹੁਤਾ,**
**ਖੁਦ ਬਾਰੇ ਕਹਿ ਲਾਂ ਕੀ ਮੈਂ।**
**ਕਿਹੜੀ ਗੱਲ ਸੀ ਐਸ ਵਾਰ,**
**ਜੋ ਜ਼ਮੀਰ ਮੇਰੀ ਨੂੰ ਫੜ ਗਈ,**
**ਕੀ ਖਿੱਚ ਸੀ ਉਸ ਬਾਲ ਵਿਚ,**
**ਨਜ਼ਰ ਮੇਰੀ ਉੱਥੇ ਅੜ ਗਈ।**

**ਸ਼ਾਇਦ ਬਾਲੜੀ ਆਈ ਜੋ ਜ਼ਿਹਨੀਂ,**
**ਵਿਚ ਮਲ਼ਾਰੀਂ ਘੇਰੀ,**
**ਸਾਡੀਆਂ ਅੱਖਾਂ ਦਾ ਚਾਨਣ,**
**ਉਸੇ ਉਮਰ ਦੀ ਪੋਤੀ ਮੇਰੀ।**
**ਕਿਤਾਬ ਦੇ ਦੋ ਪੰਨੇ ਖੁੱਲ੍ਹ ਗਏ,**
**ਇੱਕ ਦੂਜੇ ਨੂੰ ਲੱਗੇ ਘੂਰਨ,**
**ਇੱਕ 'ਤੇ ਲਿਖਿਆ ਲੈ ਜੋ ਲੈਣਾ,**
**ਦੂਜੇ ਪਾਸੇ ਹੱਡ ਦਾ ਚੂਰਨ।**

**ਅਪਰਾਧੀ ਲੱਗਾ ਆਪਾ ਮੈਨੂੰ,**
**ਕਾਣੀ ਵੰਡ ਇਹ ਵੇਖ ਨਿਰਾਲੀ,**
**ਇੱਕ ਨੂੰ ਦਿੱਤਾ ਪਿਆਰ ਭੰਡਾਰਾ,**
**ਦੂਜੇ ਹਿੱਸੇ ਠੂਠਾ ਖਾਲੀ।**
**ਕਿਹੀ ਅਸਾਂ ਇਹ ਦੁਨੀਆਂ ਗੰਢੀ,**
**ਰੱਖੇ ਕੁੱਝ ਹੱਕੋਂ ਵਾਂਝੇ,**
**ਵੰਡੀ ਬਰਾਬਰ ਨਾ ਗੁੱਲੀ ਜੁੱਲੀ,**
**ਧਰਤ ਮਿਹਤ ਸਭ ਸਾਂਝੇ।**

**ਖੁਸ਼ੀਆਂ ਦੇਣਾ, ਹਾਸੇ ਵੰਡਣਾਂ,**
**ਪੋਤੀ ਲਈ ਹੈ ਮੇਰਾ ਜ਼ਿੰਮਾ,**
**ਫਰਜ਼ਾਂ ਵਿਚੋਂ ਦੋਸ਼ ਕਿਓਂ ਝਲਕੇ,**
**ਨਾ ਸਮਝੇ ਗਿਆਨ ਨਿਕੰਮਾ।**
**ਸੁਣਾਂਗਾ ਪੋਤੀ ਨੂੰ ਹਸਦਿਆਂ,**
**ਨੰਨ੍ਹਾ ਚਿਹਰਾ ਆਵੇਗਾ ਸਾਹਵੇਂ,**
**ਲੱਭਣਗੀਆਂ ਉਹਨੂੰ ਇਹ ਅੱਖਾਂ,**
**ਜਦ ਪ੍ਰਤਾਂਗਾ ਉਸ ਰਾਹਵੇਂ।**
***-ਡਾ. ਰਛਪਾਲ ਸਹੋਤਾ***
***ਸਿਨਸਿਨੈਟੀ, ਓਹਾਇਓ***

ਕਹਾਣੀ

# ਮੰਤਰ

***ਉਰਦੂ ਦਾ ਅਫ਼ਸਾਨਾਨਿਗਾਰ ਸਆਦਤ ਹਸਨ ਮੰਟੋ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਸ ਨੇ ਆਪਣੇ ਅਫ਼ਸਾਨਿਆਂ ਵਿਚ ਸਮਾਜ ਦੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਸੁਖਾਂ-ਦੁਖਾਂ, ਖ਼ੁਸ਼ੀਆਂ-ਗ਼ਮੀਆਂ, ਉਨ੍ਹਾਂ ਦੇ ਰਿਸ਼ਤਿਆਂ, ਮਾਨਸਿਕਤਾ ਅਤੇ ਉਲਝਣਾਂ ਆਦਿ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਹਥਲੀ ਕਹਾਣੀ 'ਮੰਤਰ' ਰਾਹੀਂ ਮੰਟੋ ਬਾਰੀਕਬੀਨੀ ਨਾਲ ਬਾਲ ਮਨ ਦੀਆਂ ਸੂਖ਼ਮ ਪਰਤਾਂ ਨੂੰ ਉਘਾੜਦਾ ਹੈ।***

**ਸਆਦਤ ਹਸਨ ਮੰਟੋ**
**ਅਨੁਵਾਦਕ: ਚਰਨ ਗਿੱਲ**

ਨੰਨ੍ਹਾ ਰਾਮ ਨੰਨ੍ਹਾ ਤਾਂ ਸੀ ਪਰ ਸ਼ਰਾਰਤਾਂ ਦੇ ਲਿਹਾਜ਼ ਨਾਲ ਬਹੁਤ ਵੱਡਾ ਸੀ। ਚਿਹਰੇ ਤੋਂ ਬੇਹੱਦ ਭੋਲ਼ਾ-ਭਾਲ਼ਾ ਜਾਪਦਾ। ਕੋਈ ਨਕਸ਼ ਅਜਿਹਾ ਨਹੀਂ ਸੀ ਜਿਸ ਤੋਂ ਸ਼ੋਖੀ ਦਾ ਪਤਾ ਲੱਗੇ। ਉਸ ਦੇ ਸਰੀਰ ਦਾ ਹਰ ਅੰਗ ਭੱਦੇਪਣ ਦੀ ਹਾਲਤ ਤੱਕ ਮੋਟਾ ਸੀ। ਜਦੋਂ ਤੁਰਦਾ ਤਾਂ ਇਉਂ ਲੱਗਦਾ ਜਿਵੇਂ ਫੁੱਟਬਾਲ ਲੁੜ੍ਹਕ ਰਿਹਾ ਹੈ। ਉਮਰ ਮੁਸ਼ਕਿਲ ਨਾਲ ਅੱਠ ਵਰ੍ਹਿਆਂ ਦੀ ਹੋਵੇਗੀ ਪਰ ਅੰਤਾਂ ਦਾ ਜ਼ਹੀਨ ਤੇ ਚਲਾਕ ਸੀ। ਐਪਰ ਉਸ ਦੀ ਜ਼ਹਾਨਤ ਤੇ ਚਲਾਕੀ ਦਾ ਪਤਾ ਉਸ ਦੀ ਸ਼ਕਲ-ਸੂਰਤ ਤੋਂ ਲਾਉਣਾ ਬਹੁਤ ਮੁਸ਼ਕਿਲ ਸੀ। ਰਾਮ ਦੇ ਪਿਤਾ ਮਿਸਟਰ ਰਾਮਾ ਸ਼ੰਕਰ ਅਚਾਰੀਆ ਐਮਏ ਐਲਐਲਬੀ ਕਿਹਾ ਕਰਦੇ ਸਨ, "ਮੂੰਹ ਵਿਚ ਰਾਮ ਰਾਮ ਅਤੇ ਬਗ਼ਲ ਵਿਚ ਛੁਰੀ ਵਾਲੀ ਮਿਸਾਲ ਇਸ ਰਾਮ ਲਈ ਹੀ ਬਣਾਈ ਗਈ ਹੈ।"

ਰਾਮ ਦੇ ਮੂੰਹ ਤੋਂ ਰਾਮ ਰਾਮ ਤਾਂ ਕਿਸੇ ਨੇ ਸੁਣਿਆ ਨਹੀਂ ਸੀ। ਹਾਂ, ਉਸ ਦੀ ਬਗ਼ਲ ਵਿਚ ਛੁਰੀ ਦੀ ਥਾਂ ਇੱਕ ਛੋਟੀ ਜਿਹੀ ਛੜੀ ਜ਼ਰੂਰ ਹੁੰਦੀ ਸੀ ਜਿਸ ਨਾਲ ਉਹ ਕਦੇ ਕਦੇ ਡਗਲਸ ਫੇਅਰ ਬੈਂਕਸ ਯਾਨੀ ਬਗ਼ਦਾਦੀ ਚੋਰ ਦੀ ਤਲਵਾਰਬਾਜ਼ੀ ਦੀ ਨਕਲ ਕਰਿਆ ਕਰਦਾ ਸੀ।

ਜਦੋਂ ਰਾਮ ਦੀ ਮਾਂ ਯਾਨੀ ਮਿਸਿਜ਼ ਰਾਮਾ ਸ਼ੰਕਰ ਅਚਾਰੀਆ ਉਸ ਨੂੰ ਕੰਨ ਤੋਂ ਫੜ ਕੇ ਉਸ ਦੇ ਬਾਪ ਦੇ ਸਾਹਮਣੇ ਲਿਆਈ ਤਾਂ ਉਹ ਬਿਲਕੁਲ ਚੁੱਪ ਸੀ। ਅੱਖਾਂ ਖ਼ੁਸ਼ਕ ਸਨ। ਉਸ ਦਾ ਇੱਕ ਕੰਨ ਜੋ ਮਾਂ ਦੇ ਹੱਥ ਵਿਚ ਸੀ, ਦੂਜੇ ਕੰਨ ਨਾਲੋਂ ਵੱਡਾ ਜਾਪਦਾ ਸੀ। ਉਹ ਮੁਸਕਰਾ ਰਿਹਾ ਸੀ ਪਰ ਉਸ ਦੀ ਮੁਸਕਰਾਹਟ ਵਿਚ ਅੰਤਾਂ ਦਾ ਭੋਲ਼ਾਪਣ ਸੀ। ਮਾਂ ਦਾ ਚਿਹਰਾ ਗੁੱਸੇ ਨਾਲ ਲਾਲ ਪੀਲ਼ਾ ਹੋਇਆ ਪਿਆ ਸੀ। ਜਦੋਂਕਿ ਉਸ ਦੇ ਚਿਹਰੇ ਤੋਂ ਲਗਦਾ ਸੀ ਕਿ ਉਹ ਆਪਣੀ ਮਾਂ ਨਾਲ ਖੇਡ ਰਿਹਾ ਹੈ ਅਤੇ ਆਪਣੇ ਕੰਨ ਨੂੰ ਮਾਂ ਦੇ ਹੱਥ ਵਿਚ ਦੇ ਕੇ ਇੱਕ ਖ਼ਾਸ ਕਿਸਮ ਦਾ ਸੁਆਦ ਲੈ ਰਿਹਾ ਹੈ ਜਿਸ ਨੂੰ ਉਹ ਦੂਜਿਆਂ ਅੱਗੇ ਜ਼ਾਹਿਰ ਨਹੀਂ ਕਰਨਾ ਚਾਹੁੰਦਾ।

ਜਦ ਰਾਮ ਮਿਸਟਰ ਰਾਮਾ ਸ਼ੰਕਰ ਆਚਾਰੀਆ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਹ ਆਰਾਮ ਕੁਰਸੀ ਉੱਤੇ ਜਚ ਕੇ ਬੈਠ ਗਏ ਕਿ ਇਸ ਨਾਲਾਇਕ ਦੇ ਕੰਨ ਖਿੱਚਣ। ਹਾਲਾਂਕਿ ਉਹ ਉਸ ਦੇ ਕੰਨ ਖਿੱਚ ਖਿੱਚ ਕੇ ਕਾਫ਼ੀ ਜ਼ਿਆਦਾ ਲੰਮੇ ਕਰ ਚੁੱਕੇ ਸਨ ਤੇ ਉਸ ਦੀਆਂ ਸ਼ਰਾਰਤਾਂ ਵਿਚ ਕੋਈ ਫ਼ਰਕ ਨਹੀਂ ਆਇਆ ਸੀ। ਉਹ ਅਦਾਲਤ ਵਿਚ ਕਾਨੂੰਨ ਦੇ ਜ਼ੋਰ ਨਾਲ ਬਹੁਤ ਕੁਝ ਕਰ ਲੈਂਦੇ ਸਨ ਪਰ ਛੋਟੇ ਜਿਹੇ ਬੱਚੇ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਚੱਲਦੀ।

ਇੱਕ ਵਾਰ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਿਸੇ ਸ਼ਰਾਰਤ ਉੱਤੇ ਉਸ ਨੂੰ ਪਰਮੇਸ਼ਰ ਦੇ ਨਾਂ 'ਤੇ ਡਰਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ, "ਦੇਖ ਰਾਮ, ਤੂੰ ਚੰਗਾ ਮੁੰਡਾ ਬਣ ਜਾ, ਨਹੀਂ ਤਾਂ ਮੈਨੂੰ ਡਰ ਹੈ ਪਰਮੇਸ਼ਰ ਤੇਰੇ ਨਾਲ ਖ਼ਫ਼ਾ ਹੋ ਜਾਣਗੇ।"

ਰਾਮ ਨੇ ਜਵਾਬ ਦਿੱਤਾ ਸੀ, "ਤੁਸੀਂ ਵੀ ਤਾਂ ਖ਼ਫ਼ਾ ਹੋ ਹੀ ਜਾਇਆ ਕਰਦੇ ਹੋ ਤੇ ਮੈਂ ਤੁਹਾਨੂੰ ਮਨਾ ਲਿਆ ਕਰਦਾ ਹਾਂ।" ਫਿਰ ਥੋੜ੍ਹੀ ਦੇਰ ਸੋਚਣ ਮਗਰੋਂ ਉਸ ਨੇ ਪੁੱਛਿਆ ਸੀ, "ਬਾਬੂ ਜੀ, ਇਹ ਪਰਮੇਸ਼ਰ ਕੌਣ ਹਨ?"

ਮਿਸਟਰ ਸ਼ੰਕਰ ਅਚਾਰੀਆ ਨੇ ਉਸ ਨੂੰ ਸਮਝਾਉਣ ਲਈ ਜਵਾਬ ਦਿੱਤਾ ਸੀ, "ਭਗਵਾਨ, ਹੋਰ ਕੌਣ। ਸਾਡੇ ਸਭ ਤੋਂ ਵੱਡੇ।"

"ਇਸ ਮਕਾਨ ਜਿੱਡੇ?"

"ਇਸ ਤੋਂ ਵੀ ਵੱਡੇ। ਦੇਖ ਹੁਣ ਤੂੰ ਕੋਈ ਸ਼ਰਾਰਤ ਨਾ ਕਰੀਂ, ਨਹੀਂ ਤਾਂ ਉਹ ਤੈਨੂੰ ਮਾਰ ਸੁੱਟਣਗੇ।" ਮਿਸਟਰ ਸ਼ੰਕਰ ਅਚਾਰੀਆ ਨੇ ਆਪਣੇ ਬੇਟੇ ਨੂੰ ਭੈਅਭੀਤ ਕਰਨ ਲਈ ਪਰਮੇਸ਼ਰ ਨੂੰ ਕੁਝ ਜ਼ਿਆਦਾ ਹੀ ਡਰਾਉਣੀ ਸ਼ਕਲ ਵਿਚ ਪੇਸ਼ ਕਰਨ ਪਿੱਛੋਂ ਇਹ ਖ਼ਿਆਲ ਕਰ ਲਿਆ ਸੀ ਕਿ ਹੁਣ ਰਾਮ ਸੁਧਰ ਜਾਵੇਗਾ, ਕੋਈ ਸ਼ਰਾਰਤ ਨਹੀਂ ਕਰੇਗਾ। ਪਰ ਰਾਮ ਨੇ ਜੋ ਇਸ ਵਕਤ ਖ਼ਾਮੋਸ਼ ਬੈਠਾ ਸੀ ਤੇ ਆਪਣੇ ਜ਼ਿਹਨ ਦੀ ਤੱਕੜੀ ਵਿਚ ਪਰਮੇਸ਼ਰ ਨੂੰ ਤੋਲ ਰਿਹਾ ਸੀ, ਕੁਝ ਦੇਰ ਵਿਚਾਰ ਕਰਨ ਪਿੱਛੋਂ ਜਦ ਬੜੇ ਭੋਲ਼ੇਪਣ ਨਾਲ ਕਿਹਾ ਸੀ, "ਬਾਬੂ ਜੀ, ਤੁਸੀਂ ਮੈਨੂੰ ਪਰਮੇਸ਼ਰ ਦਿਖਾ ਦਿਓ", ਤਾਂ ਮਿਸਟਰ ਸ਼ੰਕਰ ਅਚਾਰੀਆ ਦੀ ਸਾਰੀ ਕਾਨੂੰਨਦਾਨੀ ਤੇ ਵਕਾਲਤ ਧਰੀ ਦੀ ਧਰੀ ਰਹਿ ਗਈ ਸੀ।

ਕਿਸੇ ਮੁਕੱਦਮੇ ਦਾ ਹਵਾਲਾ ਦੇਣਾ ਹੁੰਦਾ ਤਾਂ ਉਹ ਉਸ ਨੂੰ ਫਾਈਲ ਕੱਢ ਕੇ ਦਿਖਾ ਦਿੰਦੇ ਜਾਂ ਜੇ ਕੋਈ ਭਾਰਤੀ ਦੰਡਾਵਲੀ ਦੀ ਕਿਸੇ ਧਾਰਾ ਸਬੰਧੀ ਸਵਾਲ ਕਰਦਾ ਤਾਂ ਉਹ ਆਪਣੀ ਮੇਜ਼ ਤੋਂ ਉਹ ਮੋਟੀ ਕਿਤਾਬ ਚੁੱਕ ਕੇ ਖੋਲ੍ਹਣਾ ਸ਼ੁਰੂ ਕਰ ਦਿੰਦੇ ਜਿਸ ਦੀ ਜਿਲਦ 'ਤੇ ਉਨ੍ਹਾਂ ਦੇ ਇਸ ਮੁੰਡੇ ਨੇ ਚਾਕੂ ਨਾਲ ਵੇਲ ਬੂਟੇ ਬਣਾ ਰੱਖੇ ਸਨ। ਪਰ ਉਹ ਪਰਮੇਸ਼ਰ ਨੂੰ ਫੜ ਕੇ ਕਿੱਥੋਂ ਲਿਆਉਂਦੇ ਜਿਸ ਬਾਰੇ ਉਨ੍ਹਾਂ ਨੂੰ ਖ਼ੁਦ ਵੀ ਪਤਾ ਨਹੀਂ ਸੀ ਕਿ ਉਹ ਕੀ ਹੈ, ਕਿੱਥੇ ਰਹਿੰਦਾ ਹੈ ਤੇ ਕੀ ਕਰਦਾ ਹੈ!

ਜਿਸ ਤਰ੍ਹਾਂ ਉਨ੍ਹਾਂ ਨੂੰ ਪਤਾ ਸੀ ਕਿ ਦਫ਼ਾ 379 ਚੋਰੀ ਦੇ ਮਾਮਲੇ ਵਿਚ ਲਾਗੂ ਹੁੰਦੀ ਹੈ, ਇਸੇ ਤਰ੍ਹਾਂ ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਮਾਰਨ ਤੇ ਪੈਦਾ ਕਰਨ ਵਾਲੇ ਨੂੰ ਪਰਮੇਸ਼ਰ ਕਹਿੰਦੇ ਹਨ। ਜਿਸ ਤਰ੍ਹਾਂ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ, ਜਿਸ ਦੇ ਕਾਨੂੰਨ ਬਣੇ ਹੋਏ ਹਨ, ਦੀ ਅਸਲੀਅਤ ਕੀ ਹੈ, ਠੀਕ ਇਸੇ ਤਰ੍ਹਾਂ ਉਨ੍ਹਾਂ ਨੂੰ ਪਰਮੇਸ਼ਰ ਦੀ ਅਸਲੀਅਤ ਦਾ ਪਤਾ ਨਹੀਂ ਸੀ। ਉਹ ਐਮਏ ਐਲਐਲਬੀ ਤਾਂ ਸਨ ਪਰ ਇਹ ਡਿਗਰੀ ਉਨ੍ਹਾਂ ਨੇ ਅਜਿਹੀਆਂ ਉਲਝਣਾਂ ਵਿਚ ਫਸਣ ਲਈ ਨਹੀਂ ਸਗੋਂ ਦੌਲਤ ਕਮਾਉਣ ਲਈ ਹਾਸਿਲ ਕੀਤੀ ਸੀ। ਉਹ ਰਾਮ ਨੂੰ ਪਰਮੇਸ਼ਰ ਨਾ ਦਿਖਾ ਸਕੇ ਅਤੇ ਨਾ ਉਸ ਨੂੰ ਕੋਈ ਮੁਨਾਸਬ ਜਵਾਬ ਹੀ ਦੇ ਸਕੇ। ਇਸ ਲਈ ਕਿ ਇਹ ਸਵਾਲ ਹੀ ਕੁਝ ਇਸ ਤਰ੍ਹਾਂ ਅਚਾਨਕ ਤੌਰ 'ਤੇ ਕੀਤਾ ਗਿਆ ਸੀ ਕਿ ਉਨ੍ਹਾਂ ਦਾ ਦਿਲ ਪਰੇਸ਼ਾਨ ਹੋ ਗਿਆ। ਉਹ ਸਿਰਫ਼ ਇਹੀ ਕਹਿ ਸਕੇ ਸਨ, "ਜਾ ਰਾਮ ਜਾ, ਮੇਰਾ ਦਿਮਾਗ਼ ਨਾ ਚੱਟ, ਮੈਂ ਬਹੁਤ ਕੰਮ ਕਰਨਾ ਹੈ।"

ਇਸ ਸਮੇਂ ਉਨ੍ਹਾਂ ਨੇ ਕੰਮ ਸੱਚਮੁੱਚ ਬਹੁਤ ਕਰਨਾ ਸੀ ਪਰ ਉਹ ਆਪਣੀਆਂ ਪੁਰਾਣੀਆਂ ਹਾਰਾਂ ਭੁੱਲ ਕੇ ਝੱਟ ਹੀ ਇਸ ਮੁਕੱਦਮੇ ਦਾ ਫ਼ੈਸਲਾ ਕਰ ਦੇਣਾ ਚਾਹੁੰਦੇ ਸਨ। ਉਨ੍ਹਾਂ ਨੇ ਰਾਮ ਵੱਲ ਕੈਰੀਆਂ ਨਿਗਾਹਾਂ ਨਾਲ ਦੇਖ ਕੇ ਆਪਣੀ ਧਰਮ ਪਤਨੀ ਨੂੰ ਕਿਹਾ, "ਅੱਜ ਇਸ ਨੇ ਕਿਹੜੀ ਨਵੀਂ ਸ਼ਰਾਰਤ ਕੀਤੀ ਹੈ, ਮੈਨੂੰ ਛੇਤੀ ਦੱਸ, ਮੈਂ ਅੱਜ ਇਹਨੂੰ ਦੁੱਗਣੀ ਸਜ਼ਾ ਦੇਵਾਂਗਾ।"

ਮਿਸਿਜ਼ ਅਚਾਰੀਆ ਨੇ ਰਾਮ ਦਾ ਕੰਨ ਛੱਡ ਦਿੱਤਾ ਤੇ ਕਿਹਾ, "ਇਸ ਮੋਏ ਨੇ ਤਾਂ ਜੀਣਾ ਹਰਾਮ ਕਰ ਰੱਖਿਆ ਹੈ, ਜਦੋਂ ਦੇਖੋ ਨੱਚਣਾ, ਟੱਪਣਾ। ਨਾ ਆਏ ਦੀ ਸ਼ਰਮ, ਨਾ ਗਏ ਦਾ ਲਿਹਾਜ਼। ਸਵੇਰ ਤੋਂ ਮੈਨੂੰ ਸਤਾ ਰਿਹਾ ਹੈ। ਕਈ ਵਾਰ ਕੁਟਾਪਾ ਚਾੜ੍ਹ ਚੁੱਕੀ ਹਾਂ, ਪਰ ਇਹ ਆਪਣੀਆਂ ਸ਼ਰਾਰਤਾਂ ਤੋਂ ਬਾਜ਼ ਨਹੀਂ ਆਉਂਦਾ। ਰਸੋਈ ਵਿਚੋਂ ਦੋ ਕੱਚੇ ਟਮਾਟਰ ਚੁੱਕ ਕੇ ਖਾ ਗਿਆ ਹੈ, ਹੁਣ ਮੈਂ ਸਲਾਦ ਵਿਚ ਇਹਦਾ ਸਿਰ ਪਾਵਾਂ?"

ਇਹ ਸੁਣ ਕੇ ਮਿਸਟਰ ਰਾਮਾ ਸ਼ੰਕਰ ਨੂੰ ਧੱਕਾ ਜਿਹਾ ਲੱਗਿਆ। ਉਹ ਖ਼ਿਆਲ ਕਰ ਰਹੇ ਸਨ ਕਿ ਰਾਮ ਖ਼ਿਲਾਫ਼ ਕੋਈ ਸੰਗੀਨ ਇਲਜ਼ਾਮ ਹੋਵੇਗਾ ਪਰ ਇਹ ਸੁਣ ਕੇ ਕਿ ਉਸ ਨੇ ਰਸੋਈ ਵਿਚੋਂ ਸਿਰਫ਼ ਦੋ ਕੱਚੇ ਟਮਾਟਰ ਚੁੱਕ ਕੇ ਖਾਧੇ ਹਨ, ਉਨ੍ਹਾਂ ਨੂੰ ਬਹੁਤ ਨਿਰਾਸ਼ਾ ਹੋਈ। ਰਾਮ ਨੂੰ ਝਿੜਕਣ-ਝੰਬਣ ਦੀ ਉਨ੍ਹਾਂ ਦੀ ਸਾਰੀ ਤਿਆਰੀ ਇਕਦਮ ਠੰਢੀ ਪੈ ਗਈ। ਉਨ੍ਹਾਂ ਨੂੰ ਇਉਂ ਮਹਿਸੂਸ ਹੋਇਆ ਕਿ ਉਨ੍ਹਾਂ ਦਾ ਸੀਨਾ ਇਕਦਮ ਖ਼ਾਲੀ ਹੋ ਗਿਆ ਹੈ ਜਿਵੇਂ ਇੱਕ ਵਾਰ ਉਨ੍ਹਾਂ ਦੀ ਮੋਟਰ ਦੇ ਪਹੀਏ ਦੀ ਸਾਰੀ ਹਵਾ ਨਿਕਲ ਗਈ ਸੀ।


ਟਮਾਟਰ ਖਾਣਾ ਕੋਈ ਜੁਰਮ ਨਹੀਂ। ਇਸ ਤੋਂ ਬਿਨਾਂ ਮਿਸਟਰ ਸ਼ੰਕਰ ਅਚਾਰੀਆ ਦੇ ਇੱਕ ਮਿੱਤਰ, ਜੋ ਜਰਮਨੀ ਤੋਂ ਡਾਕਟਰੀ ਦੀ ਉੱਚੀ ਡਿਗਰੀ ਲੈ ਕੇ ਆਏ ਸਨ, ਨੇ ਉਨ੍ਹਾਂ ਨੂੰ ਕਿਹਾ ਸੀ ਕਿ ਆਪਣੇ ਬੱਚਿਆਂ ਨੂੰ ਖਾਣੇ ਵਿਚ ਕੱਚੇ ਟਮਾਟਰ ਜ਼ਰੂਰ ਦਿਆ ਕਰੋ ਕਿਉਂਕਿ ਉਨ੍ਹਾਂ ਵਿਚ ਵਿਟਾਮਿਨ ਬਹੁਤ ਮਾਤਰਾ ਵਿਚ ਹੁੰਦੇ ਹਨ ਪਰ ਹੁਣ ਕਿਉਂ ਜੋ ਉਹ ਰਾਮ ਦੀ ਝਾੜ-ਝੰਬ ਲਈ ਤਿਆਰ ਹੋ ਚੁੱਕੇ ਸਨ ਅਤੇ ਉਨ੍ਹਾਂ ਦੀ ਬੀਵੀ ਦੀ ਵੀ ਇਹੀ ਖ਼ਾਹਿਸ਼ ਸੀ, ਇਸ ਲਈ ਉਨ੍ਹਾਂ ਨੇ ਥੋੜ੍ਹੀ ਦੇਰ ਵਿਚਾਰ ਕੇ ਇੱਕ ਕਾਨੂੰਨੀ ਨੁਕਤਾ ਲੱਭਿਆ ਅਤੇ ਇਸ ਲੱਭਤ ਉੱਤੇ ਦਿਲ ਹੀ ਦਿਲ ਵਿਚ ਖ਼ੁਸ਼ ਹੋ ਕੇ ਆਪਣੇ ਬੇਟੇ ਨੂੰ ਕਿਹਾ, "ਮੇਰੇ ਕੋਲ ਆ, ਅਤੇ ਜੋ ਕੁਝ ਮੈਂ ਤੈਥੋਂ ਪੁੱਛਾਂ, ਸੱਚ ਸੱਚ ਦੱਸ।"

ਮਿਸਿਜ਼ ਰਾਮਾ ਸ਼ੰਕਰ ਅਚਾਰੀਆ ਚਲੀ ਗਈ ਅਤੇ ਰਾਮ ਚੁੱਪਚਾਪ ਆਪਣੇ ਬਾਪ ਦੇ ਸਾਹਮਣੇ ਖੜ੍ਹਾ ਹੋ ਗਿਆ। ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਪੁੱਛਿਆ, "ਤੂੰ ਰਸੋਈ ਵਿਚੋਂ ਦੋ ਕੱਚੇ ਟਮਾਟਰ ਕੱਢ ਕੇ ਕਿਉਂ ਖਾਧੇ?"

ਰਾਮ ਨੇ ਜਵਾਬ ਦਿੱਤਾ, "ਦੋ ਕਿੱਥੇ ਸੀ, ਮਾਤਾ ਜੀ ਝੂਠ ਬੋਲਦੇ ਹਨ।"

"ਤੂੰ ਹੀ ਦੱਸ ਕਿੰਨੇ ਸੀ।"

"ਡੇਢ। ਇੱਕ ਅਤੇ ਅੱਧਾ", ਰਾਮ ਨੇ ਇਹ ਲਫ਼ਜ਼ ਉਂਗਲ਼ਾਂ ਨਾਲ ਅੱਧੇ ਦਾ ਨਿਸ਼ਾਨ ਬਣਾ ਕੇ ਬੋਲੇ, "ਦੂਜੇ ਅੱਧੇ ਨਾਲ ਮਾਤਾ ਜੀ ਨੇ ਦੁਪਹਿਰ



ਨੂੰ ਚਟਣੀ ਬਣਾਈ ਸੀ।"

"ਚਲੋ ਡੇਢ ਹੀ ਸਹੀ, ਪਰ ਤੂੰ ਇਹ ਉੱਥੋਂ ਚੁੱਕੇ ਕਿਉਂ?"

ਰਾਮ ਨੇ ਜਵਾਬ ਦਿੱਤਾ, "ਖਾਣ ਲਈ।"

"ਠੀਕ ਹੈ, ਪਰ ਤੂੰ ਚੋਰੀ ਕੀਤੀ", ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਾਨੂੰਨੀ ਨੁਕਤਾ ਪੇਸ਼ ਕੀਤਾ।

"ਚੋਰੀ! ਬਾਬੂ ਜੀ ਮੈਂ ਚੋਰੀ ਨਹੀਂ ਕੀਤੀ, ਟਮਾਟਰ ਖਾਧੇ ਹਨ, ਇਹ ਚੋਰੀ ਕਿਵੇਂ ਹੋਈ?" ਇਹ ਕਹਿੰਦਾ ਉਹ ਫਰਸ਼ 'ਤੇ ਬੈਠ ਗਿਆ ਅਤੇ ਗਹੁ ਨਾਲ ਆਪਣੇ ਬਾਪ ਵੱਲ ਦੇਖਣ ਲੱਗਿਆ।

"ਇਹ ਚੋਰੀ ਸੀ। ਦੂਜੇ ਦੀ ਚੀਜ਼ ਨੂੰ ਉਸ ਦੀ ਇਜਾਜ਼ਤ ਤੋਂ ਬਿਨਾਂ ਚੁੱਕ ਲੈਣਾ ਚੋਰੀ ਹੁੰਦੀ ਹੈ।" ਮਿਸਟਰ ਸ਼ੰਕਰ ਅਚਾਰੀਆ ਨੇ ਇਉਂ ਆਪਣੇ ਬੱਚੇ ਨੂੰ ਸਮਝਾਇਆ ਅਤੇ ਖ਼ਿਆਲ ਕੀਤਾ ਕਿ ਉਹ ਉਨ੍ਹਾਂ ਦਾ ਮਤਲਬ ਚੰਗੀ ਤਰ੍ਹਾਂ ਸਮਝ ਗਿਆ ਹੈ। ਰਾਮ ਨੇ ਤੁਰੰਤ ਕਿਹਾ, "ਪਰ ਟਮਾਟਰ ਤਾਂ ਸਾਡੇ ਆਪਣੇ ਸਨ, ਮੇਰੀ ਮਾਤਾ ਜੀ ਦੇ।"

ਸ੍ਰੀਮਾਨ ਸ਼ੰਕਰ ਅਚਾਰੀਆ ਉਲਝ ਗਏ। ਫਿਰ ਵੀ ਉਨ੍ਹਾਂ ਨੇ ਝੱਟ ਆਪਣਾ ਮਤਲਬ ਸਮਝਾਉਣ ਦੀ ਕੋਸ਼ਿਸ਼ ਕੀਤੀ, "ਤੇਰੀ ਮਾਤਾ ਜੀ ਦੇ ਸਨ, ਠੀਕ ਹੈ, ਪਰ ਉਹ ਤੇਰੇ ਤਾਂ ਨਹੀਂ ਨਾ ਹੋਏ। ਜੋ ਚੀਜ਼ ਉਨ੍ਹਾਂ ਦੀ ਹੈ, ਉਹ ਤੇਰੀ ਕਿਵੇਂ ਹੋ ਸਕਦੀ ਹੈ? ਦੇਖ ਸਾਹਮਣੇ ਮੇਜ਼ 'ਤੇ ਤੇਰਾ ਖਿਡੌਣਾ ਪਿਆ ਹੈ, ਚੁੱਕ ਲਿਆ, ਮੈਂ ਤੈਨੂੰ ਚੰਗੀ ਤਰ੍ਹਾਂ ਸਮਝਾਉਂਦਾ ਹਾਂ।"

ਰਾਮ ਉੱਠਿਆ ਅਤੇ ਭੱਜ ਕੇ ਲੱਕੜੀ ਦਾ ਘੋੜਾ ਚੁੱਕ ਲਿਆਇਆ ਅਤੇ ਆਪਣੇ ਬਾਪ ਦੇ ਹੱਥ ਵਿਚ ਫੜਾ ਦਿੱਤਾ, "ਇਹ ਲਓ।"

ਮਿਸਟਰ ਰਾਮਾ ਸ਼ੰਕਰ ਅਚਾਰੀਆ ਬੋਲੇ, "ਹਾਂ! ਤਾਂ ਦੇਖ, ਇਹ ਘੋੜਾ ਤੇਰਾ ਹੈ ਨਾ?"

"ਜੀ ਹਾਂ।"

"ਜੇ ਮੈਂ ਇਹਨੂੰ ਤੇਰੀ ਇਜਾਜ਼ਤ ਤੋਂ ਬਗ਼ੈਰ ਚੁੱਕ ਕੇ ਆਪਣੇ ਕੋਲ ਰੱਖ ਲਵਾਂ ਤਾਂ ਇਹ ਚੋਰੀ ਹੋਵੇਗੀ।" ਮਿਸਟਰ ਰਾਮਾ ਸ਼ੰਕਰ ਨੇ ਹੋਰ ਵਿਆਖਿਆ ਕਰਦਿਆਂ ਕਿਹਾ, "ਅਤੇ ਮੈਂ ਚੋਰ।"

"ਨਹੀਂ ਪਿਤਾ ਜੀ, ਤੁਸੀਂ ਇਸ ਨੂੰ ਆਪਣੇ ਕੋਲ ਰੱਖ ਸਕਦੇ ਹੋ। ਮੈਂ ਤੁਹਾਨੂੰ ਚੋਰ ਨਹੀਂ ਕਹਾਂਗਾ। ਮੇਰੇ ਕੋਲ ਖੇਡਣ ਲਈ ਹਾਥੀ ਜੋ ਹੈ। ਤੁਸੀਂ ਹੁਣ ਤੱਕ ਦੇਖਿਆ ਨਹੀਂ? ਕੱਲ੍ਹ ਹੀ ਮੁਣਸ਼ੀ ਦਾਦਾ ਨੇ ਲੈ ਕੇ ਦਿੱਤਾ ਹੈ। ਰੁਕੋ, ਮੈਂ ਹੁਣੇ ਤੁਹਾਨੂੰ ਦਿਖਾਉਂਦਾ ਹਾਂ।" ਇਹ ਕਹਿ ਕੇ ਤਾੜੀਆਂ ਵਜਾਉਂਦਾ ਹੋਇਆ ਉਹ ਦੂਜੇ ਕਮਰੇ ਵਿਚ ਚਲਿਆ ਗਿਆ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਅੱਖਾਂ ਝਪਕਦੇ ਰਹਿ ਗਏ।

ਦੂਜੇ ਦਿਨ ਮਿਸਟਰ ਰਾਮਾ ਸ਼ੰਕਰ ਨੂੰ ਇੱਕ ਖ਼ਾਸ ਕੰਮ ਲਈ ਪੂਣੇ ਜਾਣਾ ਪਿਆ। ਉਨ੍ਹਾਂ ਦੀ ਵੱਡੀ ਭੈਣ ਉੱਥੇ ਰਹਿੰਦੀ ਸੀ। ਕਾਫ਼ੀ ਚਿਰ ਤੋਂ ਉਹ ਛੋਟੇ ਰਾਮ ਨੂੰ ਦੇਖਣ ਲਈ ਬੇਕਰਾਰ ਸੀ। ਇੰਜ ਇੱਕ ਪੰਥ ਦੋ ਕਾਜ ਦੇ ਸਨਮੁਖ ਰਾਮਾ ਸ਼ੰਕਰ ਅਚਾਰੀਆ ਆਪਣੇ ਬੇਟੇ ਨੂੰ ਵੀ ਨਾਲ ਲੈ ਗਏ ਪਰ ਇਸ ਸ਼ਰਤ 'ਤੇ ਕਿ ਉਹ ਰਸਤੇ ਵਿਚ ਕੋਈ ਸ਼ਰਾਰਤ ਨਹੀਂ ਕਰੇਗਾ। ਨੰਨ੍ਹਾ ਰਾਮ ਇਸ ਸ਼ਰਤ ਉੱਤੇ ਬੋਰੀਬੰਦਰ ਦੇ ਸਟੇਸ਼ਨ ਤੱਕ ਹੀ ਕਾਇਮ ਰਹਿ ਸਕਿਆ। ਉਧਰ ਦੱਕਨ ਕੁਈਨ ਚੱਲੀ ਤੇ ਇੱਧਰ ਰਾਮ ਦੇ ਛੋਟੇ ਜਿਹੇ ਸੀਨੇ ਵਿਚ ਸ਼ਰਾਰਤਾਂ ਨੇ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਸੈਕੰਡ ਕਲਾਸ ਕੰਪਾਰਟਮੈਂਟ ਦੀ ਚੌੜੀ ਸੀਟ ਉੱਤੇ ਬੈਠੇ ਆਪਣੇ ਨਾਲ ਵਾਲੇ ਮੁਸਾਫ਼ਰ ਦਾ ਅਖ਼ਬਾਰ ਪੜ੍ਹ ਰਹੇ ਸਨ। ਸੀਟ ਦੇ ਆਖ਼ਰੀ ਹਿੱਸੇ ਉੱਤੇ ਰਾਮ ਖਿੜਕੀ ਤੋਂ ਬਾਹਰ ਝਾਕ ਰਿਹਾ ਸੀ ਤੇ ਹਵਾ ਦਾ ਦਬਾਅ ਦੇਖ ਕੇ ਇਹ ਸੋਚ ਰਿਹਾ ਸੀ ਕਿ ਜੇ ਉਹ ਉਸ ਨੂੰ ਲੈ ਉੱਡੇ ਤਾਂ ਕਿੰਨਾ ਮਜ਼ਾ ਆਵੇ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਆਪਣੀ ਐਨਕ ਦੇ ਕੋਨਿਆਂ ਵਿਚੀਂ ਰਾਮ ਵੱਲ ਦੇਖਿਆ ਤੇ ਉਸ ਨੂੰ ਬਾਹੋਂ ਫੜ ਕੇ ਹੇਠਾਂ ਬਿਠਾ ਦਿੱਤਾ। "ਤੂੰ ਚੈਨ ਵੀ ਲੈਣ ਦੇਵੇਂਗਾ ਜਾਂ ਨਹੀਂ, ਆਰਾਮ ਨਾਲ ਬਹਿ ਜਾ।" ਇਹ ਕਹਿੰਦਿਆਂ ਉਨ੍ਹਾਂ ਦੀ ਨਜ਼ਰ ਰਾਮ ਦੀ ਟੋਪੀ 'ਤੇ ਪਈ ਜੋ ਉਸ ਦੇ ਸਿਰ ਉੱਤੇ ਚਮਕ ਰਹੀ ਸੀ, "ਇਹਨੂੰ ਲਾਹ ਕੇ ਰੱਖ ਨਾਲਾਇਕ, ਹਵਾ ਇਹਨੂੰ ਉਡਾ ਕੇ ਲੈ ਜਾਵੇਗੀ।"

ਉਨ੍ਹਾਂ ਨੇ ਰਾਮ ਦੇ ਸਿਰ ਤੋਂ ਟੋਪੀ ਲਾਹ ਕੇ ਉਸ ਦੀ ਗੋਦ ਵਿਚ ਰੱਖ ਦਿੱਤੀ। ਥੋੜ੍ਹੀ ਦੇਰ ਬਾਅਦ ਟੋਪੀ ਫੇਰ ਰਾਮ ਦੇ ਸਿਰ ਉੱਤੇ ਸੀ ਅਤੇ ਉਹ ਖਿੜਕੀ ਤੋਂ ਬਾਹਰ ਸਿਰ ਕੱਢੀ ਦੌੜਦੇ ਹੋਏ ਦਰੱਖ਼ਤਾਂ ਨੂੰ ਗਹੁ ਨਾਲ ਦੇਖ ਰਿਹਾ ਸੀ। ਦਰੱਖ਼ਤਾਂ ਦੀ ਭੱਜ ਦੌੜ ਰਾਮ ਦੇ ਜ਼ਿਹਨ ਵਿਚ ਲੁਕਣਮੀਚੀ ਦੀ ਦਿਲਚਸਪ ਖੇਡ ਦਾ ਨਕਸ਼ਾ ਖਿੱਚ ਰਹੀ ਸੀ।

ਹਵਾ ਦੇ ਬੁੱਲੇ ਨਾਲ ਅਖ਼ਬਾਰ ਦੂਹਰਾ ਹੋ ਗਿਆ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਆਪਣੇ ਬੇਟੇ ਦੇ ਸਿਰ ਨੂੰ ਫੇਰ ਖਿੜਕੀ ਤੋਂ ਬਾਹਰ ਦੇਖਿਆ। ਗੁੱਸੇ ਵਿਚ ਉਨ੍ਹਾਂ ਨੇ ਉਸ ਦੀ ਬਾਂਹ ਖਿੱਚ ਕੇ ਆਪਣੇ ਕੋਲ ਬਿਠਾਇਆ ਅਤੇ ਕਿਹਾ, "ਜੇ ਤੂੰ ਇੱਥੋਂ ਇੱਕ ਇੰਚ ਵੀ ਹਿੱਲਿਆ ਤਾਂ ਤੇਰੀ ਖ਼ੈਰ ਨਹੀਂ।" ਇਹ ਕਹਿ ਕੇ ਉਨ੍ਹਾਂ ਨੇ ਟੋਪੀ ਚੁੱਕ ਕੇ ਉਸ ਦੀਆਂ ਲੱਤਾਂ ਉੱਤੇ ਰੱਖ ਦਿੱਤੀ।

ਇਸ ਕੰਮ ਤੋਂ ਵਿਹਲੇ ਹੋ ਕੇ ਉਨ੍ਹਾਂ ਨੇ ਅਖ਼ਬਾਰ ਚੁੱਕਿਆ। ਉਹ ਅਜੇ ਇਸ ਵਿਚੋਂ ਉਹ ਸਤਰਾਂ ਹੀ ਲੱਭ ਰਹੇ ਸਨ ਜਿੱਥੋਂ ਉਨ੍ਹਾਂ ਨੇ ਪੜ੍ਹਨਾ ਛੱਡਿਆ ਸੀ ਕਿ ਰਾਮ ਨੇ ਖਿੜਕੀ ਵੱਲ ਸਰਕ ਕੇ ਬਾਹਰ ਝਾਕਣਾ ਸ਼ੁਰੂ ਕਰ ਦਿੱਤਾ। ਟੋਪੀ ਉਹਦੇ ਸਿਰ ਉੱਤੇ ਸੀ। ਇਹ ਦੇਖ ਕੇ ਮਿਸਟਰ ਸ਼ੰਕਰ ਅਚਾਰੀਆ ਨੂੰ ਡਾਢਾ ਗੁੱਸਾ ਆਇਆ। ਉਨ੍ਹਾਂ ਦਾ ਹੱਥ ਭੁੱਖੀ ਇੱਲ੍ਹ ਵਾਂਗੂੰ ਟੋਪੀ ਵੱਲ ਵਧਿਆ ਤੇ ਪਲਕ ਝਪਕ ਵਿਚ ਉਹ ਉਨ੍ਹਾਂ ਦੀ ਸੀਟ ਦੇ ਹੇਠਾਂ ਸੀ। ਇਹ ਸਭ ਕੁਝ ਇੰਨੀ ਤੇਜ਼ੀ ਨਾਲ ਹੋਇਆ ਕਿ ਰਾਮ ਨੂੰ ਸਮਝਣ ਦਾ ਮੌਕਾ ਹੀ ਨਾ ਮਿਲਿਆ। ਮੁੜ ਕੇ ਉਸ ਨੇ ਆਪਣੇ ਬਾਪ ਵੱਲ ਦੇਖਿਆ। ਐਪਰ ਉਨ੍ਹਾਂ ਦੇ ਹੱਥ ਖ਼ਾਲੀ ਨਜ਼ਰ ਆਏ। ਇਸੇ ਪ੍ਰੇਸ਼ਾਨੀ ਵਿਚ ਉਸ ਨੇ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ ਤਾਂ ਉਸ ਨੂੰ ਰੇਲ ਦੀ ਪਟੜੀ 'ਤੇ ਬਹੁਤ ਪਿਛਾਂਹ ਖ਼ਾਕੀ ਕਾਗ਼ਜ਼ ਦਾ ਟੁਕੜਾ ਉਡਦਾ ਨਜ਼ਰ ਆਇਆ। ਉਸ ਨੇ ਸਮਝਿਆ ਕਿ ਇਹ ਮੇਰੀ ਟੋਪੀ ਹੈ।

ਇਹ ਖ਼ਿਆਲ ਆਉਂਦਿਆਂ ਹੀ ਉਸ ਦੇ ਦਿਲ ਨੂੰ ਧੱਕਾ ਜਿਹਾ ਲੱਗਿਆ। ਪਿਉ ਵੱਲ ਝਿਜਕਦੀਆਂ ਜਿਹੀਆਂ ਨਿਗਾਹਾਂ ਨਾਲ ਦੇਖਦਿਆਂ ਉਸ ਨੇ ਕਿਹਾ, "ਬਾਬੂ ਜੀ, ਮੇਰੀ ਟੋਪੀ।" ਮਿਸਟਰ ਸ਼ੰਕਰ ਅਚਾਰੀਆ ਚੁੱਪ ਰਹੇ।

"ਹਾਏ ਮੇਰੀ ਟੋਪੀ", ਰਾਮ ਦੀ ਆਵਾਜ਼ ਉੱਚੀ ਹੋਈ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਕੁਝ ਨਾ ਬੋਲੇ।

ਰਾਮ ਨੇ ਰੋਂਦੀ ਆਵਾਜ਼ ਵਿਚ ਕਿਹਾ, "ਮੇਰੀ ਟੋਪੀ" ਅਤੇ ਆਪਣੇ ਪਿਉ ਦਾ ਹੱਥ ਫੜ ਲਿਆ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਉਸ ਦਾ ਹੱਥ ਝਟਕ ਕੇ ਕਿਹਾ, "ਡੇਗ ਦਿੱਤੀ ਹੋਵੇਗੀ ਤੂੰ, ਹੁਣ ਰੋਂਦਾ ਕਿਉਂ ਹੈਂ?" ਇਸ 'ਤੇ ਰਾਮ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਹੰਝੂ ਤੈਰਨ ਲੱਗੇ।

"ਪਰ ਧੱਕਾ ਤਾਂ ਤੁਸੀਂ ਹੀ ਦਿੱਤਾ ਸੀ", ਉਸ ਨੇ ਇੰਨਾ ਕਿਹਾ ਤੇ ਰੋਣ ਲੱਗਿਆ।

ਮਿਸਟਰ ਰਾਮਾ ਸ਼ੰਕਰ ਨੇ ਜ਼ਰਾ ਡਾਂਟ ਦਿੱਤਾ ਤਾਂ ਰਾਮ ਨੇ ਹੋਰ ਜ਼ਿਆਦਾ ਰੋਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਉਸ ਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਏ। ਰਾਮ ਦਾ ਰੋਣਾ ਸਿਰਫ਼ ਟੋਪੀ ਬੰਦ ਕਰਾ ਸਕਦੀ ਸੀ। ਇਸ ਲਈ ਰਾਮਾ ਸ਼ੰਕਰ ਅਚਾਰੀਆ ਨੇ ਥੱਕ ਹਾਰ ਕੇ ਉਸ ਨੂੰ ਕਿਹਾ, "ਟੋਪੀ ਵਾਪਸ ਆ ਜਾਵੇਗੀ ਪਰ ਸ਼ਰਤ ਇਹ ਹੈ ਕਿ ਤੂੰ ਉਸ ਨੂੰ ਪਹਿਨੇਂਗਾ ਨਹੀਂ!"

ਰਾਮ ਦੀਆਂ ਅੱਖਾਂ ਵਿਚੋਂ ਹੰਝੂ ਝੱਟਪੱਟ ਖ਼ੁਸ਼ਕ ਹੋ ਗਏ ਜਿਵੇਂ ਤਪੀ ਹੋਈ ਰੇਤ ਵਿਚ ਮੀਂਹ ਦੀਆਂ ਕਣੀਆਂ ਸਮਾ ਜਾਣ। ਉਹ ਸਰਕ ਕੇ ਅੱਗੇ ਵਧ ਆਇਆ ਤੇ ਬੋਲਿਆ, "ਉਹ ਵਾਪਸ ਲੈ ਆਓ।"

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਕਿਹਾ, "ਇਉਂ ਥੋੜ੍ਹੀ ਵਾਪਸ ਆ ਜਾਵੇਗੀ, ਮੰਤਰ ਪੜ੍ਹਨਾ ਪਏਗਾ।"

ਕੰਪਾਰਟਮੈਂਟ ਵਿਚ ਸਭ ਮੁਸਾਫ਼ਿਰ ਬਾਪ ਬੇਟੇ ਦੀ ਗੱਲਬਾਤ ਸੁਣ ਰਹੇ ਸਨ।

"ਮੰਤਰ", ਇਹ ਕਹਿੰਦਿਆਂ ਰਾਮ ਨੂੰ ਤੁਰੰਤ ਉਹ ਕਿੱਸਾ ਯਾਦ ਆ ਗਿਆ ਜਿਸ ਵਿਚ ਇੱਕ ਮੁੰਡੇ ਨੇ ਮੰਤਰ ਰਾਹੀਂ ਦੂਜਿਆਂ ਦੀਆਂ ਚੀਜ਼ਾਂ ਗੁੰਮ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ।

"ਪੜ੍ਹੋ ਬਾਬੂ ਜੀ", ਇਹ ਕਹਿ ਕੇ ਉਹ ਗਹੁ ਨਾਲ ਆਪਣੇ ਬਾਪ ਵੱਲ ਦੇਖਣ ਲੱਗਿਆ ਜਿਵੇਂ ਮੰਤਰ ਪੜ੍ਹਦੇ ਸਮੇਂ ਮਿਸਟਰ ਸ਼ੰਕਰ ਆਚਾਰੀਆ ਦੇ ਗੰਜੇ ਸਿਰ 'ਤੇ ਸਿੰਗ ਉੱਗ ਆਉਣਗੇ।

ਮਿਸਟਰ ਰਾਮਾ ਸ਼ੰਕਰ ਆਚਾਰੀਆ ਨੇ ਉਸ ਮੰਤਰ ਦੇ ਬੋਲ ਯਾਦ ਕਰਦਿਆਂ ਕਿਹਾ ਜੋ ਉਨ੍ਹਾਂ ਨੇ ਬਚਪਨ ਵਿਚ 'ਇੰਦਰ ਜਾਲ ਮੁਕੰਮਲ' ਤੋਂ ਜ਼ਬਾਨੀ ਯਾਦ ਕੀਤਾ ਸੀ, "ਤੂੰ ਫੇਰ ਸ਼ਰਾਰਤ ਤਾਂ ਨਹੀਂ ਕਰੇਂਗਾ?"

"ਨਹੀਂ ਬਾਬੂ ਜੀ", ਰਾਮ, ਜੋ ਮੰਤਰ ਦੀਆਂ ਗਹਿਰਾਈਆਂ ਵਿਚ ਡੁੱਬ ਰਿਹਾ ਸੀ, ਨੇ ਆਪਣੇ ਪਿਉ ਨਾਲ ਸ਼ਰਾਰਤ ਨਾ ਕਰਨ ਦਾ ਵਾਅਦਾ ਕਰ ਲਿਆ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਮੰਤਰ ਦੇ ਬੋਲ ਯਾਦ ਆ ਗਏ ਅਤੇ ਉਨ੍ਹਾਂ ਨੇ ਦਿਲ ਹੀ ਦਿਲ ਵਿਚ ਆਪਣੇ ਚੇਤੇ ਦੀ ਦਾਦ ਦੇ ਕੇ ਆਪਣੇ ਮੁੰਡੇ ਨੂੰ ਕਿਹਾ, "ਲੈ ਹੁਣ ਤੂੰ ਅੱਖਾਂ ਬੰਦ ਕਰ ਲੈ।"

ਰਾਮ ਨੇ ਅੱਖਾਂ ਬੰਦ ਕਰ ਲਈਆਂ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਮੰਤਰ ਪੜ੍ਹਨਾ ਸ਼ੁਰੂ ਕੀਤਾ।

"ਓਮ ਨਮਾ ਕਾਮੇਸ਼ਵਰੀ ਮਦ ਮਦੀਸ਼

***(ਬਾਕੀ ਅਗਲੇ ਸਫੇ 'ਤੇ)***

# ਹਰੀ ਕਰਾਂਤੀ ਵਲੋਂ ਬਰਬਾਦ ਕੀਤੇ ਪੰਜਾਬ ਨੂੰ 'ਹਰੀ ਊਰਜਾ ਕਰਾਂਤੀ' ਦੀ ਲੋੜ

ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਤੀ 'ਤੇ ਪਿਛਲੇ ਸਮੇਂ ਵਿਚ ਕੋਲਾ, ਤੇਲ ਅਤੇ ਗੈਸ ਹੀ ਮੁੱਖ ਤੌਰ 'ਤੇ ਊਰਜਾ ਦੇ ਸਾਧਨ ਰਹੇ ਹਨ। ਭੂ-ਵਿਗਿਆਨੀਆਂ ਨੇ ਇਹ ਦੱਸਿਆ ਸੀ ਕਿ ਲੱਖਾਂ ਕਰੋੜਾਂ ਸਾਲ ਪਹਿਲਾਂ ਧਰਤੀ ਦੀ ਉਥਲ-ਪੁੱਥਲ ਕਾਰਨ ਉਸ ਸਮੇਂ ਦੀ ਬਨਸਪਤੀ, ਜਾਨਦਾਰ ਪ੍ਰਾਣੀ ਅਤੇ ਹੋਰ ਲਿੱਕ-ਲੁੱਕ ਧਰਤੀ ਹੇਠ ਦੱਬਿਆ ਗਿਆ। ਬਨਸਪਤੀ ਅਤੇ ਰੁੱਖ ਧਰਤੀ ਦੇ ਭਾਰੀ ਦਬਾਅ ਹੇਠ ਕੋਲਾ ਬਣ ਗਏ ਅਤੇ ਜਾਨਦਾਰ ਪ੍ਰਾਣੀਆਂ ਦੀ ਮਿੱਝ ਹੀ ਤੇਲ/ਪੈਟਰੋਲੀਅਮ ਵਿਚ ਤਬਦੀਲ ਹੋ ਗਈ। ਇਹ ਭੰਡਾਰ ਸੀਮਤ ਹਨ ਅਤੇ ਇਨ੍ਹਾਂ ਵਿਚ ਵਾਧਾ ਨਹੀਂ ਹੋ ਰਿਹਾ। ਮਨੁੱਖ ਇਨ੍ਹਾਂ ਦੀ ਲੋੜ ਤੋਂ ਵੱਧ ਵਰਤੋਂ ਕਰਦਾ ਆ ਰਿਹਾ ਹੈ। ਇਹ ਵੀ ਸਪਸ਼ਟ

ਰਵਿੰਦਰ ਚੋਟ
ਫੋਨ:+91-98726-73703

ਹੋ ਚੁੱਕਾ ਹੈ ਕਿ ਇਹ ਸਾਧਨ ਹੋਰ ਬਹੁਤਾਂ ਸਮਾਂ ਨਹੀਂ ਚਲਣਗੇ ਕਿਉਂਕਿ ਵਿਗਿਆਨੀਆਂ ਮੁਤਾਬਕ ਇਹ ਸਾਧਨ ਜਲਦੀ ਖਤਮ ਹੋਣ ਵਾਲੇ ਹਨ। ਇਕ ਅੰਦਾਜ਼ੇ ਮੁਤਾਬਕ ਜੇ ਖਪਤ ਦੀ ਇਹੀ ਰਫਤਾਰ ਰਹੀ ਤਾਂ ਉਪਲਬਧ ਕੋਲਾ 2060 ਤਕ ਖਤਮ ਹੋਣ ਦੀ ਸੰਭਾਵਨਾ ਹੈ ਅਤੇ ਤੇਲ ਹੋਰ 50 ਸਾਲ ਤਕ ਚਲੇਗਾ। ਧਰਤੀ ਹੇਠ ਬਾਕੀ ਬਚਦਾ ਤੇਲ ਅਤੇ ਕੋਲਾ ਮਨੁੱਖ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ ਕਿਉਂਕਿ ਜਾਂ ਤਾਂ ਇਹ ਬਹੁਤ ਡੂੰਘਾ ਹੋਵੇਗਾ ਜਾਂ ਅਗਿਆਤ ਹੋਵੇਗਾ। ਇਸ ਲਈ ਸਾਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਚਾਲੂ ਰੱਖਣ ਲਈ ਇਨ੍ਹਾਂ ਦੇ ਬਦਲ ਲੱਭਣੇ ਪੈਣਗੇ। ਇਨ੍ਹਾਂ ਸਾਧਨਾਂ ਦੇ ਵੱਡੇ ਵਪਾਰੀ ਜਿਹੜੇ ਇਨ੍ਹਾਂ ਤੋਂ ਬੇਹਿਸਾਬਾ ਧਨ ਕਮਾਉਂਦੇ ਰਹੇ ਹਨ, ਇਨ੍ਹਾਂ ਦੇ ਮੁੱਕਣ 'ਤੇ ਉਨ੍ਹਾਂ ਨੂੰ ਹੋਰ ਕਮਾਈ ਦੇ ਸਾਧਨ ਲੱਭਣ ਦੀ ਚਿੰਤਾ ਬਣ ਰਹੀ ਹੈ। ਇਸ ਲਈ ਉਨ੍ਹਾਂ ਦੇ ਖਰੀਦੇ ਹੋਏ ਵਿਗਿਆਨੀ ਉਨ੍ਹਾਂ ਲਈ ਕਮਾਈ ਦੇ ਹੋਰ ਸਾਧਨ ਜੁਟਾਉਣ ਵਿਚ ਲੱਗੇ ਹੋਏ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੁਦਰਤ ਨੇ ਸਾਡੇ ਲਈ ਸ਼ਕਤੀ ਦੇ ਅਣਗਿਣਤ ਸੋਮੇ ਪੈਦਾ ਕੀਤੇ ਹੋਏ ਹਨ ਪਰ ਅਸੀਂ ਸਹੀ ਵਰਤੋਂ ਨਾ ਕਰ ਕੇ ਕੁਦਰਤ ਦਾ ਨਿਰਾਦਰ ਹੀ ਨਹੀਂ ਕਰ ਰਹੇ ਸਗੋਂ ਆਪਣੇ ਲਈ ਬਹੁਤ ਸਾਰੀਆਂ ਮੁਸੀਬਤਾਂ ਸਹੇੜ ਰਹੇ ਹਾਂ।

ਜਿਸ ਤਰ੍ਹਾਂ ਅਸੀਂ ਧਰਤੀ 'ਤੇ ਮਿੱਟੀ, ਪਾਣੀ ਤੇ ਹਵਾ ਨੂੰ ਪ੍ਰਦੂਸ਼ਤ ਕਰ ਕੇ ਪਛਤਾ ਰਹੇ ਹਾਂ ਤੇ ਕੁਦਰਤ ਦੀ ਹਰ ਕਰੂਪੀ ਝੱਲ ਰਹੇ ਹਾਂ ਉਸੇ ਤਰ੍ਹਾਂ ਅਸੀਂ ਕੋਲਾ, ਤੇਲ ਤੇ ਗੈਸ ਦੀ ਬੇਲੋੜੀ ਦੁਰਵਰਤੋਂ ਕਰ ਕੇ ਆਪਣੇ ਲਈ ਵੱਡੀ ਮੁਸੀਬਤ ਨੂੰ ਦਾਅਵਤ ਦੇ ਰਹੇ ਹਾਂ। ਕੁਦਰਤ ਦੀਆਂ ਦਾਤਾਂ ਨੂੰ ਸੰਜਮ ਨਾਲ ਵਰਤਣ ਦੀ ਥਾਂ ਅਸੀਂ ਗੁਲਸ਼ਰੇ ਉਡਾ ਰਹੇ ਹਾਂ। ਇਸ ਦੇ ਹੀ ਨਤੀਜੇ ਵਜੋਂ ਕੁਦਰਤੀ ਕਰੂਪੀਆਂ ਹੜ੍ਹ, ਤੂਫਾਨ ਤੇ ਭੁਚਾਲ ਆਦਿ ਸਾਡੀ ਮਤ ਨੂੰ ਹਲੂਣਾ ਦੇ ਰਹੇ ਹਨ ਪਰ ਅਸੀਂ ਸੁਧਰ ਨਹੀਂ ਰਹੇ। ਹੁਣ ਅਸੀਂ ਪਾਣੀ, ਹਵਾ ਤੇ ਸੂਰਜੀ ਰੋਸ਼ਨੀ ਦੀ ਊਰਜਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਮਜਬੂਰ ਹੋ ਗਏ ਹਾਂ। ਬਹੁਤ ਸਾਰੇ ਦੇਸ਼ਾਂ ਨੇ ਇਨ੍ਹਾਂ ਸਾਧਨਾਂ ਨੂੰ ਮਨੁੱਖੀ ਭਲਾਈ ਲਈ ਵਰਤਣਾ ਸ਼ੁਰੂ ਕਰ ਦਿਤਾ ਹੈ। ਉੱਨਤ ਕਹੇ ਜਾਂਦੇ ਦੇਸ਼ ਇਨ੍ਹਾਂ ਤੋਂ ਬਿਜਲੀ ਪੈਦਾ ਕਰ ਕੇ ਹੋਰ ਉੱਨਤੀ ਵੱਲ ਵਧ ਰਹੇ ਹਨ। ਇਸੇ ਨੂੰ ਉਨ੍ਹਾਂ ਨੇ ਹਰੀ ਊਰਜਾ (ਗਰੀਨ ਐਨਰਜੀ) ਦਾ ਨਾਮ ਦਿੱਤਾ ਹੈ ਕਿਉਂਕਿ ਇਸ ਊਰਜਾ ਤੋਂ ਕੋਲੇ ਜਾਂ ਤੇਲ ਤੋਂ ਪੈਦਾ ਹੋ ਰਹੇ ਪ੍ਰਦੂਸ਼ਣ ਦੇ ਮੁਕਾਬਲੇ ਨਾ-ਮਾਤਰ ਹੀ ਪ੍ਰਦੂਸ਼ਣ ਪੈਦਾ ਹੁੰਦਾ ਹੈ। ਇਹ ਸਾਧਨ ਈਕੋ-ਫਰੈਂਡਲੀ ਹਨ। ਸਾਡੇ ਦੇਸ਼ ਵਿਚ ਬਹੁਤੀ ਊਰਜਾ ਕੋਲੇ ਅਤੇ ਤੇਲ ਤੋਂ ਪੈਦਾ ਕੀਤੀ ਜਾਂਦੀ ਹੈ, ਕੁੱਝ ਹਾਈਡਰੋਪਾਵਰ ਤੋਂ ਕੀਤੀ ਜਾਂਦੀ ਹੈ। ਪਰ ਜਿੰਨੇ ਸਾਡੇ ਦੇਸ਼ ਵਿਚ ਦਰਿਆ ਤੇ ਨਦੀਆਂ ਝਰਨੇ ਹਨ ਉਨ੍ਹਾਂ ਦਾ ਬਹੁਤਾ ਲਾਭ ਨਹੀਂ ਲਿਆ ਜਾ ਰਿਹਾ।

ਸੰਸਾਰ ਵਿਚ ਵੱਡੇ ਦੇਸ਼ਾਂ ਵਿਚੋਂ 134 ਦੇਸ਼ ਫੋਸਿਲ ਫਿਊਲ ਜਾਣੀ ਕੋਲੇ ਤੇ ਤੇਲ ਤੋਂ ਬਿਜਲੀ ਪੈਦਾ ਕਰ ਕੇ ਆਪਣੇ ਉਦਯੋਗ ਅਤੇ ਹੋਰ ਕਾਰੋਬਾਰ ਚਲਾਉਂਦੇ ਹਨ ਜਿਹੜੇ ਲਗਪਗ 65% ਬਣਦੇ ਹਨ। ਸਾਡੇ ਦੇਸ਼ ਨੂੰ ਵੀ ਇਨ੍ਹਾਂ ਵਿਚ ਹੀ ਗਿਣਿਆ ਜਾ ਸਕਦਾ ਹੈ। ਦੂਸਰੇ ਪਾਸੇ ਤਕਰੀਬਨ 66 ਦੇਸ਼ ਅਜੇਹੇ ਹਨ ਜਿਹੜੇ 31% ਦੇ ਨੇੜੇ ਹਨ-ਉਹ ਆਪਣਾ ਕਾਰੋਬਾਰ ਪੌਣ, ਪਾਣੀ ਤੇ ਸੂਰਜੀ ਊਰਜਾ ਤੋਂ ਬਿਜਲੀ ਪੈਦਾ ਕਰ ਕੇ ਚਲਾ ਰਹੇ ਹਨ। ਸੱਤ ਦੇਸ਼ (4%) ਅਜੇਹੇ ਵੀ ਹਨ ਜਿਹੜੇ ਨਿਊਕਲੀਅਰ ਬਿਜਲੀ ਪੈਦਾ ਕਰ ਕੇ ਆਪਣੇ ਕੰਮ ਚਲਾ ਰਹੇ ਹਨ। ਚੀਨ ਇਕ ਅਜੇਹਾ ਦੇਸ਼ ਹੈ ਜਿਹੜਾ ਸਭ ਤੋਂ ਵੱਧ ਹਰੀ ਊਰਜਾ (ਗਰੀਨ ਐਨਰਜੀ) ਦੀ ਵਰਤੋਂ ਕਰ ਰਿਹਾ ਹੈ। ਦੁਨੀਆ ਵਿਚ ਜਿੰਨੀ ਕੁੱਲ ਹਰੀ ਊਰਜਾ ਪੈਦਾ ਕੀਤੀ ਜਾ ਰਹੀ ਹੈ, ਉਸਦਾ ਅੱਧਾ ਹਿੱਸਾ ਸਿਰਫ ਚੀਨ ਵਿਚ ਪੌਣ ਅਤੇ ਸੂਰਜੀ ਊਰਜਾ ਤੋਂ ਪੈਦਾ ਕੀਤੀ ਜਾ ਰਹੀ ਹੈ ਅਤੇ ਵਰਤੀ ਜਾ ਰਹੀ ਹੈ। ਉਹ ਤਾਂ ਆਪਣੇ ਹਰ ਵੱਡੇ ਸ਼ਹਿਰ ਨੂੰ ਰਾਤ ਨੂੰ ਜਗਮਗਾਉਣ ਲਈ ਆਪਣੇ ਬਣਾਉਟੀ ਸੂਰਜ ਪੈਦਾ ਕਰਨ ਦੀ ਹੋੜ ਵਿਚ ਲੱਗੇ ਹੋਏ ਹਨ।

ਉਰੂਗੁਆ ਦੁਨੀਆ ਦਾ ਦੂਸਰਾ ਸਭ ਤੋਂ ਛੋਟਾ ਦੇਸ਼ ਹੈ ਜਿਹੜਾ ਦੱਖਣੀ ਅਮਰੀਕਾ ਦੇ ਦੱਖਣ-ਪੂਰਬ ਵਿਚ ਸਥਿਤ ਹੈ ਅਤੇ ਰਾਜਨੀਤਕ ਤੇ ਆਰਥਿਕ ਤੌਰ 'ਤੇ ਬਰਾਜ਼ੀਲ ਤੇ ਅਰਜਨਟੀਨਾ ਦੇ ਪ੍ਰਭਾਵ ਹੇਠ ਰਿਹਾ ਹੈ-ਕੋਲੇ ਤੇ ਤੇਲ ਨੂੰ ਛੱਡ ਕੇ ਆਪਣੀ ਵਰਤੋਂ ਦੀ 91% ਬਿਜਲੀ ਹਾਈਡਰੋ-ਪਾਵਰ, ਸੂਰਜੀ ਊਰਜਾ ਅਤੇ ਪੌਣ ਸ਼ਕਤੀ ਤੋਂ ਪੈਦਾ ਕਰ ਰਿਹਾ ਹੈ। ਉਹ ਬਿਜਲੀ ਦਾ ਕੁੱਝ ਹਿੱਸਾ ਕੁਦਰਤੀ ਬਾਇਓ ਫਿਊਲਜ਼ ਤੋਂ ਵੀ ਪੈਦਾ ਕਰ ਰਿਹਾ ਹੈ। ਏਨਾ ਛੋਟਾ ਦੇਸ਼ ਹੋਣ ਦੇ ਬਾਵਜੂਦ ਉਹ ਆਪਣੀ ਫਾਲਤੂ ਬਿਜਲੀ ਦੱਖਣੀ ਅਮਰੀਕਾ, ਅਰਜਨਟੀਨਾ ਅਤੇ ਬਰਾਜ਼ੀਲ ਨੂੰ ਵੇਚਣ ਦੀ ਤਿਆਰੀ ਵਿਚ ਹੈ। ਇਸੇ ਤਰ੍ਹਾਂ ਕੀਨੀਆ ਵਿਚ ਅਫਰੀਕਾ ਦਾ ਸਭ ਤੋਂ ਵੱਡਾ ਪੌਣ-ਸ਼ਕਤੀ ਨਾਲ ਬਿਜਲੀ ਪੈਦਾ ਕਰਨ ਵਾਲਾ ਪ੍ਰੋਜੈਕਟ ਤੁਰਕਾਨਾ ਝੀਲ ਦੇ ਨੇੜੇ ਬਣਿਆ ਹੋਇਆ ਹੈ। ਮੋਰੱਕੋ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਸੋਲਰ ਫਾਰਮ ਬਣਾਇਆ ਗਿਆ ਹੈ। ਇਹ ਸਹਾਰਾ ਮਾਰੂਥਲ ਵਿਚ ਕਾਇਮ ਕੀਤਾ ਗਿਆ ਹੈ ਜਿਹੜਾ ਕਿ ਬਹੁਤ ਸਾਰੇ ਸ਼ਹਿਰਾਂ ਨੂੰ ਬਿਜਲੀ ਦੇ ਰਿਹਾ ਹੈ। ਨਿਊਜ਼ੀਲੈਂਡ ਵਿਚ ਵੀ 84% ਬਿਜਲੀ ਤੇਲ ਅਤੇ ਕੋਲੇ ਤੋਂ ਬਗੈਰ ਹੋਰ ਸਾਧਨਾਂ ਤੋਂ ਪੈਦਾ ਕੀਤੀ ਜਾਂਦੀ ਹੈ, ਜਿਸ ਲਈ ਪੌਣ, ਪਾਣੀ ਤੇ ਸੂਰਜੀ ਸ਼ਕਤੀ ਨੂੰ ਵਰਤਿਆ ਜਾਂਦਾ ਹੈ। ਉਨ੍ਹਾਂ ਦਾ ਟੀਚਾ



ਹੈ ਕਿ 2035 ਤਕ ਏਨੇ ਸਾਧਨ ਪੈਦਾ ਕਰ ਲਏ ਜਾਣ ਤਾਂ ਕਿ ਸੌ ਫੀਸਦੀ ਲੋੜੀਂਦੀ ਬਿਜਲੀ ਸ਼ਕਤੀ ਇਸੇ ਤਰ੍ਹਾਂ ਪੈਦਾ ਕੀਤੀ ਜਾ ਸਕੇ। ਨੌਰਵੇ ਵੀ 2016 ਤੋਂ ਉਨ੍ਹਾਂ ਦੀ ਵਰਤੋਂ ਦੀ 98% ਬਿਜਲੀ ਹਾਈਡਰੋ ਪਾਵਰ ਤੋਂ ਪੈਦਾ ਕਰ ਰਿਹਾ ਹੈ। ਉਨ੍ਹਾਂ ਨੇ ਆਪਣੇ ਦਰਿਆਵਾਂ ਤੇ ਝਰਨਿਆਂ ਦੇ ਪਾਣੀ ਦੀ ਸੁਚੱਜੀ ਵਰਤੋਂ ਕੀਤੀ ਹੈ। ਆਸਟਰੇਲੀਆ ਵੀ ਇਨ੍ਹਾਂ ਤਕਨੀਕਾਂ ਵਿਚ ਮੋਹਰੀ ਰੋਲ ਨਿਭਾ ਰਿਹਾ ਹੈ। ਜਰਮਨ ਦੇ ਇਕ ਫੈਦਮ ਨਾਮ ਦੇ ਕਸਬੇ ਵਿਚ 150 ਟੱਬਰਾਂ ਨੇ ਸਹਿਕਾਰੀ ਰੂਪ ਵਿਚ ਪੌਣ ਬਿਜਲੀ ਟਰਬਾਇਨਾਂ ਲਗਾ ਕੇ ਆਪਣੇ ਇਲਾਕੇ ਦੇ ਸਾਰੇ ਕੰਮ ਚਲਾ ਲਏ।

ਸਾਡੇ ਦੇਸ਼ ਵਿਚ ਕਈ ਵੱਡੀਆਂ ਨਿੱਜੀ ਕੰਪਨੀਆਂ ਇਸ ਖੇਤਰ ਵਿਚ ਕੰਮ ਕਰ ਰਹੀਆਂ ਹਨ। ਗੌਤਮ ਅਡਾਨੀ ਨੇ 2015 ਵਿਚ ਸੂਰਜੀ ਸ਼ਕਤੀ ਤੇ ਪੌਣ ਸ਼ਕਤੀ ਆਧਾਰਤ "ਅਡਾਨੀ ਗਰੀਨ ਐਨਰਜੀ ਲਿਮਟਿਡ" ਨਾਮ ਦੀ ਆਪਣੀ ਕੰਪਨੀ ਅਹਿਮਦਾਬਾਦ (ਗੁਜਰਾਤ) ਵਿਖੇ ਸ਼ੁਰੂ ਕੀਤੀ, ਜਿਹੜੀ ਸਾਡੇ ਦੇਸ਼ ਦੀ ਸਭ ਤੋਂ ਵੱਡੀ ਕੰਪਨੀ ਹੈ। ਇਸ ਸਮੇਂ ਇਹ ਕੰਪਨੀ ਦੇ 11 ਸੂਬਿਆਂ ਵਿਚ ਸ਼ਕਤੀ ਪ੍ਰੋਜੈਕਟ ਚਲ ਰਹੇ ਹਨ। ਇਨ੍ਹਾਂ ਕੰਪਨੀਆਂ ਵਿਚ ਸੂਰਜੀ ਕਣ (ਸੋਲਰ ਸੈਲ) ਨੂੰ ਸਿੱਧੇ ਤੌਰ 'ਤੇ ਹੀ ਬਿਜਲੀ ਵਿਚ ਬਦਲਿਆ ਜਾਂਦਾ ਹੈ, ਜਿਸ ਨੂੰ ਫੋਟੋਵੋਲਟਿਕ ਪ੍ਰਣਾਲੀ ਕਿਹਾ ਜਾਂਦਾ ਹੈ। ਇਹ ਬਿਜਲੀ ਵੱਡੇ ਪੱਧਰ 'ਤੇ ਵਰਤੀ ਜਾਂਦੀ ਹੈ। ਉਨ੍ਹਾਂ ਦਾ ਟੀਚਾ ਹੈ ਕਿ ਕੁੱਝ ਸਾਲਾਂ ਵਿਚ ਇਸ ਨੂੰ ਸਾਰੇ ਦੇਸ਼ ਵਿਚ ਫੈਲਾ ਦਿਤਾ ਜਾਵੇਗਾ। ਸਾਰੀਆਂ ਗੱਡੀਆਂ ਮੋਟਰਾਂ ਇਸੇ ਊਰਜਾ ਨਾਲ ਚਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਬਾਹਰਲੇ ਕਈ ਦੇਸ਼ਾਂ ਵਿਚ ਵੀ ਇਸ ਪ੍ਰੋਜੈਕਟ ਨੂੰ ਫੈਲਾਉਣ ਦੀਆਂ ਸਕੀਮਾਂ ਘੜੀਆਂ ਜਾ ਰਹੀਆ ਹਨ। ਹਿਮਾਂਸ਼ੂ ਮੋਦੀ ਦੀ ਕੰਪਨੀ "ਸੱਜ਼ਲਨ ਐਨਰਜੀ" ਜਿਸ ਦਾ ਮੁੱਖ ਦਫਤਰ ਪੂਣੇ ਵਿਖੇ ਹੈ-ਬਿਜਲੀ ਪੈਦਾ ਕਰਨ ਵਾਲੀਆਂ ਪੌਣ-ਟਰਬਾਇਨਾਂ ਬਣਾਉਂਦੀ ਹੈ। ਇਹ ਪੌਣ ਤੋਂ ਬਿਜਲੀ ਪੈਦਾ ਕਰਨ ਵਾਲੇ ਸਾਰੇ ਉਪਕਰਨ ਤਿਆਰ ਕਰਕੇ ਕੌਮਾਂਤਰੀ ਪੱਧਰ 'ਤੇ ਅਠਾਰਾਂ ਤੋਂ ਵੱਧ ਦੇਸ਼ਾਂ ਨੂੰ ਸਪਲਾਈ ਕਰ ਰਹੇ ਹਨ। ਇਹ ਕਈ ਭਾਰਤੀ ਸੂਬਿਆਂ ਨੂੰ ਵੀ ਭੇਜਣ ਦਾ ਇਰਾਦਾ ਰੱਖਦੇ ਹਨ। ਇਸੇ ਤਰ੍ਹਾਂ ਟਾਟਾ ਗਰੁੱਪ ਵੀ ਪਿੱਛੇ ਨਹੀਂ ਰਿਹਾ। ਉਹ ਵੀ ਸੂਰਜੀ ਰੋਸ਼ਨੀ ਨੂੰ ਬਿਜਲੀ ਵਿਚ ਬਦਲ ਕੇ ਉਦਯੋਗਾਂ ਲਈ ਵਰਤ ਰਹੀ ਹੈ। ਉਨ੍ਹਾਂ ਦੀ ਕੰਪਨੀ ਵੀ 4975 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ। ਰਿਲਾਇੰਸ ਗਰੁੱਪ ਵੀ ਆਪਣੀ 'ਸਟੱਲਿੰਗ ਐਂਡ ਵਿਲਸਨ ਰੀਨਿਊਵਲ ਐਨਰਜੀ" ਨਾਮ ਦੀ ਕੰਪਨੀ ਰਾਹੀਂ ਇਸ ਖੇਤਰ ਵਿਚ ਕੰਮ ਕਰ ਰਹੇ ਹਨ। ਇਸ ਵਿਚ ਉਹ ਸੋਲਰ ਸ਼ਕਤੀ ਤੋਂ ਬਿਜਲੀ ਬਣਾਉਣ ਦੇ ਪ੍ਰੋਜੈਕਟ ਡਿਜ਼ਾਇਨ ਕਰਦੇ ਹਨ। ਉਨ੍ਹਾਂ ਦੇ ਇਹ ਪ੍ਰੋਜੈਕਟ ਆਂਧਰਾ ਪ੍ਰਦੇਸ਼, ਵੀਅਤਨਾਮ ਤੇ ਚਾਇਲ ਆਦਿ ਵਿਖੇ ਚੱਲ ਰਹੇ ਹਨ। ਹੀਰੋ ਗਰੁੱਪ ਨੇ ਵੀ "ਹੀਰੋ ਫਿਊਚਰ ਐਨਰਜੀ" ਕੰਪਨੀ ਰਾਹੀਂ ਪੌਣ ਸ਼ਕਤੀ ਨੂੰ ਸਟੋਰ ਕਰਨ ਅਤੇ ਹਰੀ ਹਾਈਡਰੋਪਾਵਰ ਦਾ ਕੰਮ ਭਾਰਤ, ਵਿਅਤਨਾਮ, ਯੂਕਰੇਨ, ਯੂ.ਕੇ., ਬੰਗਲਾ ਦੇਸ਼ ਆਦਿ ਦੇਸ਼ਾਂ ਵਿਚ ਸ਼ੁਰੂ ਕਰ ਰੱਖਿਆ ਹੈ। ਗੁਜਰਾਤ ਦੀ ਇਕ ਕੰਪਨੀ "ਕੇ.ਪੀ.ਆਈ ਗਰੀਨ ਐਨਰਜੀ" ਵੀ ਪੌਣ ਸ਼ਕਤੀ 'ਤੇ ਕੰਮ ਕਰ ਰਹੀ ਹੈ। ਇਨ੍ਹਾਂ ਤੋਂ ਇਲਾਵਾ ਕਾਰਪੋਰੇਟ ਸੈਕਟਰ ਦੀਆਂ ਹੋਰ ਵੀ ਕੰਪਨੀਆਂ ਭਵਿੱਖ ਦੀ "ਹਰੀ ਊਰਜਾ ਸ਼ਕਤੀ" ਦੀ ਕਮਾਈ ਵਲ ਧਿਆਨ ਧਰ ਕੇ ਇਸ ਖੇਤਰ ਵਿਚ ਗੰਭੀਰਤਾ ਨਾਲ ਕੰਮ ਕਰ ਰਹੀਆਂ ਹਨ। ਵਿਕਸਤ ਦੇਸ਼ਾਂ ਵਿਚ ਯਾਤਰਾ ਕਰਦੇ ਸਮੇਂ ਵੇਖਿਆ ਜਾ ਸਕਦਾ ਹੈ ਕਿ ਜਰਨੈਲੀ ਸੜਕਾਂ ਦੇ ਨਾਲ ਜਾਂ ਖੁਲ੍ਹੀਆਂ ਥਾਵਾਂ 'ਤੇ ਪੌਣ ਟਰਬਾਇਨਾਂ ਚੱਲ ਰਹੀਆਂ ਹੁੰਦੀਆਂ ਹਨ ਤੇ ਨਾਲ ਹੀ ਬਿਜਲੀ ਪੈਦਾ ਕਰ ਕੇ ਸਪਲਾਈ ਕਰ ਰਹੀਆਂ ਹੁੰਦੀਆਂ ਹਨ। ਯੂਰਪੀ ਤੇ ਅਰਬ ਦੇਸ਼ਾਂ ਵਿਚ ਮਾਰੂਥਲਾਂ ਵਿਚ ਵੀ ਇਨ੍ਹਾਂ ਰਾਹੀਂ ਬਿਜਲੀ ਪੈਦਾ ਕੀਤੀ ਜਾਂਦੀ ਹੈ। ਦੁਬਈ ਦੇ ਮਾਰੂਥਲ ਦੇ ਟਿੱਬਿਆਂ ਉੱਤੇ ਥਾਂ ਥਾਂ 'ਤੇ ਚੱਲ ਰਹੀਆਂ ਪੌਣ ਟਰਬਾਇਨਾਂ ਵੇਖੀਆਂ ਜਾ ਸਕਦੀਆਂ ਹਨ। ਸਾਡੇ ਦੇਸ਼ ਵਿਚ ਵੀ ਪੁਰਾਣੇ ਸਮਿਆਂ ਤੋਂ ਪਣ-ਚੱਕੀਆਂ ਤੇ ਪੌਣ-ਚੱਕੀਆਂ ਚਲਦੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੌਣ ਸ਼ਕਤੀ ਅਤੇ ਸੂਰਜੀ ਸ਼ਕਤੀ ਨੇੜ ਭਵਿੱਖ ਵਿਚ ਖਤਮ ਨਹੀਂ ਹੋ ਸਕਦੀਆਂ ਪਰ ਇਹ ਕੁਦਰਤੀ ਵਰਤਾਰੇ ਹਨ। ਕਦੇ ਪੌਣ ਤੇਜ਼ ਚਲਦੀ ਹੈ ਅਤੇ ਕਦੇ ਨਹੀਂ ਚਲਦੀ। ਇਸੇ ਤਰ੍ਹਾਂ ਸੂਰਜ ਵੀ ਕਦੇ ਆਪਣੇ ਜਲੌਅ ਵਿਚ ਹੁੰਦਾ ਹੈ ਤੇ ਕਦੇ ਬੱਦਲਾਂ ਪਿੱਛੇ ਲੁਕ ਜਾਂਦਾ ਹੈ। ਮਨੁੱਖ ਨੂੰ ਇਨ੍ਹਾਂ ਦੀਆਂ ਸ਼ਕਤੀਆਂ ਨੂੰ ਸਟੋਰ ਕਰਨ ਦੀ ਲੋੜ ਪਵੇਗੀ। ਇਸੇ ਤਰ੍ਹਾਂ ਪਾਣੀ ਦੇ ਸੋਮਿਆਂ ਨੂੰ ਵੀ ਆਪਣੀ ਵਰਤੋਂ ਲਈ ਅਨੁਕੂਲ ਕਰਨ ਲਈ ਯਤਨ ਕਰਨੇ ਪੈਣਗੇ। ਇਨ੍ਹਾਂ ਤਿੰਨਾਂ ਹੀ ਵਸੀਲਿਆਂ ਤੋਂ ਪੈਦਾ ਹੋਣ ਵਾਲੀ ਸ਼ਕਤੀ ਵਾਤਾਵਰਣ ਪ੍ਰਦੂਸ਼ਤ ਨਹੀਂ ਕਰਦੀ। ਮਨੁੱਖੀ ਸਿਹਤ 'ਤੇ ਵੀ ਫੌਸਿਲ ਸ਼ਕਤੀਆਂ ਦੇ ਪ੍ਰਦੂਸ਼ਣ ਤੋਂ ਬਹੁਤ ਘੱਟ ਮਾਰੂ ਅਸਰ ਕਰਦੀਆਂ ਹਨ। ਸਾਡੇ ਦੇਸ਼ ਵਿਚ ਇਨ੍ਹਾਂ ਸ਼ਕਤੀਆਂ 'ਤੇ ਵੀ ਕਾਰਪੋਰੇਟ ਸੈਕਟਰ ਦਾ ਗਲਬਾ ਵਧ ਰਿਹਾ ਹੈ ਕਿਉਂਕਿ ਇਨ੍ਹਾਂ ਪ੍ਰੋਜੈਕਟਾਂ ਵਿਚ ਪੈਸਾ ਬਹੁਤਾ ਲੱਗਦਾ ਹੈ। ਇਸ ਖੇਤਰ ਨੂੰ ਹੁਣ ਤੋਂ ਹੀ ਸਰਕਾਰਾਂ ਨੂੰ ਆਪਣੇ ਹੱਥਾਂ ਵਿਚ ਲੈਣ ਦੀ ਲੋੜ ਹੈ-ਜੇਕਰ ਸਰਕਾਰਾਂ ਨੇ ਨਾ ਸੋਚਿਆ ਤਾਂ ਭਵਿੱਖ 'ਚ ਵੀ ਆਮ ਲੋਕ ਕਾਰਪੋਰੇਟ ਸੈਕਟਰ ਦੇ ਕੋਲੋਂ ਲੁੱਟ ਹੁੰਦੇ ਰਹਿਣਗੇ। ਇਸ ਖੇਤਰ ਵਿਚ ਸਰਕਾਰਾਂ ਬੇਰੁਜ਼ਗਾਰਾਂ ਲਈ ਰੁਜ਼ਗਾਰ ਵੀ ਪੈਦਾ ਕਰ ਸਕਦੀਆਂ ਹਨ। ਪੰਜਾਬ ਵਿਚ ਥਰਮਲ ਪਲਾਂਟਾਂ ਵਿਚ ਹਮੇਸ਼ਾ ਕੋਲਾ ਮੁੱਕਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਮਹਿੰਗੇ ਕੋਲੇ ਤੋਂ ਪੈਦਾ ਕੀਤੀ ਬਿਜਲੀ ਦਾ ਬਹੁਤਾ ਹਿੱਸਾ ਸਬਸਿਡੀ ਅਤੇ ਜ਼ੀਰੋ ਬਿਲਾਂ ਵਿਚ ਚਲੇ ਜਾਂਦਾ ਹੈ। ਸੋ ਪੰਜਾਬ ਸਰਕਾਰ ਨੂੰ ਵੀ ਪੌਣ ਸ਼ਕਤੀ, ਪਾਣੀ ਅਤੇ ਸੂਰਜੀ ਸ਼ਕਤੀ ਤੋਂ ਲਾਭ ਲੈਣ ਬਾਰੇ ਸੋਚਣਾ ਚਾਹੀਦਾ ਹੈ। ਪੰਜਾਬ ਕੋਲ ਇਨ੍ਹਾਂ ਸ਼ਕਤੀਆਂ ਦੇ ਵਿਸ਼ਾਲ ਵਸੀਲੇ ਹਨ ਜਿਹੜੇ ਕਿ ਭੰਗ ਦੇ ਭਾੜੇ ਜਾ ਰਹੇ ਹਨ। ਹਰੀ ਕਰਾਂਤੀ ਨੇ ਜਿਹੜਾ ਦਰਦ ਸਾਨੂੰ ਸਾਡੀ ਪੌਣ-ਪਾਣੀ ਤੇ ਧਰਤੀ ਦੂਸ਼ਿਤ ਕਰਕੇ ਦਿਤਾ ਹੈ- "ਹਰੀ ਊਰਜਾ ਕਰਾਂਤੀ" ਉਸ ਨੂੰ ਕੁੱਝ ਘੱਟ ਕਰ ਸਕਦੀ ਹੈ।

## ਮੰਤਰ

*(ਪਿਛਲੇ ਸਫੇ ਦੀ ਬਾਕੀ)*

ਓਤਮਾ ਦੇ ਭਰੀਗ ਪਰਾ ਸਵਾਹ'', ਮਿਸਟਰ ਰਾਮਾ ਸ਼ੰਕਰ ਅਚਾਰੀਆ ਦਾ ਇੱਕ ਹੱਥ ਸੀਟ ਦੇ ਹੇਠਾਂ ਗਿਆ ਅਤੇ 'ਸਵਾਹ' ਦੇ ਨਾਲ ਹੀ ਰਾਮ ਦੀ ਟੋਪੀ ਉਸ ਦੇ ਗੁਦਗੁਦੇ ਪੱਟਾਂ 'ਤੇ ਆ ਡਿੱਗੀ।

ਰਾਮ ਨੇ ਅੱਖਾਂ ਖੋਲ੍ਹ ਦਿੱਤੀਆਂ। ਟੋਪੀ ਉਸ ਦੀ ਚਪਟੀ ਨੱਕ ਦੇ ਸਾਹਮਣੇ ਪਈ ਸੀ ਅਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੀ ਤਿੱਖੀ ਨੱਕ ਐਨਕ ਦੀ ਸੁਨਹਿਰੀ ਪਕੜ ਹੇਠਾਂ ਥਰਥਰਾ ਰਹੀ ਸੀ। ਅਦਾਲਤ ਵਿਚ ਮੁਕੱਦਮਾ ਜਿੱਤਣ ਪਿੱਛੋਂ ਉਨ੍ਹਾਂ ਦੀ ਇਹੋ ਜਿਹੀ ਹਾਲਤ ਹੋਇਆ ਕਰਦੀ ਸੀ।

"ਟੋਪੀ ਆ ਗਈ'', ਰਾਮ ਨੇ ਸਿਰਫ਼ ਇੰਨਾ ਕਿਹਾ ਤੇ ਚੁੱਪ ਕਰ ਗਿਆ। ਮਿਸਟਰ ਸ਼ੰਕਰ ਅਚਾਰੀਆ ਰਾਮ ਨੂੰ ਚੁੱਪ ਬੈਠਣ ਦਾ ਹੁਕਮ ਦੇ ਕੇ ਅਖ਼ਬਾਰ ਪੜ੍ਹਨ ਵਿਚ ਰੁੱਝ ਗਏ। ਇੱਕ ਖ਼ਬਰ ਚੋਖੀ ਦਿਲਚਸਪ ਅਤੇ ਅਖ਼ਬਾਰੀ ਜ਼ਬਾਨ ਵਿਚ ਬੇਹੱਦ ਸਨਸਨੀਖੇਜ਼ ਸੀ। ਇਸ ਲਈ ਉਹ ਮੰਤਰ ਵਗੈਰਾ ਸਭ ਕੁਝ ਭੁੱਲ ਕੇ ਉਸ ਵਿਚ ਗੁਆਚ ਗਏ। ਦੱਕਣ ਕੁਈਨ ਬਿਜਲੀ ਦੇ ਪਰਾਂ 'ਤੇ ਪੂਰੀ ਤੇਜ਼ੀ ਨਾਲ ਉੱਡ ਰਹੀ ਸੀ। ਉਸ ਦੇ ਫੌਲਾਦੀ ਪਹੀਆਂ ਦੀ ਇਕਸਾਰ ਗੜਗੜਾਹਟ ਅਖ਼ਬਾਰ ਦੀ ਸਨਸਨੀ ਪੈਦਾ ਕਰਨ ਵਾਲੀ ਖ਼ਬਰ ਦੀ ਹਰ ਸਤਰ ਨੂੰ ਸਨਸਨੀਖੇਜ਼ ਬਣਾ ਰਹੀ ਸੀ। ਮਿਸਟਰ ਸ਼ੰਕਰ ਅਚਾਰੀਆ ਇਹ ਸਤਰ ਪੜ੍ਹ ਰਹੇ ਸਨ,

"ਅਦਾਲਤ ਵਿਚ ਸੰਨਾਟਾ ਪੱਸਰਿਆ ਹੋਇਆ ਸੀ। ਸਿਰਫ਼ ਟਾਈਪਰਾਈਟਰ ਦੀ ਟਿਕ ਟਿਕ ਸੁਣਾਈ ਦਿੰਦੀ ਸੀ। ਮੁਲਜ਼ਮ ਇਕਦਮ ਚੀਕਿਆ- ਬਾਬੂ ਜੀ!''

ਐਨ ਉਸ ਵਕਤ ਰਾਮ ਨੇ ਆਪਣੇ ਬਾਪ ਨੂੰ ਜ਼ੋਰ ਦੀ ਆਵਾਜ਼ ਮਾਰੀ, "ਬਾਬੂ ਜੀ।'' ਤੇ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਇਉਂ ਜਾਪਿਆ ਜਿਵੇਂ ਨਿਗਾਹ ਹੇਠਲੀ ਸਤਰ ਦੇ ਆਖ਼ਰੀ ਲਫ਼ਜ਼ ਕਾਗਜ਼ 'ਚੋਂ ਉਛਲ ਪਏ ਹਨ।

ਰਾਮ ਦੇ ਬਰਥਰਾਉਂਦੇ ਬੁੱਲ੍ਹ ਦੱਸ ਰਹੇ ਸਨ ਕਿ ਉਹ ਕੁਝ ਕਹਿਣਾ ਚਾਹੁੰਦਾ ਹੈ।

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਜ਼ਰਾ ਤੇਜ਼ੀ ਨਾਲ ਕਿਹਾ, "ਕੀ ਹੈ?'' ਅਤੇ ਐਨਕ ਦੇ ਇੱਕ ਕੋਨਿਓਂ ਟੋਪੀ ਸੀਟ ਉੱਤੇ ਪਈ ਦੇਖ ਕੇ ਆਪਣੀ ਤਸੱਲੀ ਕਰ ਲਈ।

ਰਾਮ ਅੱਗੇ ਸਰਕ ਆਇਆ ਅਤੇ ਕਹਿਣ ਲੱਗਾ, "ਬਾਬੂ ਜੀ ਉਹੀ ਮੰਤਰ ਪੜ੍ਹੋ!''

"ਕਿਉਂ?'' ਇਹ ਕਹਿੰਦਿਆਂ ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਰਾਮ ਦੀ ਟੋਪੀ ਵੱਲ ਗਹੁ ਨਾਲ ਦੇਖਿਆ ਜੋ ਸੀਟ ਦੇ ਖੂੰਜੇ ਵਿਚ ਪਈ ਸੀ।

"ਤੁਹਾਡੇ ਕਾਗਜ਼ ਜੋ ਇੱਥੇ ਪਏ ਸੀ, ਮੈਂ ਬਾਹਰ ਸੁੱਟ ਦਿੱਤੇ ਹਨ।''

ਰਾਮ ਨੇ ਇਸ ਤੋਂ ਅੱਗੇ ਕੁਝ ਹੋਰ ਵੀ ਕਿਹਾ ਪਰ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੀਆਂ ਅੱਖਾਂ ਅੱਗੇ ਹਨੇਰਾ ਜਿਹਾ ਪੱਸਰ ਗਿਆ। ਬਿਜਲੀ ਵਰਗੀ ਤੇਜ਼ੀ ਨਾਲ ਉਠ ਕੇ ਉਨ੍ਹਾਂ ਨੇ ਖਿੜਕੀ ਤੋਂ ਬਾਹਰ ਝਾਕ ਕੇ ਦੇਖਿਆ। ਐਪਰ ਰੇਲ ਦੀ ਪਟੜੀ ਦੇ ਨਾਲ ਤਿਤਲੀਆਂ ਵਾਂਗ ਫੜਫੜਾਉਂਦੇ ਕਾਗਜ਼ ਦੇ ਪੁਰਜ਼ਿਆਂ ਤੋਂ ਬਿਨਾਂ ਹੋਰ ਕੁਝ ਨਜ਼ਰ ਨਾ ਆਇਆ।

"ਤੈਂ ਉਹ ਕਾਗਜ਼ ਸੁੱਟ ਦਿੱਤੇ ਜੋ ਇੱਥੇ ਪਏ ਸੀ?'' ਉਨ੍ਹਾਂ ਨੇ ਆਪਣੇ ਸੱਜੇ ਹੱਥ ਨਾਲ ਸੀਟ ਵੱਲ ਇਸ਼ਾਰਾ ਕਰਦਿਆਂ ਕਿਹਾ।

ਰਾਮ ਨੇ ਪੁਸ਼ਟੀ ਵਿਚ ਸਿਰ ਹਿਲਾ ਦਿੱਤਾ, "ਤੁਸੀਂ ਉਹੀ ਮੰਤਰ ਪੜ੍ਹੋ ਨਾ!''

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੂੰ ਅਜਿਹਾ ਕੋਈ ਮੰਤਰ ਯਾਦ ਨਹੀਂ ਸੀ ਜੋ ਸੱਚਮੁੱਚ ਗੁਆਚੀਆਂ ਚੀਜ਼ਾਂ ਵਾਪਸ ਲਿਆ ਸਕੇ। ਉਹ ਸਖ਼ਤ ਪਰੇਸ਼ਾਨ ਸਨ। ਉਹ ਕਾਗਜ਼ ਜੋ ਉਨ੍ਹਾਂ ਦੇ ਬੇਟੇ ਨੇ ਸੁੱਟ ਦਿੱਤੇ ਸਨ, ਇੱਕ ਨਵੇਂ ਮੁਕੱਦਮੇ ਦੀ ਮਿਸਲ ਸੀ ਜਿਸ ਵਿਚ ਚਾਲੀ ਹਜ਼ਾਰ ਮੁੱਲ ਦੇ ਕਾਨੂੰਨੀ ਕਾਗਜ਼ ਪਏ ਸਨ। ਮਿਸਟਰ ਰਾਮਾ ਸ਼ੰਕਰ ਐੱਮਏ ਐਲਐਲਬੀ ਦੀ ਬਾਜ਼ੀ ਉਨ੍ਹਾਂ ਦੀ ਆਪਣੀ ਚਾਲ ਨਾਲ ਹੀ ਮਾਤ ਹੋ ਗਈ ਸੀ। ਇੱਕ ਪਲ ਲਈ ਅੰਦਰੇ ਅੰਦਰ ਉਨ੍ਹਾਂ ਦੇ ਕਾਨੂੰਨੀ ਦਿਮਾਗ਼ ਵਿਚ ਕਾਗਜ਼ਾਂ ਬਾਰੇ ਸੈਂਕੜੇ ਵਿਚਾਰ ਆਏ। ਸਪਸ਼ਟ ਹੈ, ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਮੁਵੱਕਿਲ ਦਾ ਨੁਕਸਾਨ ਉਨ੍ਹਾਂ ਦਾ ਆਪਣਾ ਨੁਕਸਾਨ ਸੀ ਪਰ ਹੁਣ ਉਹ ਕਰ ਕੀ ਸਕਦੇ ਸਨ? ਸਿਰਫ਼ ਇਹ ਕਿ ਅਗਲੇ ਸਟੇਸ਼ਨ 'ਤੇ ਉਤਰ ਕੇ ਰੇਲ ਦੀ ਪਟੜੀ ਦੇ ਨਾਲ ਨਾਲ ਚੱਲਣਾ ਸ਼ੁਰੂ ਕਰ ਦੇਣ ਅਤੇ ਦਸ ਪੰਦਰਾਂ ਮੀਲ ਤੱਕ ਇਨ੍ਹਾਂ ਕਾਗਜ਼ਾਂ ਦੀ ਭਾਲ ਵਿਚ ਮਾਰੇ ਮਾਰੇ ਫਿਰਦੇ ਰਹਿਣ। ਮਿਲਣ ਨਾ ਮਿਲਣ, ਉਨ੍ਹਾਂ ਦੀ ਕਿਸਮਤ।

ਇੱਕ ਪਲ ਵਿਚ ਸੈਂਕੜੇ ਗੱਲਾਂ ਸੋਚਣ ਮਗਰੋਂ ਆਖ਼ਰ ਉਨ੍ਹਾਂ ਨੇ ਆਪਣੇ ਦਿਲ ਨਾਲ ਫੈਸਲਾ ਕਰ ਲਿਆ ਕਿ ਜੇ ਭਾਲਣ 'ਤੇ ਕਾਗਜ਼ ਨਾ ਮਿਲੇ ਤਾਂ ਮੁਵੱਕਿਲ ਦੇ ਸਾਹਮਣੇ ਇੱਕ ਵਾਕਿਉਂ ਇਨਕਾਰ ਕਰ ਦੇਣਗੇ ਕਿ ਉਸ ਨੇ ਉਨ੍ਹਾਂ ਨੂੰ ਕਾਗਜ਼ ਦਿੱਤੇ ਸਨ। ਇਖ਼ਲਾਕੀ ਤੇ ਕਾਨੂੰਨੀ ਤੌਰ 'ਤੇ ਇਹ ਸਰਾਸਰ ਨਜਾਇਜ਼ ਸੀ ਪਰ ਇਸ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਸੀ!

ਇਸ ਤਸੱਲੀਬਖ਼ਸ਼ ਖ਼ਿਆਲ ਦੇ ਬਾਵਜੂਦ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਹਲਕ ਵਿਚ ਤਲਖ਼ੀ ਜਿਹੀ ਪੈਦਾ ਹੋ ਰਹੀ ਸੀ। ਇਕਦਮ ਉਨ੍ਹਾਂ ਦੇ ਦਿਲ ਵਿਚ ਆਇਆ ਕਿ ਕਾਗਜ਼ਾਂ ਵਾਂਗ ਉਹ ਰਾਮ ਨੂੰ ਵੀ ਚੁੱਕ ਕੇ ਗੱਡੀ ਤੋਂ ਬਾਹਰ ਸੁੱਟ ਦੇਣ ਪਰ ਇਸ ਖ਼ਾਹਿਸ਼ ਨੂੰ ਸੀਨੇ ਵਿਚ ਦਬਾ ਕੇ ਉਨ੍ਹਾਂ ਨੇ ਉਸ ਵੱਲ ਦੇਖਿਆ।

ਉਸ ਦੇ ਬੁੱਲ੍ਹਾਂ ਉੱਤੇ ਅਜੀਬ ਕਿਸਮ ਦੀ ਮੰਦ ਮੰਦ ਮੁਸਕਾਨ ਖੇਡ ਰਹੀ ਸੀ।

ਉਸ ਨੇ ਹੌਲੀ ਜਿਹੀ ਕਿਹਾ, "ਬਾਬੂ ਜੀ ਮੰਤਰ ਪੜ੍ਹੋ!''

"ਆਰਾਮ ਨਾਲ ਬਹਿ ਜਾ, ਨਹੀਂ ਤਾਂ ਯਾਦ ਰੱਖ ਸੰਘੀ ਨੱਪ ਦੇਵਾਂਗਾ'', ਮਿਸਟਰ ਰਾਮਾ ਸ਼ੰਕਰ ਅਚਾਰੀਆ ਝੁੰਜਲਾ ਗਏ। ਇੱਕ ਮੁਸਾਫ਼ਰ, ਜੋ ਬਾਪ ਬੇਟੇ ਦੀ ਗੱਲਬਾਤ ਸੁਣ ਰਿਹਾ ਸੀ, ਦੇ ਲਬਾਂ ਉੱਤੇ ਇੱਕ ਅਰਥ ਭਰਪੂਰ ਮੁਸਕਰਾਹਟ ਨੱਚ ਰਹੀ ਸੀ।

ਰਾਮ ਅਗਾਂਹ ਸਰਕ ਆਇਆ, "ਬਾਬੂ ਜੀ ਤੁਸੀਂ ਅੱਖਾਂ ਬੰਦ ਕਰ ਲਓ, ਮੈਂ ਮੰਤਰ ਪੜ੍ਹਦਾ ਹਾਂ।''

ਮਿਸਟਰ ਰਾਮਾ ਸ਼ੰਕਰ ਅਚਾਰੀਆ ਨੇ ਅੱਖਾਂ ਬੰਦ ਨਾ ਕੀਤੀਆਂ ਪਰ ਰਾਮ ਨੇ ਮੰਤਰ ਪੜ੍ਹਨਾ ਸ਼ੁਰੂ ਕਰ ਦਿੱਤਾ। "ਉਂਗ ਮਿਆਂਗ ਸ਼ਿਆਂਗ, ਲਦ ਮੁਦ ਅਮਗਾ... ਫ਼ਰੈਂਦਮਾ... ਸਵਾਹਾ'' ਅਤੇ 'ਸਵਾਹਾ' ਦੇ ਨਾਲ ਹੀ ਮਿਸਟਰ ਰਾਮਾ ਸ਼ੰਕਰ ਅਚਾਰੀਆ ਦੇ ਮਾਸਲ ਪੱਟਾਂ 'ਤੇ ਕਾਗਜ਼ਾਂ ਦਾ ਪੁਲੰਦਾ ਆ ਡਿੱਗਿਆ।

ਉਨ੍ਹਾਂ ਦੀ ਨੱਕ ਐਨਕ ਦੀ ਸੁਨਹਿਰੀ ਪਕੜ ਦੇ ਹੇਠਾਂ ਜ਼ੋਰ ਨਾਲ ਕੰਬੀ। ਰਾਮ ਦੇ ਚਪਟੇ ਨੱਕ ਦੀਆਂ ਗੋਲ ਤੇ ਲਾਲ ਲਾਲ ਨਾਸਾਂ ਵੀ ਕੰਬ ਰਹੀਆਂ ਸਨ।

***(ਮੰਟੋ ਦੀਆਂ ਸਮੁੱਚੀਆਂ ਲਿਖਤਾਂ ਦੀ ਲੜੀ 'ਮੰਟੋਨਾਮਾ' ਕਹਾਣੀਆਂ ਭਾਗ 1 ਵਿਚੋਂ)***

# ਰੁਆ ਛੱਡੇ ਪਿਆਜ਼ ਨੇ

(ਵਿਅੰਗ)

ਸਾਡੇ ਇਲਾਕੇ ਵਿਚ ਸਾਡੇ ਬਜ਼ੁਰਗ ਗੰਢੇ ਨੂੰ ਗਠਾ ਜਾਂ ਪਿਆਜ਼ ਸਦਦੇ ਸਨ। ਬੇਸ਼ੱਕ ਪਿਆਜ਼ ਫਾਰਸੀ ਮੂਲ ਦਾ ਸ਼ਬਦ ਹੈ ਪਰ ਇਹ ਸਾਡੀ ਬੋਲੀ ਵਿਚ ਰਚਿਆ-ਮਿਚਿਆ ਹੈ। ਸੰਸਕ੍ਰਿਤ 'ਚ ਇਸ ਲਈ ਪਲਾਂਡੂ ਸ਼ਬਦ ਹੈ ਤੇ ਅੰਗਰੇਜ਼ੀ 'ਚ 'ਅਨੀਅਨ'।

ਮਹਾਨਕੋਸ਼ ਵਿਚ ਗੰਢਾ ਸ਼ਬਦ ਦੇ ਅਰਥ ਗਠਾ, ਪਿਆਜ਼, ਜ਼ਮੀਨ ਵਿਚੋਂ ਉਪਜਿਆ ਗੱਠ ਦੇ ਆਕਾਰ ਦਾ ਇੱਕ ਕੰਦ ਕੀਤਾ ਗਿਆ ਹੈ। ਕੰਦ ਸੰਸਕ੍ਰਿਤ ਮੂਲ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਖੇਤੀ ਦੀ ਕਦਿ (ਜੜ੍ਹ), ਗਾਜਰ, ਗਠਾ ਆਦਿਕ ਜੋ ਜ਼ਮੀਨ ਅੰਦਰ ਹੋਣ ਵਾਲੇ ਪਦਾਰਥ ਹਨ। ਇਹ ਸ਼ਬਦ ਗੁਰਬਾਣੀ (ਸ.ਗ.ਗ.ਸ.) ਵਿਚ ਕਈ ਵਾਰ ਵਰਤਿਆ ਗਿਆ ਹੈ-'ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥ ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥ (ਅੰਗ 855)', 'ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ॥(ਅੰਗ 140), 'ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ (ਅੰਗ157) ਆਦਿ।

ਮਹਾਨਕੋਸ਼ ਵਿਚ ਗੰਢੇ ਦਾ ਵਿਗਿਆਨਕ ਨਾਮ 'ਐਲੀਯਮ ਸੇਪਾ' ਦਸਿਆ ਹੈ। ਇਸ ਦੇ ਗੁਣਾਂ ਬਾਰੇ ਜਾਣਕਾਰੀ ਦਿੰਦਿਆਂ ਕੋਸ਼ ਵਿਚ ਕਿਹਾ ਗਿਐ ਕਿ ਇਸ ਦੀ ਤਾਸੀਰ ਗਰਮ ਖੁਸ਼ਕ ਹੈ, ਲਾਲ ਗਠੇ ਨਾਲੋਂ ਚਿੱਟਾ ਗਠਾ ਘੱਟ ਗਰਮ ਹੈ, ਇਹ ਮਰਦਾਨਾ ਤਾਕਤ ਵਧਾਉਣ ਵਾਲਾ ਥੋੜ੍ਹਾ ਕਫਕਾਰਕ, ਵਾਤ ਨਾਸ਼ਕ ਅਤੇ ਬਲਦਾਇਕ ਹੈ। ਵਬਾਈ ਹਵਾ ਨੂੰ ਸ਼ੁੱਧ ਕਰਦਾ ਹੈ, ਇਸ ਦੇ ਸੁੰਘਣ ਤੋਂ ਕਜ਼ ਬੰਦ ਹੋ ਜਾਂਦੀ ਹੈ, ਹੈਜ਼ੇ ਵਿਚ ਗਠੇ ਦਾ ਵਰਤਣਾ ਗੁਣਕਾਰੀ ਹੈ।



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਅੰਗਰੇਜ਼ੀ ਸ਼ਬਦ 'ਅਨੀਯਨ' ਲਾਤੀਨੀ ਮੂਲ ਦੇ ਸ਼ਬਦ 'ਅਨੀਓ', ਪੁਰਾਤਨ ਫਰਾਂਸਿਸੀ ਦੇ 'ਔਇਗਨੋਨ' ਤੋਂ ਮਿਡਲ ਇੰਗਲਿਸ਼ ਦੇ 'ਅਨੀਅਨ' ਰਾਹੀਂ ਆਪਣੇ ਮੌਜੂਦਾ ਰੂਪ ਵਿਚ ਪੁੱਜਾ ਹੈ। ਇਸ ਦਾ ਸਬੰਧ ਯੂਨੀਅਨ ਨਾਲ ਵੀ ਜੋੜਿਆ ਗਿਆ ਹੈ।

ਪਰ ਇਸ ਗੁਣਕਾਰੀ ਪਿਆਜ਼ ਦੀਆਂ ਕੀਮਤਾਂ ਨੇ ਆਮ ਆਦਮੀ ਨੂੰ ਰੁਆ ਛੱਡਿਆ। ਗੰਢਾ ਕਿਸੇ ਜ਼ਮਾਨੇ ਵਿਚ ਗਰੀਬ-ਗੁਰਬੇ ਦੀ ਸਬਜ਼ੀ ਹੁੰਦਾ ਸੀ। ਰੋਟੀ ਨਾਲ ਗੰਢਾ ਭੰਨ ਕੇ ਅੰਬ ਦੇ ਆਚਾਰ ਨਾਲ ਚਟਖਾਰੇ ਲੈ ਕੇ ਪ੍ਰਛਾਦਾ ਛਕ ਲਈਦਾ ਸੀ। ਖੇਤਾਂ ਵਿਚ ਭੱਤਾ ਲੈ ਕੇ ਜਾਣ ਵਾਲੇ ਵੇਲਿਆਂ ਵਿਚ ਗੰਢੇ ਨੂੰ ਜਾਂ ਤਾਂ ਦੋਵਾਂ ਹੱਥਾਂ ਵਿਚ ਘੁਟ ਕੇ ਫੇਹ ਲਈਦਾ ਸੀ ਤੇ ਜਾਂ ਗੋਡੇ ਉਪਰ ਰੱਖ ਕੇ ਮੁੱਕੀ ਮਾਰ ਕੇ ਭੰਨ ਲਈਦਾ ਸੀ। ਅਸੀਂ ਉਸ ਜ਼ਮਾਨੇ ਦੀ ਗੱਲ ਕਰ ਰਹੇ ਹਾਂ ਜਦੋਂ ਖੇਤੀ ਹੱਥਾਂ, ਹਲਾਂ-ਬਲਦਾਂ, ਹਲਟਾਂ ਨਾਲ ਹੁੰਦੀ ਸੀ। ਇਹ ਸਮੇਂ ਅਸੀਂ ਦੇਖੇ-ਹੰਢਾਏ ਹਨ। ਗੰਢਾ, ਆਚਾਰ ਅਤੇ ਹਰੀ ਮਿਰਚ ਰੋਟੀ ਨਾਲ ਜ਼ਰੂਰ ਮਿਲਦੇ ਸਨ, ਦਹੀਂ-ਲੱਸੀ ਵਾਂਗ!

ਗੋਡੇ ਉਪਰ ਗੰਢਾ ਭੰਨਣ ਤੋਂ ਸਿੱਖ ਧਰਮ ਨਾਲ ਜੁੜੀ ਇੱਕ ਇਤਿਹਾਸਕ ਗੱਲ ਯਾਦ ਆ ਗਈ। ਜਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਪਾਸੋਂ ਸੱਚੇ ਪਾਤਸ਼ਾਹ ਦੇ ਕਹਿਣ 'ਤੇ ਸੰਤਾਨ ਪ੍ਰਾਪਤੀ ਦੀ ਅਸੀਸ ਲੈਣ ਗਏ ਤਾਂ ਬਾਬਾ ਜੀ ਪ੍ਰਛਾਦਾ ਛਕ ਰਹੇ ਸਨ। ਉਨ੍ਹਾਂ ਗੋਡੇ 'ਤੇ ਗੰਢਾ ਰੱਖ ਕੇ ਮੁੱਕੀ ਮਾਰ ਕੇ ਇਸ ਨੂੰ ਭੰਨਦਿਆਂ ਕਿਹਾ ਕਿ ਆਪ ਜੀ ਦੇ ਘਰ ਇਕ ਅਜਿਹੇ ਸੂਰਮੇ ਦਾ ਜਨਮ ਹੋਵੇਗਾ ਜੋ ਦੁਸ਼ਮਣਾਂ ਦੇ ਸਿਰ ਇਸ (ਗੰਢੇ ਵਾਂਗ) ਤਰ੍ਹਾਂ ਹੀ ਭੰਨੇਗਾ! ਤੇ ਹੋਇਆ ਵੀ ਇੰਝ ਹੀ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦਾ ਨਿਵੇਕਲਾ ਸਿਧਾਂਤ ਚਲਾਇਆ ਅਤੇ ਜੰਗਾਂ 'ਚ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ (ਗੰਢਿਆਂ ਵਾਂਗ ਉਨ੍ਹਾਂ ਦੇ ਸਿਰ ਭੰਨੇ)।

ਪਰ ਸਾਧਾਰਨ ਬੰਦੇ ਦੀ ਸਬਜ਼ੀ-ਭਾਜੀ ਇਸ ਵਾਰ ਐਨੀ ਮਹਿੰਗੀ ਹੋ ਗਈ ਕਿ ਗਰੀਬ-ਗੁਰਬਾ ਤਾਂ ਛੱਡੋ, ਇਸ ਨੇ ਤਾਂ ਮਿਡਲ ਕਲਾਸ ਦੀਆਂ ਅੱਖਾਂ 'ਚੋਂ ਅੱਥਰੂ ਕੱਢ ਦਿੱਤੇ। ਵੈਸੇ ਵੀ ਗੰਢਿਆਂ ਦੀਆਂ ਕੁਝ ਕਿਸਮਾਂ ਦੀ ਗੰਧ ਐਨੀ ਤੇਜ਼-ਤਿੱਖੀ ਹੁੰਦੀ ਹੈ ਕਿ ਉਨ੍ਹਾਂ ਨੂੰ ਛਿਲਦਿਆਂ/ਕੱਟਦਿਆਂ (ਅੱਜ ਕੱਲ੍ਹ ਛਿੱਲਦੇ/ਕੱਟਦੇ ਹੀ ਹਨ, ਭੰਨਦੇ ਨਹੀਂ) ਛਿੱਲਣ ਵਾਲੇ ਦੀਆਂ ਅੱਖਾਂ 'ਚੋਂ ਪਾਣੀ ਇੰਝ ਟਪਕਦਾ ਹੈ ਜਿਵੇਂ ਕੋਈ ਵਿਛੜੀ ਮਹਿਬੂਬਾ ਨੂੰ ਚੇਤੇ ਕਰ ਕੇ ਜ਼ਾਰੋ ਜ਼ਾਰ ਰੋ ਰਿਹਾ ਹੋਵੇ (ਸਾਨੂੰ ਇਸ ਦਾ-ਪਿਆਜ਼ ਛਿੱਲਣ ਦਾ ਨਾ ਕਿ ਮਹਿਬੂਬਾ ਨੂੰ ਯਾਦ ਕਰਨ ਦਾ- ਬਹੁਤ ਤਜਰਬਾ ਹੈ ਕਿਉਂਕਿ ਇਸ ਨੇਕ ਕੰਮ ਨੂੰ ਕਰਨ ਦੀ ਜ਼ਿੰਮੇਵਾਰੀ ਸਾਡੀ ਨੇਕ-ਦਿਲ ਸਲੀਕਾ-ਸੁਥਰੀ ਨੇ ਮਿਹਰਬਾਨ ਹੁੰਦਿਆਂ ਸਾਨੂੰ ਹੀ ਸੌਂਪੀ ਹੋਈ ਹੈ)।

ਬਰਸਾਤਾਂ ਦੇ ਦਿਨਾਂ ਵਿਚ 'ਟੌਪ' ਸ਼੍ਰੇਣੀ ਦੀਆਂ ਕੀਮਤਾਂ ਟੌਪੋ-ਟੌਪ ਹੋ ਜਾਂਦੀਆਂ ਹਨ। ਮਾਰਕਿਟ ਮਾਹਿਰਾਂ ਅਨੁਸਾਰ 'ਟੌਪ' ਦਾ ਅਰਥ ਹੈ 'ਟੀ' ਫਾਰ 'ਟਮੈਟੋ' (ਟਮਾਟਰ),'ਓ' ਫਾਰ 'ਅਨੀਅਨ'(ਗੰਢੇ),'ਪੀ' ਫਾਰ 'ਪਟੈਟੋ' (ਆਲੂ)। ਇਹ ਜਲਦੀ ਖਰਾਬ ਹੋਣ ਵਾਲੀਆਂ (ਪੈਰੀਸ਼ੇਬਲ) ਸਬਜ਼ੀਆਂ ਹੋਣ ਕਾਰਨ ਬਰਸਾਤਾਂ ਵਿਚ ਹਰ ਸਾਲ ਇਨ੍ਹਾਂ ਦੇ ਭਾਅ ਵਧ ਜਾਂਦੇ ਹਨ ਜਾਂ ਬਾਜ਼ਾਰੀ ਸ਼ਕਤੀਆਂ ਵਲੋਂ ਵਧਾ ਦਿਤੇ ਜਾਂਦੇ ਹਨ। ਲਾਲ ਟਮਾਟਰ ਨੇ ਤਾਂ ਸਭ ਦੇ ਰੰਗ ਉਦੋਂ ਲਾਲ-ਪੀਲੇ ਕਰ ਦਿੱਤੇ ਜਦ ਇਸ ਦੀ ਕੀਮਤ ਅੰਬਰੀਂ ਅੱਪੜ ਗਈ ਤੇ ਇਹ ਸਵਾ ਸੌ ਰੁਪਏ ਕਿੱਲੋ ਵਿਕਣ ਲੱਗਾ (ਹੁਣ ਕੁਝ ਘਟਿਐ)। ਆਲੂ, ਜਿਸ ਬਾਰੇ ਕਦੀ ਮਸ਼ਹੂਰ ਸੀ ਕਿ 'ਜੈਸੇ ਸਮੋਸੇ ਮੇਂ ਆਲੂ ਤੈਸੇ ਸਿਆਸਤ ਮੇਂ ਲਾਲੂ', ਵੀ 40-45 ਰੁਪਏ ਕਿੱਲੋ 'ਤੇ ਪਹੁੰਚ ਗਿਆ। ਆਲੂ ਸਰਬ-ਸਬਜ਼ੀਆ ਹੈ, ਹਰ ਸਬਜ਼ੀ 'ਚ ਪੈ ਜਾਂਦੈ, ਆਪ ਵੀ ਪੂਰਨ ਸਬਜ਼ੀ ਹੈ, ਇਕੱਲਾ ਹੀ ਬਹੁਤ ਹੈ, ਇਸ ਲਈ ਆਮ ਆਦਮੀ ਦਾ ਚਹੇਤਾ ਹੈ। ਕੁਝ ਕੁ ਦਹਾਕੇ ਪਹਿਲਾਂ ਤਾਂ ਮੀਟ ਵਿਚ ਵੀ ਆਲੂ ਪਾ ਲੈਂਦੇ ਸੀ। ਸਾਧਨ ਘੱਟ ਹੋਣ ਅਤੇ ਟੱਬਰ ਵੱਡੇ ਹੋਣ ਕਾਰਨ ਮੀਟ ਥੋੜ੍ਹੀ ਮਾਤਰਾ ਵਿਚ ਖ੍ਰੀਦ ਕੇ ਉਸ ਵਿਚ ਆਲੂ ਪਾ ਕੇ ਉਸ ਦੀ ਮਾਤਰਾ ਵਧਾ ਲਈ ਜਾਂਦੀ ਸੀ ਤਾਂ ਕਿ ਸਭ ਨੂੰ ਥੋੜ੍ਹਾ ਥੋੜ੍ਹਾ ਆ ਜਾਏ।

ਪਰ ਹੁਣ ਤਾਂ ਆਲੂ ਹੀ ਮਾਣ ਨਹੀਂ, ਟੀਟਣੇ ਮਾਰਦਾ ਫਿਰਦੈ!। ਉਦਾਂ ਕਈ ਵਾਰ ਇਸ ਦੀਆਂ ਕੀਮਤਾਂ ਐਨੀਆਂ ਘੱਟ



ਹੋ ਜਾਂਦੀਆਂ ਹਨ ਕਿ ਆਲੂ ਉਗਾਉਣ ਵਾਲੇ ਇਸ ਨੂੰ ਜਲੰਧਰ ਦੀਆਂ ਸੜਕਾਂ ਉਪਰ ਟਰਾਲੀਆਂ ਭਰ ਭਰ ਸੁੱਟਦੇ ਰਹੇ ਹਨ। ਪਰ ਕੀਮਤ ਉਤਪਾਦਕ ਲਈ ਹੀ ਘਟ ਹੁੰਦੀ ਹੈ, ਉਪਭੋਗਤਾ ਲਈ ਨਹੀਂ। ਵਪਾਰੀ/ਵਿਕ੍ਰੇਤਾ ਨੂੰ ਤਾਂ ਕਮਾਈ ਹੀ ਕਮਾਈ ਹੈ!

ਪਿਆਜ਼ ਦੇ ਉਤਪਾਦਕ ਵੀ ਨਾਸਿਕ (ਮਹਾਰਾਸ਼ਟਰ) ਵਿਚ ਕਈ ਵਾਰ ਮੰਦੀ ਕਾਰਨ ਇਸ ਨੂੰ ਰੋਸ ਵਜੋਂ ਸੜਕਾਂ ਉਪਰ ਸੁਟਦੇ ਹਨ। ਪਰ ਇਥੇ ਵੀ ਗੱਲ ਉਪਭੋਗਤਾ ਲਈ ਮਹਿੰਗੇ ਹੋਣ ਦੀ ਹੈ, ਵਪਾਰੀ/ਵਿਕ੍ਰੇਤਾ ਨੇ ਤਾਂ ਕਮਾਉਣਾ ਹੀ ਹੈ। 50-60 ਰੁਪਏ ਕਿੱਲੋ ਵਿਕਦੇ ਪਿਆਜ਼ ਨੂੰ ਭਲਾ ਕੌਣ ਕਹਿ ਸਕਦੈ ਕਿ ਇਹ ਕਿਸੇ ਵੇਲੇ ਗਰੀਬ ਦੀ ਸਬਜ਼ੀ ਰਿਹੈ।

8 ਅਗਸਤ ਨੂੰ ਰਾਜ ਸਭਾ ਦੇ ਵਿਰੋਧੀ ਦਲਾਂ ਦੇ ਮੈਂਬਰਾਂ ਨੇ ਗਲ ਵਿਚ ਗੰਢਿਆਂ ਦੀ ਮਾਲਾ ਪਾ ਕੇ ਸੰਸਦ ਦੇ ਬਾਹਰ ਪਿਆਜ਼ ਦੀਆਂ ਵਧੀਆਂ ਕੀਮਤਾਂ ਵਿਰੁੱਧ ਰੋਸ ਪ੍ਰਗਟਾਇਆ। ਇਹ ਕੋਈ ਪੂਜਾ ਦੀ ਮਾਲਾ ਨਹੀਂ ਸੀ ਸਗੋਂ ਸੱਤਾਧਾਰੀ ਪਾਰਟੀ ਦੁਆਰਾ ਗੰਢਿਆਂ ਦੀਆਂ ਕੀਮਤਾਂ ਉਪਰ ਕਾਬੂ ਪਾਉਣ ਦੀ 'ਹਾਰ' ਦੇ ਸੂਚਕ ਹਾਰ ਸਨ!

ਪਰ ਕਰੀਏ ਕੀ, ਸਾਡੇ ਕੇਂਦਰੀ ਖਜ਼ਾਨਾ ਮੰਤਰੀ ਤਾਂ ਲਸਣ-ਪਿਆਜ਼ ਖਾਂਦੇ ਨਹੀਂ, ਇਸ ਲਈ ਪਿਆਜ਼ ਦੀਆਂ ਵਧੀਆਂ ਕੀਮਤਾਂ ਦਾ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਤੇ ਸਾਡੇ ਪ੍ਰਧਾਨ ਸੇਵਕ ਨੂੰ ਤਾਂ ਵੈਸੇ ਹੀ 'ਛੋਟੇ-ਮੋਟੇ' ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਇਨ੍ਹਾਂ 'ਛੋਟੀਆਂ-ਮੋਟੀਆਂ' ਗੱਲਾਂ ਦਾ ਕੋਈ ਫਰਕ ਨਹੀਂ ਪੈਂਦਾ। ਕੋਈ ਰੋਣਾ ਰੋਵੇ ਤਾਂ ਕਿਸ ਦੇ ਅੱਗੇ?

ਖੈਰ, ਗੰਢਾ ਤਾਂ ਹੈ ਹੀ ਬੜੀ ਰਮਜ਼ਮਈ ਸ਼ੈਅ। ਛਿਲਕੇ ਹੇਠ ਛਿਲਕਾ ਤੇ ਠਾਹ ਛਿਲਕਾ! ਜਿਵੇਂ ਕਹਿੰਦੇ ਹਨ ਕਿ 'ਜੈਸੇ ਕੇਲੇ ਕੇ ਪਾਤ ਪਾਤ ਮੇਂ ਪਾਤ, ਤੈਸੇ ਸੰਤਨ ਕੀ ਬਾਤ ਬਾਤ ਮੇਂ ਬਾਤ'! ਇਵੇਂ ਹੀ ਪਿਆਜ਼ ਦੇ ਛਿਲਕੇ ਛਿਲਕੇ 'ਚ ਛਿਲਕਾ! ਮਿੰਨ੍ਹਾ-ਮੀਸਣਾ/ਚਾਲੂ ਬੰਦਾ ਵੀ ਗੰਢੇ ਵਾਂਗ ਹੀ ਹੁੰਦੈ, ਉਪਰੋਂ ਕੁਝ ਹੋਰ, ਅੰਦਰੋਂ ਕੁਝ ਹੋਰ!

ਗੰਢੇ ਦੇ ਦਰਜਨ ਕੁ ਛਿਲਕਿਆਂ ਮਗਰੋਂ ਵਿਚਾਲੇ ਜਿਹੇ ਜਾ ਕੇ ਨਿੱਕੀ ਗੋਲ ਜਿਹੀ ਗੱਠੀ ਮਿਲਦੀ ਹੈ ਜੋ ਸਾਡੀ ਮਨਪਸੰਦ ਖੁਰਾਕ ਹੈ। ਇਸ ਨੂੰ ਗਠੇ ਦੀ ਗਿਰੀ ਸਮਝੋ! ਇਸੇ ਕਰਕੇ ਹੀ ਗੰਢੇ ਨੂੰ 'ਬਲਬਸ' (ਗੋਲਾਈਦਾਰ/ਅੰਡਾਕਾਰ) ਪਦਾਰਥ/ਪੌਦਾ ਕਿਹਾ ਜਾਂਦੈ।

ਕਿਸੇ ਸਮੇਂ ਜਨਾਬ ਫਿਕਰ ਤੌਂਸਵੀ ਦਾ ਇੱਕ ਕਾਲਮ 'ਪਿਆਜ਼ ਕੇ ਛਿਲਕੇ' ਬਹੁਤ ਮਸ਼ਹੂਰ ਹੁੰਦਾ ਸੀ।

ਅੰਤ ਵਿਚ ਇਕ ਬੜੀ ਪ੍ਰਸਿੱਧ ਗਾਥਾ ਸੁਣ ਲਓ। ਬਹੁਤਿਆਂ ਨੇ ਸੁਣੀ ਹੀ ਹੋਣੀ ਐਂ, ਪਰ ਫਿਰ ਵੀ ਪੜ੍ਹ/ਸੁਣ ਲਓ।

ਇੱਕ ਹਾਕਮ ਨੇ ਇੱਕ ਗੁਨਾਹਗਾਰ ਨੂੰ ਸਜ਼ਾ ਦੇ 3 ਵਿਕਲਪ ਦਿੱਤੇ-1.ਸੌ ਰੁਪਏ ਜੁਰਮਾਨਾ ਭਰਨਾ ਜਾਂ 2. ਸੌ ਪੌਲੇ (ਛਿੱਤਰ ਖਾਣਾ) ਅਤੇ 3. ਸੌ ਪਿਆਜ਼ ਖਾਣੇ। ਗੁਨਹਗਾਰ ਨੇ ਪੈਂਦੀ ਸੱਟੇ ਪਿਆਜ਼ ਵਾਲਾ ਵਿਕਲਪ ਚੁਣਿਆ, ਪਰ ਪੂਰੇ ਪਿਆਜ਼ ਖਾ ਨਾ ਸਕਿਆ, ਅੱਖਾਂ/ਨਾਸਾਂ ਸਮੇਤ ਪਤਾ ਨਹੀਂ ਹੋਰ ਕਿਥੋਂ ਕਿਥੋਂ ਧੂੰਆਂ/ਪਾਣੀ ਨਿਕਲਣ ਲੱਗ ਪਿਆ! ਪਿਆਜ਼ ਵਾਲਾ ਵਿਕਲਪ ਵਿਚੇ ਛਡ ਕੇ ਸੌ ਪੌਲੇ ਖਾਣਾ ਚੁਣ ਲਿਆ। ਪੌਲੇ ਵੀ ਪੂਰੇ ਨਾ ਖਾਧੇ ਜਾ ਸਕੇ, ਕਿਹੜਾ ਜਲੇਬੀਆਂ-ਪਕੌੜੇ ਸਨ ਜੋ ਸੁਆਦ ਲੈ ਕੇ ਖਾਈ ਜਾਂਦਾ। ਪਿਛਵਾੜਾ ਸੂਹਾ ਲਾਲ ਹੋ ਗਿਆ, ਰੋਂਦਿਆਂ ਰੋਂਦਿਆਂ ਰਾਹ ਵਿਚ ਹੀ ਰੋਕਣ ਦੇ ਰਹਿਮੋ ਕਰਮ ਲਈ ਕਹਿ ਕੇ ਸੌ ਰੁਪਿਆ ਜੁਰਮਾਨਾ ਦੇਣਾ ਮੰਨ ਲਿਆ!

ਇਥੋਂ ਹੀ ਅਖਾਣ ਬਣਿਐ ਕਿ 'ਪੌਲੇ ਵੀ ਖਾਣੇ, ਪਿਆਜ਼ ਵੀ ਤੇ ਸੌ ਰੁਪਏ ਜੁਰਮਾਨਾ ਵੀ ਭਰਨਾ'!

# ਆਜ਼ਾਦੀ ਦੀ ਕੀਮਤ

ਦੇਸ਼-ਭਗਤਾਂ ਤੇ ਕ੍ਰਾਂਤੀਕਾਰੀਆਂ 'ਚ ਤਾਂ ਦੇਸ਼ ਆਜ਼ਾਦ ਕਰਾਉਣ ਦਾ ਪੂਰਾ ਜਨੂੰਨ ਸੀ। ਉਹ ਤਾਂ ਭਲੀਭਾਂਤ ਜਾਣੂ ਸਨ ਕਿ ਆਜ਼ਾਦੀ ਲੈਣ ਲਈ ਜਾਨਾਂ ਤਾਂ ਦੇਣੀਆਂ ਹੀ ਪੈਣਗੀਆਂ। ਆਖਰ ਉਨ੍ਹਾਂ ਦੇ ਸੁਪਨਿਆਂ ਨੂੰ ਬੂਰ ਪਿਆ ਤੇ 15 ਅਗਸਤ 1947 ਨੂੰ ਸਾਡਾ ਦੇਸ਼ ਆਜ਼ਾਦ ਹੋ ਗਿਆ।

ਅੱਜ 76 ਸਾਲਾਂ ਬਾਅਦ ਆਜ਼ਾਦੀ ਦਾ ਨਿੱਘ ਤਾਂ ਸਾਰਾ ਦੇਸ਼ ਮਾਣ ਰਿਹਾ, ਪਰ ਦੂਜੇ ਪਾਸੇ ਜਿਨ੍ਹਾਂ (ਪੰਜਾਬੀਆਂ) ਨੇ ਸਭ ਤੋਂ ਵਧੇਰੇ ਕੁਰਬਾਨੀਆਂ ਕੀਤੀਆਂ, ਉਸ ਵਕਤ ਦੇ ਅਖੌਤੀ ਸਿਆਸਤਦਾਨਾਂ ਨੇ ਉਨ੍ਹਾਂ ਦੇ ਪੰਜਾਬ ਦੇ ਕਿੰਨੇ ਟੋਟੇ ਕੀਤੇ, ਇਹ ਵੀ ਸੋਚਣ ਵਿਚਾਰਨ ਵਾਲੀ ਗੱਲ ਹੈ। ਕਿੰਨਾ ਵੱਡਾ ਸੀ

ਅਮਰਬੀਰ ਸਿੰਘ ਚੀਮਾ
ਫੋਨ: 9888940211

ਅਣਵੰਡਿਆ ਪੰਜਾਬ। ਅੱਧਾ ਪੰਜਾਬ ਪਾਕਿਸਤਾਨ ਨੂੰ ਦੇ ਦਿੱਤਾ, ਕਿੰਨੇ ਹੀ ਗੁਰਧਾਮ ਉਧਰ ਰਹਿ ਗਏ। ਇੱਥੇ ਹੀ ਸਬਰ ਨਹੀਂ, 1947 ਤੋਂ ਬਾਅਦ ਆਜ਼ਾਦ ਭਾਰਤ ਵਿਚ ਪੰਜਾਬ ਦੇ ਹੋਰ ਟੁਕੜੇ ਕਰ ਕੇ ਹਰਿਆਣਾ ਅਤੇ ਹਿਮਾਚਲ ਵੱਖਰੇ ਸੂਬੇ ਬਣਾ ਦਿੱਤੇ। ਪੰਜਾਬ ਹੋਰ ਸਿਮਟ ਕੇ ਰਹਿ ਗਿਆ। ਇਹ ਤਾਂ ਹੋਈ ਭੂਗੋਲਿਕ ਖਿੱਤੇ ਤੇ ਆਜ਼ਾਦੀ ਦੇ ਪ੍ਰਵਾਨਿਆਂ ਦੀ ਗੱਲ। ਹੁਣ ਗੱਲ ਕਰਦੇ ਆਂ ਉਸ ਕੀਮਤ ਦੀ ਜਿਹੜੀ ਇਹ ਆਜ਼ਾਦੀ ਲੈਣ ਲਈ ਪੰਜਾਬੀਆਂ ਨੂੰ ਤਾਰਨੀ ਪਈ।

ਆਜ਼ਾਦੀ ਮੌਕੇ ਜਿਸ ਨੂੰ ਹਾਲੇ ਵੀ '47 ਦੇ ਹੱਲਿਆਂ ਕਰਕੇ ਯਾਦ ਕੀਤਾ ਜਾਂਦਾ, ਇਨ੍ਹਾਂ ਦਿਨਾਂ ਵਿਚ ਦੋਵੇਂ ਪਾਸਿਆਂ ਤੋਂ ਵਾਸਨਾ ਦੇ ਵਹਿਸ਼ੀਆਂ ਨੇ ਹਜ਼ਾਰਾਂ ਤ੍ਰੀਮਤਾਂ ਦੀ ਇੱਜ਼ਤ ਲੀਰੋ ਲੀਰ ਕੀਤੀ। ਕਿੰਨੀਆਂ ਮਜਬੂਰ ਤੇ ਬੇਵੱਸ ਪੰਜਾਬਣਾਂ ਨੇ ਇੱਜ਼ਤਾਂ ਬਚਾਉਣ ਲਈ ਖੂਹਾਂ ਤੇ ਨਹਿਰਾਂ 'ਚ ਛਾਲਾਂ ਮਾਰ ਦਿੱਤੀਆਂ ਤੇ ਕਈਆਂ ਨੂੰ ਉਨ੍ਹਾਂ ਦੇ ਘਰਦਿਆਂ ਨੇ ਆਪ ਹੀ ਮਾਰ ਮੁਕਾ ਦਿੱਤਾ। ਕਿੰਨਾ ਭਿਆਨਕ ਮੰਜ਼ਰ ਹੋਵੇਗਾ!

ਹਰ ਦੁੱਖ ਸੁੱਖ ਦੇ ਭਾਈਵਾਲ ਇਨਸਾਨੀਅਤ ਛੱਡ ਖੂਨ ਦੇ ਪਿਆਸੇ ਹੋ ਗਏ ਸਨ। ਦੋਵੇਂ ਪਾਸਿਓਂ ਪਿੰਡਾਂ ਦੇ ਪਿੰਡ ਖਾਲੀ ਹੋ ਗਏ। ਜਿੱਥੇ ਇਕੱਠੇ ਖੇਡਦਿਆਂ ਬਚਪਨ ਬੀਤਿਆ, 'ਕੱਠੇ ਸਕੂਲੇ-ਮਦਰੱਸੇ ਜਾਂਦੇ, ਮੇਲਿਆਂ 'ਚ ਭੰਗੜੇ ਤੇ ਕੌਡੀਆਂ ਦੀਆਂ ਰੇਡਾਂ ਪਾਉਂਦੇ ਸੀ, ਧਰਮ ਤੇ ਸਿਆਸਤ ਨੇ ਅਜਿਹੀਆਂ ਵੰਡੀਆਂ ਪਾਈਆਂ ਕਿ ਸਭ ਕੁਝ ਛੱਡਣਾ ਪਿਆ। ਆਪਣੇ ਪਿੰਡ ਦੀਆਂ ਗਲੀਆਂ, ਖੇਤਾਂ, ਤੌੜ ਤੇ ਖੂਹ ਦੀਆਂ ਟਿੰਡਾਂ ਨੂੰ ਆਖਰੀ ਵਾਰ ਤੱਕਦਿਆਂ ਕਿਸਾਨਾਂ ਦੇ ਕਾਲਜੇ 'ਚ ਪੈਂਦੀ ਧੂਹ ਬਿਆਨ ਨਹੀਂ ਕੀਤੀ ਜਾ ਸਕਦੀ।

ਸਰਹੱਦਾਂ ਦੇ ਦੋਵੇਂ ਪਾਸੇ ਤੋਂ ਲਾਸ਼ਾਂ ਦੀਆਂ ਰੇਲਾਂ ਭਰ-ਭਰ ਭੇਜੀਆਂ ਗਈਆਂ। ਖੂਨ ਖਰਾਬੇ ਦੀਆਂ ਸਭ ਹੱਦਾਂ ਪਾਰ ਹੋ ਗਈਆਂ। ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਤੇ ਲੱਖਾਂ ਹੀ ਖੇਤ, ਜ਼ਮੀਨਾਂ, ਕਾਰੋਬਾਰ ਤੇ ਆਪਣੇ ਘਰ ਛੱਡ ਬੇਘਰੇ ਹੋ ਗਏ। ਚੰਗੀ ਭਲੀ ਚੱਲਦੀ ਜ਼ਿੰਦਗੀ ਲੀਹੋਂ ਉਤਰ ਗਈ। ਮਾਵਾਂ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਰੋਂਦੇ ਵਿਲਕਦੇ ਛੱਡਣ ਨੂੰ ਮਜਬੂਰ ਹੋ ਗਈਆਂ ਅਤੇ ਮਰਦ ਆਪਣੀਆਂ ਹੀ ਤਰੀਮਤਾਂ ਦੀਆਂ ਇੱਜ਼ਤਾਂ ਬਚਾਉਣ ਲਈ ਉਨ੍ਹਾਂ ਨੂੰ ਜਾਨੋਂ ਮਾਰਨ ਲਈ ਮਜਬੂਰ ਹੋ ਗਏ। ਇਸ ਆਪੋਧਾਪੀ ਦਾ ਮੌਕਾਪ੍ਰਸਤ ਲੋਕਾਂ ਨੇ ਰੱਜ ਕੇ ਫਾਇਦਾ ਉਠਾਇਆ। ਜੋ ਜਿਸ ਦੇ ਹੱਥ ਲੱਗਾ ਉਹ ਲੁੱਟ ਕੇ ਲੈ ਗਿਆ, ਭਾਵੇਂ ਕੋਈ ਕੀਮਤੀ ਸ਼ੈਅ ਤੇ ਭਾਵੇਂ ਕਿਸੇ ਔਰਤ ਦੀ ਇੱਜ਼ਤ। ਇੱਜ਼ਤਾਂ ਨੋਚ ਲਈਆਂ, ਘਰ-ਬਾਰ ਤੇ ਮਾਲ ਡੰਗਰ ਲੁੱਟ ਕੇ ਘਰਾਂ ਨੂੰ ਅੱਗਾਂ ਲਗਾ ਦਿੱਤੀਆਂ। ਰਾਵੀ ਦਰਿਆ ਦੇ ਪਾਣੀ ਦਾ ਰੰਗ ਖੂਨ ਨਾਲ ਲਾਲ ਸੂਹਾ ਹੋ ਗਿਆ।

ਇਸ ਦੌਰਾਨ ਕਈਆਂ ਨੇ ਦੂਜੇ ਫਿਰਕੇ ਦੀਆਂ ਔਰਤਾਂ ਨਾਲ ਜ਼ਬਰਦਸਤੀ ਵਿਆਹ/ਨਿਕਾਹ ਕਰਵਾਏ ਜੋ ਕਿ ਬਾਅਦ ਵਿਚ ਦੋਵੇਂ ਦੇਸ਼ ਦੀਆਂ ਸਰਕਾਰਾਂ ਵਲੋਂ ਆਪਣੇ-ਆਪਣੇ ਦੇਸ਼ ਦੀਆਂ ਔਰਤਾਂ ਨੂੰ ਵਟਾਂਦਰੇ ਦੇ ਸਮਝੌਤੇ ਰਾਹੀਂ ਵਾਪਿਸ ਆਪਣੇ ਮੁਲਕ ਲਿਆਂਦਾ ਗਿਆ। ਇਸ ਤੋਂ ਇਲਾਵਾ ਆਜ਼ਾਦੀ ਉਪਰੰਤ ਪਾਗਲਖਾਨਿਆਂ ਵਿਚ ਰਹਿ ਰਹੇ ਹਿੰਦੂ-ਸਿੱਖਾਂ ਅਤੇ ਮੁਸਲਮਾਨ ਪਾਗਲਾਂ ਦਾ ਵੀ ਵਟਾਂਦਰਾ ਕੀਤਾ ਗਿਆ, ਉਹ ਪਾਗਲ ਜਿਨ੍ਹਾਂ ਨੂੰ ਨਾ ਤਾਂ ਗੁਲਾਮੀ ਦੀ ਕੋਈ ਚਿੰਤਾ ਸੀ ਤੇ ਨਾ ਹੀ ਆਜ਼ਾਦੀ ਦੀ ਕੋਈ ਖੁਸ਼ੀ।

ਅਜਿਹੇ ਵਰਤਾਰੇ ਪੜ੍ਹ-ਸੁਣ ਕੇ ਰੂਹ ਕੰਬਦੀ ਹੈ। ਫਿਰ ਵੀ ਸਭ ਨੂੰ ਆਜ਼ਾਦੀ ਦੀਆਂ ਮੁਬਾਰਕਾਂ।

## ਭਾਰਤ ਮਹਾਨ ਦੇ ਸੁਤੰਤਰਤਾ ਦਿਨ ਨੂੰ ਸਮਰਪਿਤ


ਖੁਸ਼ਹਾਲ ਪ੍ਰਫੁੱਲਿਤ ਮੇਰਾ ਪੰਜਾਬ,
ਚਿਰੰਜੀਵ ਰਹੇ ਚੜ੍ਹਦੀਆਂ ਕਲਾਂ ਵਿਚ,
ਵਿਸਤਰਿਤ, ਵਿਸ਼ਾਲ, ਰਈਸ ਮੇਰਾ ਭਾਰਤ।
ਖੜ੍ਹਾ ਹੋ ਜੇ ਆਪਣੇ ਪੈਰੀਂ ਆਪਣੇ ਬਲਬੂਤੇ,
ਆਤਮ-ਵਿਸ਼ਵਾਸ, ਆਤਮ-ਨਿਰਭਰ,
ਆਤਮ-ਜੁਗਤ,
ਖੇਤੀ, ਉਦਯੋਗ, ਵਿੱਦਿਆ, ਵਿਗਿਆਨ,
ਆਧੁਨਿਕ ਤਕਨੀਕਾਂ ਵਿਚ
ਵਿਕਸਿਤ ਹਰ ਮੁਹਾਜ਼ 'ਤੇ ਅੱਗੇ।
ਭਰਿਆ ਰਹੇ ਗੱਲਾ ਕੰਢਿਆਂ ਤੀਕਰ,
ਬਰਕਤਾਂ ਭਰਪੂਰ ਅਮੁੱਕ ਭੰਡਾਰਾ,
ਵੰਡਦਾ ਰਹੇ ਗਰਜ਼ਮੰਦਾਂ ਨੂੰ,
ਕੁੱਲੀ, ਗੁੱਲੀ, ਜੁੱਲੀ ਰਹਿਮਤਾਂ,
ਤੇਰਾ ਤੇਰਾ ਤੇਰਾ ਮੈਂ ਤੇਰਾ ਕਹਿ ਕੇ।

ਬੰਨ੍ਹਦਾ ਰਹੇ ਪੱਟੀਆਂ ਵਿਵੇਕਹੀਣ,
ਕਰੇ ਟਕੋਰਾਂ, ਲਾਵੇ ਮਲ੍ਹਮਾਂ, ਬੰਨ੍ਹੇ ਪੱਟੀਆਂ,
ਵਲੂੰਧਰੀ ਮਨੁੱਖਤਾ ਦੇ ਜ਼ਖ਼ਮਾਂ 'ਤੇ,
ਸਾਰੇ ਮਾਣਸ ਇੱਕ ਜਾਤ ਬਰਾਬਰ ਸਮਝ ਕੇ।
ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ,
ਸੁਰਜੀਤ ਰਹੇ ਪਿਤਾ ਪੁਰਖੀ ਸਾਂਝੀਵਾਲਤਾ ਪਿਰਤ।
ਰਿੱਧੀ ਸਿਧੀ, ਇਨਕਲਾਬੀ ਸਫੁਰਤੀ,
ਪ੍ਰਮੁੱਖਤਾ ਕਾਇਆ-ਕਲਪ ਸਮਾਜ ਦੀ,
ਪ੍ਰਕਾਸ਼ਵਾਨ ਹੋਵੇ, ਚਾਨਣ ਖਿਲਾਰੇ।
ਬਚਿਆ ਰਹੇ ਮਨਹੂਸ ਨਜ਼ਰਾਂ ਤੋਂ,
ਦੁਨੀਆ ਜੱਸ ਕੀਰਤੀ ਗਾਵੇ ਇਸ ਦੀ।

ਨਿਜਾਤ ਪਾਵੇ ਭੁੱਖ ਨੰਗ, ਗੁਰਬਤ, ਬੇਕਾਰੀ ਤੋਂ,
ਊਚ ਨੀਚ, ਛੂਤ -ਛਾਤ, ਸਮਾਜਕ ਨਾਬਰਾਬਰੀ ਤੋਂ,
ਨਸ਼ਿਆਂ, ਜੁਰਮਾਂ, ਬੁਰਾਈਆਂ, ਭ੍ਰਿਸ਼ਟਾਚਾਰੀ ਤੋਂ,
ਫ਼ਰਜ਼ ਤੇ ਹੱਕ ਸੰਤੁਲਨ ਹਰ ਸ਼ਖ਼ਸ ਪਛਾਣੇ।
ਅਮਨ, ਸ਼ਾਂਤੀ, ਖੁਸ਼ਹਾਲੀ ਹੋਵੇ,
ਹਰ ਚਿਹਰੇ 'ਤੇ ਲਾਲੀ ਹੋਵੇ,
ਕੂੜ ਅਮਾਵਸ ਭੱਜ ਨਿਕਲੇ ਕਿਧਰੇ,
ਚੱਲਣ ਫੁਲਝੜੀਆਂ ਹਰ ਰੋਜ਼ ਦੀਵਾਲੀ ਹੋਵੇ।
ਕਿਸੇ ਦੇ ਹੱਕ 'ਤੇ ਨਾ ਪਵੇ ਬਲਾਤ ਡਾਕਾ
ਹਰ ਕੋਈ ਜ਼ਿੰਦਗੀ ਜੀਵੇ ਆਪਣੀ।

ਵੱਜਣ ਢੋਲ-ਢਮੱਕੇ ਲੱਗਦੇ ਰਹਿਣ ਸਾਵੇਂ,
ਛਿੰਝਾਂ, ਮੇਲੇ, ਘੋਲ, ਕਬੱਡੀ ਅਖਾੜੇ,
ਸ਼ਾਨਾਂਮੱਤਾ ਬੁਲੰਦ ਵਿਰਸਾ ਚਿਰੰਜੀਵ ਰਹੇ।
ਮਾਂ ਦੇ ਉਦਰ 'ਤੇ ਨਾ ਚਲਾਵੇ ਕੋਈ ਛੁਰੀਆਂ,
ਕੋਈ ਡੋਡੀ ਕਲੀ ਨਾ ਮੁਰਝਾਏ ਖਿੜਨ ਤੋਂ ਪਹਿਲਾਂ।
ਰੁੱਖ ਤੇ ਕੁੱਖ ਸਲਾਮਤ ਰਹਿਣ ਸਦਾ ਬਹਾਰ,
ਕੰਜਕਾਂ ਕੂੰਜਾਂ ਦਾ ਨਾ ਕੋ ਵਹਿਸ਼ੀ ਸ਼ਿਕਰਾ ਕਰੇ ਸ਼ਿਕਾਰ।
ਬਿਰਧ ਰੁੱਖ ਖਿਜ਼ਾਂ ਨੂੰ ਉਤਸਵ ਜਿਉਂ ਮਾਣਨ,
ਛਾਵਾਂ ਬਿਰਧ/ਬੁਢੇਪੇ ਦਾ ਬਣਨ ਸਹਾਰਾ।
ਕਲਰਾਠੀਆਂ ਜ਼ਮੀਨਾਂ, ਡੂੰਘੇ ਬੋਰ,
ਯੂਰੇਨੀਅਮ ਪਲੀਤ ਕੈਂਸਰ ਪੀੜਤ ਪਾਣੀ,
ਸੁੱਕ ਜਾਣ ਚਿੱਟੇ ਕਾਲੇ ਵਿਭਿੰਨ
ਨਸ਼ਿਆਂ ਦੇ ਵਿਹੁਲੇ ਛੰਭ,
ਨਾ ਡੁੱਬਣ, ਨਾ ਦਲਦਲ ਖੁੱਭਣ ਅਣਭੋਲ ਜਵਾਨੀਆਂ,
ਖੁਦਕੁਸ਼ੀ ਨਾ ਕਰੇ ਕੋਈ ਸ਼ਹਿਰੀ ਮਜਬੂਰਨ।
ਚੜ੍ਹਦਾ ਰਹੇ ਆਕਾਸ਼ ਪਾਤਾਲ ਬ੍ਰਹਿਮੰਡ ਦਿਸਹੱਦੇ ਤੱਕ,
ਝੂਲਦਾ ਰਹੇ ਤਿਰੰਗਾ ਅਰਸ਼ਾਂ ਦੀਆਂ ਬੁਲੰਦੀਆਂ ਤੱਕ।
ਪ੍ਰਮਾਣੂ ਬੰਬ ਬਣਾਵੇ ਮਾਨਵਤਾ ਦੇ ਕਲਿਆਣ ਵਾਸਤੇ।
ਲੋਕਪ੍ਰਿਯ ਦਾ ਸਾਇਆ ਦੂਰ ਰਹੇ ਨੀਤੀਵਾਨਾਂ ਤੋਂ,
ਜ਼ਮੀਰ ਚਿਰੰਜੀਵ ਰਹੇ ਸੁਭਾਗਸ਼ਾਲੀ ਸਿਆਸਤ ਦੀ,
ਨਾ ਵਿਕੇ ਕੁਰਸੀ ਚੋਰ ਬਾਜ਼ਾਰੀਂ
ਦਲ-ਬਦਲੂ ਬੋਲੀ ਵਿਚ।
ਭਾਈਚਾਰਕ ਦੁੱਖ ਸੁੱਖ ਹੁੰਦੇ ਰਹਿਣ ਵਟਾਂਦਰੇ।
ਵੱਸਦਾ ਹੱਸਦਾ ਰਹੇ ਮੇਰਾ ਵਤਨ,
ਸਰਵ ਕਲਾ ਸੰਪੂਰਨ ਮੇਰਾ ਦੇਸ਼,
ਪੰਜਾਬ ਭਾਰਤ ਜ਼ਿੰਦਾਬਾਦ।

-ਚਰਨਜੀਤ ਸਿੰਘ ਪੰਨੂੰ
ਫੋਨ: 408-608-4961



# ਸੋਨਮ ਕਪੂਰ ਦੇ ਰੰਗ

ਸੋਨਮ ਕਪੂਰ ਅੱਜ ਕੱਲ੍ਹ ਖਾਮੋਸ਼ ਹੈ। ਕੋਈ ਜ਼ਮਾਨਾ ਸੀ ਕਿ ਉਹ ਹਰ ਪ੍ਰੋਗਰਾਮ ਵਿਚ ਆਪ ਡਿਜ਼ਾਇਨ ਕੀਤਾ ਨਵੇਂ ਤੋਂ ਨਵਾਂ ਲਿਬਾਸ ਪਹਿਨ ਕੇ ਸਭ ਨੂੰ ਹੈਰਾਨ ਕਰ ਦਿੰਦੀ ਸੀ। ਪਿਛਲੇ ਦਿਨੀਂ ਉਸ ਨੇ ਆਪਣਾ ਘਰ ਦਿਖਾਇਆ ਜੋ ਬਹੁਤ ਰੂਹ ਨਾਲ ਡਿਜ਼ਾਇਨ ਕੀਤਾ ਗਿਆ ਹੈ। ਸੋਨਮ ਕਪੂਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2007 ਵਿਚ ਫਿਲਮ 'ਸਾਂਵਰੀਆ' ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਦੀਆਂ 'ਦਿੱਲੀ-6', 'ਆਇਸ਼ਾ', 'ਮੌਸਮ', 'ਬੰਬੇ ਟਾਕੀਜ਼', 'ਰਾਂਝਨਾ', 'ਭਾਗ ਮਿਲਖਾ ਭਾਗ', 'ਖ਼ੂਬਸੂਰਤ', 'ਡੌਲੀ ਕੀ ਡੋਲੀ', 'ਪ੍ਰੇਮ ਰਤਨ ਧਨ ਪਾਇਓ', ਵਰਗੀਆਂ ਫਿਲਮਾਂ ਆਈਆਂ। 2018 ਵਿਚ ਵਿਆਹ ਤੋਂ ਬਾਅਦ ਉਸ ਦਾ ਕੰਮ ਮੱਠਾ ਪੈ ਗਿਆ। ਪਿਛਲੇ ਸਾਲ ਉਸ ਦੀ ਫਿਲਮ 'ਬਲਾਈਂਡ' ਰਿਲੀਜ਼ ਹੋਈ ਸੀ।

*-ਗੁਰਜੰਟ ਸਿੰਘ*

# ਆਮਿਰ ਖਾਨ ਦਾ ਫਿਲਮੀ ਸਫਰ ਅਤੇ ਨਵੇਂ ਕਲਾਕਾਰ

**ਆਮਨਾ ਕੌਰ**



ਅਦਾਕਾਰ ਆਮਿਰ ਖ਼ਾਨ ਨੇ ਆਖਿਆ ਕਿ ਉਹ ਹਰ ਚੰਗੀ ਫਿਲਮ ਵਿਚ ਕੰਮ ਨਹੀਂ ਕਰ ਸਕਦਾ ਕਿਉਂਕਿ ਉਹ ਹੁਣ ਉਭਰਦੇ ਅਦਾਕਾਰਾਂ ਲਈ ਮੌਕੇ ਪੈਦਾ ਕਰਨਾ ਚਾਹੁੰਦਾ ਹੈ। ਇਸ ਲਈ ਫਿਲਮ 'ਲਾਪਤਾ ਲੇਡੀਜ਼' ਬਣਾਉਣ ਦਾ ਫ਼ੈਸਲਾ ਇਸੇ ਭਾਵਨਾ ਨਾਲ ਲਿਆ ਸੀ। ਕਿਰਨ ਰਾਓ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਹਾਲ ਹੀ ਵਿਚ ਸੁਪਰੀਮ ਕੋਰਟ ਵਿਚ ਜੱਜਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਦਿਖਾਈ ਗਈ। ਇਸ ਦੌਰਾਨ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਆਮਿਰ ਖ਼ਾਨ ਅਤੇ ਕਿਰਨ ਰਾਓ ਦਾ ਸਵਾਗਤ ਕੀਤਾ।

ਫਿਲਮ ਖ਼ਤਮ ਹੋਣ ਮਗਰੋਂ ਆਮਿਰ ਖਾਨ ਨੇ ਕਿਹਾ ਕਿ ਕਰੋਨਾ ਕਾਲ ਦੌਰਾਨ ਉਸ ਕੋਲ ਆਪਣੇ ਕਰੀਅਰ ਬਾਰੇ ਚਿੰਤਨ ਕਰਨ ਲਈ ਕਾਫ਼ੀ ਸਮਾਂ ਸੀ। ਉਸ ਨੇ ਕਿਹਾ, "ਮੈਂ ਉਸ ਵੇਲੇ 56 ਸਾਲ ਦਾ ਸੀ ਅਤੇ ਮੈਂ ਸੋਚਿਆ ਕਿ ਮੇਰੇ ਕੋਲ ਕੰਮ ਕਰਨ ਲਈ 15 ਹੋਰ ਸਾਲ ਹਨ। ਮੈਂ 70 ਸਾਲ ਦੀ ਉਮਰ ਤੱਕ ਕੰਮ ਕਰਾਂਗਾ। ਇਸ ਤੋਂ ਬਾਅਦ ਪਤਾ ਨਹੀਂ ਕੀ ਹੋਵੇਗਾ।... ਪਿਛਲੇ ਇੰਨੇ ਸਾਲਾਂ ਵਿਚ ਮੈਂ ਜੋ ਕੁਝ ਵੀ ਸਿੱਖਿਆ, ਉਹ ਮੈਂ ਫਿਲਮੀ ਦੁਨੀਆ ਨੂੰ ਵਾਪਸ ਦੇਣਾ ਚਾਹੁੰਦਾ ਹਾਂ। ਮੈਨੂੰ ਸਿਨੇ ਜਗਤ, ਸਮਾਜ ਅਤੇ ਦੇਸ਼ ਨੇ ਬਹੁਤ ਕੁਝ ਦਿੱਤਾ ਹੈ। ਮੈਂ ਸੋਚਿਆ ਕਿ ਅਦਾਕਾਰ ਵਜੋਂ ਮੈਂ ਸਾਲ ਵਿਚ ਇੱਕ ਫਿਲਮ ਕਰ ਰਿਹਾ ਹਾਂ ਪਰ ਨਿਰਮਾਤਾ ਵਜੋਂ ਤਾਂ ਕਈ ਫਿਲਮਾਂ ਬਣਾ ਸਕਦਾ ਹਾਂ।"

ਆਮਿਰ ਖਾਨ ਨੇ ਬਤੌਰ ਹੀਰੋ ਆਪਣੇ ਕਰੀਅਰ ਦਾ ਆਰੰਭ 1988 ਵਿਚ ਫਿਲਮ 'ਕਿਆਮਤ ਸੇ ਕਿਆਮਤ ਤੱਕ' ਨਾਲ ਕੀਤਾ ਸੀ। ਇਸ ਤੋਂ ਪਹਿਲਾਂ ਉਸ ਨੇ 1973 ਵਿਚ ਰਿਲੀਜ਼ ਹੋਈ ਫਿਲਮ 'ਯਾਦੋਂ ਕੀ ਬਾਰਾਤ' ਵਿਚ ਬਾਲ ਕਾਲਕਾਰ ਵਜੋਂ ਅਦਾਕਾਰੀ ਕੀਤੀ ਸੀ। ਫਿਲਮ 1974 ਵਿਚ ਆਈ ਫਿਲਮ 'ਮਦਹੋਸ਼' ਵਿਚ ਵੀ ਉਹ ਬਾਲ ਕਲਾਕਾਰ ਬਣਿਆ। 1983 ਵਿਚ ਉਹ ਲਘੂ ਫਿਲਮ 'ਪਰੋਨੀਆ' ਅਤੇ 1984 ਵਿਚ ਫਿਲਮ 'ਮੰਜ਼ਿਲ ਮੰਜ਼ਿਲ' ਦਾ ਅਸਿਸਟੈਂਟ ਡਾਇਰੈਕਟਰ ਵੀ ਰਿਹਾ। 1984 ਵਿਚ ਹੀ ਰਿਲੀਜ਼ ਹੋਈ ਫਿਲਮ 'ਹੋਲੀ' ਵਿਚ ਵੀ ਉਸ ਨੇ ਅਦਾਕਾਰੀ ਕੀਤੀ ਪਰ 1988 ਵਿਚ ਫਿਲਮ 'ਕਿਆਮਤ ਸੇ ਕਿਆਮਤ ਤੱਕ' ਨਾਲ ਉਹ ਬਤੌਰ ਹੀਰੋ ਪ੍ਰਵਾਨ ਹੋ ਗਿਆ। 2001 ਵਿਚ ਫਿਲਮ 'ਲਗਾਨ' ਨਾਲ ਉਸ ਦੇ ਕਰੀਅਰ ਵਿਚ ਵੱਡਾ ਅਤੇ ਸਿਫਤੀ ਮੋੜ ਆਇਆ। ਫਿਰ ਤਾਂ ਉਸ ਨੇ 'ਰੰਗ ਦੇ ਬਸੰਤੀ', 'ਤਾਰੇ ਜ਼ਮੀਨ ਪਰ', '3 ਇਡੀਅਟਸ', 'ਪੀ.ਕੇ.', 'ਦੰਗਲ', 'ਲਾਲ ਸਿੰਘ ਚੱਢਾ ਵਰਗੀਆਂ ਫਿਲਮਾਂ ਦਿੱਤੀਆਂ।

ਆਮਿਰ ਖਾਨ ਇਹ ਮੰਨਦਾ ਹੈ ਕਿ ਸ਼ੁਰੂਆਤੀ ਦੌਰ ਉਸ ਨੇ ਕਈ ਮਾੜੀਆਂ ਫਿਲਮਾਂ ਵੀ ਕੀਤੀਆਂ ਪਰ ਹੁਣ ਉਹ ਇਸ ਬਾਰੇ ਬਹੁਤ ਸੁਚੇਤ ਹੈ। ਫਿਲਮ ਦੀ ਚੋਣ ਲਈ ਹੁਣ ਉਸ ਦੇ ਆਪਣੇ ਪੈਰਾਮੀਟਰ ਹਨ। ਹੁਣ ਉਹ ਕਿਸੇ ਵੀ ਕਿਸਮ ਦਾ ਸਮਝੌਤਾ ਨਹੀਂ ਕਰਦਾ। ਜਿਹੜੀ ਫਿਲਮ ਦਿਲ ਨੂੰ ਟੁੰਬਦੀ ਹੈ, ਉਹ ਉਸੇ ਲਈ ਹੀ ਹਾਂ ਕਰਦਾ ਹੈ।


# ਪਵਨ ਮਲਹੋਤਰਾ: ਨਵੇਂ ਕਿਰਦਾਰ ਨਿਆਰੀ ਅਦਾਕਾਰੀ

'ਜਬ ਵੀ ਮੈੱਟ', 'ਭਾਗ ਮਿਲਖਾ ਭਾਗ', 'ਟੱਬਰ' ਫਿਲਮਾਂ ਅਤੇ ਆਪਣੇ ਹਾਲੀਆ ਵੈੱਬ ਸ਼ੋਅ 'ਪਿਲ' ਵਿੱਚ ਇੱਕ ਵਾਰ ਫਿਰ ਤੋਂ ਦਸਤਾਰ ਸਜਾਉਣ ਦਾ ਮੌਕਾ ਮਿਲਣ 'ਤੇ ਅਦਾਕਾਰ ਪਵਨ ਮਲਹੋਤਰਾ ਖ਼ੁਸ਼ ਹੈ। ਉਹ ਕਹਿੰਦਾ ਹੈ ਕਿ ਉਸ ਨੂੰ ਸਿੱਖ ਕਿਰਦਾਰ ਨਿਭਾਉਣਾ ਚੰਗਾ ਲੱਗਦਾ ਹੈ, ਇਸ ਰਾਹੀਂ ਉਹ ਆਪਣੀਆਂ ਜੜ੍ਹਾਂ ਤੇ ਆਪਣੇ ਬਜ਼ੁਰਗਾਂ ਦੀ ਧਰਤੀ ਨਾਲ ਜੁੜਦਾ ਹੈ।

ਅਦਾਕਾਰੀ ਦੀ ਲੰਮੀ ਪਾਰੀ 'ਚ ਤਰ੍ਹਾਂ-ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾ ਚੁੱਕਿਆ ਗੁਣੀ ਅਦਾਕਾਰ ਪਵਨ ਮਲਹੋਤਰਾ ਮੰਨਦਾ ਹੈ ਕਿ 'ਕਦੇ ਨਰਮ ਕਦੇ ਗਰਮ' ਇਹੀ ਅਦਾਕਾਰ ਦਾ ਕੰਮ ਹੈ। ਆਪਣੀ ਹਾਲ ਹੀ 'ਚ ਰਿਲੀਜ਼ ਹੋਈ ਵੈੱਬ ਸੀਰੀਜ਼ 'ਪਿਲ' ਵਿਚ ਇੱਕ ਵਾਰ ਮੁੜ ਤੋਂ ਖ਼ਲਨਾਇਕ ਦੀ ਭੂਮਿਕਾ ਨਿਭਾਅ ਰਿਹਾ ਮਲਹੋਤਰਾ ਕਹਿੰਦਾ ਹੈ, "ਨਕਾਰਾਤਮਕ ਕਿਰਦਾਰ ਕਿਸੇ ਵੀ ਹੋਰ ਭੂਮਿਕਾ ਨਾਲੋਂ ਘੱਟ ਜਾਂ ਵੱਧ ਚੁਣੌਤੀਪੂਰਨ ਨਹੀਂ ਹੁੰਦੇ।" ਇਸ ਸੀਰੀਜ਼ 'ਚ ਉਹ ਲਾਲਚੀ ਫਾਰਮਾ ਕਾਰੋਬਾਰੀ ਦਾ ਕਿਰਦਾਰ ਅਦਾ ਕਰ ਰਿਹਾ ਹੈ।

ਚੀਜ਼ਾਂ ਦੇਖਣ ਨੂੰ ਸਰਲ ਪਰ ਅੰਦਰੋਂ ਜਟਿਲ ਹਨ ਅਤੇ ਇਸ ਰਹੱਸ ਨੂੰ ਕਹਾਣੀ ਤੇ ਰਾਜ ਕੁਮਾਰ ਗੁਪਤਾ ਵਰਗੇ ਨਿਰਦੇਸ਼ਕ ਨੇ ਪਰਦੇ 'ਤੇ ਬਾਖ਼ੂਬੀ ਪੇਸ਼ ਕੀਤਾ ਹੈ। ਗੁਪਤਾ ਸਾਨੂੰ 'ਨੋ ਵਨ ਕਿਲਡ ਜੈਸਿਕਾ' ਵਰਗੀ ਦਮਦਾਰ ਫਿਲਮ ਦੇ ਚੁੱਕੇ ਹਨ। ਪਵਨ ਮੁਤਾਬਕ ਕਿਰਦਾਰ ਤੱਕ ਜਾਂਦਾ ਰਾਹ ਰੌਸ਼ਨ ਹੁੰਦਾ ਹੈ ਹਾਲਾਂਕਿ ਇਹ ਅਦਾਕਾਰ 'ਤੇ ਹੈ ਕਿ ਉਹ ਇਸ ਨੂੰ ਕਿਵੇਂ ਦੇਖਦਾ ਅਤੇ ਪਾਰ ਕਰਦਾ ਹੈ। ਕੌਮੀ ਪੁਰਸਕਾਰ ਜੇਤੂ ਅਭਿਨੇਤਾ ਪਵਨ ਮਲਹੋਤਰਾ ਮੁਤਾਬਕ ਅਦਾਕਾਰੀ ਸੋਚ-ਵਿਚਾਰ ਵਾਲਾ ਕੰਮ ਹੈ ਪਰ ਉਹ ਨਾਲ ਹੀ ਮੰਨਦਾ ਹੈ ਕਿ ਇਸ ਨੂੰ 'ਭੋਲੇ ਮਨ ਨਾਲ ਵੀ ਸਿਰੇ ਚੜ੍ਹਾਇਆ' ਜਾ ਸਕਦਾ ਹੈ। ਇਸ ਲਈ ਪ੍ਰਕਿਰਿਆ ਕੁਦਰਤੀ ਤੇ ਸਹਿਜ, ਦੋਵੇਂ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਪਰ ਉਸ ਨੂੰ ਖਿਝ ਵੀ ਆਉਂਦੀ ਹੈ ਜਦ ਲੋਕ ਕਹਿੰਦੇ ਹਨ ਕਿ, "ਉਹ ਪੰਜਾਬੀ ਕਿਰਦਾਰ ਬਹੁਤ ਚੰਗੇ ਕਰ ਲੈਂਦਾ ਹੈ ਜਾਂ ਗੰਭੀਰ ਭੂਮਿਕਾਵਾਂ ਵਧੀਆ ਕਰ ਲੈਂਦਾ ਹੈ' ਅਤੇ ਨਾਲ ਹੀ ਜਿਹੜੇ ਕਹਿੰਦੇ ਹਨ ਕਿ ਲਓ ਇੱਕ ਵਾਰ ਫਿਰ ਤੋਂ ਦਸਤਾਰਧਾਰੀ ਸਿੱਖ ਦਾ ਕਿਰਦਾਰ ਕੀਤਾ ਹੈ, ਉਨ੍ਹਾਂ ਬਾਰੇ ਉਹ ਮਨ ਹੀ ਮਨ ਸੋਚ ਕੇ ਹੈਰਾਨ ਹੁੰਦਾ ਹੈ ਕਿ, "ਕੀ ਭਲਾ ਸਾਰੇ ਹੀ ਸਿੱਖ ਕਿਰਦਾਰ ਇੱਕੋ ਜਿਹੇ ਹੋ ਸਕਦੇ ਹਨ?"





*ਸਿੱਖ ਕਿਰਦਾਰ ਦੇ ਰੂਪ ਵਿਚ ਪਵਨ ਮਲਹੋਤਰਾ ਅਤੇ ਫਿਲਮ 'ਸਲੀਮ ਲਗੜੇ ਪੇ ਮਤ ਰੋ' ਵਿਚ ਪਵਨ ਮਲਹੋਤਰਾ।*

ਓ.ਟੀ.ਟੀ. 'ਤੇ ਉਸ ਨੇ ਪੰਜ ਲੜੀਵਾਰਾਂ ਵਿੱਚੋਂ ਤਿੰਨ 'ਚ ਦਸਤਾਰਧਾਰੀ ਸਿੱਖ ਦਾ ਕਿਰਦਾਰ ਨਿਭਾਇਆ ਹੈ ਜਿਨ੍ਹਾਂ ਵਿੱਚ ਕਾਫ਼ੀ ਸਲਾਹਿਆ ਗਿਆ ਵੈੱਬ ਸ਼ੋਅ 'ਟੱਬਰ' ਵੀ ਸ਼ਾਮਲ ਹੈ ਪਰ ਉਹ ਨਾਲ ਹੀ ਦੱਸਦਾ ਹੈ ਕਿ ਕਿਵੇਂ ਸਾਰੇ ਕਿਰਦਾਰ ਜਿਨ੍ਹਾਂ 'ਚ 'ਜਬ ਵੀ ਮੈੱਟ' ਤੇ 'ਭਾਗ ਮਿਲਖਾ ਭਾਗ' ਵਾਲੇ ਸਿੱਖ ਕਿਰਦਾਰ ਵੀ ਸ਼ਾਮਲ ਹਨ, ਬਿਲਕੁਲ ਵੱਖਰੇ ਸਨ। ਦਿੱਲੀ ਦਾ ਜੰਮਪਲ ਇਹ ਪੰਜਾਬੀ ਅਦਾਕਾਰ ਫਿਲਮੀ ਪਰਦੇ 'ਤੇ ਕਿਸੇ ਸਿੱਖ ਦੀ ਭੂਮਿਕਾ ਨਿਭਾ ਕੇ ਖ਼ੁਸ਼ ਹੁੰਦਾ ਹੈ। ਇਹ ਕਿਰਦਾਰ ਉਸ ਨੂੰ ਆਪਣੀਆਂ ਜੜ੍ਹਾਂ ਤੇ ਬਜ਼ੁਰਗਾਂ ਦੀ ਧਰਤੀ ਨਾਲ ਮੁੜ ਤੋਂ ਜੋੜਨ ਵਿੱਚ ਸਹਾਈ ਹੁੰਦੇ ਹਨ, ਤੇ ਗੁਰੂਆਂ ਨਾਲ ਵੀ ਜੋੜਦੇ ਹਨ ਜਿਨ੍ਹਾਂ ਨੇ ਪੰਜਾਬੀਆਂ ਨੂੰ ਬਹਾਦਰੀ ਦੇ ਨਾਲ-ਨਾਲ ਕਈ ਹੋਰ ਸਬਕ ਦਿੱਤੇ ਹਨ।

'ਜੀਓ ਸਿਨੇਮਾ' 'ਤੇ ਰਿਲੀਜ਼ ਹੋਇਆ ਸ਼ੋਅ 'ਪਿਲ' ਭਾਵੇਂ ਫਾਰਮਾ ਉਦਯੋਗ ਵੱਲੋਂ ਵਰਤੇ ਜਾਂਦੇ ਫਰੇਬੀ ਢੰਗ-ਤਰੀਕਿਆਂ ਤੇ ਅਨੈਤਿਕ ਡਰੱਗ ਪ੍ਰੀਖਣਾਂ ਦੇ ਅਹਿਮ ਮੁੱਦੇ ਨੂੰ ਉਭਾਰਦਾ ਹੈ ਪਰ ਪਵਨ ਮਲਹੋਤਰਾ ਮੁਤਾਬਿਕ, ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਜਾਣਬੁੱਝ ਕੇ ਅਜਿਹੇ ਸਮਾਜਿਕ ਮਹੱਤਵ ਵਾਲੇ ਵਿਸ਼ੇ ਚੁਣਦਾ ਹੈ। ਉਹ ਜ਼ੋਰ ਦੇ ਕੇ ਕਹਿੰਦਾ ਹੈ, "ਤੁਸੀਂ ਕਿਸ ਚੀਜ਼ ਦਾ ਹਿੱਸਾ ਹੋ, ਇਹ ਤੱਥ ਬੇਸ਼ੱਕ ਮਹੱਤਵਪੂਰਨ ਹੈ ਪਰ ਅਦਾਕਾਰ ਵਜੋਂ ਮੈਂ ਹਰ ਵਿਧਾ ਵਿੱਚ ਕੰਮ ਕਰਨਾ ਪਸੰਦ ਕਰਦਾ ਹਾਂ।"

ਉਸ ਲਈ ਮਸਾਲਾ ਫਿਲਮ 'ਮੁਬਾਰਕਾਂ' ਵੀ ਓਨੀ ਹੀ ਮਹੱਤਵਪੂਰਨ ਹੈ ਜਿੰਨੀ ਗੰਭੀਰ ਸ਼੍ਰੇਣੀ ਦੀ 'ਸਲੀਮ ਲੰਗੜੇ ਪੇ ਮਤ ਰੋ।' ਇੱਕ ਅਜਿਹੇ ਅਦਾਕਾਰ ਵਜੋਂ ਜਿਸ ਨੇ ਮੁਸਲਿਮ ਕਿਰਦਾਰ ਵੀ ਨਿਭਾਏ ਹਨ ਜਿਨ੍ਹਾਂ 'ਚ ਵਿਵਾਦਾਂ ਵਿੱਚ ਘਿਰਿਆ '72 ਹੂਰੇਂ' ਵਿਚਲਾ ਰੋਲ ਵੀ ਸ਼ਾਮਲ ਹੈ; ਪਵਨ ਨੂੰ ਨਹੀਂ ਲੱਗਦਾ ਕਿ ਉਸ ਨੂੰ ਫਿਲਮ 'ਚ ਕਿਸੇ ਫਿਰਕੇ ਨੂੰ ਇਸ ਤਰ੍ਹਾਂ ਦਿਖਾਉਣ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਉਹ ਕਹਿੰਦਾ ਹੈ- "ਬਲੈਕ ਫਰਾਈਡੇਅ ਦੇ ਟਾਈਗਰ ਮੈਮਨ ਵਰਗੇ ਕਈ ਕਿਰਦਾਰ ਅਸਲੀ ਕਹਾਣੀਆਂ 'ਤੇ ਆਧਾਰਿਤ ਹਨ ਤੇ ਅਜਿਹਾ ਕਿਤੇ ਵੀ ਨਹੀਂ ਹੈ ਕਿ ਅਸੀਂ ਇਸਲਾਮ ਜਾਂ ਮੁਸਲਮਾਨਾਂ ਨੂੰ ਬਦਨਾਮ ਕਰ ਰਹੇ ਹਾਂ।"

ਉਹ ਭਾਵੇਂ ਕਹਿ ਸਕਦਾ ਹੈ ਕਿ "ਮੈਂ ਬਹੁਤ ਡਰਿਆ ਹੋਇਆ ਅਦਾਕਾਰ ਹਾਂ' ਤੇ ਹਰੇਕ ਨਵੀਂ ਭੂਮਿਕਾ ਨੂੰ ਇਸ ਤਰ੍ਹਾਂ ਹੰਢਾਉਂਦਾ ਹਾਂ ਜਿਵੇਂ ਪਹਿਲੀ ਵਾਰ ਅਭਿਨੈ ਕਰ ਰਿਹਾ ਹੋਵਾਂ ਪਰ ਜੋਖ਼ਮ ਲੈਣ ਤੋਂ ਉਹ ਨਹੀਂ ਡਰਦਾ। ਉਹ ਨਾ ਸਿਰਫ਼ 'ਲਾਪਤਾ ਲੇਡੀਜ਼' ਵਰਗੀਆਂ ਚੰਗੀਆਂ ਫਿਲਮਾਂ ਦੀ ਖੁੱਲ੍ਹ ਕੇ ਸਿਫ਼ਤ ਕਰਦਾ ਹੈ ਬਲਕਿ ਦੂਜੇ ਅਦਾਕਾਰਾਂ ਨੂੰ ਵੀ ਸਲਾਹੁੰਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ 'ਪਿਲ' ਵਿਚਲਾ ਉਸ ਦਾ ਸਹਿ-ਅਦਾਕਾਰ ਰਿਤੇਸ਼ ਦੇਸ਼ਮੁਖ ਬਹੁਤ ਚੰਗਾ ਅਭਿਨੇਤਾ ਹੈ ਜਿਸ ਦੀ ਪ੍ਰਤਿਭਾ ਨੂੰ ਅਜੇ ਤੱਕ ਪੂਰੀ ਤਰ੍ਹਾਂ ਵਰਤਿਆ ਨਹੀਂ ਜਾ ਸਕਿਆ।

ਜਿੱਥੋਂ ਤੱਕ ਪਵਨ ਮਲਹੋਤਰਾ ਦੇ ਨਿੱਜੀ ਸਫ਼ਰ ਦਾ ਸਵਾਲ ਹੈ, ਉਸ ਨੂੰ ਕਈ ਚੋਟੀ ਦੇ ਨਿਰਦੇਸ਼ਕਾਂ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਨ੍ਹਾਂ 'ਚ ਸਈਦ ਅਖ਼ਤਰ ਮਿਰਜ਼ਾ, ਗੌਤਮ ਘੋਸ਼, ਰਾਕੇਸ਼ ਓਮਪ੍ਰਕਾਸ਼ ਮਹਿਰਾ, ਇਮਤਿਆਜ਼ ਅਲੀ ਵਰਗਿਆਂ ਦੇ ਨਾਂ ਸ਼ਾਮਲ ਹਨ। ਸਪਸ਼ਟ ਹੈ ਕਿ ਉਹ ਲਗਭਗ ਹਰ ਤਰ੍ਹਾਂ ਦਾ ਰੋਲ ਅਦਾ ਕਰ ਚੁੱਕਾ ਹੈ ਤੇ ਹੁਣ ਕੋਈ ਖ਼ਾਸ ਇੱਛਾ ਬਾਕੀ ਨਹੀਂ ਹੈ। 'ਨੁੱਕੜ' ਦਾ ਅਦਾਕਾਰ ਬਸ ਇਹੀ ਚਾਹੁੰਦਾ ਹੈ ਕਿ ਸਫ਼ਰ ਜਾਰੀ ਰਹੇ ਤੇ ਜਲਦੀ ਹੀ ਉਹ ਟੀ.ਵੀ.ਐੱਫ. ਦੇ ਸ਼ੋਅ 'ਕੋਰਟ ਕਚਿਹਰੀ' ਵਿੱਚ ਨਜ਼ਰ ਆਵੇਗਾ। ਪਵਨ ਵਿਆਪਕ ਦ੍ਰਿਸ਼ਟੀਕੋਣ ਰੱਖਦਾ ਹੈ। ਉਹ ਉਭਰਦੇ ਹੋਏ ਕਲਾਕਾਰਾਂ ਨੂੰ ਹਮੇਸ਼ਾ ਕਹਿੰਦਾ ਹੈ, "ਚਿੱਤਰਹਾਰ ਵਿਚ ਹੀ ਨਾ ਅਟਕੇ ਰਹੋ... 'ਮੇਰਾ ਕੀ ਸੀਨ ਹੈ', ਇਸ ਵਿਚਾਰ ਨੂੰ ਅੜਿੱਕਾ ਨਾ ਬਣਨ ਦਿਓ... ਸੀਨ ਤੋਂ ਹਟ ਕੇ ਫਿਲਮ ਨੂੰ ਸੰਪੂਰਨ ਰੂਪ 'ਚ ਦੇਖੋ ਕਿਉਂਕਿ ਜੇ ਇਹ ਫਿਲਮ ਚੱਲੇਗੀ ਤਾਂ ਤੁਸੀਂ ਵੀ ਚੱਲੋਗੇ।... ਤੁਸੀਂ ਕਿਸ ਚੀਜ਼ ਦਾ ਹਿੱਸਾ ਹੋ, ਇਹ ਬਹੁਤ ਮਹੱਤਵਪੂਰਨ ਹੈ ਪਰ ਅਦਾਕਾਰ ਵਜੋਂ ਮੈਂ ਹਰ ਵਿਧਾ ਦਾ ਰੋਲ ਕਰਨਾ ਚਾਹਾਂਗਾ। ਇਹ ਜ਼ਿੰਦਗੀ ਹੈ ਤੇ ਹਰ ਤਰ੍ਹਾਂ ਦੇ ਲੋਕ ਇਸ 'ਚ ਹਨ। ਜਿਹੜੀ ਚੀਜ਼ ਇੱਕ ਬੰਦੇ ਨੂੰ ਚੰਗੀ ਲੱਗਦੀ ਹੈ, ਉਹ ਦੂਜੇ ਲਈ ਜ਼ਹਿਰ ਹੋ ਸਕਦੀ ਹੈ। ਇਹ ਸਾਰੀ ਦ੍ਰਿਸ਼ਟੀਕੋਣ ਦੀ ਗੱਲ ਹੈ ਪਰ ਤੁਹਾਨੂੰ ਇਹ ਸਮਝਣਾ ਪਏਗਾ ਕਿ ਕਹਾਣੀ ਕੀ ਕਹਿਣ ਦੀ ਕੋਸ਼ਿਸ਼ ਕਰ ਰਹੀ ਹੈ।"

*-ਨੌਨਿਕਾ ਸਿੰਘ*

# Reliable

## *Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
*Truck & Trailer Bushings
*Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**